PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

6th - 13th November 2025 • Issue No. 3105

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫ਼ੋਨ ਕਰੋ!

Tel: 020 8571 6680
India:+91-181 5086389

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸਬੰਧ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ – ਹਜ਼ਾਰਾਂ ਸੰਗਤਾਂ ਹੋਈਆਂ ਸ਼ਾਮਿਲ














ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਦੇਖੋ ਜੀ:

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀਆਂ ਸਮੂਹ ਜਗਤ ਨੂੰ ਬਲਬੀਰ ਸਿੰਘ ਗਿੱਲ ਰਣੀਆਂ, ਸੁਖਵਿੰਦਰ ਸਿੰਘ ਬੱਲ, ਹਰਜਿੰਦਰ ਸਿੰਘ ਬੱਲ ਅਤੇ ਜਰਨੈਲ ਸਿੰਘ ਬੱਲ ਵੱਲੋਂ ਲੱਖ ਲੱਖ ਵਧਾਈਆਂ

## ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਪ੍ਰਕਾਸ਼ ਪੁਰਬ ਸਬੰਧੀ ਸਜਾਏ ਗਏ ਨਗਰ ਕੀਤਰਨ ਵਿੱਚ ਸੰਗਤਾਂ ਦਾ ਵਿਸ਼ਾਲ ਇਕੱਠ

## ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਅਤੇ ਸੇਵਾਦਾਰਾਂ ਦਾ ਹਾਰਦਿਕ ਧੰਨਵਾਦ
















ਵੱਲੋਂ: ਬਲਬੀਰ ਸਿੰਘ ਗਿੱਲ ਰਣੀਆਂ, ਸੁਖਵਿੰਦਰ ਸਿੰਘ ਬੱਲ,
ਹਰਜਿੰਦਰ ਸਿੰਘ ਬੱਲ ਅਤੇ ਜਰਨੈਲ ਸਿੰਘ ਬੱਲ

# ਤਰਨ ਤਾਰਨ ਚੋਣ ਪ੍ਰਚਾਰ ਵਿੱਚ ਪੰਥਕ ਗੂੰਜ ਕਿਉਂ ?




ਪੰਜਾਬ ਦੇ ਮਾਝੇ ਹਿੱਸੇ ਵਿੱਚ ਵੱਸਦਾ ਤਰਨ ਤਾਰਨ ਹਮੇਸ਼ਾ ਤੋਂ ਪੰਥਕ ਭਾਵਨਾਵਾਂ ਦਾ ਕੇਂਦਰ ਰਿਹਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਵੱਲੋਂ ਸਥਾਪਿਤ ਸ਼੍ਰੀ ਤਰਨ ਤਾਰਨ ਸਾਹਿਬ ਦਾ ਪਵਿੱਤਰ ਤਲਾਬ ਨਾ ਸਿਰਫ਼ ਧਾਰਮਿਕ ਤੀਰਥ ਹੈ, ਸਗੋਂ ਸਿੱਖ ਪੰਥ ਦੇ ਸੰਘਰਸ਼ ਅਤੇ ਸ਼ਹਾਦਤਾਂ ਦੀ ਯਾਦ ਵੀ ਚਰਚਾ ਰਹਿੰਦੀ ਹੈ। ਅੱਜ ਵੀ ਇਸ ਖੇਤਰ ਵਿੱਚ ਚੋਣਾਂ ਨੂੰ ਪੰਥਕ ਮੁੱਦਿਆਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ। 11ਨਵੰਬਰ ਨੂੰ ਹੋਣ ਵਾਲੀ ਤਰਨ ਤਾਰਨ ਵਿਧਾਨ ਸਭਾ ਦੀ ਉਪ-ਚੋਣ ਵਿੱਚ ਵੀ ਇਹੀ ਹੋ ਰਿਹਾ ਹੈ। ਆਮ ਆਦਮੀ ਪਾਰਟੀ (ਆਪ) ਜੋ ਕਿ ਇਸ ਸੀਟ ਤੇ 2022 ਵਿੱਚ ਜਿੱਤ ਚੁੱਕੀ ਹੈ, ਹੁਣ ਪੰਥਕ ਏਜੰਡੇ ਨੂੰ ਆਪਣੇ ਪ੍ਰਚਾਰ ਵਿੱਚ ਸ਼ਾਮਲ ਕਰ ਰਹੀ ਹੈ, ਪਰ ਉਹਨਾਂ ਦੇ ਭ੍ਰਿਸ਼ਟਾਚਾਰ ਵਿਰੋਧੀ ਨਾਰੇ ਹੁਣ ਘੱਟ ਹੀ ਸੁਣਾਈ ਦਿੰਦੇ ਹਨ।

ਇਸ ਚੋਣ ਵਿੱਚ 15 ਉਮੀਦਵਾਰ ਹਨ, ਜਿਨ੍ਹਾਂ ਵਿੱਚੋਂ ਮੁੱਖ ਲੜਾਈ ਆਪ ਦੇ ਹਰਮੀਤ ਸਿੰਘ ਸੰਧੂ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੁਖਵਿੰਦਰ ਕੌਰ ਰੰਧਾਵਾ, ਕਾਂਗਰਸ ਦੇ ਕਰਨਬੀਰ ਸਿੰਘ ਬੁਰਜ ਅਤੇ ਭਾਜਪਾ ਦੇ ਹਰਜੀਤ ਸਿੰਘ ਸੰਧੂ ਵਿਚਕਾਰ ਹੈ। ਪਰ ਇਸ ਵਾਰ ਖਾਸ ਗੱਲ ਇਹ ਹੈ ਕਿ ਅੰਮ੍ਰਿਤਪਾਲ ਸਿੰਘ ਵਾਰਿਸ ਪੰਜਾਬ ਦੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਤੇ ਪੰਥਕ ਗਠਜੋੜ ਵੱਲੋਂ ਅਪਨਾਏ ਗਏ ਅਜ਼ਾਦ ਉਮੀਦਵਾਰ ਮਨਦੀਪ ਸਿੰਘ ਖਾਲਸਾ ਨੂੰ ਭਰਪੂਰ ਲੋਕ ਸਮਰਥਨ ਮਿਲ ਰਿਹਾ ਹੈ ਅਤੇ ਉਹ ਸਭ ਉੱਪਰ ਭਾਰੂ ਪੈਂਦਾ ਨਜ਼ਰ ਆ ਰਿਹਾ ਹੈ। ਇਹ ਉਪ-ਚੋਣ ਆਪ ਵਾਸਤੇ ਵਕਾਰੀ ਹੈ। ਮੁੱਖ ਮੰਤਰੀ ਭਗਵੰਤ ਮਾਨ ਲਈ ਇਹ ਨਾ ਸਿਰਫ਼ ਆਪ ਦੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਦਾ ਮੌਕਾ ਹੈ, ਸਗੋਂ ਅਗਲੀਆਂ ਵਿਧਾਨ ਸਭਾ ਚੋਣਾਂ (2027) ਤੇ ਸਿੱਧਾ ਅਸਰ ਪਾਉਣ ਵਾਲੀ ਹੈ। ਤਰਨ ਤਾਰਨ ਨੂੰ ਪੰਥਕ ਖੇਤਰ ਵਜੋਂ ਵੇਖਿਆ ਜਾਂਦਾ ਹੈ, ਜਿੱਥੇ ਸਿੱਖ ਵੋਟਰਾਂ ਦੀ ਭਾਵਨਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

### ਮੁੱਖ ਉਮੀਦਵਾਰ ਹਨ

ਹਰਮੀਤ ਸਿੰਘ ਸੰਧੂ (ਆਪ) ਤਿੰਨ ਵਾਰੀ ਵਿਧਾਇਕ ਰਹਿ ਚੁੱਕੇ ਹਰਮੀਤ ਸੰਧੂ ਅਕਾਲੀ ਦਲ ਤੋਂ ਛੱਡ ਕੇ ਜੁਲਾਈ 2025 ਵਿੱਚ ਆਪ ਵਿੱਚ ਸ਼ਾਮਲ ਹੋਏ ਸਨ। ਉਹਨਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਨਾਮਜਦ ਕੀਤਾ ਸੀ। ਉਹਨਾਂ ਦਾ ਪ੍ਰਚਾਰ ਹੜ੍ਹਾਂ ਵਿੱਚ ਸਰਕਾਰੀ ਰਾਹਤ, ਭ੍ਰਿਸ਼ਟਾਚਾਰ ਵਿਰੋਧੀ ਕਦਮਾਂ ਅਤੇ ਪੰਥਕ ਮੁੱਦਿਆਂ ਤੇ ਕੇਂਦ੍ਰਿਤ ਹੈ। ਪਰ ਉਹਨਾਂ ਨੂੰ ਚੋਣਾਂ ਵਿੱਚ ਆਪ ਦੇ ਪੁਰਾਣੇ ਵੋਟ ਬੈਂਕ ਨੂੰ ਜੋੜਨ ਵਿੱਚ ਮੁਸ਼ਕਲ ਆ ਰਹੀ ਹੈ ਜੋ ਆਪ ਤੋਂ ਨਿਰਾਸ਼ ਹਨ।

ਸੁਖਵਿੰਦਰ ਕੌਰ ਰੰਧਾਵਾ (ਸ਼੍ਰੋਮਣੀ ਅਕਾਲੀ ਦਲ-ਬਾਦਲ): ਉਹਨਾਂ ਦਾ ਪਤੀ 'ਧਰਮੀ ਫੌਜੀ' (੧੯੮੪ ਦੇ ਫੌਜੀ ਹਮਲੇ ਤੋਂ ਬਾਅਦ ਫੌਜ ਛੱਡਣ ਵਾਲੇ ਸਿੱਖ ਫੌਜੀ) ਹੈ। ਉਹ ਅੰਮ੍ਰਿਤਪਾਲ ਨੂੰ 2024 ਲੋਕ ਸਭਾ ਚੋਣਾਂ ਵਿੱਚ ਸਮਰਥਨ ਦੇ ਚੁੱਕੀ ਹੈ। ਉਹਨਾਂ ਦਾ ਪ੍ਰਚਾਰ ਧਰਮ ਫੌਜੀਆਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਥਕ ਮਸਲਿਆਂ ਤੇ ਫੋਕਸ ਹੈ।

ਕਰਨਬੀਰ ਸਿੰਘ ਬੁਰਜ (ਕਾਂਗਰਸ): ਕਾਂਗਰਸ ਨੇ ਇਸ ਨੌਜਵਾਨ ਨੂੰ ਚੁਣਿਆ ਹੈ ਜੋ ਕਿਸਾਨ ਮੁਦਿਆਂ ਨਾਲ ਜੁੜਿਆ ਹੋਇਆ ਹੈ। ਪਾਰਟੀ ਨੇਤਾ ਪ੍ਰਤਾਪ ਸਿੰਘ ਬਾਜਵਾ ਨਾਲ ਨੇੜਤਾ ਹੈ। ਉਹਨਾਂ ਨੂੰ ਸ਼ਹਿਰੀ ਖੇਤਰਾਂ ਵਿੱਚ ਸਮਰਥਨ ਮਿਲ ਰਿਹਾ ਹੈ, ਪਰ ਪੰਥਕ ਵੋਟਾਂ ਤੋਂ ਪਛੜ ਰਹੇ ਹਨ ਕਿਉਂਕਿ ਰਾਜਾ ਵੜਿੰਗ ਨੂੰ ਪੰਥ ਵਿਰੋਧੀ ਨਾਰੇਆਂ ਕਾਰਨ ਨੁਕਸਾਨ ਹੋ ਰਿਹਾ ਹੈ।

ਹਰਜੀਤ ਸਿੰਘ ਸੰਧੂ (ਭਾਜਪਾ): ਭਾਜਪਾ ਨੇ ਆਪਣੇ ਜ਼ਿਲ੍ਹਾ ਪ੍ਰਧਾਨ ਨੂੰ ਉਮੀਦਵਾਰ ਬਣਾਇਆ ਹੈ। ਉਹਨਾਂ ਦਾ ਆਧਾਰ ਸ਼ਹਿਰੀ ਵਪਾਰੀ ਵਰਗ ਵਿੱਚ ਹੈ, ਪਰ ਪੰਥਕ ਖੇਤਰ ਵਿੱਚ ਕਮਜ਼ੋਰ ਹਨ। ਪਰ ਇਹ ਸਭ ਤੋਂ ਵੱਧ ਧਿਆਨ ਖਿੱਚ ਰਹੇ ਉਮੀਦਵਾਰ ਹਨ ਮਨਦੀਪ ਸਿੰਘ ਖਾਲਸਾ (ਅਜ਼ਾਦ, ਪੰਥਕ ਗਠਜੋੜ ਦਾ ਸਾਂਝਾ ਚਿਹਰਾ)। ਉਹ ਸੰਦੀਪ ਸਿੰਘ 'ਸੰਨੀ' ਦੇ ਵੱਡੇ ਭਰਾ ਹਨ, ਜੋ ਸ਼ਿਵ ਸੈਨਾ (ਟਕਸਾਲੀ) ਨੇਤਾ ਸੁਧੀਰ ਸੂਰੀ ਹੱਤਿਆ ਕੇਸ ਵਿੱਚ ਜੇਲ੍ਹ ਵਿੱਚ ਹੈ। 7 ਅਕਤੂਬਰ ਨੂੰ ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਨੇ ਉਹਨਾਂ ਦਾ ਸਮਰਥਨ ਕੀਤਾ ਸੀ। ਉਹਨਾਂ ਨੂੰ ਗਿਆਨੀ ਹਰਪ੍ਰੀਤ ਸਿੰਘ ਵਾਲੇ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਮਦਮੀ ਟਕਸਾਲ ਅਤੇ ਹੋਰ ਪੰਥਕ ਸੰਸਥਾਵਾਂ ਦਾ ਸਮਰਥਨ ਹੈ।

### ਮਨਦੀਪ ਸਿੰਘ ਹੀ ਕਿਉ ਭਾਰੀ ਪਏ ਵਿਰੋਧੀਆਂ ਲਈ ?

ਮਨਦੀਪ ਸਿੰਘ ਨੂੰ ਭਾਰੂ ਸਮਰਥਨ ਮਿਲਣ ਦੇ ਕਈ ਕਾਰਨ ਨੇ। ਪਹਿਲਾਂ ਤਾਂ ਉਹਨਾਂ ਨੂੰ ਪੰਥਕ ਗਠਜੋੜ ਵੱਲੋਂ 'ਸਾਂਝਾ ਚਿਹਰਾ' ਬਣਾਇਆ ਗਿਆ ਹੈ। ਅੰਮ੍ਰਿਤਪਾਲ ਸਿੰਘ, ਜੋ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਹਨ ਪਰ ਨੈਸ਼ਨਲ ਸੈਕਿਉਰਿਟੀ ਐਕਟ ਅਧੀਨ ਅਸਾਮ ਦੀ ਜੇਲ੍ਹ ਵਿੱਚ ਨੇ, ਉਹਨਾਂ ਦੀ ਪਾਰਟੀ ਨੇ 2024 ਲੋਕ ਸਭਾ ਚੋਣਾਂ ਵਿੱਚ ਇਸ ਖੇਤਰ ਵਿੱਚ ਵੱਡੀ ਜਿਤ ਪ੍ਰਾਪਤ ਕੀਤੀ ਸੀ। ਅੰਮ੍ਰਿਤਪਾਲ ਦੀ ਨੌਜਵਾਨਾਂ ਵਿੱਚ ਪੌਪੂਲੈਰਿਟੀ, ਖਾਸ ਕਰਕੇ ਨਸ਼ਾ ਵਿਰੋਧੀ ਮੁਹਿੰਮ ਅਤੇ ਬੰਦੀਆਂ ਦੀ ਰਿਹਾਈ ਨੂੰ ਲੈ ਕੇ ਸੰਘਰਸ਼, ਅੱਜ ਵੀ ਜਿਉਂਦਾ ਹੈ। ਉਹਨਾਂ ਨੇ ਹਾਲੀਆ ਹੜ੍ਹਾਂ ਵਿੱਚ ਵੀ ਰਾਹਤ ਕੰਮ ਕੀਤੇ, ਜੋ ਲੋਕਾਂ ਨੂੰ ਯਾਦ ਹਨ।ਉਹਨਾਂ ਦਾ ਰਾਹਿਤ ਕੰਮ ਹਰ ਥਾਂ ਮੌਜੂਦ ਸੀ।

ਦੂਜਾ ਕਾਰਨ ਹੈ ਪੰਥਕ ਮੁੱਦੇ। ਮਨਦੀਪ ਦਾ ਪ੍ਰਚਾਰ ਬੇਅਦਬੀਆਂ, ਝੂਠੇ ਪੁਲਿਸ ਮੁਕਾਬਲੇ, ਨਸ਼ੇ, ਪੰਜਾਬ ਦੇ ਵਧੇਰੇ ਹੱਕਾਂ ਵਾਲੇ ਬੰਦੀ ਸਿੱਖਾਂ ਦੀ ਰਿਹਾਈ ਅਤੇ ਦਰਿਆਈ ਪਾਣੀਆਂ ਵਰਗੇ ਮੁੱਦਿਆਂ ਤੇ ਫੋਕਸ ਕਰ ਰਿਹਾ ਹੈ। ਉਹਨਾਂ ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵਰਗੇ ਨੇਤਾਵਾਂ ਦਾ ਖੁੱਲ੍ਹਾ ਸਮਰਥਨ ਮਿਲਿਆ ਹੈ। ਬੀਬੀ ਖਾਲੜਾ ਨੇ ਕਿਹਾ, "ਮਨਦੀਪ ਪੰਥ ਦਾ ਚਿਹਰਾ ਹੈ, ਉਹਨਾਂ ਨੂੰ ਵੋਟ ਨਾਲ ਸਮਰਥਨ ਦੇਣਾ ਚਾਹੀਦਾ ਹੈ।" ਇਸ ਤਰ੍ਹਾਂ ਦੇ ਸਮਰਥਨ ਨੇ ਪੰਥਕ ਵੋਟ ਨੂੰ ਇਕੱਠਾ ਕਰਨ ਵਿੱਚ ਮਦਦ ਕੀਤੀ ਹੈ। ਤੀਜਾ, ਅੰਮ੍ਰਿਤਪਾਲ ਦੀ ਗੈਰਹਾਜਰੀ ਵਿੱਚ ਵੀ ਉਹਨਾਂ ਦੀ ਭਾਵਨਾ ਸਿਖ ਨੌਜਵਾਨਾਂ ਵਿਚ ਜਿਉਂਦੀ ਹੈ।

ਚੌਥਾ ਕਾਰਨ ਹੈ ਵਿਰੋਧੀ ਪਾਰਟੀਆਂ ਦੀ ਕਮਜ਼ੋਰੀ। ਅਕਾਲੀ ਦਲ (ਬਾਦਲ) ਨੂੰ ਗੈਂਗਸਟਰਾਂ ਤੇ ਬੇਅਦਬੀ ਨਾਲ ਜੋੜਿਆ ਜਾਂਦਾ ਹੈ, ਜੋ ਉਹਨਾਂ ਲਈ ਨੁਕਸਾਨਦਾਇਕ ਹੈ। ਪਰ ਉਹਨਾਂ ਦਾ ਪ੍ਰਚਾਰ ਤੇ ਇਕਠ ਪ੍ਰਭਾਵਸ਼ਾਲੀ ਹੈ। ਕਾਂਗਰਸ ਨੂੰ ਰਾਜਾ ਵੜਿੰਗ ਦੀ ਰਾਸ਼ਟਰਵਾਦੀ ਬੇਤੁਕੀ ਨਾਰੇਬਾਜ਼ੀ ਕਾਰਨ ਨੁਕਸਾਨ ਹੋ ਰਿਹਾ ਹੈ ਅਤੇ ਭਾਜਪਾ ਸ਼ਹਿਰੀ ਵੋਟਰ ਤੱਕ ਸੀਮਿਤ ਹੈ। ਲੋਕਾਂ ਅਨੁਸਾਰ ਪੰਥਕ ਵੋਟਾਂ ਦਾ ਵੱਡਾ ਹਿੱਸਾ ਮਨਦੀਪ ਵੱਲ ਪ੍ਰਭਾਵਿਤ ਹੈ। ਗ੍ਰਾਊਂਡ ਰਿਪੋਰਟਾਂ ਅਨੁਸਾਰ, ਬਾਰਡਰ ਵਾਲੇ ਪਿੰਡਾਂ ਵਿੱਚ ਨਸ਼ੇ ਅਤੇ ਕਾਨੂੰਨ ਵਿਵਸਥਾ ਨੂੰ ਲੈ ਕੇ ਗੁੱਸਾ ਹੈ, ਜੋ ਮਨਦੀਪ ਨੂੰ ਫਾਇਦਾ ਪਹੁੰਚਾ ਰਿਹਾ ਹੈ। ਪਰ ਇੱਕ ਹੋਰ ਮਨਦੀਪ ਸਿੰਘ (ਆਪ ਕੌਂਸਲਰ ਨਰਿੰਦਰ ਸਿੰਘ ਦਾ ਪੁੱਤਰ) ਵੀ ਲੜ ਰਿਹਾ ਹੈ, ਜਿਸ ਨੂੰ ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਨੇ 'ਵੋਟ ਕੱਟਣ ਵਾਲਾ' ਕਿਹਾ ਹੈ।

### ਕੀ ਮਨਦੀਪ ਦੀ ਆਪ ਨਾਲ ਹੋਵੇਗੀ ਟਕਰ ?

ਹਲਕੇ ਦੇ ਲੋਕਾਂ ਦਾ ਮੰਨਣਾ ਹੈ ਕਿ ਇਹ ਟਕਰ ਮੁੱਖ ਤੌਰ ਤੇ ਆਪ ਨਾਲ ਹੀ ਹੋਵੇਗੀ। ਆਪ ਨੂੰ ਐਂਟੀ-ਇਨਕੰਬੈਂਸੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਸ਼ੇ, ਕਾਨੂੰਨ ਵਿਵਸਥਾ ਅਤੇ ਬਾਰਡਰ ਸਮੱਸਿਆਵਾਂ ਨੂੰ ਲੈ ਕੇ ਲੋਕ ਨਾਰਾਜ਼ ਨੇ। ਗ੍ਰਾਊਂਡ ਰਿਪੋਰਟਾਂ ਅਨੁਸਾਰ, ਆਪ ਨੂੰ ਸਰਕਾਰੀ ਮਸ਼ੀਨਰੀ ਨਾਲ ਫਾਇਦਾ ਹੈ। ਜੇਕਰ ਅਕਾਲੀ ਆਪ ਦੇ ਵੋਟਾਂ ਤੇ ਸੰਨ ਲਗਾਉਂਦੀ ਹੈ ਤਾਂ ਮਨਦੀਪ ਨੂੰ ਸਿੱਧਾ ਫਾਇਦਾ ਹੋਵੇਗਾ। ਸਰਵੇਖਣਾਂ ਅਨੁਸਾਰ, ਇਹ ਚਾਰ ਕੋਨੀ ਵਾਲੀ ਲੜਾਈ ਹੈ, ਮੁੱਖ ਟਕਰ ਆਪ ਅਤੇ ਮਨਦੀਪ ਅਕਾਲੀ ਦਲ (ਬਾਦਲ) ਵਿਚਕਾਰ ਹੈ। ਪ੍ਰਚਾਰ ਚਰਮ ਤੇ ਹੈ। ਇਹ ਉਪ-ਚੋਣ ਨਾ ਸਿਰਫ਼ ਤਰਨ ਤਾਰਨ ਲਈ, ਸਗੋਂ ਪੂਰੇ ਪੰਜਾਬ ਲਈ ਮਹੱਤਵਪੂਰਨ ਹੈ। ਜੇਕਰ ਮਨਦੀਪ ਜਿੱਤਦੇ ਨੇ ਤਾਂ ਪੰਥਕ ਗਠਜੋੜ ਮਜ਼ਬੂਤ ਹੋਵੇਗਾ ਅਤੇ ਆਪ ਨੂੰ ਐਂਟੀ-ਇਨਕੰਬੈਂਸੀ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਆਪ ਨੇ ਬਚਾ ਲਈ ਤਾਂ ਉਹਨਾਂ ਦਾ ਵੋਟ ਬੈਂਕ ਸੁਰੱਖਿਅਤ ਰਹੇਗਾ।ਕੁਝ ਸਿਆਸੀ ਮਾਹਿਰ ਆਖਦੇ ਨੇ ਕਿ "ਪੰਥਕ ਵੋਟਾਂ" ਦੀ ਵੰਡ ਆਪ ਨੂੰ ਬਚਾ ਲਵੇਗੀ। 14 ਨਵੰਬਰ ਨੂੰ ਨਤੀਜੇ ਆਉਣ ਤੱਕ ਇਹ ਬਹਿਸ ਜਾਰੀ ਰਹੇਗੀ ਕਿ ਕੌਣ ਜਿਤੇਗਾ।

## ਕੇਂਦਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਭੰਗ ਕਰਨ ਵਾਲਾ ਨੋਟੀਫਿਕੇਸ਼ਨ ਵਾਪਸ ਲਿਆ

ਚੰਡੀਗੜ੍ਹ: ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਬਾਰੇ ਜਾਰੀ ਕੀਤਾ ਨੋਟੀਫਿਕੇਸ਼ਨ ਵਾਪਸ ਲੈ ਲਿਆ ਹੈ। ਇਸ ਫ਼ੈਸਲੇ ਨਾਲ ਯੂਨੀਵਰਸਿਟੀ ਵਿੱਚ ਚੱਲ ਰਹੀ ਉਥਲ-ਪੁਥਲ ਨੂੰ ਕੁਝ ਹੱਦ ਤੱਕ ਰਾਹਤ ਮਿਲੀ ਹੈ। ਯੂਨੀਵਰਸਿਟੀ ਦੇ ਵਿਦਿਆਰਥੀਆਂ, ਪ੍ਰੋਫੈਸਰਾਂ ਅਤੇ ਸਾਬਕਾ ਮੈਂਬਰਾਂ ਵੱਲੋਂ ਕੇਂਦਰ ਦੇ ਇਸ ਕਦਮ ਦੀ ਕਾਫ਼ੀ ਸਮੇਂ ਤੋਂ ਵਿਰੋਧ ਕੀਤਾ ਜਾ ਰਿਹਾ ਸੀ।

ਸਰੋਤਾਂ ਅਨੁਸਾਰ, ਕੇਂਦਰ ਨੇ ਇਹ ਫ਼ੈਸਲਾ ਸੂਬਾਈ ਸਰਕਾਰ ਅਤੇ ਯੂਨੀਵਰਸਿਟੀ ਪ੍ਰਬੰਧਨ ਨਾਲ ਚੱਲੀਆਂ ਗੱਲਬਾਤਾਂ ਤੋਂ ਬਾਅਦ ਲਿਆ ਹੈ। ਹੁਣ ਸੈਨੇਟ ਅਤੇ ਸਿੰਡੀਕੇਟ ਪਹਿਲਾਂ ਵਾਂਗ ਕੰਮ ਕਰਦੀਆਂ ਰਹਿਣਗੀਆਂ।

# ਵੜਿੰਗ ਦੇ ਬੂਟਾ ਸਿੰਘ ਬਾਰੇ ਵਿਵਾਦਿਤ ਬਿਆਨ ਨੇ ਮਜਹਬੀ ਸਿੱਖ ਭਾਈਚਾਰੇ ਕੀਤਾ ਨਾਰਾਜ਼

## ✪ ਅਨੁਸੂਚਿਤ ਜਾਤੀ ਕਮਿਸ਼ਨ ਨੇ ਵੜਿੰਗ ਨੂੰ ਤਲਬ ਕੀਤਾ ✪ ਕਾਂਗਰਸ ਪ੍ਰਧਾਨ ਨੇ ਮੰਗੀ ਮੁਆਫ਼ੀ: ਪਰ ਵਿਰੋਧੀਆਂ ਨੇ ਕੀਤਾ ਹਮਲਾ ✪ ਵੜਿੰਗ ਦੇ ਬੇਤੁਕੇ ਬਿਆਨਾਂ ਨਾਲ ਕਾਂਗਰਸ ਨੂੰ ਹੋ ਰਿਹਾ ਨੁਕਸਾਨ: ਹਾਈਕਮਾਂਡ ਕਿਉਂ ਚੁੱਪ ?

ਖਾਸ ਖਬਰ

ਪੰਜਾਬ ਵਿੱਚ ਤਰਨਤਾਰਨ ਵਿਧਾਨ ਸਭਾ ਉਪ-ਚੋਣਾਂ ਦੀ ਮੁਹਿੰਮ ਵਿੱਚ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਇੱਕ ਭਾਸ਼ਣ ਨੇ ਪੂਰਾ ਸਿਆਸੀ ਮਾਹੌਲ ਗਰਮ ਕਰ ਦਿੱਤਾ ਹੈ। ਸਾਬਕਾ ਗ੍ਰਹਿ ਮੰਤਰੀ ਅਤੇ ਦਲਿਤ ਆਗੂ ਸਵਰਗੀ ਬੂਟਾ ਸਿੰਘ ਪ੍ਰਤੀ ਉਨ੍ਹਾਂ ਵੱਲੋਂ ਵਰਤੇ ਗਏ ਕਥਿਤ ਜਾਤੀਵਾਦੀ ਟਿੱਪਣੀਆਂ ਨੇ ਨਾ ਸਿਰਫ਼ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਨੋਟਿਸ ਲੈਣ ਤੇ ਮਜ਼ਬੂਰ ਕੀਤਾ, ਸਗੋਂ ਮਜ਼ਹਬੀ ਸਿੱਖ ਭਾਈਚਾਰੇ ਵਿੱਚ ਵੀ ਭਾਰੀ ਨਾਰਾਜ਼ਗੀ ਪੈਦਾ ਕਰ ਦਿੱਤੀ। ਵੜਿੰਗ ਨੇ ਵੀਡੀਓ ਜਾਰੀ ਕਰਕੇ ਸਪੱਸ਼ਟੀਕਰਨ ਦਿੱਤਾ ਹੈ, ਪਰ ਪ੍ਰਸ਼ਨ ਉੱਠ ਰਹੇ ਹਨ ਕਿ ਅਜਿਹੇ ਬੇਤੁਕੇ ਬਿਆਨਾਂ ਨਾਲ ਕਾਂਗਰਸ ਨੂੰ ਨੁਕਸਾਨ ਹੋ ਰਿਹਾ ਹੈ ਅਤੇ ਪਾਰਟੀ ਹਾਈਕਮਾਂਡ ਕਿਉਂ ਚੁੱਪ ਹੈ ?

ਘਟਨਾ ਦੀ ਸ਼ੁਰੂਆਤ ਤਰਨਤਾਰਨ ਵਿੱਚ ਇੱਕ ਚੋਣ ਜਲਸੇ ਤੋਂ ਹੋਈ, ਜਿੱਥੇ ਵੜਿੰਗ ਨੇ ਕਾਂਗਰਸ ਦੇ ਪੱਗ ਵਾਲਿਆਂ ਨੂੰ ਸਨਮਾਨ ਦੇਣ ਬਾਰੇ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਮਨਮੋਹਨ ਸਿੰਘ, ਗਿਆਨੀ ਜੈਲ ਸਿੰਘ ਅਤੇ ਬੂਟਾ ਸਿੰਘ ਵਰਗੇ ਆਗੂਆਂ ਨੂੰ ਉੱਚੇ ਅਹੁਦੇ ਦਿੱਤੇ। ਪਰ ਇਸ ਭਾਸ਼ਣ ਦਾ ਇੱਕ ਵੀਡੀਓ ਵਾਇਰਲ ਹੋਇਆ, ਜਿਸ ਵਿੱਚ ਵੜਿੰਗ ਨੂੰ ਬੂਟਾ ਸਿੰਘ ਬਾਰੇ ਕਹਿੰਦੇ ਸੁਣਿਆ ਗਿਆ, “ਮਜਹਬੀ ਸਿੱਖ ਭਾਈਚਾਰੇ ਨਾਲ ਸਬੰਧ ਰੱਖਣ ਵਾਲਾ ਇੱਕ ਵਿਅਕਤੀ, ਜਿਸ ਦੀ ਪਛਾਣ ਉਸ ਦੇ ਕਾਲੇ ਰੰਗ ਨਾਲ ਸੀ, ਨੂੰ ਕਾਂਗਰਸ ਨੇ ਸਨਮਾਨ ਦਿੱਤਾ।” ਇਹ ਟਿੱਪਣੀ ਨੂੰ ਜਾਤੀ ਅਤੇ ਨਸਲ ਆਧਾਰਿਤ ਮੰਨਿਆ ਗਿਆ, ਜੋ ਸਿੱਧਾ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਨਿਵਾਰਨ) ਐਕਟ ਦੀ ਉਲੰਘਣਾ ਹੈ।

ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਨੇ ਸੋਸ਼ਲ ਮੀਡੀਆ ਰਾਹੀਂ ਇਸ ਵੀਡੀਓ ਨੂੰ ਵੇਖ ਕੇ ਆਪਣੇ ਆਪ ਨੋਟਿਸ ਲਿਆ ਲਿਆ। ਕਮਿਸ਼ਨ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਇਹ ਰੰਗ ਅਤੇ ਜਾਤੀ ਉੱਤੇ ਅਧਾਰਤ ਟਿੱਪਣੀ ਹੈ, ਜੋ ਦਲਿਤ ਆਗੂ ਬੂਟਾ ਸਿੰਘ ਦਾ ਅਪਮਾਨ ਹੈ। ਕਮਿਸ਼ਨ ਨੇ ਵੜਿੰਗ ਨੂੰ 6 ਨਵੰਬਰ ਨੂੰ ਨਿੱਜੀ ਤੌਰ ਤੇ ਹਾਜ਼ਰ ਹੋਣ ਅਤੇ ਤਰਨਤਾਰਨ ਰਿਟਰਨਿੰਗ ਅਫ਼ਸਰ ਨੂੰ 4 ਨਵੰਬਰ ਤੱਕ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਗੜ੍ਹੀ ਨੇ ਕਿਹਾ, “ਅਸੀਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਵਚਨਬੱਧ ਹਾਂ ਅਤੇ ਜੇ ਤਸਦੀਕ ਹੋਈ ਤਾਂ ਕਠੋਰ ਕਾਰਵਾਈ ਹੋਵੇਗੀ।”

ਇਸ ਟਿੱਪਣੀ ਤੋਂ ਮਜ਼ਹਬੀ ਸਿੱਖ ਭਾਈਚਾਰਾ ਬਹੁਤ ਨਾਰਾਜ਼ ਹੈ, ਕਿਉਂਕਿ ਬੂਟਾ ਸਿੰਘ ਦਲਿਤ ਆਗੂ ਸਨ, ਜੋ ਕਾਂਗਰਸ ਵਿੱਚ ਆਪਣੀ ਲਿਆਕਤ ਨਾਲ ਉੱਚੇ ਅਹੁਦਿਆਂ ਤੱਕ ਪਹੁੰਚੇ। ਭਾਈਚਾਰੇ ਦੇ ਆਗੂਆਂ ਨੇ ਕਿਹਾ ਕਿ “ਅਜਿਹੀ ਟਿੱਪਣੀ ਨਾਲ ਪੂਰੇ ਭਾਈਚਾਰੇ ਨੂੰ ਠੇਸ ਪਹੁੰਚੀ ਹੈ। ਵੜਿੰਗ ਨੇ ਮਾਰਸ਼ਲ ਮਜਹਬੀ



ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ।” ਇਸ ਨਾਲ ਮਜਹਬੀ ਸਿੱਖ ਭਾਈਚਾਰੇ ਵਿੱਚ ਕਾਂਗਰਸ ਵਿਰੁੱਧ ਗੁੱਸਾ ਭੜਕ ਗਿਆ ਹੈ ਅਤੇ ਉਪ-ਚੋਣਾਂ ਵਿੱਚ ਪਾਰਟੀ ਨੂੰ ਵੋਟ ਗੁਆਉਣ ਦਾ ਡਰ ਹੈ। ਵੜਿੰਗ ਨੇ ਇਸ ਬਾਰੇ ਤੁਰੰਤ ਪ੍ਰਤੀਕਿਰਿਆ ਦਿੰਦੇ ਹੋਏ ਇੱਕ ਵੀਡੀਓ ਜਾਰੀ ਕੀਤਾ, ਜਿਸ ਵਿੱਚ ਉਨ੍ਹਾਂ ਕਿਹਾ, “ਸਵਰਗੀ ਬੂਟਾ ਸਿੰਘ ਜੀ ਮੇਰੇ ਲਈ ਪਿਤਾ ਵਾਂਗ ਸਨ। ਮੈਂ ਉਨ੍ਹਾਂ ਜਾਂ ਕਿਸੇ ਹੋਰ ਦਾ ਅਪਮਾਨ ਨਹੀਂ ਕਰ ਸਕਦਾ। ਭਾਸ਼ਣ ਵਿੱਚ ਮੈਂ ਕਾਂਗਰਸ ਵਿਚ ਬੂਟਾ ਸਿੰਘ ਨੂੰ ਮਿਲੇ ਸਨਮਾਨ ਬਾਰੇ ਗੱਲ ਕੀਤੀ ਸੀ। ਜੇ ਕਿਸੇ ਨੂੰ ਠੇਸ ਪਹੁੰਚੀ ਤਾਂ ਬਿਨਾਂ ਸ਼ਰਤ ਮੁਆਫ਼ੀ ਮੰਗਦਾ ਹਾਂ।” ਪਰ ਇਹ ਸਪੱਸ਼ਟੀਕਰਨ ਵੀ ਪੂਰੀ ਤਰ੍ਹਾਂ ਨਾਰਾਜ਼ਗੀ ਨੂੰ ਘਟਾਉਣ ਵਿੱਚ ਅਸਫਲ ਰਿਹਾ। ਪਰ ਅਜਿਹੇ ਬਿਆਨਾਂ ਨਾਲ ਕਾਂਗਰਸ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਵੜਿੰਗ ਨੇ ਪਹਿਲਾਂ ਵੀ ਖਾਲਿਸਤਾਨ ਨਾਮ ਉੱਤੇ ਸਿੱਖਾਂ ਉਪਰ ਘਟੀਆ ਟਿੱਪਣੀਆਂ ਕੀਤੀਆਂ ਸਨ। ਇਹ ਟਿੱਪਣੀਆਂ ਸਿੱਖ ਵੋਟ ਬੈਂਕ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਵਿਰੋਧੀ ਪਾਰਟੀਆਂ ਜਿਵੇਂ ਆਪ ਅਤੇ ਅਕਾਲੀਆਂ ਨੂੰ ਫਾਇਦਾ ਪਹੁੰਚਾਉਂਦੀਆਂ ਹਨ। ਆਪ ਨੇ ਤੁਰੰਤ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ, “ਵੜਿੰਗ ਦਾ ਵਿਵਹਾਰ ਸ਼ਰਮਨਾਕ ਹੈ। ਕਾਂਗਰਸ ਨੂੰ ਅਜਿਹੇ ਆਗੂਆਂ ਤੇ ਐਕਸ਼ਨ ਲੈਣਾ ਚਾਹੀਦਾ।” ਬੀਜੇਪੀ ਨੇ ਵੀ ਮੰਗ ਕੀਤੀ ਕਿ ਖੜਗੇ ਜੀ ਨੂੰ ਮੁਆਫ਼ੀ ਮੰਗਣੀ ਚਾਹੀਦੀ। ਸਭ ਤੋਂ ਵੱਡਾ ਸਵਾਲ ਉੱਠ ਰਿਹਾ ਹੈ ਕਿ ਕਾਂਗਰਸ ਹਾਈਕਮਾਂਡ ਕਿਉਂ ਨੋਟਿਸ ਨਹੀਂ ਲੈ ਰਹੀ ? ਕਾਂਗਰਸ ਦੀ ਦਲਿਤ ਅਤੇ ਸਿੱਖ ਵੋਟਾਂ ਤੇ ਨਿਰਭਰਤਾ ਹੈ, ਪਰ ਵੜਿੰਗ ਵਰਗੇ ਆਗੂਆਂ ਦੇ ਬੇਬਾਕ ਬਿਆਨ ਪਾਰਟੀ ਨੂੰ ਲਈਆਂ ਚੁਣੌਤੀਆਂ ਵਧਾ ਰਹੇ ਹਨ। ਉਪ-ਚੋਣਾਂ ਵਿੱਚ ਕਾਂਗਰਸ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

## ਸ਼ਰਾਬੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਾਖਲ ਹੋਇਆ



ਅੰਮ੍ਰਿਤਸਰ ਵਿੱਚ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਇੱਕ ਵਿਅਕਤੀ ਸ਼ਰਾਬੀ ਹਾਲਤ ਵਿੱਚ ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰ ਪਹੁੰਚਿਆ। ਜਦੋਂ ਦਰਸ਼ਕਾਂ ਅਤੇ ਵਲੰਟੀਅਰਾਂ ਨੇ ਉਸਨੂੰ ਪੁੱਛਿਆ ਕਿ ਕੀ ਉਸਨੇ ਸ਼ਰਾਬ ਪੀਤੀ ਹੈ, ਤਾਂ ਉਸਨੇ ਬੇਪਰਵਾਹੀ ਨਾਲ ਜਵਾਬ ਦਿੱਤਾ ਕਿ ਹਾਂ, ਮੈਂ ਸ਼ਰਾਬ ਪੀਤੀ ਹੈ, ਅਤੇ ਮੈਂ ਅਜੇ ਵੀ ਪੀਂਦਾ ਹਾਂ। ਇੱਕ ਵੀਡੀਓ ਬਣਾਓ, ਮੇਰਾ ਗੁਰੂ ਮੇਰਾ ਰਖਵਾਲਾ ਹੈ। ਮੈਂ ਕਿਰਪਾਨ ਪਹਿਨ ਕੇ ਪੀਂਦਾ ਹਾਂ। ਉਸਨੇ ਆਪਣੀ ਪਛਾਣ ਗੁਰਸਿੱਖ ਵਜੋਂ ਦੱਸੀ ਅਤੇ ਕਿਹਾ ਕਿ ਉਹ ਕਰਨਾਲ, ਹਰਿਆਣਾ ਦਾ ਰਹਿਣ ਵਾਲਾ ਹੈ ਅਤੇ ਪਿਛਲੇ ਤਿੰਨ ਮਹੀਨਿਆਂ ਤੋਂ ਅੰਮ੍ਰਿਤਸਰ ਵਿੱਚ ਰਹਿ ਰਿਹਾ ਸੀ। ਲੋਕਾਂ ਦਾ ਕਹਿਣਾ ਹੈ ਕਿ ਸ਼ਰਾਬ ਦੇ ਨਸ਼ੇ ਵਿੱਚ ਉਹ ਵਿਅਕਤੀ ਗਲਤ ਵਿਵਹਾਰ ਕਰਨ ਲੱਗ ਪਿਆ। ਮੌਕੇ ‘ਤੇ ਮੌਜੂਦ ਸੇਵਾਦਾਰਾਂ ਨੇ ਤੁਰੰਤ ਕਾਰਵਾਈ ਕਰਦਿਆਂ ਉਸਨੂੰ ਫੜ ਲਿਆ ਅਤੇ ਪਵਿੱਤਰ ਸਥਾਨ ਤੋਂ ਬਾਹਰ ਕੱਢ ਦਿੱਤਾ। ਸ਼ਰਧਾਲੂਆਂ ਨੇ ਇਹ ਵੀ ਕਿਹਾ ਕਿ ਜੇਕਰ ਸੇਵਾਦਾਰਾਂ ਨੇ ਉਸਨੂੰ ਸਮੇਂ ਸਿਰ ਨਾ ਰੋਕਿਆ ਹੁੰਦਾ, ਤਾਂ ਉਹ ਅੰਦਰ ਜਾ ਕੇ ਕੋਈ ਅਣਉਚਿਤ ਕੰਮ ਕਰ ਸਕਦਾ ਸੀ।

# ਗਿਆਨੀ ਸੁਲਤਾਨ ਸਿੰਘ ਦਾ ਤਬਾਦਲਾ ਬਣਿਆ ਬਹਿਸ ਦਾ ਵਿਸ਼ਾ, ਸਿੱਖ ਸਿਆਸਤ ਵਿਚ ਨਵੀਂ ਹਲਚਲ

## ✪ ਗਿਆਨੀ ਹਰਪ੍ਰੀਤ ਸਿੰਘ ਨਾਲ ਗਲਬਾਤ ਕਰਨ ਤੋਂ ਬਾਅਦ ਕਿਉਂ ਹੋਈ ਕਾਰਵਾਈ

ਸ੍ਰੀ ਅਨੰਦਪੁਰ ਸਾਹਿਬ-ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ, ਜੋ ਕਿ ਇਸ ਵੇਲੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਸਨ, ਦਾ ਤਬਾਦਲਾ ਸ਼੍ਰੋਮਣੀ ਕਮੇਟੀ ਵੱਲੋਂ ਕਰ ਕੇ ਸ੍ਰੀ ਮੁਕਤਸਰ ਸਾਹਿਬ ਵਿਖੇ ਗ੍ਰੰਥੀ ਸਿੰਘ ਵਜੋਂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨੇ ਸਿਰਫ ਪੰਥਕ ਜਥੇਬੰਦੀਆਂ ਵਿਚ ਨਹੀਂ, ਸਗੋਂ ਆਮ ਸੰਗਤ ਵਿਚ ਵੀ ਵੱਡੀ ਚਰਚਾ ਨੂੰ ਜਨਮ ਦਿੱਤਾ ਹੈ। ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰਹਿ ਕੇ ਸੇਵਾ ਨਿਭਾਈ ਅਤੇ ਬਾਅਦ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਵਜੋਂ ਨਿਯੁਕਤ ਹੋਏ ਸਨ। ਉਹਨਾਂ ਦੇ ਹਾਲੀਆ ਤਬਾਦਲੇ ਨੂੰ ਕਈ ਸਿੱਖ ਸੰਗਠਨਾਂ ਵੱਲੋਂ ਸਿਰਫ ਪ੍ਰਸ਼ਾਸਨਿਕ ਫ਼ੈਸਲਾ ਨਹੀਂ, ਸਗੋਂ ਰਾਜਨੀਤਕ ਪ੍ਰੇਰਿਤ ਵਜੋਂ ਦੇਖਿਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਸ ਤਬਾਦਲੇ ਨੂੰ ਸਿੱਧੇ ਤੌਰ ’ਤੇ ਜਥੇਦਾਰਾਂ ਨੂੰ ਜ਼ਲੀਲ ਕਰਨ ਵਾਲਾ ਕਦਮ ਕਹਿੰਦੇ ਹੋਏ ਤਿੱਖਾ ਰੋਸ ਪ੍ਰਗਟਾਇਆ ਹੈ। ਉਹਨਾਂ ਕਿਹਾ ਕਿ ਜੇ ਉਹ ਗੁਨਾਹਗਾਰ ਸਨ ਤਾਂ ਪਹਿਲਾਂ ਸ੍ਰੀ ਦਰਬਾਰ ਸਾਹਿਬ ’ਤੇ ਕਿਉਂ ਲਗਾਇਆ ? ਤੇ ਜੇਕਰ ਗੁਨਾਹਗਾਰ ਨਹੀਂ ਸਨ ਤਾਂ ਹੁਣ ਉਹਨਾਂ ਨੂੰ ਕਿਉਂ ਹਟਾਇਆ ਗਿਆ ? ਇਹ ਕਿਹੜਾ ਨਿਆਂ ਹੈ ? ਉਹਨਾਂ ਸਵਾਲ ਕੀਤਾ ਕਿ ਕੌਮ ਦੇ ਜਥੇਦਾਰਾਂ ਨਾਲ ਅਜਿਹਾ ਰਵੱਈਆ ਰੱਖਣਾ ਸਿੱਖ ਮਰਿਆਦਾ ਅਤੇ ਜਥੇਦਾਰਾਂ ਦੇ ਆਦਰ-ਸਨਮਾਨ ਨਾਲ ਖਿਲਵਾੜ ਹੈ। ਉਹਨਾਂ ਇਸ਼ਾਰਾ ਕੀਤਾ ਕਿ ਦੋ ਦਸੰਬਰ ਵਾਲੇ ਹੁਕਮਨਮੇ ਦੇ ਮਾਮਲੇ ਦੌਰਾਨ ਗਿਆਨੀ ਸੁਲਤਾਨ ਸਿੰਘ ਵੀ ਜਥੇਦਾਰਾਂ ਦੇ ਫੈਸਲੇ ਵਿਚ ਸ਼ਾਮਲ ਸਨ ਅਤੇ ਉਸ ਸਮੇਂ ਦੇ ਮੱਦੇਨਜ਼ਰ ਹੁਣ ਉਹਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਇੱਥੋਂ ਤੱਕ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ



ਵੀ ਇਹੋ ਜਿਹਾ ਵਤੀਰਾ ਹੋ ਸਕਦਾ ਹੈ।

### ਨਵੀਆਂ ਸ਼੍ਰੋਮਣੀ ਕਮੇਟੀ ਚੋਣਾਂ ਹੀ ਹੱਲ : ਬੀਬੀ ਜਗੀਰ ਕੌਰ

ਇਸ ਤਬਾਦਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਵੀ ਗੰਭੀਰ ਚਿੰਤਾ ਜਤਾਈ ਹੈ। ਉਹਨਾਂ ਸਪੱਸ਼ਟ ਕਿਹਾ ਕਿ ਸਿੱਖ ਕੌਮ ਦੀ ਸਥਿਤੀ ਬਹੁਤ ਖਰਾਬ ਹਾਲਾਤ ਵਿੱਚ ਹੈ। ਉਨ੍ਹਾਂ ਕਿਹਾ ਕਿ ਕੌਮ ਵਿੱਚ ਮਰਿਆਦਾ, ਨਿਯਮ, ਸਿਧਾਂਤ ਸਭ ਕੁਝ ਹੌਲੀ-ਹੌਲੀ ਖਤਮ ਹੋ ਰਿਹਾ ਹੈ। ਬੇਅਦਬੀਆਂ ਵਧ ਰਹੀਆਂ ਹਨ ਅਤੇ ਮੌਜੂਦਾ ਪ੍ਰਬੰਧਕਾਂ ਨੂੰ ਇਸ ਦੀ ਕੋਈ ਪੀੜ ਨਹੀਂ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਕੁਝ ਮੈਂਬਰ ਆਪਣੇ ਆਪ ਨੂੰ ਗੁਰਦੁਆਰਾ ਸਾਹਿਬਾਨ ਦੇ ਮਾਲਕ ਸਮਝ ਬੈਠੇ ਹਨ। ਜਦੋਂ ਤੱਕ ਇਸ ਤਰ੍ਹਾਂ ਦੇ ਲੋਕ ਕਮੇਟੀ ਉੱਤੇ ਕਬਜ਼ਾ ਕਰ ਕੇ ਬੈਠੇ ਹਨ, ਉਦੋਂ ਤੱਕ ਕਿਸੇ ਵੀ ਪ੍ਰਕਾਰ ਦੇ ਧਾਰਮਿਕ ਸੁਧਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਹਨਾਂ ਇਸ ਗੱਲ ਨੂੰ ਬਹੁਤ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਹੁਣ ਇੱਕੋ ਹੱਲ ਹੈ ਨਵੀਆਂ ਚੋਣਾਂ। ਕੌਮ ਨੂੰ ਨਵੀਂ ਲੀਡਰਸ਼ਿਪ ਚਾਹੀਦੀ ਹੈ, ਜੋ ਸੱਚਮੁੱਚ ਗੁਰੂ-ਮਰਿਆਦਾ ਅਨੁਸਾਰ ਸੇਵਾ ਨਿਭਾਉਣ ’ਤੇ ਗੁਰੂ ਦੇ ਭੈਅ ਵਿਚ ਰਹਿ ਕੇ ਸਾਰੇ ਕਾਰਜ ਕਰਨ।

# ਭੁੱਲਰ ਕੇਸ : ਬੀਐੱਚ ਪ੍ਰਾਪਰਟੀਜ਼ ’ਤੇ ਛਾਪਾ: ਰੀਅਲ ਅਸਟੇਟ ਨੈੱਟਵਰਕ ਦਾ ਹੋਇਆ ਪਰਦਾਫਾਸ਼

## ✪ ਕ੍ਰਿਸ਼ਨੂੰ ਸ਼ਾਰਦਾ: ਭ੍ਰਿਸ਼ਟਾਚਾਰ ਦਾ ‘ਸੁਪਰ ਦਲਾਲ’ ਅਤੇ ਦੋ ਦਰਜਨ ਅਧਿਕਾਰੀਆਂ ਨਾਲ ਸੰਪਰਕ

## ✪ ਵਿਜੀਲੈਂਸ ਬਿਊਰੋ ਦੀ ਪਰਵਾਹ ਨਹੀਂ ਕਰ ਰਹੀ ਸੀਬੀਆਈ, ਅਦਾਲਤੀ ਫ਼ੈਸਲਾ ਸੀਬੀਆਈ ਦੇ ਹੱਕ ਵਿਚ

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਹਰਚਰਨ ਸਿੰਘ ਭੁੱਲਰ ਕੇਸ ਪੰਜਾਬ ਵਿੱਚ ਭ੍ਰਿਸ਼ਟਾਚਾਰ ਦੀ ਗਹਿਰਾਈ ਨੂੰ ਉਜਾਗਰ ਕਰਦਾ ਹੈ। ਇਹ ਨਾ ਸਿਰਫ਼ ਇੱਕ ਅਧਿਕਾਰੀ ਦੀ ਗੜਬੜ ਹੈ, ਸਗੋਂ ਇੱਕ ਵਿਸ਼ਾਲ ਨੈੱਟਵਰਕ - ਰੀਅਲ ਅਸਟੇਟ, ਦਲਾਲ ਅਤੇ ਅਧਿਕਾਰੀਆਂ - ਨੂੰ ਬੇਪਰਦ ਕਰਦਾ ਹੈ। ਪੰਜਾਬ ਨੂੰ ਅਜਿਹੇ ਕੇਸਾਂ ਤੋਂ ਬਚਾਉਣ ਲਈ ਜ਼ਰੂਰੀ ਹੈ: 1) ਅਧਿਕਾਰੀਆਂ ਦੀ ਆਮਦਨ ਅਤੇ ਜਾਇਦਾਦਾਂ ਦੀ ਰੈਗੂਲਰ ਆਡਿਟ, 2) ਦਲਾਲਾਂ ਵਿਰੁੱਧ ਸਖ਼ਤ ਕਾਨੂੰਨ ਅਤੇ ਤੇਜ਼ ਜਾਂਚ, 3) ਏਜੰਸੀਆਂ ਵਿਚਕਾਰ ਤਾਲਮੇਲ ਅਤੇ 4) ਰਾਜਨੀਤਿਕ ਦਖ਼ਲਅੰਦਾਜ਼ੀ ਰੋਕੀ ਜਾਵੇ। ਆਪ ਸਰਕਾਰ ਨੂੰ ਆਪਣੇ ਵਾਅਦਿਆਂ ਨੂੰ ਪੂਰਾ ਕਰਨਾ ਹੋਵੇਗਾ, ਨਹੀਂ ਤਾਂ ਲੋਕਾਂ ਦਾ ਭਰੋਸਾ ਖ਼ਤਮ ਹੋ ਜਾਵੇਗਾ।

ਪੰਜਾਬ ਵਿੱਚ ਆਪ ਸਰਕਾਰ ਦੇ ਰਾਜ ਕਾਲ ਦੌਰਾਨ ਭ੍ਰਿਸ਼ਟਾਚਾਰ ਤੇਜ਼ੀ ਨਾਲ ਫੈਲਿਆ ਹੋਇਆ ਹੈ। ਇੱਕ ਪਾਸੇ ਸਰਕਾਰਾਂ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੇ ਵੱਡੇ-ਵੱਡੇ ਦਾਅਵੇ ਕਰਦੀਆਂ ਹਨ, ਦੂਜੇ ਪਾਸੇ ਉੱਚ ਅਧਿਕਾਰੀਆਂ ਵਿੱਚੋਂ ਹੀ ਅਜਿਹੇ ਕੇਸ ਸਾਹਮਣੇ ਆ ਰਹੇ ਹਨ ਜੋ ਪੂਰੀ ਪ੍ਰਸ਼ਾਸਨਿਕ ਵਿਵਸਥਾ ਨੂੰ ਚੁਣੌਤੀ ਦਿੰਦੇ ਹਨ। ਅਜਿਹਾ ਹੀ ਇੱਕ ਕੇਸ ਹੈ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦਾ, ਜਿਸ ਨੇ ਨਾ ਸਿਰਫ਼ ਪੰਜਾਬ ਪੁਲਿਸ ਦੀ ਸਾਖ ਨੂੰ ਕਾਲਾ ਧਬਾ ਲਗਾਇਆ ਹੈ, ਸਗੋਂ ਰਾਜ ਵਿੱਚ ਚੱਲ ਰਹੇ ਭ੍ਰਿਸ਼ਟ ਨੈੱਟਵਰਕ ਨੂੰ ਵੀ ਉਜਾਗਰ ਕੀਤਾ ਹੈ। 16 ਅਕਤੂਬਰ 2025 ਨੂੰ ਸੀਬੀਆਈ ਵੱਲੋਂ ਭੁੱਲਰ ਨੂੰ ਰਿਸ਼ਵਤ ਲੈਣ ਵਾਲੇ ਕੇਸ ਵਿੱਚ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਾਅਦ, ਇਹ ਮਾਮਲਾ ਆਮਦਨ ਤੋਂ ਵੱਧ ਜਾਇਦਾਦ, ਰੀਅਲ ਅਸਟੇਟ ਨੈੱਟਵਰਕ ਅਤੇ ਸੀਨੀਅਰ ਅਧਿਕਾਰੀਆਂ ਨਾਲ ਜੁੜੇ ਸਬੰਧਾਂ ਵੱਲ ਵਧ ਗਿਆ ਹੈ।

ਹਰਚਰਨ ਸਿੰਘ ਭੁੱਲਰ, 2007 ਬੈਚ ਦੇ ਆਈਪੀਐੱਸ ਅਧਿਕਾਰੀ, ਨੂੰ ਪਹਿਲਾਂ ਰੋਪੜ ਰੇਂਜ ਵਿੱਚ ਡੀਆਈਜੀ ਵਜੋਂ ਤਾਇਨਾਤ ਕੀਤਾ ਗਿਆ ਸੀ। ਉਹ ਪਹਿਲਾਂ ਪਟਿਆਲਾ ਰੇਂਜ ਡੀਆਈਜੀ, ਮੁਹਾਲੀ ਐੱਸਐੱਸਪੀ ਅਤੇ ਵਿਜੀਲੈਂਸ ਬਿਊਰੋ ਵਿੱਚ ਜੁਆਇੰਟ ਡਾਇਰੈਕਟਰ ਵੀ ਰਹਿ ਚੁੱਕੇ ਹਨ। ਉਸ ਦੇ ਪਿਤਾ ਮਹਿਲ ਸਿੰਘ ਭੁੱਲਰ ਵੀ ਪੰਜਾਬ ਦੇ ਸਾਬਕਾ ਡੀਜੀਪੀ ਰਹੇ ਹਨ, ਜੋ ਇਸ ਕੇਸ ਨੂੰ ਹੋਰ ਵੀ ਸੰਵੇਦਨਸ਼ੀਲ ਬਣਾਉਂਦਾ ਹੈ। ਕੇਸ ਦੀ ਸ਼ੁਰੂਆਤ 16 ਅਕਤੂਬਰ ਨੂੰ ਹੋਈ, ਜਦੋਂ ਫ਼ਤਿਹਗੜ੍ਹ ਸਾਹਿਬ ਦੇ ਮੰਡੀ ਗੋਬਿੰਦਗੜ੍ਹ ਵਾਸੀ ਸਕ੍ਰੈਪ ਡੀਲਰ ਅਕਾਸ਼ ਬੱਤਾ ਨੇ ਸੀਬੀਆਈ ਨੂੰ ਸ਼ਿਕਾਇਤ ਦਿੱਤੀ। ਬੱਤਾ ਨੇ ਦੋਸ਼ ਲਾਇਆ ਕਿ ਭੁੱਲਰ ਨੇ ਉਸ ਨੂੰ ਇੱਕ 2023 ਵਿੱਚ ਰਜਿਸਟਰ ਹੋਈ ਐੱਫ਼ਆਈਆਰ ਨੂੰ ‘ਸੈੱਟਲ’ ਕਰਨ ਅਤੇ ਉਸ ਦੇ ਕਾਰੋਬਾਰ ਨੂੰ ਪੁਲਿਸ ਕਾਰਵਾਈ ਤੋਂ ਬਚਾਉਣ ਲਈ ਹਰ ਮਹੀਨੇ ‘ਸੇਵਾ ਪਾਣੀ’ ਵਜੋਂ ਰਿਸ਼ਵਤ ਮੰਗੀ। ਇਸ ਵਿੱਚੋਂ ਪਹਿਲੀ ਕਿਸ਼ਤ ਵਜੋਂ 8 ਲੱਖ ਰੁਪਏ ਦੀ ਰਿਸ਼ਵਤ ਲੈਣ ਵਾਲੇ ਮਿਡਲਮੈਨ ਕ੍ਰਿਸ਼ਨੂੰ ਸ਼ਾਰਦਾ ਨੂੰ ਸੀਬੀਆਈ ਨੇ ਚੰਡੀਗੜ੍ਹ ਦੇ ਸੈਕਟਰ 21 ਵਿੱਚ ਰੈੱਡ ਹੈਂਡ ਫੜਿਆ ਸੀ। ਭੁੱਲਰ ਨੂੰ ਉਸੇ ਵੇਲੇ ਉਸ ਦੇ ਮੁਹਾਲੀ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਇਸ ਤੋਂ ਬਾਅਦ ਸੀਬੀਆਈ ਨੇ ਭੁੱਲਰ ਦੇ ਚੰਡੀਗੜ੍ਹ ਦੇ ਸੈਕਟਰ 40 ਵਾਲੇ ਘਰ ਅਤੇ ਹੋਰ ਜਗ੍ਹਾਵਾਂ ’ਤੇ ਛਾਪੇ ਮਾਰੇ। ਨਤੀਜਾ ਹੈਰਾਨੀਜਨਕ ਸੀ: 7.5 ਕਰੋੜ ਰੁਪਏ ਨਕਦ, 2.5 ਕਿਲੋਗ੍ਰਾਮ ਸੋਨੇ ਦੇ ਗਹਿਣੇ, ਰੋਲੈਕਸ ਅਤੇ ਰਾਡੋ ਵਰਗੇ ਬ੍ਰਾਂਡਾਂ ਦੀਆਂ 26 ਲਕਜਰੀ ਘੜੀਆਂ, ਮਰਸੀਡੀਜ਼, ਆਡੀ, ਇਨੋਵਾ ਅਤੇ ਫ਼ਾਰਚੂਨਰ ਵਰਗੀਆਂ ਪੰਜ ਹਾਈ-ਬਰੈਂਡ ਕਾਰਾਂ, 100 ਲੀਟਰ ਆਯਾਤੀ ਸ਼ਰਾਬ, ਚਾਰ ਹਥਿਆਰ ਅਤੇ 100 ਜ਼ਿੰਦਾ ਕਾਰਤੂਸ। ਇਸ ਤੋਂ ਇਲਾਵਾ, 50 ਤੋਂ ਵੱਧ ਅਚੱਲ ਅਸਟੇਟਾਂ ਨਾਲ ਜੁੜੇ ਦਸਤਾਵੇਜ਼, ਲਾਕਰਾਂ ਦੀਆਂ ਚਾਬੀਆਂ ਅਤੇ ਬੈਂਕ ਖਾਤਿਆਂ ਦੇ ਵੇਰਵੇ ਵੀ ਬਰਾਮਦ ਹੋਏ। ਭੁੱਲਰ ਦੀ ਘੋਸ਼ਿਤ ਵਾਰਸ਼ਿਕ ਆਮਦਨ ਸਿਰਫ਼ 45.95 ਲੱਖ ਰੁਪਏ ਹੈ, ਜਦਕਿ ਬਰਾਮਦ ਜਾਇਦਾਦਾਂ ਦੀ ਕੀਮਤ ਕਰੋੜਾਂ ਵਿੱਚ ਹੈ। ਇਸ ਕਰਕੇ ਸੀਬੀਆਈ ਨੇ 29 ਅਕਤੂਬਰ ਨੂੰ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ (ਡੀਏ) ਦਾ ਨਵਾਂ ਐੱਫ਼ਆਈਆਰ ਦਰਜ ਕੀਤਾ ਸੀ। ਇਹ ਜਾਂਚ ਅਗਸਤ 2025 ਤੋਂ ਤਿੰਨ ਅਕਤੂਬਰ 2025 ਤੱਕ ਦੀ ਮਿਆਦ ਨੂੰ ਕਵਰ ਕਰਦੀ ਹੈ ਅਤੇ ਭੁੱਲਰ ਦੇ ਪਰਿਵਾਰਕ ਮੈਂਬਰਾਂ - ਪਤਨੀ ਤੇਜਿੰਦਰ ਕੌਰ, ਪੁੱਤਰ ਗੁਰਪ੍ਰਤਾਪ ਸਿੰਘ ਅਤੇ ਧੀ ਤੇਜਕਿਰਨ ਕੌਰ - ਨੂੰ ਵੀ ਸ਼ਾਮਲ ਕਰ ਸਕਦੀ ਹੈ। ਭੁੱਲਰ ਨੇ ਇਹ ਜਾਇਦਾਦ ਪੂਰਵਜਾਂ ਵਾਲੀ ਦੱਸੀ ਹੈ, ਪਰ ਸੀਬੀਆਈ ਸੰਤੁਸ਼ਟ ਨਹੀਂ ਹੋਈ।

ਇਸ ਕੇਸ ਨੇ ਪੰਜਾਬ ਵਿੱਚ ਭ੍ਰਿਸ਼ਟਾਚਾਰ ਦੀ ਡੂੰਘਾਈ ਨੂੰ ਉਜਾਗਰ ਕੀਤਾ ਹੈ। ਭੁੱਲਰ ਨੂੰ ਰੋਪੜ ਰੇਂਜ ਵਿੱਚ ਤਾਇਨਾਤ ਕਰਨ ਵੇਲੇ ਉਹ ਸਰਕਾਰ ਦੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿੱਚ ਸਰਗਰਮ ਸੀ। ਉਸ ਨੇ ਭਾਜਪਾ ਨੇਤਾ ਬਿਕਰਮ ਸਿੰਘ ਮਜੀਠੀਆ ਵਿਰੁੱਧ ਡਰੱਗ ਕੇਸ ਦੀ ਐੱਸਆਈਟੀ ਵੀ ਅਗਵਾਈ ਕੀਤੀ ਸੀ। ਅੱਜ ਉਹ ਖੁਦ ਰਿਸ਼ਵਤ ਅਤੇ ਅਨੁਪਾਤਕ ਜਾਇਦਾਦ ਵਿੱਚ ਫਸਿਆ ਹੈ। ਇਹ ਵਿਅੰਗ ਨਹੀਂ ਤਾਂ ਹੋਰ ਕੀ ਹੈ? ਹਾਲਾਂਕਿ ਭੁੱਲਰ ਵਿਰੁੱਧ ਡਰੱਗ ਰੈਕੇਟ ਚਲਾਉਣ ਦੇ ਸਿੱਧੇ ਦੋਸ਼ ਨਹੀਂ ਲੱਗੇ, ਪਰ ਉਸ ਦੇ ਨੈੱਟਵਰਕ ਵਿੱਚ ਰੀਅਲ ਅਸਟੇਟ ਅਤੇ ਅਣਪਛਾਤੀ ਆਮਦਨੀਆਂ ਨਾਲ ਡਰਗ ਸਮਗਲਰ ਤੋਂ ਕੀਤੀ ਹੋਈ ਕਮਾਈ ਦੀ ਸੰਭਾਵਨਾ ਨੂੰ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਕੇਸ ਪੰਜਾਬ ਦੇ ਡਰੱਗ ਮਾਫ਼ੀਆ ਨਾਲ ਜੁੜੇ ਵੱਡੇ ਨੈੱਟਵਰਕ ਨੂੰ ਖੋਲ੍ਹਣ ਦਾ ਅਧਾਰ ਬਣ ਸਕਦਾ ਹੈ।

ਬੀਐੱਚ ਪ੍ਰਾਪਰਟੀਜ਼ ’ਤੇ ਛਾਪਾ: ਰੀਅਲ ਅਸਟੇਟ ਨੈੱਟਵਰਕ ਦਾ ਪਰਦਾਫਾਸ਼-ਸਭ ਤੋਂ ਵੱਧ ਚਿੰਤਾਜਨਕ ਪਹਿਲੂ ਹੈ 4 ਨਵੰਬਰ 2025 ਨੂੰ ਪਟਿਆਲਾ ਵਿੱਚ ਬੀਐੱਚ ਪ੍ਰਾਪਰਟੀਜ਼ ਦੇ ਮਾਲਕ ਭੁਪਿੰਦਰ ਸਿੰਘ ਦੇ ਘਰ ’ਤੇ ਸੀਬੀਆਈ ਵੱਲੋਂ ਮਾਰਿਆ ਗਿਆ ਛਾਪਾ। ਬੀਐੱਚ ਪ੍ਰਾਪਰਟੀਜ਼ ਪਟਿਆਲਾ ਅਤੇ ਮੁਹਾਲੀ ਵਿੱਚ ਵੱਡੇ ਰੀਅਲ ਅਸਟੇਟ ਪ੍ਰੋਜੈਕਟਾਂ ਦਾ ਮਾਲਕ ਹੈ ਅਤੇ ਇਹ ਇੱਕ ਜਾਣ-ਪਛਾਣੀ ਕੰਪਨੀ ਹੈ। ਸੂਤਰਾਂ ਅਨੁਸਾਰ, ਭੁੱਲਰ ਤੋਂ ਪੁੱਛਗਿੱਛ ਅਤੇ ਬਰਾਮਦ ਦਸਤਾਵੇਜ਼ਾਂ ਵਿੱਚ ਬੀਐੱਚ ਪ੍ਰਾਪਰਟੀਜ਼ ਦਾ ਨਾਮ ਸਾਹਮਣੇ ਆਇਆ। ਕਥਿਤ ਤੌਰ ’ਤੇ, ਇਸ ਕੰਪਨੀ ਨੇ ਭੁੱਲਰ ਨੂੰ ਬਨੂੜ ਨੇੜੇ ਜ਼ਮੀਨ ਦਿੱਤੀ ਸੀ, ਜੋ ਉਸ ਦੀ ਅਨੁਪਾਤਕ ਜਾਇਦਾਦ ਨਾਲ ਜੁੜੀ ਹੋ ਸਕਦੀ ਹੈ। ਛਾਪੇ ਦੌਰਾਨ ਸੀਬੀਆਈ ਟੀਮ ਨੇ ਘਰ ਨੂੰ ਸੀਲ ਕਰ ਦਿੱਤਾ ਅਤੇ ਕਿਸੇ ਨੂੰ ਵੀ ਅੰਦਰ-ਬਾਹਰ ਨਹੀਂ ਜਾਣ ਦਿੱਤਾ। ਇਸ ਤੋਂ ਇਲਾਵਾ, ਲੁਧਿਆਣਾ ਅਤੇ ਪਟਿਆਲਾ ਵਿੱਚ ਹੋਰ ਸੱਤ ਜਗ੍ਹਾਵਾਂ ’ਤੇ ਵੀ ਛਾਪੇ ਮਾਰੇ ਗਏ, ਜਿੱਥੇ 20.5 ਲੱਖ ਰੁਪਏ ਨਕਦ ਅਤੇ 50 ਤੋਂ ਵੱਧ ਜਾਇਦਾਦਾਂ ਦੇ ਦਸਤਾਵੇਜ਼ ਬਰਾਮਦ ਹੋਏ। ਇਹ ਜਾਇਦਾਦਾਂ ਭੁੱਲਰ ਦੇ ਬੈਨਾਮੀ (ਪ੍ਰੌਕਸੀ) ਨਾਂਵਾਂ ’ਤੇ ਰਜਿਸਟਰ ਹੋਈਆਂ ਹਨ, ਜਿਨ੍ਹਾਂ ਵਿੱਚ ਮੁਹਾਲੀ, ਹੁਸ਼ਿਆਰਪੁਰ ਅਤੇ ਲੁਧਿਆਣਾ ਵਿੱਚ 150 ਏਕੜ ਜ਼ਮੀਨ ਸ਼ਾਮਲ ਹੈ।

ਭੁਪਿੰਦਰ ਸਿੰਘ ਨੂੰ ਪਹਿਲਾਂ ਕੋਈ ਕੇਸ ਨਹੀਂ, ਪਰ ਉਸ ਨੇ ਪਟਿਆਲਾ ਅਤੇ ਚੰਡੀਗੜ੍ਹ ਵਿੱਚ ਚੋਟੀ ਦੇ ਆਗੂਆਂ, ਅਧਿਕਾਰੀਆਂ ਅਤੇ ਪੁਲੀਸ ਵਾਲਿਆਂ ਨਾਲ ਨੇੜਲੇ ਸਬੰਧ ਰੱਖੇ ਹਨ। ਇਹ ਛਾਪਾ ਭੁੱਲਰ ਦੇ ਨੈੱਟਵਰਕ ਨੂੰ ਵਿਸਥਾਰ ਨਾਲ ਖੋਲ੍ਹਣ ਵਾਲਾ ਕਦਮ ਹੈ। ਰੀਅਲ ਅਸਟੇਟ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਵੱਡਾ ਰੂਪ ਹੈ। ਬੀਐੱਚ ਪ੍ਰਾਪਰਟੀਜ਼ ਵਰਗੀਆਂ ਕੰਪਨੀਆਂ ਅਕਸਰ ਅਜਿਹੇ ਨੈੱਟਵਰਕਾਂ ਨਾਲ ਜੁੜੀਆਂ ਹੁੰਦੀਆਂ ਹਨ।

ਕ੍ਰਿਸ਼ਨੂੰ ਸ਼ਾਰਦਾ: ਭ੍ਰਿਸ਼ਟਾਚਾਰ ਦਾ ‘ਸੁਪਰ ਦਲਾਲ’ ਅਤੇ ਦੋ ਦਰਜਨ ਅਧਿਕਾਰੀਆਂ ਨਾਲ ਸਬੰਧ-ਭੁੱਲਰ ਕੇਸ ਵਿੱਚ ਸਭ ਤੋਂ ਵੱਧ ਚਿੰਤਾਜਨਕ ਨਾਂ ਹੈ ਕ੍ਰਿਸ਼ਨੂੰ ਸ਼ਾਰਦਾ ਦਾ। 29 ਸਾਲਾਂ ਦਾ ਇਹ ਨੌਜਵਾਨ, ਜੋ ਨੈਸ਼ਨਲ ਲੈਵਲ ਹਾਕੀ ਖਿਡਾਰੀ ਰਿਹਾ ਹੈ, ਨਾਭਾ ਨਾਗਰਿਕ ਹੈ ਅਤੇ ਚੰਡੀਗੜ੍ਹ ਹਾਕੀ ਟੀਮ ਨੂੰ ਰਿਪ੍ਰੇਜ਼ੈਂਟ ਕਰ ਚੁੱਕਾ ਹੈ। ਪਰ ਉਸ ਨੇ ਹਾਕੀ ਤੋਂ ਵੱਧ ਪੁਲਿਸ ਅਤੇ ਰਾਜਨੀਤਿਕ ਹਲਕਿਆਂ ਵਿੱਚ ਨਾਮ ਕਮਾਇਆ ਹੈ। ਸੀਬੀਆਈ ਨੇ ਉਸ ਨੂੰ ਭੁੱਲਰ ਲਈ 8 ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਫੜਿਆ ਅਤੇ ਹੁਣ ਉਹ 9 ਦਿਨਾਂ ਦੀ ਰੀਮਾਂਡ ਵਿੱਚ ਹੈ। ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਸ਼ਾਰਦਾ ਦੇ ਫ਼ੋਨ, ਚੈਟ ਰਿਕਾਰਡਾਂ ਅਤੇ ਨਿੱਜੀ ਡਾਇਰੀ ਵਿੱਚ ਦੋ ਦਰਜਨ ਤੋਂ ਵੱਧ ਸੀਨੀਅਰ ਆਈਐੱਸ ਅਤੇ ਆਈਪੀਐੱਸ ਅਧਿਕਾਰੀਆਂ ਨਾਲ ਰੋਜ਼ਾਨਾ ਸੰਪਰਕ ਦੇ ਸਬੂਤ ਹਨ। ਉਹ ਗੁਪਤ ਚੈਨਲਾਂ ਰਾਹੀਂ ਸਰਕਾਰੀ ਹੁਕਮਾਂ ਅਤੇ ਨੋਟੀਫਿਕੇਸ਼ਨਾਂ ਨੂੰ ਲੀਕ ਕਰਦਾ ਸੀ ਅਤੇ ਇਸ ਨੂੰ ਬਲੈਕਮੇਲ, ਉਗਰਾਹੀ ਅਤੇ ਫਿਰੌਤੀ ਲਈ ਵਰਤਦਾ ਸੀ।

ਸੀਬੀਆਈ ਨੂੰ 100 ਜੀਬੀ ਡਾਟਾ ਮਿਲਿਆ ਹੈ, ਜਿਸ ਵਿੱਚ ਹੋਰ ਦੋ-ਤਿੰਨ ਦਲਾਲਾਂ ਨਾਲ ਸਬੰਧ ਵੀ ਹੈ। ਸ਼ਾਰਦਾ ਪਹਿਲਾਂ ਪੰਜਾਬ ਪੁਲਿਸ ਵਿੱਚ ਸ਼ਾਮਲ ਹੋਣਾ ਚਾਹੁੰਦਾ ਸੀ, ਪਰ ਅਸਫਲ ਹੋਣ ’ਤੇ ਸਾਬਕਾ ਕ੍ਰਿਕਟਰ ਅਤੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਟੀਮ ਨਾਲ ਜੁੜ ਗਿਆ ਅਤੇ ਬਾਅਦ ਵਿੱਚ ਕਈ ਪਾਰਟੀਆਂ ਅਤੇ ਅਧਿਕਾਰੀਆਂ ਨਾਲ ਸੰਪਰਕ ਬਣਾ ਲਏ ਸਨ। ਇਹ ਖੁਲਾਸਾ ਨਾ ਸਿਰਫ਼ ਭੁੱਲਰ ਨੂੰ ਲੀਗਲ ਤੌਰ ’ਤੇ ਘੇਰੇ ਵਿੱਚ ਲਿਆਉਂਦਾ ਹੈ, ਸਗੋਂ ਪੰਜਾਬ ਦੇ ਸੱਤਾ ਗਲਿਆਰਿਆਂ ਵਿੱਚ ਛੁਪੇ ਭ੍ਰਿਸ਼ਟ ਨੈੱਟਵਰਕ ਦਾ ਪਰਦਾਫਾਸ਼ ਕਰਦਾ ਹੈ। ਦੋ ਦਰਜਨ ਅਧਿਕਾਰੀਆਂ ਦੇ ਨਾਂ ਖੁੱਲ੍ਹਣ ਨਾਲ ਹੁਣ ਡਰ ਪੈਦਾ ਹੋ ਗਿਆ ਹੈ ਕਿ ਇਹ ਖੁਫ਼ੀਆ ਭੇਦ ਲੀਕ ਹੋਣ ਵਾਲੀ ਗੰਭੀਰ ਉਲੰਘਣਾ ਹੈ।

ਇਸ ਕੇਸ ਵਿੱਚ ਇੱਕ ਹੋਰ ਮਜ਼ੇਦਾਰ ਪਹਿਲੂ ਹੈ ਪੰਜਾਬ ਵਿਜੀਲੈਂਸ ਬਿਊਰੋ (ਵੀਬੀ) ਅਤੇ ਸੀਬੀਆਈ ਵਿਚਕਾਰ ਚੱਲ ਰਹੀ ਖਿੱਚੋਤਾਣ। 29 ਅਕਤੂਬਰ ਨੂੰ ਸੀਬੀਆਈ ਨੇ ਡੀਏ ਕੇਸ ਦਰਜ ਕੀਤਾ, ਤੁਰੰਤ ਵੀਬੀ ਨੇ ਵੀ ਵੱਖਰਾ ਐੱਫ਼ਆਈਆਰ ਦਰਜ ਕਰ ਦਿੱਤਾ ਅਤੇ 31 ਅਕਤੂਬਰ ਨੂੰ ਭੁੱਲਰ ਨੂੰ ਬੁੜੈਲ ਜੇਲ੍ਹ ਵਿੱਚ ‘ਰਸਮੀ ਗ੍ਰਿਫ਼ਤਾਰ’ ਦਿਖਾਇਆ, ਜਦਕਿ ਉਹ ਸੀਬੀਆਈ ਦੀ ਨਿਆਂਇਕ ਹਿਰਾਸਤ ਵਿੱਚ ਸੀ। 1 ਨਵੰਬਰ ਨੂੰ ਵੀਬੀ ਨੇ ਮੁਹਾਲੀ ਕੋਰਟ ਵਿੱਚ ਭੁੱਲਰ ਨੂੰ ਹਿਰਾਸਤ ਲਈ ਪ੍ਰੋਡਕਸ਼ਨ ਵਾਰੰਟ ਦੀ ਅਰਜ਼ੀ ਦਿੱਤੀ। ਸੀਬੀਆਈ ਨੇ ਇਸ ਨੂੰ ‘ਆਪਣੀ ਜਾਂਚ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼’ ਕਿਹਾ ਕਿ ਉਹ ਭੁੱਲਰ ਨੂੰ 6 ਨਵੰਬਰ ਤੱਕ ਰੀਮਾਂਡ ’ਤੇ ਰੱਖੇਗਾ।


3 ਨਵੰਬਰ ਨੂੰ ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਵੀਬੀ ਦੀ ਅਰਜ਼ੀ ਨੂੰ ‘ਬੇਅਰਥ’ ਕਰਾਰ ਦਿੰਦੇ ਹੋਏ ਖਾਰਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਵੀਬੀ ਨੂੰ ਨਵੀਂ ਅਰਜ਼ੀ ਦਾਖ਼ਲ ਕਰਨ ਦੀ ਆਜ਼ਾਦੀ ਹੈ, ਪਰ ਜੇ ਬਿਨਾਂ ਅਦਾਲਤੀ ਇਜਾਜ਼ਤ ਨਾਲ ਗ੍ਰਿਫ਼ਤਾਰੀ ਦਿਖਾਈ ਗਈ ਤਾਂ ਇਹ ਗੈਰ-ਕਾਨੂੰਨੀ ਹੈ। ਅਦਾਲਤ ਨੇ ਵੀਬੀ ਨੂੰ ਸਲਾਹ ਦਿੱਤੀ ਕਿ ਉਹ ਸੀਬੀਆਈ ਦੀ ਰੀਮਾਂਡ ਖ਼ਤਮ ਹੋਣ ਤੋਂ ਬਾਅਦ ਪੁੱਛਗਿੱਛ ਕਰੇ। ਇਹ ਫ਼ੈਸਲਾ ਵੀਬੀ ਲਈ ਵੱਡਾ ਝਟਕਾ ਹੈ। ਇਹ ਵਿਵਾਦ ਪੰਜਾਬ ਵਿੱਚ ਭ੍ਰਿਸ਼ਟਾਚਾਰ ਜਾਂਚ ਨੂੰ ਹੋਰ ਪੇਚੀਦਾ ਬਣਾਉਂਦਾ ਹੈ ਅਤੇ ਇਹ ਸਵਾਲ ਉਠਾਉਂਦਾ ਹੈ ਕਿ ਕੀ ਰਾਜ ਸਰਕਾਰ ਆਪਣੀ ਏਜੰਸੀ ਨੂੰ ਬਚਾਉਣ ਲਈ ਕੋਸ਼ਿਸ਼ ਕਰ ਰਹੀ ਹੈ?

ਰਾਜਨੀਤਿਕ ਨਤੀਜੇ: ਆਪ ਸਰਕਾਰ ਘੇਰੇ ਵਿੱਚ ?-ਇਹ ਕੇਸ ਆਪ ਸਰਕਾਰ ਲਈ ਵੱਡੀ ਚੁਣੌਤੀ ਹੈ। ਆਪ ਨੇ 2022 ਵਿੱਚ ਭ੍ਰਿਸ਼ਟਾਚਾਰ ਵਿਰੁੱਧ ਲੜਨ ਦੇ ਵਾਅਦੇ ਨਾਲ ਸੱਤਾ ਸੰਭਾਲੀ ਸੀ, ਪਰ ਭੁੱਲਰ ਵਰਗਾ ਕੇਸ ਉਸ ਦੇ ਅਕਸ ਨੂੰ ਧੁੰਦਲਾ ਕਰਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 21 ਅਕਤੂਬਰ ਨੂੰ ਭੁੱਲਰ ਨੂੰ ਮੁਅੱਤਲ ਕੀਤਾ ਅਤੇ ਕਿਹਾ ਕਿ ‘ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ’ ਹੈ। ਪਰ ਵਿਰੋਧੀ ਧਿਰਾਂ - ਭਾਜਪਾ, ਅਕਾਲੀ ਅਤੇ ਕਾਂਗਰਸ - ਨੇ ਸਰਕਾਰ ਨੂੰ ਘੇਰ ਲਿਆ ਹੈ। ਭਾਜਪਾ ਨੇ ਪੁੱਛਿਆ ਹੈ ਕਿ ਆਪ ਸਰਕਾਰ ਦੇ ਰਾਜ ਵਿੱਚ ਅਜਿਹਾ ਅਧਿਕਾਰੀ ਕਿਵੇਂ ਫੁਲਿਆ? ਅਕਾਲੀ ਨੇ ਕਿਹਾ ਕਿ ਭੁੱਲਰ ਨੇ ਮਜੀਠੀਆ ਵਿਰੁੱਧ ਜਾਂਚ ਕੀਤੀ ਸੀ, ਇਹ ਰਾਜਨੀਤਿਕ ਬਦਲੇ ਦਾ ਕੇਸ ਹੈ। ਆਪ ਐੱਮਐੱਲਏ ਕੰਵਰ ਵਿਜੇ ਪ੍ਰਤਾਪ ਨੇ ਵੀ ਸਰਕਾਰ ਨੂੰ ਘੇਰਦੇ ਹੋਏ ਕਿਹਾ ਕਿ ‘ਜਿਵੇਂ ਸਰਕਾਰ, ਉਵੇਂ ਅਧਿਕਾਰੀ’ ਅਤੇ ਹਰ ਵਿਭਾਗ ਵਿੱਚ ਦਲਾਲ ਹਨ,ਹਰ ਥਾਂ ਭ੍ਰਿਸ਼ਟਾਚਾਰ ਹੈ। ਗਵਰਨਰ ਗੁਲਾਬ ਚੰਦ ਕਟਾਰੀਆ ਨੇ ਵੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ।

ਆਪ ਸਰਕਾਰ ਨੂੰ ਹੁਣ ਭੁੱਲਰ ਨੂੰ ਡਿਸਮਿਸ ਕਰਨ ਲਈ ਕੇਂਦਰ ਨਾਲ ਗੱਲ ਕਰਨੀ ਪਵੇਗੀ, ਕਿਉਂਕਿ ਆਈਪੀਐੱਸ ਅਧਿਕਾਰੀ ਨੂੰ ਰਾਸ਼ਟਰਪਤੀ ਵੱਲੋਂ ਹੀ ਬਰਖਾਸਤ ਕੀਤਾ ਜਾਂਦਾ ਹੈ। ਇਹ ਕੇਸ ਆਪ ਦੇ ਐਂਟੀ-ਕਰਪਸ਼ਨ ਚਿਹਰੇ ਨੂੰ ਖੰਗਾਲੇਗਾ ਅਤੇ 2027 ਵਿਧਾਨ ਸਭਾ ਚੋਣਾਂ ਵਿੱਚ ਵੱਡਾ ਮੁੱਦਾ ਬਣ ਸਕਦਾ ਹੈ।

# ਲੰਡਨ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ 9 ਲੱਖ 52 ਹਜ਼ਾਰ 500 ਪੌਂਡ ਦਾ ਅਤੇ ਟੀਪੂ ਸੁਲਤਾਨ ਦੀਆਂ ਚਾਂਦੀ ਨਾਲ ਜੜੀਆਂ ਫ਼ਲਿੰਟਲਾਕ ਪਿਸਤੌਲਾਂ 11 ਲੱਖ ਪੌਂਡ ਦੀਆਂ ਵਿਕੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਸੋਥਬੀਜ਼ ਨਿਲਾਮੀ ਘਰ ਦੇ "ਆਰਟਸ ਆਫ਼ ਦਿ ਇਸਲਾਮਿਕ ਵਰਲਡ ਐਂਡ ਇੰਡੀਆ" ਨੀਲਾਮੀ ਦੌਰਾਨ ਭਾਰਤ ਨਾਲ ਜੁੜੀਆਂ ਕਈ ਇਤਿਹਾਸਕ ਵਸਤਾਂ ਦੀ ਨਿਲਾਮੀ ਹੋਈ ਅਤੇ ਨਵੇਂ ਰਿਕਾਰਡ ਬਣੇ। ਇਸ ਨੀਲਾਮੀ ਵਿੱਚ ਕੁੱਲ ਇੱਕ ਕਰੋੜ ਪੌਂਡ ਤੋਂ ਵੱਧ ਦੀ ਰਕਮ ਇਕੱਠੀ ਹੋਈ। ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਲਈ ਬਣਾਈਆਂ ਗਈਆਂ ਚਾਂਦੀ ਨਾਲ ਜੜੀਆਂ ਫ਼ਲਿੰਟਲਾਕ ਪਿਸਤੌਲਾਂ ਦੀ ਜੋੜੀ 11 ਲੱਖ ਪੌਂਡ ਵਿੱਚ ਇੱਕ ਨਿੱਜੀ ਸੰਗ੍ਰਹਿ ਕਰਤਾ ਨੇ ਖਰੀਦੀਆਂ ਜੋ ਇਸ ਦੀ ਅਨੁਮਾਨਿਤ ਕੀਮਤ ਤੋਂ ਲਗਭਗ 14 ਗੁਣਾ ਜ਼ਿਆਦਾ ਸੀ। ਇਹ ਪਿਸਤੌਲਾਂ 1799 ਵਿੱਚ ਈਸਟ ਇੰਡੀਆ ਕੰਪਨੀ ਦੁਆਰਾ ਸ਼੍ਰੀਰੰਗਪਟਨਮ ਦੀ ਲੜਾਈ ਦੌਰਾਨ ਟੀਪੂ ਦੇ ਖ਼ਜ਼ਾਨੇ ਤੋਂ ਹਾਸਲ ਕੀਤੀਆਂ ਸਨ।



ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ ਅਤੇ ਟੀਪੂ ਸੁਲਤਾਨ ਦੀਆਂ ਪਸਤੌਲਾਂ

ਇਸ ਨੀਲਾਮੀ ਵਿੱਚ ਖਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਦੀ ਇੱਕ ਪੇਂਟਿੰਗ 9 ਲੱਖ 52 ਹਜ਼ਾਰ 500 ਪੌਂਡ ਦੀ ਵਿਕੀ ਹੈ। ਇਹ ਸਿੱਖ ਕਲਾ ਦੇ ਖੇਤਰ ਵਿਚ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਬਿਸ਼ਨ ਸਿੰਘ ਵੱਲੋਂ ਬਣਾਈ ਗਈ ਇਸ ਕਲਾ ਕ੍ਰਿਤ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਹਾਥੀ 'ਤੇ ਸਵਾਰ ਹੋ ਕੇ ਲਾਹੌਰ ਦੇ ਬਾਜ਼ਾਰ ਤੋਂ ਇਕ ਜਲੂਸ ਵਿੱਚ ਜਾਂਦੇ ਹੋਏ ਦਰਸਾਇਆ ਗਿਆ ਹੈ। ਤਸਵੀਰ ਵਿੱਚ ਉਨ੍ਹਾਂ ਦੇ ਨਾਲ ਪੁੱਤਰ ਸ਼ੇਰ ਸਿੰਘ, ਭਾਈ ਰਾਮ ਸਿੰਘ, ਰਾਜਾ ਗੁਲਾਬ ਸਿੰਘ ਅਤੇ ਹੋਰ ਦਰਬਾਰੀ ਵੀ ਸ਼ਾਮਲ ਹਨ।

ਟੀਪੂ ਸੁਲਤਾਨ ਨਾਲ ਸੰਬੰਧਿਤ ਇੱਕ ਹੋਰ ਚਾਂਦੀ ਨਾਲ ਜੜੀ ਬੰਦੂਕ 'ਬਲੰਡਰਬਸ' ਜਾਂ 'ਬੁਕਮਾਰ' ਵੀ 5 ਲੱਖ 71 ਹਜ਼ਾਰ 500 ਪੌਂਡ ਵਿੱਚ ਨੀਲਾਮ ਹੋਈ। ਇਸ ਤੋਂ ਇਲ-ਾਵਾ, ਮੁਗਲ ਬਾਦਸ਼ਾਹ ਅਕਬਰ ਦੀ ਲਾਇਬ੍ਰੇਰੀ ਤੋਂ ਮਿਲੀ 16ਵੀਂ ਸਦੀ ਦੀ ਇੱਕ ਕੁਰਾਨ ਦੀ ਪਾਂਡੁਲਿਪੀ 8 ਲੱਖ 63 ਹਜ਼ਾਰ 600 ਪੌਂਡ ਵਿੱਚ ਵੇਚੀ ਗਈ। ਇਸ ਨੀਲਾਮੀ ਵਿੱਚ ਭਾਰਤ ਨਾਲ ਜੁੜੀਆਂ ਹੋਰ ਕਈ ਵਸਤਾਂ ਵੀ ਸ਼ਾਮਲ ਸਨ। ਜਿਵੇਂ ਕਿ 52 ਭਾਰਤੀ ਪਹਿਰਾਵਿਆਂ ਦੀਆਂ ਤਸਵੀਰਾਂ ਵਾਲਾ ਇੱਕ ਐਲਬਮ ਸੈੱਟ ਜੋ 6 ਲੱਖ 9 ਹਜ਼ਾਰ 600 ਪੌਂਡ ਵਿੱਚ ਵਿਕਿਆ। ਇੱਕ ਜੜਾਊ ਖੰਜ਼ਰ ਅਤੇ 17ਵੀਂ ਸਦੀ ਦੀ "ਝੀਲ ਵਿੱਚ ਖੇਡਦੇ ਹਾਥੀ" ਦੀ ਪੇਂਟਿੰਗ ਵੀ ਉੱਚੇ ਮੁੱਲ 'ਤੇ ਨੀਲਾਮ ਹੋਈਆਂ। ਸੋਥਬੀਜ਼ ਦੇ ਅਨੁਸਾਰ, ਇਸ ਹਫ਼ਤੇ ਦੀ ਨੀਲਾਮੀ ਵਿੱਚ 25 ਦੇਸ਼ਾਂ ਦੇ ਖਰੀਦਦਾਰਾਂ ਨੇ ਹਿੱਸਾ ਲਿਆ ਅਤੇ 20 ਫੀਸਦੀ ਖਰੀਦਦਾਰ ਨਵੇਂ ਸਨ।

# ਰੇਲ ਹਮਲੇ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤੇ ਬਰਤਾਨਵੀ ਨਾਗਰਿਕ ਐਂਥਨੀ ਵਿਲੀਅਮਜ਼ ਅਦਾਲਤ ਵਿੱਚ ਪੇਸ਼

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਇੱਕ 32 ਸਾਲਾ ਵਿਅਕਤੀ ਨੂੰ ਲੰਡਨ ਜਾਣ ਵਾਲੀ ਰੇਲਗੱਡੀ ਵਿੱਚ 11 ਲੋਕਾਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰਨ ਦੇ ਮਾਮਲੇ ਵਿੱਚ ਅਦਾਲਤ ਵਿੱਚ ਪੇਸ਼ ਕੀਤਾ ਅਤੇ ਉਸ ਤੇ ਇਰ-ਾਦਾ ਕਤਲ ਦੇ ਕੋਸ਼ਿਸ਼ ਦਾ ਦੋਸ਼ ਲਗਾਏ ਹਨ।**


ਲੰਡਨ ਰੇਲ ਸਟੇਸ਼ਨ ਤੇ ਤਾਇਨਾਤ ਪੁਲਿਸ ਅਧਿਕਾਰੀ

ਹਮਲਾਵਰ ਦੀ ਪਛਾਣ ਇੱਕ ਕਾਲੇ ਮੂਲ ਦੇ ਬਰਤਾਨਵੀ ਨਾਗਰਿਕ ਐਂਥਨੀ ਵਿਲੀਅਮਜ਼ ਵਜੋਂ ਕੀਤੀ ਗਈ ਹੈ। ਬ੍ਰਿਟਿਸ਼ ਟ੍ਰਾਂਸਪੋਰਟ ਪੁਲਿਸ (ਬੀ ਟੀ ਪੀ) ਨੇ ਕਿਹਾ ਕਿ ਵਿਲੀਅਮਜ਼ 'ਤੇ ਸ਼ਨੀਵਾਰ ਸ਼ਾਮ ਨੂੰ ਹੰਟਿੰਗਡਨ ਰੇਲਵੇ ਸਟੇਸ਼ਨ 'ਤੇ ਹੋਈ "ਵੱਡੀ ਘਟਨਾ" ਦੇ ਸੰਬੰਧ ਵਿੱਚ ਕਤਲ ਦੀ ਕੋਸ਼ਿਸ਼ ਦੇ 10 ਦੋਸ਼, ਸਰੀਰਕ ਨੁਕਸਾਨ (ਏ ਬੀ ਐਚ) ਦੇ ਇੱਕ ਦੋਸ਼ ਅਤੇ ਇੱਕ ਤੇਜ਼ਧਾਰ ਹਥਿਆਰ ਰੱਖਣ ਦਾ ਇੱਕ ਦੋਸ਼ ਲਗਾਇਆ ਗਿਆ ਹੈ। ਪੀਟਰਬਰੋ ਦੇ 32 ਸਾਲਾ ਐਂਥਨੀ ਵਿਲੀਅਮਜ਼ ਨੂੰ ਡੌਨਕਾਸਟਰ ਤੋਂ ਲੰਡਨ ਕਿੰਗਜ਼ ਕਰਾਸ ਐਲ ਐਨ ਈ ਆਰ 'ਤੇ ਹਮਲੇ ਤੋਂ ਬਾਅਦ ਪੀਟਰਬਰੋ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਅਤੇ ਹੁਣ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

ਪੁਲਿਸ ਨੇ ਕਿਹਾ ਕਿ ਪੂਰਬੀ ਲੰਡਨ ਵਿੱਚ ਡੌਕਲੈਂਡਜ਼ ਲਾਈਟ ਰੇਲਵੇ (ਡੀ ਐਲ ਆਰ) 'ਤੇ ਪੋਂਟੂਨ ਡੌਕ ਸਟੇਸ਼ਨ 'ਤੇ ਇੱਕ ਰੇਲਗੱਡੀ 'ਤੇ ਸਵੇਰੇ 12.46 ਵਜੇ ਚਾਕੂ ਨਾਲ ਹਮਲਾ ਕਰਨ ਤੋਂ ਬਾਅਦ ਇੱਕ ਪੀੜਤ ਦੇ ਚਿਹਰੇ 'ਤੇ ਸੱਟਾਂ ਲੱਗੀਆਂ ਹਨ।

ਬੀ ਟੀ ਪੀ ਨੇ ਕਿਹਾ ਕਿ ਸ਼ੱਕੀ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਫਰਾਰ ਹੋ ਗਿਆ ਸੀ ਅਤੇ ਅਧਿਕਾਰੀਆਂ ਨੇ ਬਾਅਦ ਵਿੱਚ ਵਿਲੀਅਮਜ਼ ਨੂੰ ਇੱਕ ਸ਼ੱਕੀ ਵਜੋਂ ਪਛਾਣ ਲਿਆ। ਹਥਿਆਰਬੰਦ ਪੁਲਿਸ ਨੂੰ ਕੈਂਬਰਿਜਸ਼ਾਇਰ ਦੇ ਹੰਟਿੰਗਡਨ ਵਿੱਚ ਤਾਇਨਾਤ ਕੀਤਾ ਗਿਆ ਸੀ, ਜਿੱਥੇ ਰੇਲਗੱਡੀ ਨੂੰ ਰੋਕਿਆ ਗਿਆ ਸੀ ਅਤੇ ਪਹਿਲੀ 999 ਕਾਲ ਦੇ ਅੱਠ ਮਿੰਟਾਂ ਦੇ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਲੰਡਨ ਤੋਂ ਇੱਕ ਹੋਰ 35 ਸਾਲਾ ਵਿਅਕਤੀ, ਜਿਸਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਸੀ, ਜਿਸ ਨੂੰ ਬਾਅਦ ਵਿੱਚ ਅਧਿਕਾਰੀਆਂ ਨੇ ਰਿਹਾਅ ਕਰ ਦਿੱਤਾ ਕਿਉਂਕਿ ਉਸ ਦਾ ਘਟਨਾ ਨਾਲ ਕੋਈ ਸਬੰਧ ਨਹੀਂ ਸੀ।

# ਝਟਕਾ ਕੌਂਸਲ ਯੂ ਕੇ ਨੇ ਸੰਸਦ ਮੈਂਬਰਾਂ ਕੋਲ ਝਟਕਾ ਮੀਟ ਨੂੰ ਮਾਨਤਾ ਦੇਣ ਦੀ ਕੀਤੀ ਮੰਗ



ਝਟਕਾ ਕੌਂਸਲ ਦੇ ਨੁਮਾਇੰਦੇ ਬਰਤਾਨਵੀ ਸੰਸਦ ਮੈਂਬਰਾਂ ਨਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਝਟਕਾ ਕੌਂਸਲ ਯੂ ਕੇ ਨੇ ਸੰਸਦ ਮੈਂਬਰਾਂ ਨਾਲ ਮੁਲਾਕਾਤ ਕਰਕੇ ਸਿੱਖ ਬੱਚਿਆਂ ਨੂੰ ਸਕੂਲਾਂ ਵਿੱਚ ਕੁੱਠਾ ਮੀਟ ਪਰੋਸੇ ਜਾਣ ਦੇ ਮਾਮਲੇ ਨੂੰ ਉਠਾਇਆ ਹੈ। ਕੌਂਸਲ ਦੇ ਚੇਅਰਮੈਨ ਲਵਜੋਤ ਸਿੰਘ ਅਤੇ ਕੋ ਚੇਅਰਮੈਨ ਰਣਜੋਧ ਸਿੰਘ ਰਾਠੌੜ ਦੀ ਅਗਵਾਈ ਵਿੱਚ ਸਿੱਖਾਂ ਦੇ ਇੱਕ ਵਫਦ ਨੇ ਸੰਸਦ ਮੈਂਬਰਾਂ ਨੂੰ ਮਿਲ ਕੇ ਉਕਤ ਵਿਸ਼ੇ ਤੇ ਚਰਚਾ ਕੀਤੀ। ਐਮ ਪੀ ਗੁਰਿੰਦਰ ਸਿੰਘ ਜੋਸਨ ਦੀ ਅਗਵਾਈ ਵਿੱਚ ਇਸ ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਜਿਸ ਤਰ੍ਹਾਂ ਮੁਸਲਮਾਨ ਅਤੇ ਯਹੂਦੀ ਭਾਈਚਾਰੇ ਕੋਲ ਮਾਸ ਤਿਆਰ ਕਰਨ ਦੀ ਵਿਧੀ ਹੈ ਜਿਸ ਨੂੰ ਯੂ ਕੇ ਵਿੱਚ ਕਾਨੂੰਨੀ ਮਾਨਤਾ ਹੈ। ਇਸੇ ਤਰ੍ਹਾਂ ਸਿੱਖਾਂ ਵਾਸਤੇ ਝਟਕਾ ਵਿਧੀ ਹੈ, ਜਿਸ ਨੂੰ ਯੂ ਕੇ ਵਿੱਚ ਕਾਨੂੰਨੀ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਉਕਤ ਮਾਮਲੇ ਨੂੰ ਐਮ ਪੀ ਜੋਸਨ ਨੇ ਸੰਸਦ ਵਿੱਚ ਵੀ ਉਠਾਇਆ, ਉਹਨਾਂ ਸਾਥੀ ਸਾਂਸਦਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਉਹ ਖੁਦ ਸ਼ਾਕਾਹਾਰੀ ਹਨ ਪਰ ਸਿੱਖਾਂ ਵਿੱਚ ਝਟਕਾ ਮੀਟ ਖਾਣ ਦੀ ਵਿਧੀ ਵੀ ਪ੍ਰਚੱਲਤ ਹੈ। ਬਰਤਾਨੀਆਂ ਵਿੱਚ ਸਭ ਨੂੰ ਬਰਾਬਰ ਦਾ ਅਧਿਕਾਰ ਹੈ। ਜਿਸ ਕਰਕੇ ਝਟਕਾ ਖਾਣ ਵਾਲਿਆਂ ਲਈ ਝਟਕਾ ਮੀਟ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ।

# ਬਰਤਾਨੀਆਂ ਵਿੱਚ ਬੀਤੇ ਇੱਕ ਵਰ੍ਹੇ ਦੌਰਾਨ 11 ਹਜ਼ਾਰ ਛਾਪੇਮਾਰੀਆਂ 'ਚ 8000 ਤੋਂ ਵੱਧ ਗੈਰਕਾਨੂੰਨੀ ਕਾਮੇ ਗ੍ਰਿਫਤਾਰ, 1050 ਤੋਂ ਵੱਧ ਦੇਸ਼ 'ਚੋਂ ਕੱਢੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਅਕਤੂਬਰ 2024 ਤੋਂ ਸਤੰਬਰ 2025 ਤੱਕ ਇੱਕ ਵਰ੍ਹੇ ਦੌਰਾਨ ਗੈਰਕਾਨੂੰਨੀ ਢੰਗ ਨਾਲ ਯੂ ਕੇ ਵਿੱਚ ਰਹਿਣ ਵਾਲੇ ਅਤੇ ਕੰਮ ਕਰਨ ਵਾਲਿਆਂ ਦੀ ਫੜ੍ਹੋ ਫੜ੍ਹਾਈ ਲਈ 11000 ਛਾਪੇ ਮਾਰੇ ਗਏ, ਜਿਸ ਦੌਰਾਨ 8000 ਤੋਂ ਗੈਰਕਾਨੂੰਨੀ ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਕੰਮ ਕਰਦੇ ਗ੍ਰਿਫਤਾਰ ਕੀਤਾ ਗਿਆ। ਇਹ ਜਾਣਕਾਰੀ ਗ੍ਰਹਿ ਵਿਭਾਗ ਵੱਲੋਂ ਦਿੱਤੀ ਗਈ ਹੈ। ਗ੍ਰਹਿ ਵਿਭਾਗ ਮੁਤਾਬਿਕ ਯੂ ਕੇ ਵਿੱਚ ਗੈਰਕਾਨੂੰਨੀ ਢੰਗ ਨਾਲ ਪ੍ਰਵੇਸ਼ ਕਰਨ ਵਾਲੇ 1050 ਲੋਕਾਂ ਨੂੰ ਦੇਸ਼ 'ਚੋਂ ਕੱਢਿਆ (ਡਿਪੋਰਟ ਕੀਤਾ) ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਢੰਗ ਨਾਲ ਕੰਮ ਕਰਨ ਵਾਲੇ ਲੋਕਾਂ ਦੀ ਫੜ੍ਹੋ ਫੜ੍ਹਾਈ ਦੇ ਅੰਕੜੇ ਵੀ ਪਿਛਲੇ ਸਾਲ ਨਾਲੋਂ 63 ਫੀਸਦੀ ਵੱਧ ਹਨ। ਗ੍ਰਹਿ ਮੰਤਰੀ ਸ਼ਾਬਾਨਾ ਮਹਿਮੂਦ ਨੇ ਕਿਹਾ ਹੈ ਗੈਰਕਾਨੂੰਨੀ ਕੰਮ ਕਰਨ ਨਾਲ ਇਸ ਦੇਸ਼ ਵਿੱਚ ਗੈਰਕਾਨੂੰਨੀ ਤੌਰ ਤੇ ਆਉਣ ਵਾਲੇ ਲੋਕਾਂ ਨੂੰ ਉਤਸ਼ਾਹ ਮਿਲਦਾ ਹੈ। ਪਰ ਇਹ ਹੁਣ ਹੋਰ ਨਹੀਂ ਹੋਵ-ਗਾ। ਉਹਨਾਂ ਕਿਹਾ ਕਿ ਜਿਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦਾ ਅਧਿਕਾਰ ਨਹੀਂ ਅਤੇ ਉਹ ਗੈਰਕਾਨੂੰਨੀ ਕੰਮ ਕਰਦੇ ਹਨ, ਉਹਨਾਂ ਨੂੰ ਗ੍ਰਿਫਤਾਰ ਕਰਕੇ ਇਸ ਦੇਸ਼ 'ਚੋਂ ਕੱਢਿਆ ਜਾਵੇਗਾ। ਬਰਤਾਨਵੀ ਸਰਕਾਰ ਨੇ ਰੈਸਟੋਰੈਂਟਾਂ, ਭੋਜਨ ਢੋਆ ਢੁਆਈ (ਫੂਡ ਡਿਲਿਵਰੀ), ਬਿਊਟੀ ਸੈਲੂਨ ਅਤੇ ਕਾਰ ਧੋਣ ਵਾਲੀਆਂ ਥਾਵਾਂ ਤੇ ਕੰਮ ਕਰਨ ਵਾਲੇ ਗੈਰਕਾਨੂੰਨੀ ਕਾਮਿਆਂ ਨੂੰ ਨਿਸ਼ਾਨਾ ਬਣਾਉਣ, ਗ੍ਰਿਫਤਾਰ ਕਰਨ, ਹਿਰਾਸਤ ਵਿੱਚ ਲੈਣ, ਦੇਸ਼ ਨਿਕਾਲਾ ਦੇਣ ਅਤੇ ਵਾਪਿਸ ਭੇਜਣ ਲਈ ਇੰਮੀਗ੍ਰੇਸ਼ਨ ਨੀਤੀ ਲਾਗੂ ਕਰਨ ਲਈ 5 ਮਿਲੀਅਨ ਪੌਂਡ ਦਾ ਨਿਵੇਸ਼ ਕੀਤਾ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਹੈ ਕਿ ਗੈਰਕਾਨੂੰਨੀ ਪ੍ਰਵਾਸ ਨੂੰ ਹੱਲ ਕਰਨ ਲਈ ਸਿਆਸਦਾਨ ਬੇਪਰਵਾਹ ਰਹੇ ਹਨ। ਜਿਸ ਲਈ ਡਿਜ਼ੀਟਲ ਆਈ ਡੀ ਨਿਯਮ ਲਾਗੂ ਕੀਤਾ ਗਿਆ ਹੈ।

# 'ਸ਼ੀਸ਼ ਮਹਿਲ' ਵਿਵਾਦ ਭੱਖਿਆ: ਕੇਜਰੀਵਾਲ ਨੂੰ ਲੈ ਕੇ ਬਿਆਨਬਾਜ਼ੀ ਤਿਖੀ ਹੋਈ

**ਖਾਸ ਖਬਰ**

## ✪ ਭਾਜਪਾ ਨਾਲ ਭਗਵੰਤ ਮਾਨ ਵਿਚਾਲੇ ਸ਼ਬਦੀ ਜੰਗ ਛਿੜੀ ✪ ਆਖਿਰ ਪੰਜਾਬ ਸਰਕਾਰ ਕੌਣ ਚਲਾ ਰਿਹਾ ? ਵਿਰੋਧੀ ਧਿਰਾਂ ਪੁਛ ਰਹੀਆਂ ਨੇ 'ਸੁਪਰ ਸੀਐੱਮ' ਕੇਜਰੀਵਾਲ ਕਿਉ



## ਕੌਣ ਚਲਾ ਰਿਹਾ ਹੈ ਸਰਕਾਰ: ਕੇਜਰੀਵਾਲ ਜਾਂ ਭਗਵੰਤ ਮਾਨ ?

ਇਹ ਵਿਵਾਦ ਇੱਕ ਹੋਰ ਵੱਡਾ ਸਵਾਲ ਉਠਾਉਂਦਾ ਹੈ - ਪੰਜਾਬ ਦੀ ਸਰਕਾਰ ਅਸਲ ਵਿੱਚ ਕੌਣ ਚਲਾ ਰਿਹਾ ਹੈ ? ਕੇਜਰੀਵਾਲ ਜਾਂ ਭਗਵੰਤ ਮਾਨ ? ਆਪ ਦੇ ਅੰਦਰੂਨੀ ਸਰੋਤਾਂ ਅਨੁਸਾਰ, ਕੇਜਰੀਵਾਲ ਪੰਜਾਬ ਯੂਨਿਟ ਦੇ ਨੀਤੀਗਤ ਫੈਸਲੇ ਲੈਂਦੇ ਹਨ। ਉਹ ਅਕਸਰ ਚੰਡੀਗੜ੍ਹ ਆਉਂਦੇ ਹਨ ਅਤੇ ਮੰਤਰੀਆਂ ਨਾਲ ਮੀਟਿੰਗਾਂ ਕਰਦੇ ਹਨ। ਭਗਵੰਤ ਮਾਨ ਸਿਰਫ ਬਿਆਨਾਂ ਤਕ ਸੀਮਤ ਦਿਖਦੇ ਹਨ। ਭਾਜਪਾ , ਬਾਦਲ ਦਲ ਅਤੇ ਕਾਂਗਰਸ ਦਾ ਦੋਸ਼ ਹੈ ਕਿ ਕੇਜਰੀਵਾਲ 'ਸੁਪਰ ਸੀਐੱਮ' ਹਨ ਅਤੇ ਮਾਨ ਉਹਨਾਂ ਦੇ ਹੁਕਮਾਂ ਤੇ ਚੱਲਦੇ ਹਨ। ਉਨ੍ਹਾਂ ਨੇ ਕਿਹਾ ਕਿ ਦਿੱਲੀ ਚੋਣਾਂ ਹਾਰਨ ਵਾਲੇ ਆਪ ਆਗੂਆਂ ਨੂੰ ਪੰਜਾਬ ਦੇ ਬੋਰਡਾਂ ਅਤੇ ਕਮਿਸ਼ਨਾਂ ਵਿੱਚ ਨਿਯੁਕਤ ਕੀਤਾ ਗਿਆ ਹੈ। ਇਹ ਦੋਸ਼ ਆਪ ਨੇ ਨਕਾਰਿਆ ਹੈ ਅਤੇ ਕਿਹਾ ਹੈ ਕਿ ਇਹ ਰਿਵਾਰਡ ਨਹੀਂ, ਸਗੋਂ ਯੋਗਤਾ ਅਧਾਰਿਤ ਹੈ। ਸ਼੍ਰੋਮਣੀ ਅਕਾਲੀ ਦਲ ਨੇ ਵੀ ਇਸ ਨੂੰ ਆਪ ਦੀ 'ਅਧਿਕਾਰ ਵਾਧੋ-ਵਾਧੋ' ਵਾਲੀ ਨੀਤੀ ਕਿਹਾ ਹੈ। ਸੁਖਬੀਰ ਬਾਦਲ ਨੇ ਟਵੀਟ ਕੀਤਾ ਕਿ ਜਦੋਂ ਉਹ ਸੱਤਾ ਵਿੱਚ ਸਨ ਤਾਂ ਅਜਿਹੇ ਵਿਵਾਦ ਨਹੀਂ ਉੱਠਦੇ ਸਨ। ਇਹ ਦੋਸ਼ ਆਪ ਨੂੰ ਘੇਰਨ ਲਈ ਹਨ, ਪਰ ਆਪ ਨੇ ਉਨ੍ਹਾਂ ਨੂੰ ਪੁਰਾਣੇ ਰਾਜਨੇਤਾਵਾਂ ਦੀ ਈਰਖਾ ਕਿਹਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਲੋਕਾਂ ਲਈ ਇਹ ਇੱਕ ਡਰਾਮਾ ਹੈ, ਪਰ ਅਸਲ ਮੁੱਦੇ - ਖੇਤੀਬਾੜੀ, ਬੇਰੁਜ਼ਗਾਰੀ ਅਤੇ ਵਿਕਾਸ ਹਨ। ਪਰ ਪੰਜਾਬ ਦੇ ਲੋਕ ਦਿਲੀ ਲੀਡਰਸ਼ਿਪ ਦੀ ਸਰਕਾਰ ਦੀ ਦਖਲਅੰਦਾਜ਼ੀ ਤੋਂ ਔਖੇ ਹਨ। ਇਸ ਕਾਰਣ ਆਪ ਦੀ ਸਿਆਸਤ ਨੂੰ ਪੰਜਾਬ ਵਿਚ ਨੁਕਸਾਨ ਪਹੁੰਚ ਸਕਦਾ ਹੈ।

ਪੰਜਾਬ ਦੇ ਸਿਆਸੀ ਗਲਿਹਰੇ ਵਿੱਚ ਅੱਜਕੱਲ੍ਹ 'ਸ਼ੀਸ਼ ਮਹਿਲ' ਵਰਗਾ ਇੱਕ ਨਵਾਂ ਵਿਵਾਦ ਚੱਲ ਪਿਆ ਹੈ। ਇਸ ਬਾਰੇ ਆਮ ਆਦਮੀ ਪਾਰਟੀ (ਆਪ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਆਪਸੀ ਤਿੱਖੀ ਬਿਆਨਬਾਜ਼ੀ ਕਾਰਣ ਇਹ ਵਿਵਾਦ ਭੱਖ ਗਿਆ ਹੈ। ਇਹ ਵਿਵਾਦ ਚੰਡੀਗੜ੍ਹ ਦੇ ਸੈਕਟਰ 2 ਵਿੱਚ ਇੱਕ ਕੋਠੀ ਨੂੰ ਲੈ ਕੇ ਸ਼ੁਰੂ ਹੋਇਆ ਹੈ। ਭਾਜਪਾ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਪ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਲਈ 'ਸ਼ੀਸ਼ ਮਹਿਲ' ਵਾਂਗ ਬਣਾਉਣ ਦਾ ਦੋਸ਼ ਲਾਇਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਭਾਜਪਾ ਨੂੰ ਕਰਾਰਾ ਜਵਾਬ ਦਿੱਤਾ ਹੈ ਅਤੇ ਇਸ ਨੂੰ 'ਭਰਮ ਪੈਦਾ ਕਰਨ ਵਾਲਾ ਪ੍ਰਚਾਰ' ਕਿਹਾ ਹੈ।

'ਸ਼ੀਸ਼ ਮਹਿਲ' ਵਿਵਾਦ , ਭਾਜਪਾ ਦੀ ਤਿੱਖੀ ਬਿਆਨਬਾਜ਼ੀ-ਇਹ ਵਿਵਾਦ ਤਾਂ 30 ਅਕਤੂਬਰ 2025 ਨੂੰ ਭਾਜਪਾ ਦੇ ਨੈਸ਼ਨਲ ਸਪੋਕਸਮੈਨ ਸ਼ਹਿਜ਼ਾਦ ਪੂਨਾਵਾਲਾ ਵੱਲੋਂ ਇੱਕ ਵੀਡੀਓ ਜਾਰੀ ਕੀਤੀ। ਪੂਨਾਵਾਲਾ ਨੇ ਆਪ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਚੰਡੀਗੜ੍ਹ ਦੇ ਸੈਕਟਰ 2 ਵਿੱਚ ਕੋਠੀ ਨੰਬਰ 50 ਨੂੰ 'ਸੈਵਨ ਸਟਾਰ ਸਹੂਲਤਾਂ' ਵਾਲਾ 'ਸ਼ੀਸ਼ ਮਹਿਲ' ਬਣਾਇਆ ਹੈ, ਜੋ ਕੇਜਰੀਵਾਲ ਲਈ ਹੈ। ਉਹਨਾਂ ਦਾ ਕਹਿਣਾ ਸੀ ਕਿ ਕੇਜਰੀਵਾਲ ਨਾ ਤਾਂ ਪੰਜਾਬ ਦੇ ਵਿਧਾਇਕ ਹਨ, ਨਾ ਹੀ ਕੋਈ ਅਧਿਕਾਰਕ ਪੋਸਟ ਉਪਰ ਹਨ, ਪਰ ਫਿਰ ਵੀ ਉਹਨਾਂ ਨੂੰ ਪੰਜਾਬ ਦੇ ਟੈਕਸਪੇਅਰਾਂ ਦੇ ਪੈਸੇ ਨਾਲ ਅਜਿਹੀ ਆਲੀਸ਼ਾਨ ਰਿਹਾਇਸ਼ ਕਿਉਂ ਦਿੱਤੀ ਜਾ ਰਹੀ ਹੈ। ਪੂਨਾਵਾਲਾ ਨੇ ਇਸ ਨੂੰ ਆਪ ਦੀ 'ਸ਼ੀਸ਼ ਮਹਿਲ' ਵਾਲੀ ਪੁਰਾਣੀ ਮਾਨਸਿਕਤਾ ਨਾਲ ਜੋੜਿਆ, ਜਿਸ ਵਿੱਚ ਉਹਨਾਂ ਨੇ ਦੱਸਿਆ ਕਿ ਦਿੱਲੀ ਵਾਲੇ ਲੋਕਾਂ ਨੇ ਕੇਜਰੀਵਾਲ ਨੂੰ ਉੱਥੋਂ ਹਰਾਕੇ ਬਾਹਰ ਕੱਢ ਦਿੱਤਾ ਹੈ, ਪਰ ਹੁਣ ਕੇਜਰੀਵਾਲ ਪੰਜਾਬ ਵਿੱਚ ਆ ਕੇ 'ਸੁਪਰ ਸੀਐੱਮ' ਬਣ ਰਿਹਾ ਹੈ। ਇਸ ਵੀਡੀਓ ਵਿੱਚ ਚੰਡੀਗੜ੍ਹ ਦੀ ਉਸ ਕੋਠੀ ਦੀਆਂ ਤਸਵੀਰਾਂ ਵੀ ਵਿਖਾਈਆਂ ਗਈਆਂ ਸਨ, ਜੋ ਬਾਹਰੋਂ ਵੇਖਣ ਵਿੱਚ ਬਹੁਤ ਹੀ ਸ਼ਾਨਦਾਰ ਲੱਗ ਰਹੀਆਂ ਸਨ। ਭਾਜਪਾ ਦੇ ਇਸ ਹਮਲੇ ਨੂੰ ਆਪ ਨੇ ਤੁਰੰਤ ਨਕਾਰ ਦਿੱਤਾ।

ਅਗਲੇ ਦਿਨ, 31 ਅਕਤੂਬਰ ਨੂੰ, ਆਪ ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਟਵਿੱਟਰ (ਹੁਣ ਐੱਕਸ) ਤੇ ਇੱਕ ਪੋਸਟ ਕੀਤੀ, ਜਿਸ ਵਿੱਚ ਉਹਨਾਂ ਨੇ ਕਿਹਾ ਕਿ ਚੰਡੀਗੜ੍ਹ ਵਿੱਚ ਨਾ ਸਿਰਫ਼ ਕੇਜਰੀਵਾਲ ਲਈ, ਸਗੋਂ ਆਪ ਦੇ ਹੋਰ ਆਗੂਆਂ ਲਈ ਵੀ ਅਜਿਹੀਆਂ ਆਲੀਸ਼ਾਨ ਕੋਠੀਆਂ ਅਲਾਟ ਕੀਤੀਆਂ ਗਈਆਂ ਹਨ। ਉਹਨਾਂ ਨੇ ਮਨੀਸ਼ ਸਿਸੋਦੀਆ ਨੂੰ ਬੰਗਲਾ ਨੰਬਰ 960 ਅਤੇ ਸਤਿੰਦਰ ਜੈਨ ਨੂੰ ਬੰਗਲਾ ਨੰਬਰ 926 ਦਿੱਤਾ ਹੋਣ ਦਾ ਜ਼ਿਕਰ ਕੀਤਾ, ਜੋ ਸੈਕਟਰ 39 ਵਿੱਚ ਹਨ ਅਤੇ ਇਹ ਸਭ 'ਨਾਜਾਇਜ਼ ਕਬਜ਼ੇ' ਹਨ। ਇਸ ਨਾਲ ਵਿਵਾਦ ਨੂੰ ਨਵਾਂ ਮੋੜ ਮਿਲ ਗਿਆ - ਹੁਣ ਇਹ ਸਿਰਫ਼ ਇੱਕ ਕੋਠੀ ਤੱਕ ਸੀਮਿਤ ਨਹੀਂ ਰਿਹਾ, ਸਗੋਂ ਪੂਰੀ ਰਿਹਾਇਸ਼ ਪਾਲਿਸੀ ਉਪਲ ਪ੍ਰਸ਼ਨ ਉੱਠ ਰਹੇ ਸਨ।

ਇਸ ਵਿਚਕਾਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 1 ਨਵੰਬਰ ਨੂੰ ਇੱਕ ਵੀਡੀਓ ਜਾਰੀ ਕਰਕੇ ਪੂਰਾ ਮਾਮਲਾ ਸਾਫ਼ ਕੀਤਾ। ਉਹਨਾਂ ਨੇ ਕਿਹਾ ਕਿ ਕੋਠੀ ਨੰਬਰ 50 ਕੇਜਰੀਵਾਲ ਲਈ ਨਹੀਂ, ਸਗੋਂ ਮੁੱਖ ਮੰਤਰੀ ਦਾ ਕੈਂਪ ਆਫਿਸ ਅਤੇ ਗੈਸਟ ਹਾਊਸ ਹੈ, ਜੋ ਕੋਠੀ ਨੰਬਰ 45 (ਸੀਐੱਮ ਰਿਹਾਇਸ਼) ਦਾ ਹੀ ਹਿੱਸਾ ਹੈ। ਇਹ ਅਲਾਟਮੈਂਟ ਉਹਨਾਂ ਨੂੰ 16 ਮਾਰਚ 2022 ਨੂੰ ਸਹੁੰ ਚੁੱਕਣ ਵਾਲੇ ਦਿਨ ਹੀ ਮਿਲ ਗਿਆ ਸੀ। ਮਾਨ ਨੇ ਭਾਜਪਾ ਨੂੰ ਇਲਜ਼ਾਮ ਲਾਇਆ ਕਿ ਉਹ ਪੰਜਾਬ ਲਈ ਕੋਈ ਅਸਲੀ ਏਜੰਡਾ ਨਾ ਹੋਣ ਕਰਕੇ ਅਜਿਹੇ ਝੂਠੇ ਮੁੱਦੇ ਉਠਾ ਰਹੇ ਹਨ। ਉਹਨਾਂ ਨੇ ਕਿਹਾ, "ਭਾਜਪਾ ਵਾਲੇ ਭਰਮ ਪੈਦਾ ਕਰਨ ਵਾਲਾ ਪ੍ਰਚਾਰ ਕਰ ਰਹੇ ਹਨ, ਪਰ ਲੋਕ ਹੁਣ ਜਾਗ ਚੁੱਕੇ ਹਨ।" ਉਹਨਾਂ ਨੇ ਕਿਹਾ ਕਿ ਜਿਸ ਕੋਠੀ ਨੰਬਰ 45 ਵਿੱਚ ਉਹ ਖੁਦ ਰਹਿ ਰਹੇ ਹਨ, ਉਸ ਵਿੱਚ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੇ ਸਮੇਂ ਉਨ੍ਹਾਂ ਦੀ ਗਰਲਫ੍ਰੈਂਡ ਪਾਕਿਸਤਾਨੀ ਅਰੂਸਾ ਆਲਮ ਰਹਿੰਦੀ ਸੀ। ਭਾਜਪਾ ਵਾਲੇ ਉਸਨੂੰ ਕਿਉਂ ਨਹੀਂ 'ਸ਼ੀਸ਼ ਮਹਿਲ' ਕਹਿੰਦੇ ਸੀ ? ਭਾਜਪਾ ਵਾਲੇ ਇਸ ਬਾਰੇ ਚੁਪ ਕਿਉਂ ਹਨ ? ਦੂਜੇ ਪਾਸੇ ਭਾਜਪਾ ਨੇ ਇਸ ਨੂੰ 'ਬੇਹੱਦ ਨੀਵਾਂ ਹਮਲਾ' ਕਰਾਰ ਦਿੱਤਾ।

ਮੁਖ ਮੰਤਰੀ ਮਾਨ ਨੇ ਕਿਹਾ ਕਿ ਸੈਕਟਰ 2 ਵਿੱਚ ਸਾਰੀਆਂ ਕੋਠੀਆਂ ਇੱਕੋ ਨਕਸ਼ੇ ਤੇ ਬਣੀਆਂ ਹਨ ਅਤੇ ਅਜਿਹੀਆਂ ਹੀ ਕੋਠੀਆਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਰਹਿੰਦੇ ਹਨ, ਜਿੱਥੇ ਭਾਜਪਾ ਦੀ ਸਰਕਾਰ ਹੈ। ਫਿਰ ਉਨ੍ਹਾਂ ਨੇ ਅਸਲ 'ਸ਼ੀਸ਼ ਮਹਿਲਾਂ' ਦਾ ਜ਼ਿਕਰ ਕੀਤਾ - ਕੈਪਟਨ ਅਮਰਿੰਦਰ ਸਿੰਘ ਦਾ ਸਿਸਵਾਂ ਵਾਲਾ ਮਹਿਲ ਅਤੇ ਸੁਖਬੀਰ ਬਾਦਲ ਦਾ ਸੁਖਵਿਲਾਸ ਰਿਜ਼ੋਰਟ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਹ ਉਹ ਨੇਤਾ ਹਨ ਜੋ ਸਰਕਾਰੀ ਰਿਹਾਇਸ਼ ਨੂੰ 'ਸਰਵੈਂਟ ਕੁਆਰਟਰ' ਕਹਿ ਕੇ ਇੱਥੇ ਨਹੀਂ ਰਹਿੰਦੇ ਸਨ ,ਆਪਣੇ ਸ਼ੀਸ਼ ਮਹਿਲਾਂ ਵਿਚ ਰਹਿੰਦੇ ਸਨ। ਮਾਨ ਨੇ ਭਾਜਪਾ ਦੇ ਦਿੱਲੀ ਦਫ਼ਤਰ ਨੂੰ '11 ਸਟਾਰ' ਵਾਲਾ 'ਸ਼ੀਸ਼ ਮਹਿਲ' ਕਿਹਾ ਅਤੇ ਜ਼ੋਰ ਦਿੱਤਾ ਕਿ ਜਦੋਂ ਆਮ ਲੋਕਾਂ ਦਾ ਇੱਕ ਬੰਦਾ ਜਿੱਤ ਕੇ ਰਿਹਾਇਸ਼ ਵਿੱਚ ਆ ਜਾਂਦਾ ਹੈ, ਤਾਂ ਭਾਜਪਾ ਨੂੰ ਉਹ 'ਸ਼ੀਸ਼ ਮਹਿਲ' ਲੱਗਦਾ ਹੈ - ਇਹ ਬਹੁਤ ਘਟੀਆ ਹਰਕਤ ਹੈ। ਇਸ ਤੋਂ ਇਲਾਵਾ, ਮਾਨ ਨੇ ਕਾਂਗਰਸੀ ਆਗੂ ਰਵਨੀਤ ਸਿੰਘ ਬਿੱਟੂ ਤੇ ਵੀ ਨਿਸ਼ਾਨਾ ਸਾਧਿਆ। ਉਹਨਾਂ ਨੇ ਕਿਹਾ ਕਿ ਬਿੱਟੂ ਨੇ ਲੇਕ ਦੇ ਸਾਹਮਣੇ ਮੁੱਖ ਮੰਤਰੀ ਪੂਲ ਵਾਲੇ ਘਰ ਉਪਰ ਕਬਜ਼ਾ ਕੀਤਾ ਹੋਇਆ ਹੈ, ਜਿਸ ਨੂੰ ਖਾਲੀ ਕਰਵਾਕੇ ਗੈਸਟ ਹਾਊਸ ਬਣਾਉਣ ਲਈ ਉਹ ਕਈ ਵਾਰ ਰਾਜਪਾਲ ਨੂੰ ਲਿਖ ਚੁੱਕੇ ਹਨ। ਇਸ ਨਾਲ ਵਿਵਾਦ ਹੋਰ ਫੈਲ ਗਿਆ ਅਤੇ ਹੁਣ ਇਹ ਸਿਰਫ਼ ਆਪ-ਭਾਜਪਾ ਤੱਕ ਨਹੀਂ, ਸਗੋਂ ਕਾਂਗਰਸ ਤੱਕ ਵੀ ਪਹੁੰਚ ਗਿਆ।

ਇਹ ਤਣਾਅ ਇੰਨਾ ਸਖ਼ਤ ਕਿਉਂ ਹੋ ਗਿਆ ?-ਅਸਲ ਵਿੱਚ, ਇਹ ਸਿਰਫ਼ ਇੱਕ ਕੋਠੀ ਨਾਲ ਨਹੀਂ ਜੁੜਿਆ - ਇਸ ਦੇ ਪਿੱਛੇ ਪੰਜਾਬ ਦੀ ਸਿਆਸਤ ਦੇ ਵੱਡੇ ਖੇਡ ਹਨ। ਭਾਜਪਾ ਪੰਜਾਬ ਵਿੱਚ ਆਪ ਸਰਕਾਰ ਨੂੰ ਘੇਰਨ ਲਈ ਹਰ ਮੌਕੇ ਦੀ ਤਲਾਸ਼ ਵਿੱਚ ਹੈ। 2022 ਦੇ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 2 ਸੀਟਾਂ ਮਿਲੀਆਂ ਸਨ, ਜਦਕਿ ਆਪ ਨੇ 92 ਜਿੱਤੀਆਂ। ਇਸ ਤੋਂ ਬਾਅਦ ਭਾਜਪਾ ਨੇ ਆਪ ਉੱਤੇ ਕਰਪਸ਼ਨ, ਡਰੱਗਸ ਅਤੇ ਗਲਤ ਨੀਤੀਆਂ ਦੇ ਦੋਸ਼ ਲਗਾਉਣੇ ਸ਼ੁਰੂ ਕੀਤੇ। 'ਸ਼ੀਸ਼ ਮਹਿਲ' ਵਿਵਾਦ ਨੂੰ ਭਾਜਪਾ ਨੇ ਆਪ ਦੀ 'ਅਲੀਸ਼ਾਨ ਜੀਵਨਸ਼ੈਲੀ' ਨੂੰ ਟਾਰਗੇਟ ਕਰਨ ਲਈ ਵਰਤਿਆ ਹੈ, ਜੋ ਕਿ ਆਪ ਦੇ 'ਆਮ ਆਦਮੀ' ਵਾਲੇ ਨਾਰੇ ਨਾਲ ਮੇਲ ਨਹੀਂ ਖਾਂਦਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਗਵੰਤ ਮਾਨ ਆਪ ਦੇ ਪੰਜਾਬੀ ਚਿਹਰੇ ਵਜੋਂ ਉਭਰ ਰਹੇ ਹਨ ਅਤੇ ਉਹ ਕੇਜਰੀਵਾਲ ਦੇ ਪਰਛਾਂਵੇ ਵਿੱਚ ਨਹੀਂ ਰਹਿਣਾ ਚਾਹੁੰਦੇ। ਉਹਨਾਂ ਦਾ ਜਵਾਬ ਇਸ ਗੱਲ ਦਾ ਸੰਕੇਤ ਹੈ ਕਿ ਉਹ ਆਪ ਦੀ ਪੰਜਾਬ ਯੂਨਿਟ ਨੂੰ ਇੱਕ ਵੱਖਰੀ ਪਛਾਣ ਦੇਣਾ ਚਾਹੁੰਦੇ ਹਨ। ਤਣਾਅ ਵਧਣ ਦਾ ਇੱਕ ਕਾਰਨ 2027 ਦੀਆਂ ਵਿਧਾਨ ਸਭਾ ਚੋਣਾਂ ਵੀ ਹਨ, ਜਿੱਥੇ ਭਾਜਪਾ ਪੰਜਾਬ ਵਿੱਚ ਆਪ ਨੂੰ ਹਰਾਉਣ ਲਈ ਹਰ ਹਥ ਆਜ਼ਮਾ ਰਹੀ ਹੈ। ਇਸ ਵਿਵਾਦ ਨੇ ਸੋਸ਼ਲ ਮੀਡੀਆ ਉਪਰ ਵੀ ਗਰਮੀ ਵਧਾ ਦਿੱਤੀ ਹੈ, ਜਿੱਥੇ #SheeshMaha ਅਤੇ #BhagwantMann ਵਰਗੇ ਹੈਸ਼ਟੈਗ ਟ੍ਰੈਂਡ ਕਰ ਰਹੇ ਹਨ।

### ਕੀ ਕੇਜਰੀਵਾਲ ਨੂੰ ਸਰਕਾਰੀ ਕੋਠੀ ਵਿੱਚ ਠਹਿਰਾਇਆ ਜਾ ਸਕਦਾ ਹੈ ? ਕਾਨੂੰਨੀ ਪਹਿਲੂ

ਕੀ ਪੰਜਾਬ ਸਰਕਾਰ ਅਰਵਿੰਦ ਕੇਜਰੀਵਾਲ ਨੂੰ ਚੰਡੀਗੜ੍ਹ ਵਿੱਚ ਸਰਕਾਰੀ ਕੋਠੀ ਅਲਾਟ ਕਰ ਸਕਦੀ ਹੈ ? ਅਤੇ ਕੀ ਇਹ ਕਾਨੂੰਨੀ ਤੌਰ ਤੇ ਠੀਕ ਹੈ ? ਚੰਡੀਗੜ੍ਹ ਯੂਨੀਅਨ ਟੈਰੀਟਰੀ ਹੈ ਅਤੇ ਇਸ ਦੀ ਅਡਮਨਿਸਟ੍ਰੇਸ਼ਨ ਪੰਜਾਬ ਅਤੇ ਹਰਿਆਣਾ ਦੋਵਾਂ ਨੂੰ ਸਾਂਝੀ ਹੈ। ਚੰਡੀਗੜ੍ਹ ਐਡਮਿਨਿਸਟ੍ਰੇਸ਼ਨ ਦੀਆਂ ਨੀਤੀਆਂ ਅਨੁਸਾਰ, ਸੈਕਟਰ 2 ਵਿੱਚ ਕੋਠੀਆਂ ਮੁੱਖ ਮੰਤਰੀਆਂ ਅਤੇ ਵਿਸ਼ੇਸ਼ ਮਹਿਮਾਨਾਂ ਲਈ ਰਖੀਆਂ ਜਾਂਦੀਆਂ ਹਨ। ਕੋਠੀ ਨੰਬਰ 45 ਅਤੇ 50 ਨੂੰ ਪੰਜਾਬ ਦੇ ਸੀਐੱਮ ਲਈ ਅਲਾਟ ਕੀਤਾ ਗਿਆ ਹੈ, ਜੋ ਭਗਵੰਤ ਮਾਨ ਨੂੰ 2022 ਤੋਂ ਮਿਲਿਆ ਹੋਇਆ ਹੈ। ਪਰ ਕੇਜਰੀਵਾਲ ਲਈ ਖਾਸ ਰਿਹਾਇਸ਼ ਦਾ ਸਵਾਲ ਵੱਖਰਾ ਹੈ। ਕੇਜਰੀਵਾਲ ਆਪ ਦੇ ਨੈਸ਼ਨਲ ਕਨਵੀਨਰ ਹਨ ਅਤੇ ਪੰਜਾਬ ਵਿੱਚ ਉਹਨਾਂ ਨੂੰ ਅਕਸਰ ਵਿਜ਼ਿਟ ਕਰਨੀ ਪੈਂਦੀ ਹੈ। ਪੰਜਾਬ ਗੈਸਟ ਹਾਊਸ ਐਕਟ ਅਨੁਸਾਰ, ਪਾਰਟੀ ਨੇਤਾਵਾਂ ਨੂੰ ਗੈਸਟ ਹਾਊਸ ਵਿੱਚ ਰਹਿਣ ਦੀ ਸਹੂਲਤ ਦਿੱਤੀ ਜਾ ਸਕਦੀ ਹੈ, ਪਰ ਇਹ ਅਸਥਾਈ ਹੋਣੀ ਚਾਹੀਦੀ ਹੈ। ਭਾਜਪਾ ਦਾ ਦੋਸ਼ ਹੈ ਕਿ ਇਹ 'ਪੱਕਾ ਕਬਜ਼ਾ' ਹੈ, ਜੋ ਕਾਨੂੰਨੀ ਤੌਰ ਤੇ ਗਲਤ ਹੈ ਕਿਉਂਕਿ ਕੇਜਰੀਵਾਲ ਨਾ ਰਾਜ ਦੇ ਅਧਿਕਾਰੀ ਹਨ ਅਤੇ ਨਾ ਹੀ ਚੁਣੇ ਹੋਏ ਨੁਮਾਇੰਦੇ। ਆਪ ਦਾ ਕਹਿਣਾ ਹੈ ਕਿ ਇਹ ਗੈਸਟ ਹਾਊਸ ਹੈ ਅਤੇ ਕਿਸੇ ਨੂੰ ਸਥਾਈ ਅਲਾਟ ਨਹੀਂ ਹੈ। ਕਾਨੂੰਨੀ ਮਾਹਿਰਾਂ ਅਨੁਸਾਰ, ਜੇਕਰ ਇਹ ਪੂਰੀ ਤਰ੍ਹਾਂ ਗੈਸਟ ਵਰਤੋਂ ਲਈ ਹੈ ਤਾਂ ਠੀਕ ਹੈ, ਪਰ ਜੇਕਰ ਇਸ ਨੂੰ ਕੇਜਰੀਵਾਲ ਦੇ ਨਿੱਜੀ ਵਰਤੋਂ ਲਈ ਵਰਤਿਆ ਜਾਂਦਾ ਹੈ ਤਾਂ ਇਹ ਆਰਟੀਆਈ ਐਕਟ ਅਧੀਨ ਪ੍ਰਸ਼ਨਾਂ ਹੇਠ ਆ ਸਕਦਾ ਹੈ। ਅੰਦਾਜ਼ਨ, ਇਹ ਵਿਵਾਦ ਕਾਨੂੰਨੀ ਤੌਰ ਤੇ ਗ੍ਰੇ ਏਰੀਆ ਵਿੱਚ ਹੈ ਅਤੇ ਜੇਕਰ ਕੋਈ ਪਟੀਸ਼ਨ ਦਾਇਰ ਹੋਈ ਤਾਂ ਕੇਸ ਹਾਈਕੋਰਟ ਵਿੱਚ ਚੱਲ ਸਕਦਾ ਹੈ। ਪਰ ਹੁਣ ਤੱਕ, ਰਾਜਪਾਲ ਜਾਂ ਐਡਮਿਨਿਸਟ੍ਰੇਸ਼ਨ ਨੇ ਕੋਈ ਆਫੀਸ਼ਲੀ ਕਾਰਵਾਈ ਨਹੀਂ ਕੀਤੀ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਅਪਰਾਧ ਨੂੰ ਉਤਸ਼ਾਹਤ ਕਰਨਾ ਅਤੇ ਅਪਰਾਧ ਨੂੰ ਸਹਿਣਾ, ਅਪਰਾਧ ਕਰਨ ਨਾਲੋਂ ਵੱਡਾ ਅਪਰਾਧ ਹੈ ।

# ਪ੍ਰੈੱਸ ਦੀ ਆਜ਼ਾਦੀ ’ਤੇ ਸਰਕਾਰੀ ਹਮਲਾ: ਅਖ਼ਬਾਰਾਂ ਦੀਆਂ ਗੱਡੀਆਂ ਰੋਕਣਾ ਗੈਰ-ਜਮਹੂਰੀ ਕਾਰਵਾਈ

ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਬੀਤੇ ਸ਼ਨਿੱਚਰਵਾਰ ਨੂੰ ਅਖ਼ਬਾਰਾਂ ਦੀ ਵੰਡ ਵਿੱਚ ਵਿਆਪਕ ਦੇਰੀ ਹੋਈ। ਲੁਧਿਆਣਾ, ਹੁਸ਼ਿਆਰਪੁਰ, ਪਟਿਆਲਾ, ਅੰਮ੍ਰਿਤਸਰ, ਫਰੀਦਕੋਟ, ਮੁਕਤਸਰ, ਅਹਿਮਦਗੜ੍ਹ, ਸਮਾਣਾ, ਪਾਤੜਾਂ ਤੇ ਸਰਹਿੰਦ ਫਤਿਹਗੜ੍ਹ ਸਾਹਿਬ ਵਰਗੇ ਇਲਾਕਿਆਂ ਵਿੱਚ ਪੁਲੀਸ ਨੇ ਅਖ਼ਬਾਰਾਂ ਦੀ ਸਪਲਾਈ ਲੈ ਕੇ ਜਾ ਰਹੀਆਂ ਵੈਨਾਂ ਨੂੰ ਰੋਕ ਕੇ ਸਖ਼ਤ ਜਾਂਚ ਕੀਤੀ। ਨਤੀਜਾ ਇਹ ਨਿਕਲਿਆ ਕਿ ਲੋਕਾਂ ਦੇ ਘਰਾਂ ਤੱਕ ਅਖ਼ਬਾਰ ਕਈ ਘੰਟੇ ਦੇਰੀ ਨਾਲ ਪਹੁੰਚੇ। ਕਈ ਥਾਵਾਂ ’ਤੇ ਸਵੇਰੇ 9 ਵਜੇ ਤੱਕ ਵੀ ਅਖ਼ਬਾਰ ਨਹੀਂ ਆਏ। ਇਹ ਘਟਨਾ ਪ੍ਰੈੱਸ ਦੀ ਆਜ਼ਾਦੀ ’ਤੇ ਸਿੱਧਾ ਹਮਲਾ ਹੈ। ਆਮ ਆਦਮੀ ਪਾਰਟੀ (ਆਪ) ਦੀ ਭਗਵੰਤ ਮਾਨ ਸਰਕਾਰ ਵੱਲੋਂ ਅਜਿਹੀ ਕਾਰਵਾਈ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਮੀਡੀਆ ਤੋਂ ਸਰਕਾਰ ਨੂੰ ਕੋਈ ਖ਼ਤਰਾ ਨਹੀਂ, ਬਲਕਿ ਮੀਡੀਆ ਲੋਕਤੰਤਰ ਦਾ ਚੌਥਾ ਥੰਮ੍ਹ ਹੈ, ਜੋ ਸੱਤਾ ਨੂੰ ਜਵਾਬਦੇਹ ਬਣਾਉਂਦਾ ਹੈ। ਵਿਰੋਧੀ ਧਿਰਾਂ ਨੇ ਇਸ ਨੂੰ ‘ਅਣਐਲਾਨੀ ਐਮਰਜੈਂਸੀ’ ਕਰਾਰ ਦਿੱਤਾ ਹੈ। ਖਾੜਕੂਵਾਦ ਦੇ ਦਿਨਾਂ ਵਿੱਚ ਵੀ ਅਖ਼ਬਾਰਾਂ ਦੀਆਂ ਗੱਡੀਆਂ ਨੂੰ ਨਹੀਂ ਰੋਕਿਆ ਗਿਆ ਸੀ, ਤਾਂ ਅੱਜ ਕਿਉਂ?

ਬੀਤੇ ਦਿਨੀਂ ਲੁਧਿਆਣਾ ਵਿੱਚ ਤੜਕੇ 4 ਵਜੇ ਅਖ਼ਬਾਰਾਂ ਵਾਲੀਆਂ ਗੱਡੀਆਂ ਘੰਟਾਘਰ ਨੇੜੇ ਪਹੁੰਚੀਆਂ, ਪਰ ਪੁਲੀਸ ਨੇ ਉਨ੍ਹਾਂ ਨੂੰ ਕੋਤਵਾਲੀ ਥਾਣੇ ਲੈ ਜਾ ਕੇ ਹਿਰਾਸਤ ਵਿੱਚ ਲੈ ਲਿਆ। ਦਿ ਟ੍ਰਿਬਿਊਨ ਤੇ ਅਜੀਤ ਅਖ਼ਬਾਰ ਵਾਲੀਆਂ ਗੱਡੀਆਂ ਨੂੰ ਇੱਕ ਘੰਟੇ ਬਾਅਦ ਸਵੇਰੇ 5:15 ਵਜੇ ਛੱਡਿਆ ਗਿਆ, ਜਦਕਿ ਜਾਗਰਣ, ਭਾਸਕਰ ਤੇ ਪੰਜਾਬ ਕੇਸਰੀ ਵਾਲੀਆਂ ਨੂੰ 7:15 ਵਜੇ। ਅਹਿਮਦਗੜ੍ਹ ਵਿੱਚ ਗੱਡੀਆਂ ਸਵੇਰੇ 8:30 ਵਜੇ ਪਹੁੰਚੀਆਂ, ਜੋ ਨਿਯਮਤ ਸਮੇਂ ਤੋਂ ਚਾਰ ਘੰਟੇ ਦੇਰੀ ਸੀ। ਹਾਕਰ ਇਮਰਾਨ ਮੁਹੰਮਦ ਤੇ ਮੋਨੂੰ ਵਰਗੇ ਵਿਕਰੇਤਾਵਾਂ ਨੇ ਦੱਸਿਆ ਕਿ ਪੁਲੀਸ ਨੇ ਗੱਡੀਆਂ ਨੂੰ ਥਾਣੇ ਲੈ ਜਾ ਕੇ ਦੋ-ਤਿੰਨ ਘੰਟੇ ਰੋਕਿਆ, ਡੂੰਘਾਈ ਨਾਲ ਤਲਾਸ਼ੀ ਲਈ ਤੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ। ਪਟਿਆਲਾ ਵਿੱਚ ਸਵੇਰੇ-ਸਵੇਰੇ ਜਾਂਚ ਹੋਈ, ਪਰ ਬਾਅਦ ਵਿੱਚ ਛੱਡ ਦਿੱਤਾ। ਸਰਹਿੰਦ ਫਤਿਹਗੜ੍ਹ ਸਾਹਿਬ ਵਿੱਚ ਟ੍ਰਿਬਿਊਨ ਸਮੂਹ ਦੇ ਅਖ਼ਬਾਰ 5:40 ਵਜੇ ਤੇ ਪੰਜਾਬ ਕੇਸਰੀ 7:30 ਵਜੇ ਪਹੁੰਚੇ। ਅੰਮ੍ਰਿਤਸਰ, ਫਰੀਦਕੋਟ ਤੇ ਮੁਕਤਸਰ ਵਿੱਚ ਵੀ ਸਪਲਾਈ ਪ੍ਰਭਾਵਿਤ ਹੋਈ। ਲੋਕਾਂ ਨੇ ਸੋਸ਼ਲ ਮੀਡੀਆ ’ਤੇ ਸਵਾਲ ਉਠਾਏ ਕਿ ਅਖ਼ਬਾਰ ਕਿਉਂ ਨਹੀਂ ਆਏ, ਤੇ ਉਨ੍ਹਾਂ ਦਾ ਐਤਵਾਰ ਖਰਾਬ ਹੋ ਗਿਆ। ਮਹਾਵੀਰ ਗੋਇਲ ਵਰਗੇ ਵਸਨੀਕਾਂ ਨੇ ਕਿਹਾ ਕਿ ਪੰਜਾਬ ਸੰਤਾਪ ਦੇ ਦਿਨਾਂ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਅਖ਼ਬਾਰਾਂ ਦੀ ਸਰਕੂਲੇਸ਼ਨ ਇਸ ਤਰ੍ਹਾਂ ਅਸਰਅੰਦਾਜ਼ ਹੋਈ। ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਮੰਨਿਆ ਕਿ ਅਖ਼ਬਾਰਾਂ ਵਾਲੀਆਂ ਗੱਡੀਆਂ ਨੂੰ ਰੋਕ ਕੇ ਸਖ਼ਤ ਜਾਂਚ ਕੀਤੀ ਗਈ, ਕਿਉਂਕਿ ਉਨ੍ਹਾਂ ਕੋਲ ਇਨਪੁਟ ਸੀ ਕਿ ਇਨ੍ਹਾਂ ਵਾਹਨਾਂ ਰਾਹੀਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਅਖ਼ਬਾਰਾਂ ਦੇ ਪ੍ਰਸਾਰ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਸੀ, ਤੇ ਜਾਂਚ ਤੋਂ ਬਾਅਦ ਛੱਡ ਦਿੱਤਾ ਗਿਆ। ਚੰਡੀਗੜ੍ਹ ਵਿੱਚ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਕੋਈ ਵਿਸ਼ੇਸ਼ ਆਦੇਸ਼ ਨਹੀਂ ਸਨ, ਸਗੋਂ ਸਥਾਨਕ ਪੱਧਰ ’ਤੇ ਜਾਣਕਾਰੀ ਦੇ ਆਧਾਰ ’ਤੇ ਜਾਂਚ ਹੋਈ। ਪਰ ਪੁਲਿਸ ਦੀ ਇਹ ਦਲੀਲ ਕਮਜ਼ੋਰ ਹੈ। ਜੇ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਦਾ ਸ਼ੱਕ ਸੀ, ਤਾਂ ਕੀ ਅਖ਼ਬਾਰਾਂ ਵਾਲੀਆਂ ਗੱਡੀਆਂ ਨੂੰ ਵਿਸ਼ੇਸ਼ ਤੌਰ ’ਤੇ ਨਿਸ਼ਾਨਾ ਬਣਾਉਣਾ ਜ਼ਰੂਰੀ ਸੀ? ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਲਈ ਹਰ ਰੋਜ਼ ਹਜ਼ਾਰਾਂ ਵਾਹਨ ਚੱਲਦੇ ਹਨ - ਟਰੱਕ, ਬੱਸਾਂ, ਕਾਰਾਂ - ਕੀ ਉਨ੍ਹਾਂ ਨੂੰ ਵੀ ਇਸ ਤਰ੍ਹਾਂ ਰੋਕਿਆ ਜਾਂਦਾ ਹੈ? ਅਖ਼ਬਾਰਾਂ ਦੀਆਂ ਗੱਡੀਆਂ ਨੂੰ ਰੋਕਣ ਨਾਲ ਸਿਰਫ਼ ਸਪਲਾਈ ਹੀ ਨਹੀਂ ਰੁਕੀ, ਬਲਕਿ ਲੋਕਾਂ ਦਾ ਸੂਚਨਾ ਦਾ ਅਧਿਕਾਰ ਵੀ ਪ੍ਰਭਾਵਿਤ ਹੋਇਆ। ਇਹ ਜਾਂਚ ਸਥਾਨਕ ਪੱਧਰ ’ਤੇ ਨਹੀਂ, ਸਗੋਂ ਰਾਜ ਵਿਆਪੀ ਸੀ, ਜੋ ਸਰਕਾਰੀ ਨੀਤੀ ਵੱਲ ਇਸ਼ਾਰਾ ਕਰਦੀ ਹੈ।

ਭਾਰਤੀ ਸੰਵਿਧਾਨ ਦੇ ਆਰਟੀਕਲ 19 (1) (ਏ) ਅਨੁਸਾਰ ਬੋਲਣ ਤੇ ਪ੍ਰਗਟਾਵੇ ਦੀ ਆਜ਼ਾਦੀ ਹੈ, ਜਿਸ ਵਿੱਚ ਪ੍ਰੈੱਸ ਦੀ ਆਜ਼ਾਦੀ ਸ਼ਾਮਲ ਹੈ। ਅਖ਼ਬਾਰ ਲੋਕਾਂ ਤੱਕ ਸੂਚਨਾ ਪਹੁੰਚਾਉਂਦੇ ਹਨ, ਸਰਕਾਰੀ ਕਾਰਵਾਈਆਂ ’ਤੇ ਸਵਾਲ ਉਠਾਉਂਦੇ ਹਨ। ਅਜਿਹੀਆਂ ਗੱਡੀਆਂ ਨੂੰ ਰੋਕਣਾ ਸਿੱਧੇ ਤੌਰ ’ਤੇ ਸੈਂਸਰਸ਼ਿਪ ਹੈ ਆਪ ਸਰਕਾਰ, ਜੋ ਆਪਣੇ ਆਪ ਨੂੰ ‘ਆਮ ਆਦਮੀ’ ਦੀ ਸਰਕਾਰ ਕਹਿੰਦੀ ਹੈ, ਅਜਿਹੀਆਂ ਹਰਕਤਾਂ ਨਾਲ ਆਪਣੀ ਜਮਹੂਰੀ ਚੋਲਾ ਉਤਾਰ ਰਹੀ ਹੈ। ਮੀਡੀਆ ਸਰਕਾਰ ਦਾ ਵਿਰੋਧੀ ਨਹੀਂ, ਸਗੋਂ ਨਿਗਰਾਨ ਹੈ। ਪੰਜਾਬ ਵਿੱਚ ਅਰਵਿੰਦ ਕੇਜਰੀਵਾਲ ਦੇ ਸਰਕਾਰੀ ਘਰ ਨੰਬਰ 50 ਵਿੱਚ ਠਹਿਰਨ ਦੀਆਂ ਖ਼ਬਰਾਂ ਨੂੰ ਰੋਕਣ ਲਈ ਇਹ ਕਾਰਵਾਈ ਕੀਤੀ ਗਈ, ਜਿਵੇਂ ਵਿਧਾਇਕ ਪਰਗਟ ਸਿੰਘ ਨੇ ਐਕਸ ’ਤੇ ਦੋਸ਼ ਲਾਇਆ। ਇਹ ਖ਼ਬਰਾਂ ਸਰਕਾਰ ਲਈ ਅਸੁਵਿਧਾਜਨਕ ਸਨ, ਪਰ ਲੋਕਾਂ ਦਾ ਹੱਕ ਹੈ ਸੱਚ ਜਾਣਨ ਦਾ। ਮੀਡੀਆ ਸੱਚਾਈ ਉਜਾਗਰ ਕਰਦਾ ਹੈ, ਨਸ਼ਿਆਂ ਵਿਰੁੱਧ ਮੁਹਿੰਮ ਚਲਾਉਂਦਾ ਹੈ, ਵਿਕਾਸ ਦੀਆਂ ਖ਼ਬਰਾਂ ਦਿੰਦਾ ਹੈ। ਜੇ ਸਰਕਾਰ ਨੂੰ ਖ਼ਤਰਾ ਹੈ, ਤਾਂ ਉਹ ਆਪਣੀਆਂ ਗਲਤੀਆਂ ਤੋਂ ਹੈ, ਨਾ ਕਿ ਮੀਡੀਆ ਤੋਂ। ਅਜਿਹੀਆਂ ਕਾਰਵਾਈਆਂ ਨਾਲ ਸਰਕਾਰ ਆਪਣੀ ਅਸਫਲਤਾ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਵਧ ਰਹੀ ਹੈ, ਪਰ ਇਸ ਦਾ ਹੱਲ ਅਖ਼ਬਾਰਾਂ ਨੂੰ ਰੋਕਣਾ ਨਹੀਂ। ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਇਸ ਦੀ ਸਖ਼ਤ ਨਿੰਦਾ ਕੀਤੀ ਤੇ ਕਿਹਾ ਕਿ ਇਹ ਪੰਜਾਬ ਵਿੱਚ ‘ਅਣਐਲਾਨੀ ਐਮਰਜੈਂਸੀ’ ਲਾਗੂ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਨੇ ਦਿ ਟ੍ਰਿਬਿਊਨ ਨੂੰ ਦੱਸਿਆ ਕਿ ਅਜਿਹੀ ਕਾਰਵਾਈ ਗੈਰ-ਜਮਹੂਰੀ ਹੈ ਤੇ ਚੁਣੀ ਹੋਈ ਸਰਕਾਰ ਦੇ ਸਿਧਾਂਤਾਂ ਵਿਰੁੱਧ ਹੈ। ਵਿਰੋਧੀ ਧਿਰਾਂ ਦਾ ਮੰਨਣਾ ਹੈ ਕਿ ਆਪ ਸਰਕਾਰ ਤਾਨਾਸ਼ਾਹੀ ਵੱਲ ਵਧ ਰਹੀ ਹੈ। ਕਾਂਗਰਸ ਤੇ ਅਕਾਲੀ ਦਲ ਨੇ ਵੀ ਇਸ ਨੂੰ ਪ੍ਰੈੱਸ ਦੀ ਗਲਾ ਘੋਟਣ ਦੀ ਕੋਸ਼ਿਸ਼ ਕਿਹਾ ਹੈ।

ਅੰਤ ਵਿੱਚ, ਆਪ ਸਰਕਾਰ ਨੂੰ ਇਸ ਕਾਰਵਾਈ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ ਤੇ ਅਜਿਹੀਆਂ ਘਟਨਾਵਾਂ ਨਾ ਦੁਹਰਾਉਣ ਦਾ ਵਾਅਦਾ ਕਰਨਾ ਚਾਹੀਦਾ ਹੈ। ਪੁਲੀਸ ਨੂੰ ਸਪੱਸ਼ਟ ਨਿਰਦੇਸ਼ ਦੇਣੇ ਚਾਹੀਦੇ ਹਨ ਕਿ ਅਖ਼ਬਾਰਾਂ ਵਾਲੀਆਂ ਗੱਡੀਆਂ ਨੂੰ ਨਾ ਰੋਕਿਆ ਜਾਵੇ। ਵਿਰੋਧੀ ਧਿਰਾਂ ਨੂੰ ਵਿਧਾਨਸਭਾ ਵਿੱਚ ਇਸ ਮੁੱਦੇ ਨੂੰ ਉਠਾਉਣਾ ਚਾਹੀਦਾ ਹੈ। ਮੀਡੀਆ ਸੰਸਥਾਵਾਂ ਨੂੰ ਇਕੱਠੀਆਂ ਹੋ ਕੇ ਪ੍ਰੋਟੈਸਟ ਕਰਨਾ ਚਾਹੀਦਾ ਹੈ। ਪੰਜਾਬ ਦੇ ਲੋਕਾਂ ਨੂੰ ਅਪੀਲ ਹੈ ਕਿ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਓ। ਪ੍ਰੈੱਸ ਦੀ ਆਜ਼ਾਦੀ ਬਿਨਾਂ ਲੋਕਤੰਤਰ ਅਧੂਰਾ ਹੈ। ਇਸ ਘਟਨਾ ਨੂੰ ਭੁੱਲ ਕੇ ਨਹੀਂ ਛੱਡਣਾ, ਸਗੋਂ ਸਬਕ ਲੈਣਾ ਹੈ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# *GHALUGHARA* III, 1984: FAILURE OF INDIAN DEMOCRACY



Gurmukh Singh OBE

Questions about the state of Indian democracy raised in an earlier column, remain highly relevant as global Sikhs remember the third *Ghalughara* (holocaust) in Sikh history:

In 2009, Late Sardar Jarnail Singh, the journalist, who threw a shoe towards the then Home Minister, P Chidambaram, wrote his book, *I ACCUSE…Anti Sikh Violence of 1984.* Later, I interviewed him and also reviewed his book at his request (see link below*).

The question uppermost in my mind as I finished reading the book was: *How can all checks and safeguards of a democracy fail so completely at the same time in the capital city of the largest democracy in the world?* Or, to quote the book cover note, *Why did the state apparatus allow it to happen?* The guardians of the constitution: the President, the Parliament, different branches of the administration, the judiciary, the media – all abdicated their responsibility for three days from 1 November to 3 November 1984. Then this fire of hatred was extinguished with the same efficiency as it had been started as the world leaders and media arrived for the funeral of Indira Gandhi.

Memoirs of BD Pande, the Governor of Punjab from October 10, 1983, to June 27, 1984, published with the title: *In the Service of Free India*, blamed Indira Gandhi for Operation Bluestar in June 1984. Pande showed that the Sikhs were victims of a false narrative and the biased Hindutva press. He claimed that the Centre was adamant on harsh measures. The whole Indian system had turned against the most loyal citizens of India, the Sikhs.

The President of India, Giani Zail Singh, felt that he had no right to intervene; Delhi Police Commissioner Subhash Tandon said that he was not informed even though he was seen with crowds attacking Gurdwara Rakab Ganj. Home Minister Narsimha Rao remained silent. Lt Governor P G Gavai thought everything was under control and did not consider it necessary to call in the army. A magistrate refused to sign an order to control mobs even as Sikh properties and people were being burnt in his neighbourhood.

Senior Congress politicians like Rajpal Saroj held private meetings on the evening of 31 October to make all arrangements right up to the finer details about distributing kerosene and a white inflammable powder to set the victims alight. Delhi transport and Police support was enlisted.

*Doordarshan*, the only TV station, played its part by repeatedly showing the body of Indira Gandhi kept in state at Teen Murti Bhawan, alternating with scenes of mobs shouting *khoon ka badla khoon* (blood for blood in revenge).

The main media focus on 31st November 1984, was the assassination of Indira Gandhi. She had sanctioned army invasion of Darbar Sahib, the holiest shrine of the Sikhs only five months before. In effect, this was an invasion by the Indian Army of the *Indian* State of Panjab regarded as the Sikh homeland. Thousands of innocent civilians were killed in peacetime. Extra-judicial killings of Sikh youth followed in the next ten years. From a Sikh perspective, successive Indian governments have been manipulating and exploiting Sikh grievances rather than resolving them. Unchecked extreme Brahmanic Hindutva nationalism continues to fuel freedom movements which can divide India. For the Sikhs, the *Anandpur Sahib Resolution of 1973*, can be a basis for a process leading to conciliation. Otherwise, justice, delayed and denied, continues to cause deep hurt to the global Sikh community.

***I Accuse…Book review:**

https://www.sikhmissionarysociety.org/sms/smsresourcecentre/products/jarnailsinghjournalist/antisikhviolenceof1984/

**Gurmukh Singh OBE,** Ret’d Principal Civil Servant (UK) sewauk2005@yahoo.co.uk

# ਧਾਮੀ ਦੀ ਭਾਰੀ ਜਿਤ ਕਿਉਂ ਹੋਈ, ਨਵਾਂ ਅਕਾਲੀ ਦਲ ਦੀਆਂ ਵੋਟਾਂ ਅੱਗੇ ਨਾਲੋਂ ਕਿਉਂ ਘਟੀਆਂ ?

## ✪ ਪੰਜਾਬ ਦੇ ਪਾਣੀ, ਚੰਡੀਗੜ੍ਹ ਤੇ ਬੰਦੀ ਸਿੰਘਾਂ ਲਈ ਜਨਰਲ ਇਜਲਾਸ ਵਿੱਚ ਜ਼ੋਰਦਾਰ ਪ੍ਰਸਤਾਵ ਪਾਸ ✪ ਸੁਖਬੀਰ ਦੀ ਰਣਨੀਤੀ ਕਾਮਯਾਬ, ਨਵਾਂ ਅਕਾਲੀ ਦਲ ਦਾ ਪ੍ਰਭਾਵ ਘਟਿਆ

ਅੰਮ੍ਰਿਤਸਰ-ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿੱਚ ਹੋਈਆਂ ਚੋਣਾਂ ਦੌਰਾਨ ਹਰਜਿੰਦਰ ਸਿੰਘ ਧਾਮੀ ਭਾਰੀ ਵੋਟਾਂ ਨਾਲ ਫਿਰ ਪ੍ਰਧਾਨ ਬਣ ਗਏ । ਪੰਜਵੀਂ ਵਾਰ ਲਗਾਤਾਰ ਚੁਣੇ ਗਏ ਧਾਮੀ ਨੇ 136 ਵੋਟਾਂ ਵਿੱਚੋਂ 117 ਵੋਟਾਂ ਲੈ ਕੇ ਵੱਡੀ ਜਿੱਤ ਹਾਸਲ ਕੀਤੀ। ਵਿਰੋਧੀ ਉਮੀਦਵਾਰ ਮਿੱਠੂ ਸਿੰਘ ਕਾਹਨੇਕੇ ਨੂੰ ਸਿਰਫ਼ 18 ਵੋਟਾਂ ਮਿਲੀਆਂ, ਜਦਕਿ ਇੱਕ ਵੋਟ ਗਲਤ ਗਿਣੀ ਗਈ। ਇਹ ਜਿੱਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਲਈ ਵੱਡੀ ਰਾਜਨੀਤਿਕ ਸਫਲਤਾ ਹੈ ਅਤੇ ਨਵੇਂ ਅਕਾਲੀ ਦਲ (ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਧੜੇ) ਦੀ ਜਥੇਬੰਦਕ ਕਮਜ਼ੋਰੀ ਵੀ ਸਾਹਮਣੇ ਆਈ ਹੈ,ਕਿਉਂਕਿ ਉਹਨਾਂ ਦੇ ਕੁਝ ਸ੍ਰੋਮਣੀ ਕਮੇਟੀ ਮੈਂਬਰ ਬਾਦਲ ਦਲ ਨਾਲ ਚਲੇ ਗਏ ਸਨ। ਚੋਣਾਂ ਤੋਂ ਬਾਅਦ ਧਾਮੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਰੋਧੀਆਂ ਨੂੰ ਮਾਂ ਪਾਰਟੀ ਵਿੱਚ ਵਾਪਸ ਆਉਣਾ ਚਾਹੀਦਾ ਹੈ ਤਾਂ ਜੋ ਅਕਾਲੀ ਦਲ ਮਜਬੂਤ ਹੋ ਸਕੇ "

ਜਨਰਲ ਇਜਲਾਸ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅੱਗੇ ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਹੋਇਆ। ਐਸਜੀਪੀਸੀ ਦੇ ਮੈਂਬਰਾਂ ਵਿੱਚੋਂ ਜ਼ਿਆਦਾਤਰ ਨੇ ਧਾਮੀ ਨੂੰ ਸਮਰਥਨ ਦਿੱਤਾ, ਜੋ ਅਕਾਲੀ ਦਲ ਦੇ ਉਮੀਦਵਾਰ ਸਨ। ਇਹ ਚੋਣਾਂ 2025-26ਸੈਸ਼ਨ ਲਈ ਹੋਈਆਂ, ਜਿਸ ਵਿੱਚ ਧਾਮੀ ਨੇ ਪਿਛਲੇ ਚਾਰ ਸਾਲਾਂ ਦੇ ਕੀਤੇ ਕੰਮਾਂ ਨੂੰ ਆਧਾਰ ਬਣਾ ਕੇ ਸ੍ਰੋਮਣੀ ਕਮੇਟੀ ਮੈਂਬਰਾਂ ਦਾ ਦਿਲ ਜਿੱਤਿਆ। ਪਿਛਲੇ ਸਾਲ ਵੀ ਧਾਮੀ ਨੂੰ 107 ਵੋਟਾਂ ਮਿਲੀਆਂ ਸਨ, ਜਦਕਿ ਬੀਬੀ ਜਗੀਰ ਕੌਰ ਨੂੰ 33। ਪਰ ਤਾਜ਼ਾ ਜਿੱਤ ਵਿੱਚ ਵੋਟਾਂ ਦਾ ਫ਼ਰਕ ਹੋਰ ਵਧ ਗਿਆ, ਜੋ ਬਾਦਲ ਅਕਾਲੀ ਦਲ ਦੀ ਇਕਜੁਟਤਾ ਤੇ ਸੁਖਬੀਰ ਸਿੰਘ ਬਾਦਲ ਦੀ ਜਥੇਬੰਦਕ ਮਜਬੂਤ ਅਗਵਾਈ ਨੂੰ ਦਰਸਾਉਂਦਾ ਹੈ। ਨਵੇਂ ਅਕਾਲੀ ਦਲ ਦੀ ਇਸ ਹਾਰ ਨੇ ਉਹਨਾਂ ਦੀਆਂ ਉਮੀਦਾਂ ਤੇ ਪਾਣੀ ਫੇਰ ਦਿੱਤਾ। ਇਸ ਨਾਲ ਸ੍ਰੋਮਣੀ ਕਮੇਟੀ ਵਿੱਚ ਅਕਾਲੀ ਦਲ ਦੀ ਪਕੜ ਹੋਰ ਮਜ਼ਬੂਤ ਹੋ ਗਈ ਹੈ।





## ਧਾਮੀ ਦੀ ਜਿੱਤ ਸਮੁੱਚੇ ਖਾਲਸਾ ਪੰਥ ਦੀ ਜਿੱਤ : ਬਾਦਲ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਜਿੱਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਧਾਮੀ ਅਤੇ ਸਾਰੇ ਮੈਂਬਰਾਂ ਨੂੰ ਵਧਾਈ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਜਿੱਤ ਸਿਰਫ਼ ਧਾਮੀ ਦੀ ਨਹੀਂ, ਸਗੋਂ ਸਮੁੱਚੇ ਖਾਲਸਾ ਪੰਥ ਦੀ ਇਤਿਹਾਸਕ ਜਿੱਤ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਏਜੰਸੀਆਂ ਦੇ ਬੰਦਿਆਂ ਨੇ ਪੂਰੀ ਤਾਕਤ ਲਗਾਈ ਕਿ ਕਿਸੇ ਤਰ੍ਹਾਂ ਖਾਲਸਾ ਪੰਥ ਦੀ "ਸੂਪਰ ਪਾਰਲੀਮੈਂਟ" ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕੀਤਾ ਜਾਵੇ ਪਰ ਪੰਥਕ ਜੱਥੇਬੰਦੀਆਂ ਅਤੇ ਮੈਂਬਰਾਂ ਨੇ ਡੱਟ ਕੇ ਇਸ ਸਾਜ਼ਿਸ਼ ਦਾ ਮੁਕਾਬਲਾ ਕੀਤਾ ਅਤੇ ਧਾਮੀ ਸਾਹਿਬ ਨੂੰ ਜਿਤਾਇਆ ਹੈ, ਉਹ ਵਧਾਈ ਦੇ ਪਾਤਰ ਹਨ। ਬਾਦਲ ਨੇ ਕਿਹਾ ਕਿ ਇਹ ਜਿੱਤ ਸਾਬਤ ਕਰਦੀ ਹੈ ਕਿ ਖਾਲਸਾ ਪੰਥ ਅਜੇ ਵੀ ਇਕਜੁੱਟ ਹੈ ਅਤੇ ਆਪਣੀਆਂ ਸੰਸਥਾਵਾਂ ਦੀ ਰੱਖਿਆ ਲਈ ਸਦਾ ਤਿਆਰ ਹੈ।

## ਕਿਹੜੇ ਚੁਣੇ ਗਏ ਨਵੇਂ ਅਹੁਦੇਦਾਰ

ਸੀਨੀਅਰ ਵਾਈਸ ਪ੍ਰਧਾਨः ਰਘੂਜੀਤ ਸਿੰਘ ਵੀਰਕ, ਜੂਨੀਅਰ ਵਾਈਸ ਪ੍ਰਧਾਨः ਬਲਦੇਵ ਸਿੰਘ ਕਲਿਆਣ, ਜਨਰਲ ਸੈਕਟਰੀः ਸ਼ੇਰ ਸਿੰਘ ਮੰਡਵਾਲ, ਅੰਤਰਿਮ ਕਮੇਟੀ ਵਿੱਚ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲਾ, ਗੁਰਪ੍ਰੀਤ ਸਿੰਘ ਝੱਬਰ, ਦਿਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਜੰਗਬਹਾਦਰ ਸਿੰਘ ਰਾਏ ਆਦਿ ਸ਼ਾਮਲ ਹਨ।

### ਨਵੀਂ ਅਕਾਲੀ ਦਲ ਦੀ ਕਰਾਰੀ ਹਾਰ ਦੇ ਕਾਰਨ

ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਬਣਾਉਣ ਵਾਲੀ ਇਹ ਨਵਾਂ ਅਕਾਲੀ ਦਲ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਆਧਾਰ ਬਣਾ ਕੇ ਬਣਿਆ ਸੀ, ਪਰ ਸ੍ਰੋਮਣੀ ਕਮੇਟੀ ਚੋਣਾਂ ਵਿੱਚ ਮੁਕਾਬਲਾ ਨਹੀਂ ਕਰ ਸਕੀ। ਨਵੇਂ ਅਕਾਲੀ ਦਲ ਨੇ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਨੂੰ ਆਪਣੇ ਹੱਕ ਵਿੱਚ ਵਰਤਣਾ ਚਾਹਿਆ, ਪਰ ਮੈਂਬਰਾਂ ਨੂੰ ਇਕਜੁਟ ਨਹੀਂ ਕਰ ਸਕਿਆ। ਨਵਾਂ ਅਕਾਲੀ ਦਲ ਚੋਣ ਚਿੰਨ੍ਹ, ਪਾਰਟੀ ਦਫ਼ਤਰ ਅਤੇ ਵਿੱਤੀ ਮਾਮਲਿਆਂ ਵਿੱਚ ਫਸੇ ਰਹੇ, ਜਿਸ ਨਾਲ ਧਰਾਤਲ ਤੇ ਕੰਮ ਨਹੀਂ ਹੋ ਸਕਿਆ। ਗਿਆਨੀ ਹਰਪ੍ਰੀਤ ਸਿੰਘ ਨੇ ਪੰਥਕ ਮੁੱਦਿਆਂ ਤੇ ਆਵਾਜ਼ ਉਠਾਈ, ਪਰ ਰਾਜਨੀਤਿਕ ਰਣਨੀਤੀ ਘੱਟ ਸੀ। ਉਹਨਾਂ ਨੇ ਸ੍ਰੋਮਣੀ ਕਮੇਟੀ ਨੂੰ ਨਿਸ਼ਾਨਾ ਬਣਾਇਆ, ਪਰ ਸ੍ਰੋਮਣੀ ਕਮੇਟੀ ਮੈਂਬਰਾਂ ਨੂੰ ਨਹੀਂ ਕਾਇਲ ਨਹੀਂ ਕਰ ਸਕੇ।

ਨਤੀਜਾ ਇਹ ਹੈ ਕਿ ਨਵਾਂ ਅਕਾਲੀ ਦਲ ਬਾਦਲ ਅਕਾਲੀ ਦਲ ਦੇ ਮੁਕਾਬਲੇ ਵਿੱਚ ਖੜ੍ਹਾ ਨਹੀਂ ਹੋ ਸਕਿਆ। ਉਸ ਦੀ ਹਾਰ ਨੇ ਸੁਖਬੀਰ ਸਿੰਘ ਬਾਦਲ ਨੂੰ ਮਜਬੂਤ ਕੀਤਾ ਹੈ। ਸੁਖਬੀਰ ਦੀ ਜਿੱਤ ਦਾ ਕਾਰਣ ਇਹ ਵੀ ਹੈ ਕਿ ਉਸਨੇ ਦਲ ਵਿਚ ਧੜੇਬੰਦੀ ਪੈਦਾ ਨਹੀਂ ਹੋਣ ਦਿੱਤੀ ਤੇ ਭਰੋਸੇਯੋਗ ਚਿਹਰੇ ਧਾਮੀ ਨੂੰ ਅੱਗੇ ਰੱਖਿਆ।

## ਜਨਰਲ ਇਜਲਾਸ ਵਿੱਚ ਪਾਸ ਹੋਏ ਪ੍ਰਸਤਾਵ

- ਪੰਜਾਬ ਦੇ ਲੋਕਾਂ ਦਾ ਪੰਜਾਬ ਦੇ ਦਰਿਆਵਾਂ ਦੇ ਪਾਣੀ 'ਤੇ ਮੁੱਢਲਾ ਹੱਕ ਹੈ। ਦੂਜੇ ਰਾਜਾਂ ਨੂੰ ਪਾਣੀ ਦੇ ਕਿਸੇ ਵੀ ਗੈਰ-ਕਾਨੂੰਨੀ ਵਹਾਅ ਨੂੰ ਰੋਕਿਆ ਜਾਣਾ ਚਾਹੀਦਾ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਨਾਲ ਸਬੰਧਤ ਸਾਰੀਆਂ ਕਾਰਵਾਈਆਂ ਨੂੰ ਪੂਰੀ ਤਰ੍ਹਾਂ ਬੰਦ ਕੀਤਾ ਜਾਣਾ ਚਾਹੀਦਾ ਹੈ।
- ਚੰਡੀਗੜ੍ਹ, ਜੋ ਕਿ ਪੰਜਾਬ ਦੇ ਪਿੰਡਾਂ ਨੂੰ ਢਾਹ ਕੇ ਸਥਾਪਿਤ ਕੀਤਾ ਗਿਆ ਸੀ ਅਤੇ ਰਾਜ ਦੀ ਰਾਜਧਾਨੀ ਹੈ, ਨੂੰ ਪੂਰੀ ਤਰ੍ਹਾਂ ਪੰਜਾਬ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ।
- ਭਾਖੜਾ-ਬਿਆਸ ਪ੍ਰਬੰਧਨ ਬੋਰਡ ਵਿੱਚ ਪੰਜਾਬ ਦਾ ਹਿੱਸਾ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਨੂੰ ਆਪਣੀ ਮਨਮਾਨੀ ਬੰਦ ਕਰਨੀ ਚਾਹੀਦੀ ਹੈ।
- ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਨੀਂਹ ਹੈ। ਖੇਤੀਬਾੜੀ ਨਾਲ ਸਬੰਧਤ ਸਾਰੇ ਫੈਸਲੇ ਪੰਜਾਬ ਅਤੇ ਕਿਸਾਨਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਲਏ ਜਾਣੇ ਚਾਹੀਦੇ ਹਨ। ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਤੌਰ 'ਤੇ ਗਰੰਟੀ ਹੋਣੀ ਚਾਹੀਦੀ ਹੈ।
- ਇੱਕ ਸਰਹੱਦੀ ਰਾਜ ਵਜੋਂ, ਪੰਜਾਬ ਨੂੰ ਇਸਦੇ ਸਰੋਤਾਂ, ਟੈਕਸਾਂ ਅਤੇ ਨੀਤੀਆਂ 'ਤੇ ਪੂਰਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ।
- ਕੇਂਦਰ ਸਰਕਾਰ ਨੂੰ ਰਾਜਾਂ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨ ਲਈ ਨਿਰਦੇਸ਼ ਦੇਣੇ ਚਾਹੀਦੇ ਹਨ। ਸੰਵਿਧਾਨ ਅਧੀਨ ਸਿੱਖਾਂ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਸਿੱਖ ਵਿਦਿਆਰਥੀਆਂ, ਜਿਨ੍ਹਾਂ ਵਿੱਚ ਕੱਕਾਰਾਂ ਵਾਲੇ ਵਿਦਿਆਰਥੀ ਵੀ ਸ਼ਾਮਲ ਹਨ, ਨੂੰ ਪ੍ਰੀਖਿਆ ਦੇਣ ਤੋਂ ਰੋਕਣ ਵਰਗੀਆਂ ਘਟਨਾਵਾਂ 'ਤੇ ਸਖ਼ਤੀ ਨਾਲ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

## ਲੇਖ ਭੇਜਣ ਵਾਲੇ ਲੇਖਕਾਂ ਨੂੰ ਜ਼ਰੂਰੀ ਬੇਨਤੀ

ਅਦਾਰਾ ਪੰਜਾਬ ਟਾਈਮਜ਼ ਵੱਲੋਂ ਆਪਣੇ ਲੇਖਕਾਂ, ਕਵੀਆਂ ਅਤੇ ਕਾਲਮ ਨਵੀਸਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਪੁਰਬਾਂ ਸਬੰਧੀ ਜਾਂ ਕਿਸੇ ਖਾਸ ਇਤਿਹਾਸਕ ਦਿਹਾੜਿਆਂ ਬਾਰੇ ਉਹ ਆਪਣੀਆਂ ਰਚਨਾਵਾਂ ਸਮੇਂ ਸਿਰ ਭੇਜਿਆ ਕਰਨ। ਕਿਉਂਕਿ ਪੰਜਾਬ ਟਾਈਮਜ਼ ਪਰਚਾ ਹਫ਼ਤਾਵਾਰ ਛਪਦਾ ਹੈ, ਬਹੁਤੇ ਲੇਖਕ ਕਿਸੇ ਖਾਸ ਇਤਿਹਾਸਕ ਦਿਹਾੜੇ ਜਾਂ ਗੁਰਪੁਰਬ ਦੇ ਸਬੰਧ ਵਿੱਚ ਜਦੋਂ ਆਪਣੀ ਰਚਨਾ ਭੇਜਦੇ ਹਨ, ਬੇਸ਼ੱਕ ਉਹਨਾਂ ਨੂੰ ਇੰਝ ਲਗਦਾ ਹੈ ਕਿ ਉਹਨਾਂ ਨੇ ਇੱਕ ਦੋ ਦਿਨ ਪਹਿਲਾਂ ਰਚਨਾ ਭੇਜ ਦਿੱਤੀ ਹੈ। ਅਸਲ ਵਿੱਚ ਵਾਪਰਦਾ ਇੰਝ ਹੈ ਪਰਚਾ ਹਰ ਬੁੱਧਵਾਰ ਨੂੰ ਛਪਦਾ ਹੈ ਤੇ ਤੁਹਾਡੀ ਰਚਨਾ ਛਪਣੋ ਰਹਿ ਜਾਂਦੀ ਹੈ। ਰਚਨਾ ਕਿਸੇ ਵੀ ਖਾਸ ਇਤਿਹਾਸਕ ਦਿਨ ਤੋਂ ਘੱਟੋ ਘੱਟ 2/3 ਹਫ਼ਤੇ ਪਹਿਲਾਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਦੇਰ ਨਾਲ ਮਿਲੀਆਂ ਰਚਨਾਵਾਂ ਛਾਪਣ ਤੋਂ ਅਸੀਂ ਅਸਮਰੱਥ ਹੁੰਦੇ ਹਾਂ। ਇਥੇ ਅਸੀਂ ਆਉਂਦੇ ਦਿਨਾਂ ਦੇ ਇਤਿਹਾਸਕ ਦਿਨਾਂ ਬਾਰੇ ਜਾਣਕਾਰੀ ਦੇ ਰਹੇ ਹਾਂ: ਤੁਸੀਂ ਇਹਨਾਂ ਸਬੰਧੀ ਰਚਨਾਵਾਂ, ਲੇਖ ਆਦਿ ਹੁਣੇ ਭੇਜ ਸਕਦੇ ਹੋ ਤਾਂ ਜੋ ਸਮੇਂ ਸਿਰ ਉਹਨਾਂ ਦੀ ਸੈਟਿੰਗ ਹੋ ਕੇ ਸਮੇਂ ਸਿਰ ਛਪ ਸਕਣ।

| | | | |
|---|---|---|---|
| ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 24-11-25 | ਸ਼ਹੀਦੀ ਵੱਡੇ ਸਾਹਿਬਜ਼ਾਦੇ | 21-12-25 |
| ਸ਼ਹੀਦੀ ਗੁਰੂ ਤੇਗ ਬਹਾਦਰ ਜੀ | 24-11-25 | ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) | 26-12-25 |
| ਸ਼ਹੀਦੀ ਸ: ਜਸਵੰਤ ਸਿੰਘ ਖਾਲੜਾ | 25-11-25 | ਜਨਮ ਦਿਨ ਸ਼ਹੀਦ ਊਧਮ ਸਿੰਘ | 26-12-25 |
| ਜਨਮ ਦਿਨ ਸਾਹਿਬਜ਼ਾਦਾ ਫਤਹਿ ਸਿੰਘ | 12-12-25 | ਪ੍ਰਕਾਸ਼ ਪੁਰਬ ਗੁਰੂ ਗੋਬਿੰਦ ਸਿੰਘ ਜੀ | 05-01-26 |

–ਸੰਪਾਦਕ / ਡਾਇਰੈਕਟਰ, ਪੰਜਾਬ ਟਾਈਮਜ਼, ਡਰਬੀ, ਯੂ ਕੇ

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਸਾਊਥਾਲ ਵਿੱਚ ਸ੍ਰੀ ਗੁਰੂ ਨਾਨਕ ਦੇ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ਾਲ ਨਗਰ ਕੀਰਤਨ ਸਜਾਇਆ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸਬੰਧ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਅਤੇ ਪੰਜ ਨਿਸ਼ਾਨਚੀ ਸਿੰਘ ਕਰ ਰਹੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁੰਦਰ ਪਾਲਕੀ ਵਿੱਚ ਸ਼ਸ਼ੋਬਤ ਸਨ, ਵਾਹਿਗੁਰੂ ਨਾਮ ਸਿਮਰਨ ਕਰਦੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਪੈਦਲ ਚੱਲ ਰਹੀਆਂ ਸਨ। ਨਗਰ ਕੀਰਤਨ ਦੀ ਆਰੰਭਤਾ ਗੁਰਦੁਆਰਾ ਪਾਰਕ ਐਵੇਨਿਊ ਗੁਰਦੁਆਰਾ ਸਾਹਿਬ ਤੋਂ ਸਵੇਰੇ 11:30 ਕੁ ਵਜੇ ਦੇ ਕਰੀਬ ਹੋਈ ਹੋਈ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਅਤੇ ਵਾਹਿਗੁਰੂ ਦਾ ਸਿਮਰਨ ਕਰਦਿਆਂ ਨਗਾਰਿਆਂ ਦੀ ਚੋਟ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁੰਦਰ ਪਾਲਕੀ ਵਿੱਚ ਸੁਸ਼ੋਬਿਤ ਹੋਏ, ਜਿਸ ਦੀ ਸੇਵਾ ਗੁਰੂ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਨਿਭਾਈ।***

ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਟਰੱਸਟੀ ਅਮਰਜੀਤ ਸਿੰਘ ਦਾਸਨ ਅਤੇ ਸ: ਦੀਦਾਰ ਸਿੰਘ ਰੰਧਾਵਾ ਨੇ ਈਲਿੰਗ ਸਾਊਥਾਲ ਦੀ ਐਮ ਪੀ ਡੀਅਰਡਰੇ ਕੋਸੀਗਨ ਅਤੇ ਹੇਜ਼ ਹਾਲਿੰਗਡਨ ਦੇ ਐਮ ਪੀ ਜੌਹਨ ਮੈਕਡਾਨਲਡ ਦਾ ਸਨਮਾਨ ਕੀਤਾ। ਉਕਤ ਦੋਵਾਂ ਸਖਸ਼ੀਅਤਾਂ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ ਨੇ ਸੰਗਤਾਂ ਨੂੰ ਵਧਾਈ ਪੇਸ਼ ਕਰਦਿਆਂ ਨਗਰ ਕੀਰਤਨ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਸਟੇਜ ਦੀ ਕਾਰਵਾਈ ਮਨਜੀਤ ਸਿੰਘ ਨੇ ਨਿਭਾਈ।

ਨਗਰ ਕੀਰਤਨ ਪਾਰਕ ਐਵੇਨਿਊ, ਬਰਾਡਵੇਅ, ਸਾਊਥ ਰੋਡ, ਕਿੰਗ ਸਟਰੀਟ ਆਦਿ ਤੋਂ ਹੁੰਦਾ ਹੋਇਆ ਗੁਰੂ ਨਾਨਕ ਰੋਡ ਗੁਰਦੁਆਰਾ ਵਿਖੇ ਸ਼ਾਮੀ 5:30 ਕੁ ਵਜੇ ਸਮਾਪਤ ਹੋਇਆ।

ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਲੋੜ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ ਹੈ ਅਤੇ ਵਿਸ਼ਵ ਭਰ ਵਿੱਚ ਉਹਨਾਂ ਦੇ ਸੰਦੇਸ਼ ਨੂੰ ਪ੍ਰਚਾਰਨ ਦੀ ਲੋੜ ਹੈ। ਗੱਤਕਾ ਅਖਾੜੇ ਦੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਵਿਖਾਏ। ਖਾਲਸਾਈ ਰੰਗ ਰੰਗੇ ਸਾਊਥਾਲ ਵਿੱਚ ਅੱਜ ਹਰ ਪਾਸੇ ਪੰਜਾਬ ਵਰਗਾ ਮਾਹੌਲ ਬਣਿਆ ਹੋਇਆ ਸੀ।



ਸਾਊਥਾਲ ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ, ਸ: ਸਰਬਜੀਤ ਸਿੰਘ ਸਾਬੀ ਬਸਰਾ ਅਤੇ ਸ: ਗੁਰਮੇਲ ਸਿੰਘ ਬਸਰਾ ਸਨਮਾਨ ਕਰਦੇ ਹੋਏ, ਐਮ ਪੀ ਡੀਅਰਡਰੇ ਕੋਸੀਗਨ ਅਤੇ ਐਮ ਪੀ ਜੌਹਨ ਮੈਕਡਾਨਲਡ ਦਾ ਸਨਮਾਨ ਕਰਦੇ ਪ੍ਰਬੰਧਕ ਅਤੇ ਹੋਰ ਸੰਗਤਾਂ

ਭਾਵੇਂ ਕਿ ਨਗਰ ਕੀਰਤਨ ਦਾ ਰਸਤਾ ਬਦਲਿਆ ਹੋਣ ਕਰਕੇ ਸੰਗਤਾਂ ਵਿੱਚ ਕਾਫੀ ਦੁਬਿਦਾ ਵੇਖਣ ਨੂੰ ਮਿਲੀ ਪਰ ਫਿਰ ਵੀ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਲੰਗਰਾਂ ਦੇ ਪਕਵਾਨ ਨੂੰ ਲੈ ਕੇ ਕੌਂਸਲ ਦੀ ਪੂਰੀ ਸਖ਼ਤੀ ਰਹੀ, ਪਰ ਸੇਵਾਦਾਰਾਂ ਨੇ ਸਖ਼ਤ ਮੇਹਨਤ ਕਰਕੇ ਸੰਗਤਾਂ ਲਈ ਲੰਗਰ ਲਗਾਏ। ਸਥਾਨਿਕ ਘਰਾਂ ਅਤੇ ਹੋਰ ਕਾਰੋਬਾਰੀਆਂ ਨੇ ਪੂਰਾ ਸਹਿਯੋਗ ਦਿੱਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਮੇਲ ਸਿੰਘ ਮੱਲ੍ਹੀ, ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ, ਕੇਵਲ ਸਿੰਘ ਰਣਦੇਵਾ, ਸ਼ਰਨਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਢੱਟ, ਜੈਸਿਮਰਨ ਸਿੰਘ, ਮਨਜੀਤ ਸਿੰਘ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਕਿਰਨਜੀਤ ਕੌਰ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ, ਅਮਰਜੀਤ ਸਿੰਘ ਦਾਸਨ, ਦੀਦਾਰ ਸਿੰਘ ਰੰਧਾਵਾ, ਐਪ ਪੀ ਡੀਅਰਡਰੇ ਕੋਸਟੀਗਨ, ਐਮ ਪੀ ਜੌਹਨ ਮੈਕਡਾਨਲਡ, ਬਲਜੀਤ ਸਿੰਘ ਮੱਲ੍ਹੀ, ਬਲਬੀਰ ਸਿੰਘ ਰਣੀਆ, ਹਿੰਮਤ ਸਿੰਘ ਸੋਹੀ, ਜਗਰਾਜ ਸਿੰਘ ਸਰਾਂ, ਰਾਮ ਮੰਦਰ ਦੇ ਪ੍ਰਬੰਧਕਾਂ ਆਦਿ ਸਮੇਤ ਹੋਰ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ।

ਸ: ਸਰਬਜੀਤ ਸਿੰਘ ਸਾਬੀ ਬਸਰਾ ਅਤੇ ਸ: ਗੁਰਮੇਲ ਸਿੰਘ ਬਸਰਾ ਨੇ ਨਿਸ਼ਾਨਚੀ ਸਿੰਘਾਂ ਅਤੇ ਪੰਜ ਪਿਆਰਿਆਂ ਦਾ ਵਿਸ਼ੇਸ਼ ਸਨਮਾਨ ਕੀਤਾ। ਸੀਪਾ ਚਕਰ ਅਤੇ ਉਹਨਾਂ ਦੀ ਟੀਮ ਨੇ ਲੰਗਰ ਲਗਾਏ। ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਅਤੇ ਪਿੰਗਲਵਾੜਾ ਸੁਸਾਇਟੀ ਯੂ ਕੇ ਵੱਲੋਂ ਕਿਤਾਬਾਂ ਦੇ ਲੰਗਰ ਲਾਏ ਗਏ। ਇਸ ਮੌਕੇ ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਆਤਮਾ ਰਾਮ ਢਾਂਡਾ, ਰਾਮ ਮੰਦਰ ਪ੍ਰਬੰਧਕ ਕਮੇਟੀ, ਬਿੱਲਾ ਗਿੱਲ ਦੀਨੇਵਾਲੀਆ, ਸੁੱਖਾ ਸਿੰਘ, ਬਲਜਿੰਦਰ ਸਿੰਘ ਜੈਨਪੁਰੀਆ, ਜਸਪਾਲ ਸਿੰਘ ਥਿੰਦ, ਪ੍ਰਤਾਪ ਸਿੰਘ ਮੋਮੀ, ਰਣਜੀਤ ਸਿੰਘ ਵੜੈਚ, ਸੁਖਦੇਵ ਸਿੰਘ ਔਜਲਾ, ਮਨਜੀਤ ਸਿੰਘ ਬੁਟਰ, ਜਗਰਾਜ ਸਿੰਘ ਸਰਾਂ ਆਦਿ ਹਾਜ਼ਰ ਸਨ।

# ਬ੍ਰਮਿੰਘਮ ਵਿਖੇ ਨਵੰਬਰ 1984 ਨਸਲਕੁਸ਼ੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ, ਓਕਲੈਂਡ ਰੋਡ, ਹੈਂਡਸਵਰਥ, ਬ੍ਰਮਿੰਘਮ, ਯੂ.ਕੇ ਵਿਖੇ ਗੁਰਦੁਆਰਾ ਸਾਹਿਬ ਦੇ ਟਰੱਸਟੀ ਸ. ਹਰਦੀਪ ਸਿੰਘ ਅਤੇ ਸ. ਮਨਿੰਦਰ ਸਿੰਘ ਦੀ ਅਗਵਾਈ ਵਿਚ ਨਵੰਬਰ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਬ੍ਰਮਿੰਘਮ ਅਤੇ ਆਲੇ ਦੁਆਲੇ ਦੇ ਖੇਤਰਾਂ ਦੀ ਸਿੱਖ ਸੰਗਤ ਨੇ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿਚ ਨਵੰਬਰ 1984 ਵਿਚ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਉਸ ਸਮੇਂ ਦੀ ਕਾਂਗਰਸ ਹਕੂਮਤ ਵੱਲੋ ਮਾਰੇ ਹਜ਼ਾਰਾਂ ਹੀ ਨਿਰਦੋਸ਼ ਸਿੱਖ, ਬੱਚੇ, ਬਜ਼ੁਰਗ ਅਤੇ ਔਰਤਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਅਰਦਾਸ ਕੀਤੀ। ਇਸ ਮੌਕੇ ਸੰਗਤਾਂ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਵਿਖੇ ਚੁਪਹਿਰਾ ਸਾਹਿਬ ਵਿਚ ਗੁਰਬਾਣੀ ਦੇ ਪਾਠ ਕੀਤੇ ਗਏ। ਸਮਾਗਮ ਦੀ ਸਮਾਪਤੀ ਸਮੇਂ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਲਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਅਤੇ ਗ੍ਰੰਥੀ ਭਾਈ ਜਤਿੰਦਰ ਸਿੰਘ ਪਟਿਆਲਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦਾ ਸਨਮਾਨ ਕਰਦੇ ਪ੍ਰਬੰਧਕ

# ਪੰਜਾਬ ਯੂਨੀਵਰਸਿਟੀ ਦਾ ਗੈਰ-ਲੋਕਤੰਤਰੀਕਰਨ: ਕੇਂਦਰ ਦਾ ਕਬਜ਼ਾ ਜਾਂ ਪ੍ਰਸ਼ਾਸਨਿਕ ਸੁਧਾਰ ?


## ✪ ਸੈਨੇਟ ਤੇ ਸਿੰਡੀਕੇਟ ਭੰਗ: ਪੰਜਾਬ ਨਾਲ ਬੇਇਨਸਾਫ਼ੀ ਦਾ ਨਵਾਂ ਅਧਿਆਏ ✪ ਸਿਆਸੀ ਧਿਰਾਂ ਤੇ ਵਿਦਿਆਰਥੀਆਂ ਵਿਚ ਸਖਤ ਰੋਸ ✪ ਪੰਜਾਬ ਸਰਕਾਰ ਹਾਈ ਕੋਰਟ ਤੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਏਗੀ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬੀਆਂ ਲਈ ਸਿਰਫ਼ ਇੱਕ ਵਿੱਦਿਅਕ ਅਦਾਰਾ ਨਹੀਂ, ਬਲਕਿ ਇੱਕ ਵਿਰਾਸਤ ਹੈ। 1882 ਵਿੱਚ ਲਾਹੌਰ ਵਿੱਚ ਸਥਾਪਿਤ ਹੋਈ ਇਹ ਯੂਨੀਵਰਸਿਟੀ 1947 ਦੀ ਵੰਡ ਤੋਂ ਬਾਅਦ ਚੰਡੀਗੜ੍ਹ ਵਿੱਚ ਮੁੜ ਸਥਾਪਿਤ ਹੋਈ। 1966 ਵਿੱਚ ਪੰਜਾਬ ਦੇ ਪੁਨਰਗਠਨ ਸਮੇਂ ਇਹ ਪੰਜਾਬ ਤੇ ਹਰਿਆਣੇ ਵਿੱਚ ਵੰਡੀ ਗਈ, ਪਰ ਹਰਿਆਣੇ ਨੇ ਇਸ ਯੂਨੀਵਰਸਿਟੀ ਤੋਂ ਆਪਣੇ ਕਾਲਜਾਂ ਨੂੰ ਅਲਗ ਕਰ ਲਿਆ। ਇਸ ਦੀ ਲੋਕਤੰਤਰਿਕ ਵਿਵਸਥਾ - ਸੈਨੇਟ ਤੇ ਸਿੰਡੀਕੇਟ ਦੀ ਚੋਣ - ਇਸ ਨੂੰ ਮੁਲਕ ਦਾ ਇੱਕੋ-ਇੱਕ ਅਜਿਹਾ ਅਦਾਰਾ ਬਣਾਉਂਦੀ ਰਹੀ ਜਿੱਥੇ ਗ੍ਰੈਜੂਏਟ ਵੋਟਰਾਂ ਤੋਂ ਲੈ ਕੇ ਅਧਿਆਪਕਾਂ ਤੱਕ ਸਭ ਨੂੰ ਨੁਮਾਇੰਦਗੀ ਮਿਲਦੀ ਸੀ। ਪਰ 28 ਅਕਤੂਬਰ 2025 ਨੂੰ ਜਾਰੀ ਨੋਟੀਫਿਕੇਸ਼ਨ ਨਾਲ ਕੇਂਦਰ ਸਰਕਾਰ ਨੇ ਇਸ 59 ਸਾਲ ਪੁਰਾਣੀ ਵਿਵਸਥਾ ਨੂੰ ਢਾਹ ਲਗਾ ਦਿੱਤੀ। ਪੰਜਾਬ ਦਿਵਸ ਤੇ ਪੰਜਾਬੀਆਂ ਨੂੰ ਮਿਲਿਆ ਇਹ ਅਜੀਬ 'ਤੋਹਫ਼ਾ' ਜੋ ਨਾ ਸਿਰਫ਼ ਯੂਨੀਵਰਸਿਟੀ ਦੇ ਲੋਕਤੰਤਰ ਨੂੰ ਖ਼ਤਮ ਕਰਦਾ ਹੈ, ਬਲਕਿ ਪੰਜਾਬ ਦੇ ਹੱਕਾਂ ਉਪਰ ਵੀ ਕੇਂਦਰ ਦਾ ਛਾਪਾ ਹੈ।

ਪੰਜਾਬ ਯੂਨੀਵਰਸਿਟੀ ਦੀ ਸੈਨੇਟ 91 ਮੈਂਬਰਾਂ ਦੀ ਹੁੰਦੀ ਸੀ, ਜਿਸ ਵਿੱਚ ਗ੍ਰੈਜੂਏਟ ਵੋਟਰਾਂ, ਅਧਿਆਪਕਾਂ, ਪ੍ਰਿੰਸੀਪਲਾਂ ਤੇ ਨਾਮਜ਼ਦ ਮੈਂਬਰਾਂ ਦੀ ਚੋਣ ਲੋਕਤੰਤਰਿਕ ਢੰਗ ਨਾਲ ਹੁੰਦੀ ਸੀ। ਸਿੰਡੀਕੇਟ 15 ਮੈਂਬਰਾਂ ਦੀ ਹੁੰਦੀ ਸੀ, ਜੋ ਨੀਤੀਆਂ, ਬਜਟ ਤੇ ਅਕਾਦਮਿਕ ਫ਼ੈਸਲੇ ਲੈਂਦੀ ਸੀ। ਇਹ ਵਿਵਸਥਾ ਪੰਜਾਬ ਯੂਨੀਵਰਸਿਟੀ ਐਕਟ 1947 ਤਹਿਤ ਸੀ, ਜਿਸ ਨੂੰ ਪੰਜਾਬ ਪੁਨਰਗਠਨ ਐਕਟ ਨੇ ਵੀ ਮਾਨਤਾ ਦਿੱਤੀ ਸੀ। ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੇ ਡੀ.ਪੀ.ਆਈ. ਵਰਗੇ ਅਧਿਕਾਰੀ ਵੀ ਸ਼ਾਮਲ ਹੁੰਦੇ ਸਨ। ਇਹ ਨਾ ਸਿਰਫ਼ ਪ੍ਰਸ਼ਾਸਨ ਨੂੰ ਪਾਰਦਰਸ਼ੀ ਬਣਾਉਂਦੀ ਸੀ, ਬਲਕਿ ਪੰਜਾਬੀ ਨੁਮਾਇੰਦਗੀ ਨੂੰ ਮਜ਼ਬੂਤ ਕਰਦੀ ਸੀ। ਪੰਜਾਬ ਸਰਕਾਰ ਯੂਨੀਵਰਸਿਟੀ ਦੇ ਬਜਟ ਦਾ 40 ਫੀਸਦੀ ਹਿੱਸਾ ਦਿੰਦੀ ਹੈ, ਫਿਰ ਵੀ ਇਸ ਦਾ ਪ੍ਰਬੰਧਨ ਲੋਕਤਾਂਤਰਿਕ ਸੀ।

ਹੁਣ ਸੈਨੇਟ ਮੈਂਬਰਾਂ ਦੀ ਗਿਣਤੀ 90 ਤੋਂ ਘਟ ਕੇ 31 ਰਹਿ ਗਈ ਹੈ - 18 ਚੁਣੇ ਹੋਏ, 6 ਨਾਮਜ਼ਦ ਤੇ 7 ਐਕਸ-ਆਫਿਸੀਓ। ਐਕਸ-ਆਫਿਸੀਓ ਦਾ ਮਤਲਬ ਉਹ ਲੋਕ ਆਪਣੇ ਅਹੁਦੇ ਕਾਰਨ ਹੀ ਸੈਨੇਟ ਜਾਂ ਬੋਰਡ ਦੇ ਮੈਂਬਰ ਹਨ। ਉਨ੍ਹਾਂ ਨੂੰ ਚੋਣ ਨਹੀਂ ਲੜਨੀ ਪੈਂਦੀ।

ਨਾ ਹੀ ਵੱਖਰੇ ਤੌਰ ਤੇ ਨਾਮਜ਼ਦ ਕੀਤਾ ਜਾਂਦਾ। ਜਦੋਂ ਤੱਕ ਉਹ ਆਪਣੇ ਪਦ ਤੇ ਹਨ, ਉਹ ਆਪਣੇ-ਆਪ ਮੈਂਬਰ ਰਹਿੰਦੇ ਹਨ ਚੰਡੀਗੜ੍ਹ ਦਾ ਐਮ.ਪੀ., ਮੁੱਖ ਸਕੱਤਰ, ਸਿੱਖਿਆ ਸਕੱਤਰ ਤੇ ਪੰਜਾਬ ਦੇ ਸੀਨੀਅਰ ਅਧਿਕਾਰੀ ਐਕਸ-ਆਫਿਸੀਓ ਬਣ ਗਏ ਹਨ। ਆਮ ਫੈਲੋ ਵਰਗ ਦੀ ਗਿਣਤੀ ਵੱਧ ਤੋਂ ਵੱਧ 24 ਕਰ ਦਿੱਤੀ ਗਈ, ਜਿਸ ਵਿੱਚ ਐਲੂਮਨੀ, ਪ੍ਰੋਫੈਸਰ, ਪ੍ਰਿੰਸੀਪਲ ਤੇ ਅਧਿਆਪਕ ਸ਼ਾਮਲ ਹਨ, ਪਰ ਬਾਕੀ ਚਾਂਸਲਰ ਵੱਲੋਂ ਨਾਮਜ਼ਦ। ਸਿੰਡੀਕੇਟ



'ਚ ਉਪਰਾਸ਼ਟਰਪਤੀ ਚੇਅਰਪਰਸਨ ਹੋਣਗੇ, ਕੇਂਦਰੀ ਸਿੱਖਿਆ ਸਕੱਤਰ, ਪੰਜਾਬ-ਚੰਡੀਗੜ੍ਹ ਦੇ ਡਾਇਰੈਕਟਰੇਟ, ਚਾਂਸਲਰ ਵੱਲੋਂ ਨਾਮਜ਼ਦ ਮੈਂਬਰ ਤੇ ਵਾਈਸ ਚਾਂਸਲਰ ਵੱਲੋਂ 10 ਨਾਮਜ਼ਦ ਮੈਂਬਰ। ਪਹਿਲਾਂ ਵਰਗੇ ਚੁਣੇ ਹੋਏ ਫੈਕਲਟੀ ਮੈਂਬਰ ਨਹੀਂ ਰਹੇ। ਯੂਨੀਵਰਸਿਟੀ ਦਾ ਸੰਚਾਲਨ ਹੁਣ ਬੋਰਡ ਆਫ਼ ਗਵਰਨਰਜ਼ ਕਰੇਗਾ, ਜਿਸ ਦੀ ਪ੍ਰਧਾਨਗੀ ਵਾਈਸ ਚਾਂਸਲਰ ਕਰਨਗੇ ਤੇ ਕੇਂਦਰ, ਯੂ.ਜੀ.ਸੀ. ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਨੁਮਾਇੰਦੇ ਸ਼ਾਮਲ ਹੋਣਗੇ। ਇਹ ਬਦਲਾਅ 5 ਨਵੰਬਰ 2025 ਤੋਂ ਲਾਗੂ ਹੋ ਗਿਆ।

ਕੇਂਦਰ ਦਾ ਤਰਕ ਹੈ ਕਿ ਚੋਣਾਂ ਟਲਦੀਆਂ ਰਹੀਆਂ, ਸਿਆਸੀ ਦਖਲਅੰਦਾਜ਼ੀ ਵਧੀ ਤੇ ਪ੍ਰਬੰਧਨ ਵਿੱਚ ਦੇਰੀ ਹੋਈ। ਸੈਨੇਟ ਦਾ ਕਾਰਜਕਾਲ 31 ਅਕਤੂਬਰ 2024 ਨੂੰ ਖ਼ਤਮ ਹੋ ਗਿਆ ਸੀ, ਤੇ ਇੱਕ ਸਾਲ ਤੋਂ ਚੋਣਾਂ ਬਕਾਇਆ ਸਨ। ਚਾਂਸਲਰ (ਉਪ ਰਾਸ਼ਟਰਪਤੀ) ਨੇ ਪ੍ਰਵਾਨਗੀ ਨਹੀਂ ਦਿੱਤੀ। ਇਸ ਲਈ ਆਰਜ਼ੀ ਤੌਰ ਤੇ ਵਾਈਸ ਚਾਂਸਲਰ ਨੂੰ ਸੱਤਾ ਦਿੱਤੀ ਗਈ। ਕੇਂਦਰ ਕਹਿੰਦਾ ਹੈ ਇਹ ਪਾਰਦਰਸ਼ਤਾ ਲਈ ਰਾਸ਼ਟਰੀ ਯੂਨੀਵਰਸਿਟੀਆਂ ਵਰਗਾ ਢਾਂਚਾ ਹੈ।

ਪੰਜਾਬ ਵਿੱਚ ਇਸ ਫ਼ੈਸਲੇ ਨੂੰ ਲੈ ਕੇ ਸਿਆਸੀ ਉਬਾਲ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਜਾਬ ਨਾਲ ਬੇਇਨਸਾਫ਼ੀ ਕਿਹਾ। ਉਹ ਕਹਿੰਦੇ ਹਨ, "ਇਹ ਤਾਨਾਸ਼ਾਹੀ ਹੈ, ਸੰਘੀ ਢਾਂਚੇ ਤੇ ਪੰਜਾਬ ਪੁਨਰਗਠਨ ਐਕਟ ਦੀ ਉਲੰਘਣਾ। ਪੰਜਾਬ ਦੇ ਹੱਕ ਖ਼ਤਮ ਕਰਨ ਦੀ ਚਾਲ ਹੈ।" ਉਨ੍ਹਾਂ ਨੇ ਆਮ ਆਦਮੀ ਪਾਰਟੀ ਸਰਕਾਰ ਨੂੰ ਵੀ ਸਵਾਲ ਕੀਤਾ - ਚੰਡੀਗੜ੍ਹ, ਦਰਿਆਈ ਪਾਣੀ ਤੇ ਭਾਖੜਾ ਵਰਗੇ ਮਸਲਿਆਂ ਤੇ ਪੰਜਾਬ ਵਿਰੁੱਧ ਕੇਂਦਰ ਦੀਆਂ ਨੀਤੀਆਂ ਉਪਰ ਸੂਬਾ ਸਰਕਾਰ ਚੁੱਪ ਕਿਉਂ ਹੈ?

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਨੂੰ 'ਭਗਵਾਂਕਰਨ' ਕਿਹਾ। ਆਮ ਆਦਮੀ ਪਾਰਟੀ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਨੂੰ ਪੰਜਾਬ ਤੋਂ ਵਿਰਾਸਤ ਖੋਹਣ ਦੀ 'ਖ਼ਤਰਨਾਕ ਸਾਜ਼ਿਸ਼' ਕਿਹਾ। ਏ.ਏ.ਪੀ. ਐਮ.ਪੀ. ਮਲਵਿੰਦਰ ਸਿੰਘ ਕੰਗ ਨੇ ਗੈਰ-ਸੰਵਿਧਾਨਕ ਦੱਸਿਆ, "ਪੰਜਾਬ ਵਿਧਾਨ ਸਭਾ ਐਕਟ ਤਹਿਤ ਸੈਨੇਟ, ਨੋਟੀਫਿਕੇਸ਼ਨ ਨਾਲ ਰੱਦ ਨਹੀਂ ਹੋ ਸਕਦੀ। ਗ੍ਰੈਜੂਏਟ ਕਾਂਸਟੀਚੂਐਂਸੀ ਖ਼ਤਮ।"

ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨੇ ਫੈਡਰਲ ਢਾਂਚੇ ਦਾ ਅਪਮਾਨ ਕਿਹਾ। ਬੁੱਧੀਜੀਵੀਆਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ। ਸਾਬਕਾ ਸੈਨੇਟ ਮੈਂਬਰ ਡਾਕਟਰ ਰਵਿੰਦਰ ਧਾਲੀਵਾਲ ਨੇ ਵਾਈਸ ਚਾਂਸਲਰ ਦਫ਼ਤਰ ਅੱਗੇ ਧਰਨਾ ਐਲਾਨਿਆ। ਵਿਦਿਆਰਥੀਆਂ ਵਲੋਂ ਯੂਨੀਵਰਸਿਟੀ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ।

ਕੇਂਦਰ ਦੀ ਲੰਮੇ ਸਮੇਂ ਦੀ ਚਾਲ: ਪੰਜਾਬ ਨੂੰ ਖੋਹਣ ਦੀ ਕੋਸ਼ਿਸ਼-ਇਹ ਨਵੀਂ ਗੱਲ ਨਹੀਂ। ਪਿਛਲੇ ਸਾਲਾਂ ਤੋਂ ਚੋਣਾਂ ਟਲਦੀਆਂ ਰਹੀਆਂ। ਯੂਨੀਵਰਸਿਟੀ ਨੇ 4 ਵਾਰ ਚੋਣ ਪ੍ਰੋਗਰਾਮ ਚਾਂਸਲਰ ਨੂੰ ਭੇਜਿਆ, ਪਰ ਪ੍ਰਵਾਨਗੀ ਨਹੀਂ ਮਿਲੀ। ਨਵੇਂ ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਤੁਰੰਤ ਦਸਤਖ਼ਤ ਕੀਤੇ। 2022 ਵਿੱਚ ਇੱਕ ਕਮੇਟੀ ਬਣੀ - ਵਾਈਸ ਚਾਂਸਲਰ, ਬਠਿੰਡਾ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਸਤਪਾਲ ਜੈਨ ਵਰਗੇ - ਜਿਸ ਨੇ ਰਿਪੋਰਟ ਦਿੱਤੀ, ਪਰ ਵਿਰੋਧ ਕਾਰਨ ਰੁਕੀ।

ਦੋ ਦਹਾਕੇ ਪਹਿਲਾਂ ਕੇਂਦਰੀ ਯੂਨੀਵਰਸਿਟੀ ਦਾ ਦਰਜਾ ਦੇਣ ਦੀ ਮੰਗ ਉਠੀ, ਪੰਜਾਬੀਆਂ ਨੇ ਵਿਰੋਧ ਕੀਤਾ। ਹਰਿਆਣੇ ਦੇ ਤਿੰਨ ਜ਼ਿਲ੍ਹਿਆਂ ਨੂੰ ਜੋੜਨ ਦੀ ਕੋਸ਼ਿਸ਼ ਹੋਈ, ਪਰ ਬੰਸੀ ਲਾਲ ਨੇ ਕਾਲਜ ਵੱਖ ਕਰ ਲਏ। ਸਾਬਕਾ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮਾਨ ਤੇ ਖੱਟਰ ਨੂੰ ਮਿਲਾਇਆ, ਪਰ ਨਾਕਾਮ। ਪੰਜਾਬ ਸਰਕਾਰ ਬਜਟ ਦਿੰਦੀ ਹੈ, ਫਿਰ ਵੀ ਪੰਜਾਬ ਨੂੰ ਮਨਫ਼ੀ ਕੀਤਾ ਜਾ ਰਿਹਾ।

ਕੀ ਇਹ ਸੁਧਾਰ ਜਾਂ ਕੇਂਦਰੀਕਰਨ ?-ਕੇਂਦਰ ਕਹਿੰਦਾ ਹੈ ਰਾਸ਼ਟਰੀ ਯੂਨੀਵਰਸਿਟੀਆਂ ਵਰਗਾ ਢਾਂਚਾ - ਜਿੱਥੇ ਬੋਰਡ ਆਫ਼ ਗਵਰਨਰਜ਼ ਹੁੰਦਾ ਹੈ। ਚੋਣਾਂ ਵਿੱਚ ਸਿਆਸੀ ਦਖਲ, ਦੇਰੀ ਤੇ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਸਨ। ਪਰ ਕੀ ਨਾਮਜ਼ਦਗੀ ਪਾਰਦਰਸ਼ੀ ਹੋਵੇਗੀ?

ਵਿਦਿਅਕ ਮਾਹਿਰ ਆਖਦੇ ਹਨ ਕਿ ਵਾਈਸ ਚਾਂਸਲਰ ਨੂੰ ਅਸੀਮ ਸੱਤਾ ਮਿਲਣ ਨਾਲ ਦੁਰਵਰਤੋਂ ਦਾ ਖ਼ਤਰਾ ਵਧੇਗਾ। ਪੰਜਾਬ ਦੀ ਨੁਮਾਇੰਦਗੀ ਘੱਟ ਜਾਵੇਗੀ। ਚੰਡੀਗੜ੍ਹ ਤੇ ਕੇਂਦਰ ਦੇ ਅਧਿਕਾਰੀਆਂ ਦਾ ਬੋਲਬਾਲਾ ਹੋਵੇਗਾ। ਇਹ ਫੈਡਰਲਿਜ਼ਮ ਦੀ ਉਲੰਘਣਾ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਹੈ, ਪਰ ਪੰਜਾਬ ਦੀ ਧਰਤੀ ਤੇ ਉਸਾਰੀ ਗਈ। ਇਸ ਨੂੰ ਕੇਂਦਰੀ ਬਣਾਉਣਾ ਪੰਜਾਬ ਨੂੰ ਬੇਗਾਨਾ ਬਣਾਉਣਾ ਹੈ। ਗ੍ਰੈਜੂਏਟ ਵੋਟਰਾਂ ਦੀ ਨੁਮਾਇੰਦਗੀ ਖ਼ਤਮ ਕਰਨ ਨਾਲ ਵਿਦਿਆਰਥੀਆਂ ਦੀ ਆਵਾਜ਼ ਦਬੇਗੀ। ਪਹਿਲਾਂ ਵਿਭਿੰਨ ਵਰਗਾਂ ਨੂੰ ਨੁਮਾਇੰਦਗੀ ਮਿਲਦੀ ਸੀ, ਹੁਣ ਨਾਮਜ਼ਦ ਮੈਂਬਰਾਂ ਨਾਲ ਸਿਆਸੀ ਪੱਖਪਾਤ ਵਧੇਗਾ। ਪੰਜਾਬੀਆਂ ਨੇ ਪਹਿਲਾਂ ਕੇਂਦਰੀ ਦਰਜੇ ਦਾ ਵਿਰੋਧ ਕੀਤਾ, ਹੁਣ ਵੱਡਾ ਵਿਰੋਧ ਹੋਣਾ ਚਾਹੀਦਾ। ਕੇਂਦਰ ਸਰਕਾਰ ਨੇ ਸੈਨੇਟ ਤੇ ਸਿੰਡੀਕੇਟ ਦਾ ਇਹ ਪੁਨਰਗਠਨ ਯੂਨੀਵਰਸਿਟੀ ਦੇ ਪ੍ਰਸ਼ਾਸਨ ਵਿਚ ਸੁਧਾਰ ਤੇ ਪਾਰਦਰਸ਼ਿਤਾ ਲਿਆਉਣ ਦੇ ਨਾਂਅ ਹੇਠ ਕੀਤਾ ਹੈ। ਇਸ ਦਾ ਅਸਲ ਮਕਸਦ ਯੂਨੀਵਰਸਿਟੀ ਵਿਚ ਪੰਜਾਬ ਦੀ ਨੁਮਾਇੰਦਗੀ ਘਟਾ ਕੇ ਯੂਨੀਵਰਸਿਟੀ ਦਾ ਕੰਟਰੋਲ ਆਪਣੇ ਹੱਥ ਲੈਣਾ ਹੈ ਤਾਂ ਜੋ ਹਰ ਅਕਾਦਮਿਕ ਤੇ ਪ੍ਰਸ਼ਾਸਨਿਕ ਪੱਖ ਤੋਂ ਕੇਂਦਰ ਆਪਣਾ ਏਜੰਡਾ ਲਾਗੂ ਕਰ ਸਕੇ ਅਤੇ ਚੰਡੀਗੜ੍ਹ ਤੋਂ ਪੰਜਾਬ ਨੂੰ ਪੱਕੇ ਤੌਰ 'ਤੇ ਬੇਦਖਲ ਕਰਨ ਦੇ ਅਮਲ ਨੂੰ ਇਸ ਢੰਗ ਨਾਲ ਹੋਰ ਅੱਗੇ ਵਧਾਇਆ ਜਾ ਸਕੇ। ਇਹ ਬਿਨਾਂ ਸ਼ੱਕ ਪੰਜਾਬ ਨਾਲ ਬਹੁਤ ਵੱਡਾ ਧੱਕਾ ਹੈ। ਪਰ ਇਸ ਲਈ ਪੰਜਾਬ ਦੀਆਂ ਸਰਕਾਰਾਂ ਵੀ ਜ਼ਿੰਮੇਵਾਰ ਹਨ। ਉਨ੍ਹਾਂ ਨੇ ਪਿਛਲੇ ਲੰਮੇ ਸਮੇਂ ਵਿਚ ਯੂਨੀਵਰਸਿਟੀ ਨੂੰ ਆਪਣੇ ਹਿੱਸੇ ਦੇ ਫੰਡ ਸਮੇਂ ਸਿਰ ਮੁਹੱਈਆ ਕਰਨ ਅਤੇ ਇਸ ਦੇ ਕੰਮਕਾਜ ਨੂੰ ਸੁਚਾਰੂ ਬਣਾਈ ਰੱਖਣ ਲਈ ਕੋਈ ਬਹੁਤੀ ਦਿਲਚਸਪੀ ਨਹੀਂ ਸੀ ਦਿਖਾਈ। ਭਾਜਪਾ ਦੀ ਕੇਂਦਰ ਸਰਕਾਰ ਦੀਆਂ ਪੰਜਾਬ ਪ੍ਰਤੀ ਵਿਤਕਰੇ ਵਾਲੀਆਂ ਕੁਝ ਪਿਛਲੀਆਂ ਨੀਤੀਆਂ ਕਾਰਨ ਰਾਜ ਦੇ ਲੋਕਾਂ ਵਿਚ ਪਹਿਲਾਂ ਹੀ ਰੋਸ ਪਾਇਆ ਜਾ ਰਿਹਾ ਹੈ। ਯੂਨੀਵਰਸਿਟੀ ਸੰਬੰਧੀ ਸਰਕਾਰ ਦੇ ਨਵੇਂ ਫ਼ੈਸਲੇ ਨਾਲ ਇਸ ਪੱਖੋਂ ਰੋਹ ਤੇ ਰੋਸ ਹੋਰ ਵਧੇਗਾ। ਸਿਆਸੀ ਪਾਰਟੀਆਂ ਨੂੰ ਇਕੱਠੇ ਹੋਣਾ ਚਾਹੀਦਾ - ਆਪ, ਕਾਂਗਰਸ, ਅਕਾਲੀ, ਸਭ ਨੂੰ। ਅਦਾਲਤ ਵਿੱਚ ਜਾਣਾ ਚਾਹੀਦਾ, ਧਰਨੇ, ਪ੍ਰਦਰਸ਼ਨ ਕਰਨੇ ਚਾਹੀਦੇ ਹਨ। ਪੰਜਾਬ ਵਿਧਾਨ ਸਭਾ ਵਿੱਚ ਕੇਂਦਰ ਦੇ ਇਸ ਫੈਸਲੇ ਵਿਰੁੱਧ ਮਤਾ ਪਾਸ ਕਰੇ। ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਇਕਠੇ ਕਰੋ। ਪੰਜਾਬ ਯੂਨੀਵਰਸਿਟੀ ਪੰਜਾਬ ਦੀ ਸ਼ਾਨ ਹੈ। ਇਸ ਨੂੰ ਖੋਹਣ ਨਹੀਂ ਦੇਣਾ। ਜੇ ਅੱਜ ਚੁੱਪ ਰਹੇ ਤਾਂ ਕੱਲ੍ਹ ਚੰਡੀਗੜ੍ਹ, ਪਾਣੀ ਤੇ ਹੋਰ ਹੱਕ ਖੁੱਸ ਜਾਣਗੇ। ਇਹ ਲੜਾਈ ਸਿਰਫ਼ ਯੂਨੀਵਰਸਿਟੀ ਦੀ ਨਹੀਂ, ਪੰਜਾਬ ਦੀ ਹੋਂਦ ਦੀ ਹੈ।

## ਅਦਾਲਤ ਦਾ ਦਰਵਾਜ਼ਾ ਖੜਕਾਏਗੀ ਪੰਜਾਬ ਸਰਕਾਰ

ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਭੰਗ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨੋਟੀਫਿਕੇਸ਼ਨ ਨਾਲ ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਮੁੜ ਤੋਂ ਸਾਹਮਣੇ ਆ ਗਿਆ ਹੈ। ਸ੍ਰੀ ਮਾਨ ਨੇ ਪੰਜਾਬ ਅਤੇ ਦੇਸ਼ ਵਾਸੀਆਂ ਦੇ ਨਾਮ ਵੀਡੀਓ ਸੁਨੇਹਾ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰ ਕੇ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਸਬੰਧੀ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਗੈਰ-ਸੰਵਿਧਾਨਕ ਹੈ, ਜਿਸ ਵਿਰੁੱਧ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਤੇ ਸੁਪਰੀਮ ਕੋਰਟ ਤੱਕ ਦਾ ਦਰਵਾਜ਼ਾ ਖੜਕਾਇਆ ਜਾਵੇਗਾ। ਪੰਜਾਬ ਸਰਕਾਰ ਇਸ ਮਾਮਲੇ ਸਬੰਧੀ ਕਾਨੂੰਨੀ ਮਾਹਿਰਾਂ ਨਾਲ ਚਰਚਾ ਕਰ ਰਹੀ ਹੈ ਉਨ੍ਹਾਂ ਕਿਹਾ ਕਿ ਦੇਸ਼ ਦੀ ਲੋਕ ਸਭਾ ਅਤੇ ਕਿਸੇ ਵੀ ਸੂਬੇ ਦੀ ਵਿਧਾਨ ਸਭਾ ਵੱਲੋਂ ਬਣਾਏ ਗਏ ਐਕਟ ਨੂੰ ਇੱਕ ਨੋਟੀਫਿਕੇਸ਼ਨ ਰਾਹੀਂ ਰੱਦ ਨਹੀਂ ਕੀਤਾ ਜਾ ਸਕਦਾ, ਪਰ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੇ ਮਾਮਲੇ ਵਿੱਚ ਅਜਿਹੀ ਧੱਕੇਸ਼ਾਹੀ ਕੀਤੀ ਹੈ।

## ਛਪਦੇ ਛਪਦੇ

**ਬੁੱਧਵਾਰ ਨੂੰ ਸਿਆਸੀ ਧਿਰਾਂ ਤੇ ਵਿਦਿਆਰਥੀਆਂ ਦੇ ਵਿਰੋਧ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਸੈਨੇਟ ਭੰਗ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ ਤੇ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਹੈ।**


# ਪੁਲਿਸ ਨੇ ਨਸ਼ਿਆਂ ਦੀ ਸਮਗਲਿੰਗ ਵਿਚ ਸ਼ਾਮਿਲ ਪਰਿਵਾਰ ਦੀ ਜਾਇਦਾਦ ਢਾਹੀ

## ✪ ਪੂਰੇ ਪਰਿਵਾਰ 'ਤੇ ਲੱਗਭੱਗ ਡੇਢ ਦਰਜਨ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਦੋਸ਼



ਅੰਮ੍ਰਿਤਸਰ-ਕਮਿਸ਼ਨਰੇਟ ਅੰਮ੍ਰਿਤਸਰ ਪੁਲਿਸ ਨੇ ਨਸ਼ੇ ਦੀ ਕਮਾਈ ਨਾਲ ਹਾਸਲ ਕੀਤੀ ਗਈ ਅਤੇ ਗੈਰ-ਕਾਨੂੰਨੀ ਢੰਗ ਨਾਲ ਬਣਾਈ ਗਈ ਜਾਇਦਾਦ ਵਿਰੁੱਧ ਕਾਰਵਾਈ ਕੀਤੀ ਹੈ। ਸੀਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਕਾਰਵਾਈ ਨਗਰ ਨਿਗਮ ਟੀਮ ਦੇ ਸਹਿਯੋਗ ਨਾਲ ਕੀਤੀ ਗਈ ਹੈ। ਪੂਰੇ ਪਰਿਵਾਰ 'ਤੇ ਲੱਗਭੱਗ ਡੇਢ ਦਰਜਨ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹੋਰ ਅਪਰਾਧਾਂ ਦਾ ਦੋਸ਼ ਹੈ। ਸੀਪੀ ਨੇ ਦੱਸਿਆ ਕਿ ਇਹ ਕਾਰਵਾਈ ਛੇਹਰਟਾ ਦੇ ਠੱਠੀ ਮੁਹੱਲਾ ਵਿੱਚ ਕੀਤੀ ਗਈ ਸੀ। ਇਸ ਜਾਇਦਾਦ ਵਿਚ ਰਹਿਣ ਵਾਲੇ ਰਾਜਿੰਦਰ ਸਿੰਘ ਵਿਰੁੱਧ ਨਸ਼ਾ ਤਸਕਰੀ ਦੇ ਦਸ ਮਾਮਲੇ ਦਰਜ ਹਨ। ਉਸ ਦੀ ਪਤਨੀ ਸੁਨੀਤਾ ਵਿਰੁੱਧ ਦੋ, ਉਸ ਦੀ ਧੀ ਸਪਨਾ ਵਿਰੁੱਧ ਦੋ ਅਤੇ ਉਸ ਦੇ ਪੁੱਤਰ ਵਿਰੁੱਧ ਪ੍ਰੀਵੈਂਟਿਵ ਐਕਸ਼ਨ ਦੇ ਚਾਰ ਮਾਮਲੇ ਦਰਜ ਹਨ। ਸੀਪੀ ਨੇ ਦੱਸਿਆ ਕਿ ਇਹ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਵਿਚ ਪੁਲਿਸ ਵੱਲੋਂ ਕੀਤੀ ਗਈ 16ਵੀਂ ਕਾਰਵਾਈ ਹੈ। ਸੀਪੀ ਨੇ ਦੱਸਿਆ ਕਿ ਸੁਨੀਤਾ ਵਿਰੁੱਧ ਛੇਹਰਟਾ ਪੁਲਿਸ ਥਾਣੇ ਵਿਚ 2022 ਅਤੇ ਇਸ ਸਾਲ ਨਸ਼ਾ ਤਸਕਰੀ ਦਾ ਕੇਸ ਦਰਜ ਕੀਤਾ ਗਿਆ ਸੀ। ਸੁਨੀਤਾ ਦੇ ਪਤੀ ਰਾਜਿੰਦਰ ਸਿੰਘ ਰਾਜੂ 'ਤੇ ਪਿਛਲੇ ਸੱਤ ਸਾਲਾਂ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿਚ ਦਸ ਕੇਸ ਦਰਜ ਕੀਤੇ ਗਏ ਹਨ। ਰਾਜਿੰਦਰ ਸਿੰਘ ਦੀ ਧੀ ਸਪਨਾ, ਗਿਆਰ੍ਹਵੀਂ ਜਮਾਤ ਤੱਕ ਪੜ੍ਹੀ ਹੈ। ਇਸ ਸਾਲ ਉਸ ਵਿਰੁੱਧ ਨਸ਼ਾ ਤਸਕਰੀ ਅਤੇ ਚੋਰੀ ਦੇ ਸਾਮਾਨ ਦੀ ਬਰਾਮਦਗੀ ਦਾ ਕੇਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਰਾਜਿੰਦਰ ਦੇ ਪੁੱਤਰ ਮਨਜੀਤ ਸਿੰਘ ਮਿੱਠੂ ਵਿਰੁੱਧ ਚਾਰ ਕਾਰਵਾਈਆਂ ਕੀਤੀਆਂ ਗਈਆਂ ਹਨ। ਸੀਪੀ ਨੇ ਦੱਸਿਆ ਕਿ ਪਿਛਲੇ ਅੱਠ ਮਹੀਨਿਆਂ ਵਿਚ ਪੁਲਿਸ ਨੇ 1,221 ਮਾਮਲੇ ਦਰਜ ਕੀਤੇ ਹਨ ਅਤੇ 2,276 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਵਿੱਚੋਂ, 259 ਕਿਲੋ ਹੈਰੋਇਨ, 30 ਕਿਲੋ ਅਫੀਮ ਅਤੇ 325 ਕਿਲੋ ਨਸ਼ੀਲਾ ਪਾਊਡਰ ਜ਼ਬਤ ਕੀਤਾ ਗਿਆ ਹੈ।

# ਮਨੀ ਲਾਂਡਰਿੰਗ ਜਾਂਚ ਦੇ ਮਾਮਲੇ ਵਿਚ ਈ.ਡੀ. ਨੇ ਅਨਿਲ ਅੰਬਾਨੀ ਦੀ 7500 ਕਰੋੜ ਤੋਂ ਵੱਧ ਦੀ ਜਾਇਦਾਦ ਕੀਤੀ ਜ਼ਬਤ



ਨਵੀਂ ਦਿੱਲੀ-ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਅਨਿਲ ਅੰਬਾਨੀ ਦੇ ਰਿਲਾਇੰਸ ਗਰੁੱਪ 'ਤੇ ਵੱਡੀ ਕਾਰਵਾਈ ਕਰਦਿਆਂ ਗਰੁੱਪ ਦੀਆਂ ਸਾਰੀਆਂ ਸੰਸਥਾਵਾਂ ਨਾਲ ਜੁੜੀਆਂ ਤਕਰੀਬਨ 7500 ਕਰੋੜ ਰੁਪਏ ਦੀਆਂ ਸੰਪਤੀਆਂ ਕੁਰਕ ਕਰ ਦਿੱਤੀਆਂ ਹਨ। ਕੁਰਕੀ ਦਾ ਇਹ ਆਦੇਸ਼ 31 ਅਕਤੂਬਰ ਨੂੰ ਦਿੱਤਾ ਗਿਆ ਸੀ। ਰਿਲਾਇੰਸ ਗਰੁੱਪ ਨਾਲ ਸੰਬੰਧਿਤ ਜਿਨ੍ਹਾਂ ਸੰਪਤੀਆਂ ਨੂੰ ਜ਼ਬਤ ਕੀਤਾ ਗਿਆ ਹੈ, ਉਨ੍ਹਾਂ 'ਚ ਮੁੰਬਈ ਦੇ ਪਾਲੀ ਹਿਲ ਸਥਿਤ ਘਰ, ਨਵੀਂ ਦਿੱਲੀ ਸਥਿਤ ਰਿਲਾਇੰਸ ਸੈਂਟਰ ਦੀ ਸੰਪਤੀ ਅਤੇ ਦਿੱਲੀ, ਨੋਇਡਾ, ਗਾਜ਼ੀਆਬਾਦ, ਮੁੰਬਈ, ਪੁਣੇ, ਠਾਣੇ, ਹੈਦਰਾਬਾਦ, ਚੇਨਈ ਅਤੇ ਪੂਰਬੀ ਗੋਦਾਵਰੀ ਸਥਿਤ ਇਨ੍ਹਾਂ ਕੰਪਨੀਆਂ ਦੇ ਦਫ਼ਤਰ, ਘਰ ਅਤੇ ਪਲਾਟ ਸ਼ਾਮਿਲ ਹਨ। ਈ.ਡੀ. ਵਲੋਂ ਰਿਲਾਇੰਸ ਹੋਮ ਫਾਈਨਾਂਸ ਲਿਮਟਿਡ ਅਤੇ ਰਿਲਾਇੰਸ ਕਮਰਸ਼ੀਅਲ ਫਾਈਨਾਂਸ ਲਿਮਟਿਡ ਵਲੋਂ ਇਕੱਠੀ ਕੀਤੀ ਜਨਤਕ ਰਕਮ ਦੀ ਕਥਿਤ ਦੁਰਵਰਤੋਂ ਨਾਲ ਜੁੜੀ ਮਨੀ ਲਾਂਡਰਿੰਗ ਜਾਂਚ ਦੇ ਸਿਲਸਿਲੇ ਵਿਚ 42 ਤੋਂ ਵੱਧ ਸੰਪਤੀਆਂ ਆਰਜ਼ੀ ਤੌਰ 'ਤੇ ਜ਼ਬਤ ਕੀਤੀਆਂ ਗਈਆਂ ਹਨ।

# ਨਾਈਜੀਰੀਆ ਵਿਚ ਮੁਸਲਮਾਨਾਂ ਕੱਟੜਵਾਦੀਆਂ ਵਲੋਂ ਈਸਾਈਆਂ ਉਪਰ ਹਮਲੇ

## ✪ 7000 ਈਸਾਈਆਂ ਦਾ ਕਤਲ! ਹਜ਼ਾਰਾਂ ਚਰਚ, ਸਕੂਲ ਤੇ ਘਰ ਹੋ ਚੁਕੇ ਨੇ ਪੂਰੀ ਤਰ੍ਹਾਂ ਤਬਾਹ

ਨਾਈਜੀਰੀਆ-ਨਾਈਜੀਰੀਆ ਵਿੱਚ ਧਾਰਮਿਕ ਹਿੰਸਾ ਦਾ ਦੌਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਇੰਟਰਨੈਸ਼ਨਲ ਸੁਸਾਇਟੀ ਫਾਰ ਸਿਵਲ ਲਿਬਰਟੀਜ਼ ਐਂਡ ਦ ਰੂਲ ਆਫ਼ ਲਾਅ ਦੀ ਤਾਜ਼ਾ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਜਨਵਰੀ ਤੋਂ 10 ਅਗਸਤ, 2025 ਤੱਕ ਦੇਸ਼ ਭਰ ਵਿੱਚ 7,000 ਤੋਂ ਵੱਧ ਈਸਾਈ ਮਾਰੇ ਗਏ, ਜਿਸ ਵਿੱਚ ਬੋਕੋ ਹਰਮ, ਫੁਲਾਨੀ ਅੱਤਵਾਦੀ ਅਤੇ ਆਈਐੱਸ ਨਾਲ ਸਬੰਧਤ ਅੱਤਵਾਦੀ ਸਮੂਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ।

ਇੰਟਰਸੁਸਾਇਟੀ ਦਾ ਦਾਅਵਾ ਹੈ ਕਿ 2025 ਵਿੱਚ ਹੁਣ ਤੱਕ ਹਿੰਸਾ ਕਾਰਨ ਲਗਭਗ 1.8 ਮਿਲੀਅਨ ਲੋਕ ਬੇਘਰ ਹੋ ਗਏ ਹਨ, ਜਦੋਂ ਕਿ ਹਜ਼ਾਰਾਂ ਚਰਚ, ਸਕੂਲ ਅਤੇ ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ।

### ਸਰਕਾਰ ਨੇ ਰਿਪੋਰਟ ਨੂੰ "ਗੁੰਮਰਾਹਕੁੰਨ" ਦੱਸਿਆ

ਨਾਈਜੀਰੀਆ ਦੇ ਰਾਸ਼ਟਰਪਤੀ ਬੋਲਾ ਅਹਿਮਦ ਟਿਨੂਬੂ ਨੇ ਰਿਪੋਰਟ ਨੂੰ ਖਾਰਜ ਕਰਦੇ ਹੋਏ ਕਿਹਾ, "ਨਾਈਜੀਰੀਆ ਨੂੰ ਧਾਰਮਿਕ ਤੌਰ 'ਤੇ ਅਸਹਿਣਸ਼ੀਲ ਕਹਿਣਾ ਗਲਤ ਹੈ। ਸਾਡਾ ਸੰਵਿਧਾਨ ਹਰ ਧਰਮ ਲਈ ਆਜ਼ਾਦੀ ਅਤੇ ਬਰਾਬਰ ਸਤਿਕਾਰ ਦੀ ਗਾਰੰਟੀ ਦਿੰਦਾ ਹੈ।" ਰਾਸ਼ਟਰਪਤੀ ਟਿਨੂਬੂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅੱਤਵਾਦ ਅਤੇ ਕੱਟੜਤਾ ਵਿਰੁੱਧ "ਜ਼ੀਰੋ ਟੌਲਰੈਂਸ" ਨੀਤੀ ਅਪਣਾ ਰਹੀ ਹੈ। ਇਸ ਦੌਰਾਨ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੇਸ਼ ਵਿੱਚ ਕਿਸੇ ਵੀ ਨਾਗਰਿਕ 'ਤੇ ਉਨ੍ਹਾਂ ਦੇ ਧਰਮ, ਨਸਲ ਜਾਂ ਜਾਤੀ ਦੇ ਆਧਾਰ 'ਤੇ ਹਮਲੇ ਬਰਦਾਸ਼ਤ ਨਹੀਂ ਕੀਤੇ ਜਾਣਗੇ।

### ਧਾਰਮਿਕ ਸੰਤੁਲਨ ਅਤੇ ਤਣਾਅ ਦੀਆਂ ਜੜ੍ਹਾਂ

ਨਾਈਜੀਰੀਆ ਦੀ ਲਗਭਗ 220 ਮਿਲੀਅਨ ਆਬਾਦੀ ਦੋ ਪ੍ਰਮੁੱਖ ਭਾਈਚਾਰਿਆਂ ਵਿੱਚ ਵੰਡੀ ਹੋਈ ਹੈ: ਅੱਧੀ ਮੁਸਲਿਮ ਅਤੇ ਅੱਧੀ ਈਸਾਈ। ਧਾਰਮਿਕ ਹਿੰਸਾ ਨਾ ਸਿਰਫ਼ ਧਾਰਮਿਕ ਮਾਮਲਿਆਂ ਵਿੱਚ ਸਗੋਂ ਜ਼ਮੀਨੀ ਵਿਵਾਦਾਂ, ਨਸਲੀ ਟਕਰਾਵਾਂ, ਆਰਥਿਕ ਅਸਮਾਨਤਾ ਅਤੇ ਅੱਤਵਾਦੀ ਨੈੱਟਵਰਕਾਂ ਵਿੱਚ ਵੀ ਜੜ੍ਹੀ ਹੋਈ ਹੈ। ਬੋਕੋ ਹਰਮ ਅਤੇ ਇਸਦੇ ਸਹਿਯੋਗੀ ਸਮੂਹ, ਆਈਐਸ-ਪੱਛਮੀ ਅਫਰੀਕਾ ਪ੍ਰਾਂਤ, ਸਾਲਾਂ ਤੋਂ ਈਸਾਈ ਪਿੰਡਾਂ 'ਤੇ ਹਮਲਾ ਕਰ ਰਹੇ ਹਨ, ਖਾਸ ਕਰਕੇ ਉੱਤਰੀ ਖੇਤਰਾਂ ਵਿੱਚ।

# ਦਰਬਾਰ ਸਾਹਿਬ ਨਤਮਸਤਕ ਹੋਏ ਬ੍ਰਿਟਿਸ਼ ਆਰਮੀ ਦੇ ਉੱਚ ਅਧਿਕਾਰੀ



ਅੰਮ੍ਰਿਤਸਰ-ਦਰਬਾਰ ਸਾਹਿਬ ਵਿਖੇ ਬ੍ਰਿਟਿਸ਼ ਆਰਮੀ ਦੇ ਉੱਚ ਅਧਿਕਾਰੀ ਨਤਮਸਤਕ ਹੋਏ। ਇਸ ਦੌਰਾਨ ਜਿੱਥੇ ਉਹਨਾਂ ਨੇ ਕੁਝ ਸਮਾਂ ਸ੍ਰੀ ਦਰਬਾਰ ਸਾਹਿਬ ਵਿਖੇ ਇਲਾਹੀ ਬਾਣੀ ਦਾ ਕੀਰਤਨ ਸੁਣਿਆ, ਉੱਥੇ ਹੀ ਸਰਬੱਤ ਦੇ ਭਲੇ ਦੀ ਅਰਦਾਸ ਵੀ ਕੀਤੀ।

ਉਪਰੰਤ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਸਿੱਖ ਫੌਜੀਆਂ ਵੱਲੋਂ ਵਿਚਾਰ-ਚਰਚਾ ਕੀਤੀ ਗਈ ਜਿਸ ਵਿੱਚ ਉਹਨਾਂ ਆਖਿਆ ਕਿ ਅਸੀਂ ਬ੍ਰਿਟਿਸ਼ ਸਿੱਖ ਫੌਜੀਆਂ ਨੂੰ ਧਰਮ ਪ੍ਰਤੀ ਕਿਸ ਤਰ੍ਹਾਂ ਦੀ ਸਹੂਲਤ ਦੇ ਸਕਦੇ ਹਾਂ। ਸਿੰਘ ਸਾਹਿਬ ਵੱਲੋਂ ਸ਼ਾਨਮੱਤੇ ਇਤਿਹਾਸ ਦਾ ਹਵਾਲਾ ਦਿੰਦਿਆਂ ਹੋਇਆਂ ਡਿਊਟੀ ਦੌਰਾਨ ਦਸਤਾਰ ਅਤੇ ਕਕਾਰ ਪਾਉਣ ਲਈ ਪ੍ਰੇਰਿਆ ਗਿਆ ਅਤੇ ਆਏ ਹੋਏ ਵਿਦੇਸ਼ੀ ਫੌਜੀਆਂ ਦਾ ਸਨਮਾਨ ਕੀਤਾ ਗਿਆ।

# ਕੈਨੇਡਾ ਸਰਕਾਰ ਵੱਲੋਂ ਸਿੱਖ ਫੌਜੀਆਂ ਦੀ ਕੁਰਬਾਨੀ ਨੂੰ ਸਮਰਪਿਤ ਡਾਕ ਟਿਕਟ ਜਾਰੀ



ਓਟਾਵਾ-ਓਂਟਾਰੀਓ ਵਿਚ ਇਕ ਸਮਾਰੋਹ ਦੌਰਾਨ ਕੈਨੇਡਾ ਸਰਕਾਰ ਵੱਲੋਂ ਸਿੱਖ ਫੌਜੀਆਂ ਦਾ ਸਨਮਾਨ ਕਰਦੇ ਹੋਏ ਇਕ ਨਵੀਂ ਕੈਨੇਡਾ ਪੋਸਟ ਯਾਦਗਾਰੀ ਦਿਵਸ ਡਾਕ ਟਿਕਟ ਜਾਰੀ ਕੀਤੀ ਗਈ ਹੈ। 18ਵੇਂ ਸਾਲਾਨਾ ਸਿੱਖ ਯਾਦਗਾਰੀ ਦਿਵਸ ਸਮਾਰੋਹ ਦੌਰਾਨ ਪਹਿਲੀ ਵਾਰ ਸਿੱਖ-ਕੈਨੇਡੀਅਨ ਫੌਜੀਆਂ ਦੇ ਯੋਗਦਾਨ ਦਾ ਸਨਮਾਨ ਕਰਦੇ ਹੋਏ ਇਕ ਨਵੀਂ ਡਾਕ ਟਿਕਟ ਨੂੰ ਜਾਰੀ ਕੀਤਾ ਗਿਆ ਹੈ। ਇਹ ਯਾਦਗਾਰੀ ਡਾਕ ਟਿਕਟ ਕੈਨੇਡੀਅਨ ਫੌਜ ਵਿਚ ਸਿੱਖਾਂ ਦੁਆਰਾ ਇਕ ਸਦੀ ਤੋਂ ਵੱਧ ਸਮੇਂ ਦੀ ਸੇਵਾ ਨੂੰ ਮਾਨਤਾ ਦਿੰਦੀ ਹੈ, ਜਿਸ ਦੀ ਸ਼ੁਰੂਆਤ ਪਹਿਲੇ ਵਿਸ਼ਵ ਯੁੱਧ ਦੌਰਾਨ ਹਥਿਆਰਬੰਦ ਫੌਜ ਵਿਚ ਭਰਤੀ ਹੋਏ 10 ਸਿੱਖ ਫੌਜੀਆਂ ਨਾਲ ਹੋਈ ਸੀ। ਸਿੱਖ ਭਾਈਚਾਰੇ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਇਹ ਸਮਾਰੋਹ ਓਂਟਾਰੀਓ ਦੇ ਕਿਚਨਰ ਵਿਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਆਯੋਜਿਤ ਕੀਤਾ ਗਿਆ ਸੀ। ਇਹ ਕੈਨੇਡਾ ਵਿਚ ਵਿਸ਼ਵ ਯੁੱਧਾਂ ਦੇ ਇਕ ਸਿੱਖ ਸਿਪਾਹੀ ਨੂੰ ਸਮਰਪਿਤ ਇਕੋ-ਇਕ ਯਾਦਗਾਰ ਹੈ। ਪਿਛਲੇ 18 ਸਾਲਾਂ ਤੋਂ ਸਿੱਖ ਭਾਈਚਾਰੇ ਦੇ ਮੈਂਬਰ ਕਿਚਨਰ ਵਿਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਇਕੱਠੇ ਹੁੰਦੇ ਰਹੇ ਹਨ।

# ਸ: ਸਵਰਨਜੀਤ ਸਿੰਘ ਖਾਲਸਾ ਨੌਰਵਿਚ (ਕਨੈਕਟੀਕਟ) ਦੇ ਮੇਅਰ ਚੁਣੇ ਗਏ



ਨੌਰਵਿਚ (ਪੰਜਾਬ ਟਾਈਮਜ਼) – ਇਥੇ ਰਹਿਣ ਵਾਲੇ ਸਿੱਖ ਨੌਜਵਾਨ ਸ: ਸਵਰਨਜੀਤ ਸਿੰਘ ਖਾਲਸਾ ਨੇ ਅਮਰੀਕਾ ਵਿੱਚ ਨੌਰਵਿਚ (ਕਨੈਕਟੀਕਟ) ਦੇ ਮੇਅਰ ਵਜੋਂ ਬੀਤੇ ਦਿਨੀਂ ਚੋਣ ਜਿੱਤ ਲਈ ਹੈ। ਖਾਲਸਾ ਨੇ ਸਿੱਖਾਂ ਨਾਲ ਭਾਰਤ ‘ਚ ਹੋਈਆਂ ਤੇ ਹੋ ਰਹੀਆਂ ਵਧੀਕੀਆਂ, ਸਿੱਖਾਂ ਦੀ ਨਸਲਕੁਸ਼ੀ ਜਿਹੇ ਮਾਮਲੇ ਅਮਰੀਕਾ ਦੇ ਵੱਖ–ਵੱਖ ਕਾਨੂੰਨੀ ਅਦਾਰਿਆਂ, ਕੌਂਸਲਾਂ ਅਤੇ ਪਾਰਲੀਮੈਂਟ ਤੱਕ ਪਹੁੰਚਾਏ ਹਨ ਤੇ ਸਿੱਖਾਂ ਦੇ ਅਧਿਕਾਰਾਂ ਲਈ ਇੰਟਰਨੈਸ਼ਨਲ ਪੱਧਰ ਤੇ ਅਵਾਜ਼ ਉਠਾਈ ਹੈ।

ਪੰਜਾਬ ਟਾਈਮਜ਼ ਦੇ ਸੇਵਾਦਾਰ ਅਤੇ ਨੈਸ਼ਨਲ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ, ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ ਨੇ ਸ: ਸਵਰਨਜੀਤ ਸਿੰਘ ਖਾਲਸਾ ਦੀ ਇਸ ਜਿੱਤ ਲਈ ਉਨ੍ਹਾਂ ਦੇ ਪਿਤਾ ਸ: ਪ੍ਰਮਿੰਦਰਪਾਲ ਸਿੰਘ ਖਾਲਸਾ ਤੇ ਭਰਾ ਸ: ਮਨਪ੍ਰੀਤ ਸਿੰਘ ਨੂੰ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਖਾਲਸਾ ਤੋਂ ਸੇਧ ਲੈ ਕੇ ਹੋਰ ਸਿੱਖ ਨੌਜਵਾਨ ਵੀ ਦੇਸ਼ ਵਿਦੇਸ਼ ਦੀ ਸਿਆਸਤ ਵਿੱਚ ਅੱਗੇ ਆਉਣਗੇ। ਵਰਲਡ ਸਿੱਖ ਪਾਰਲੀਮੈਂਟ ਦੇ ਆਗੂਆਂ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਸ: ਹਿੰਮਤ ਸਿੰਘ ਅਤੇ ਸਾਥੀਆਂ ਨੇ ਉਹਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਈਸਟ ਕੋਸਟ ਦੇ ਸਮੂਹ ਗੁਰਦੁਆਰਿਆਂ ਦੀਆਂ ਅਰਦਾਸਾਂ ਅਤੇ ਸਹਿਯੋਗ ਸਦਕਾ ਮਹਾਰਾਜ ਨੇ ਇਸ ਪੰਥਕ ਸੋਚ ਵਾਲੇ ਨੌਜਵਾਨ ਵੀਰ ਨੂੰ ਇਹ ਜਿੱਤ ਦਾ ਮਾਣ ਬਖਸ਼ ਕੇ ਲੋਕਾਂ ਦੀ ਸੇਵਾ ਦਾ ਮੌਕਾ ਦਿੱਤਾ ਹੈ। ਅਸੀਂ ਆਸ ਕਰਦੇ ਹਾਂ ਕਿ ਇਹਨਾਂ ਤੋਂ ਪ੍ਰੇਰਨਾ ਲੈ ਕੇ ਹੋਰ ਵੀ ਸਿੱਖ ਨੌਜਵਾਨ ਅਮਰੀਕਾ ਦੀ ਸਿਆਸਤ ਵਿੱਚ ਅੱਗੇ ਆਉਣਗੇ।




Geographical restrictions apply. For full details visit specsavers.co.uk/home-visits

# ਦਿਲਜੀਤ ਦੋਸਾਂਝ ਨੇ ਹੜ੍ਹ ਪੀੜ੍ਹਤ ਬਿਨ ਮਾਪਿਆਂ ਦੇ ਬੱਚਿਆਂ ਨੂੰ ਖੇਤੀ ਲਈ ਦਿੱਤਾ ਟ੍ਰੈਕਟਰ



ਪੰਜਾਬੀ ਗਾਇਕ ਤੇ ਅਦਾਕਾਰ ਨੇ ਇੱਕ ਵਾਰ ਫਿਰ ਹੜ੍ਹ ਪੀੜ੍ਹਤਾਂ ਲਈ ਵੱਡਾ ਦਿਲ ਦਿਖਾਇਆ ਹੈ। ਦਰਅਸਲ ਫਾਜ਼ਿਲਕਾ ਦੇ ਸਰਹੱਦੀ ਖੇਤਰ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਨੇ ਇੱਕ ਪਰਿਵਾਰ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ। ਪਿੰਡ ਰੇਤੇ ਵਾਲੀ ਭੈਣੀ ਦੇ ਚਾਰ ਬੱਚਿਆਂ ਨੇ ਆਪਣੇ ਕਿਸਾਨ ਪਿਤਾ ਨੂੰ ਹੜ੍ਹਾਂ ਵਿੱਚ ਗੁਆ ਦਿੱਤਾ, ਜਦੋਂਕਿ ਉਨ੍ਹਾਂ ਦੀ ਮਾਂ ਦਾ ਡੇਢ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਗਾਇਕ ਦਿਲਜੀਤ ਦੋਸਾਂਝ ਨੇ ਟ੍ਰੈਕਟਰ ਦੇ ਕੇ ਹੁਣ ਇਸ ਪਰਿਵਾਰ ਦੀ ਮਦਦ ਕੀਤੀ ਹੈ।ਪਰਿਵਾਰ ਦੇ ਬੱਚਿਆਂ ਨੂੰ ਕੇਬੀਸੀ ਦੇ ਦਿਲਜੀਤ ਦੋਸਾਂਝ ਐਪੀਸੋਡ ਵਿੱਚ ਸੱਦਾ ਦਿੱਤਾ ਗਿਆ ਸੀ, ਜਿੱਥੇ ਉਨ੍ਹਾਂ ਨੂੰ ਵਿੱਤੀ ਸਹਾਇਤਾ ਮਿਲੀ। ਗਾਇਕ ਦਿਲਜੀਤ ਦੋਸਾਂਝ ਨੇ ਪਰਿਵਾਰ ਨੂੰ ਖੇਤੀ ਲਈ ਇੱਕ ਟਰੈਕਟਰ ਤੋਹਫ਼ੇ ਵਿੱਚ ਦਿੱਤਾ ਹੈ।ਕੇਬੀਸੀ ਵਿਚ ਆਏ ਦਵਿੰਦਰ ਨੇ ਦੱਸਿਆ ਕਿ ਉਸ ਦੇ ਪਿਤਾ ਵਜ਼ੀਰ ਸਿੰਘ ਨੂੰ ਹੜ੍ਹਾਂ ਦੌਰਾਨ ਸੱਪ ਨੇ ਡੰਗ ਲਿਆ ਸੀ। ਉਸ ਨੂੰ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਦਵਿੰਦਰ ਨੇ ਦੱਸਿਆ ਉਸ ਦੀ ਮਾਂ ਦਾ ਲਗਭਗ ਡੇਢ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ ਅਤੇ ਹੁਣ ਹੜ੍ਹ ਉਸ ਦੇ ਪਿਤਾ ਨੂੰ ਵੀ ਹੜ੍ਹਾਂ ਨੇ ਖੋਹ ਲਿਆਹਨ, ਜਿਸ ਨਾਲ ਉਹ ਅਨਾਥ ਹੋ ਗਏ।





To check, visit: **GOV.UK/STATE-PENSION-AGE**
All you need is your **DATE OF BIRTH**

# 41 ਸਾਲਾਂ ਬਾਅਦ ਵੀ ਇਨਸਾਫ਼ ਦੀ ਉਡੀਕ: 3000 ਤੋਂ ਵੱਧ ਸਿੱਖਾਂ ਦੇ ਕਤਲੇਆਮ ਬਾਰੇ ਨਿਆਂ ਨਾ ਮਿਲਿਆ

## ✪ 650 ਕੇਸਾਂ ਵਿੱਚੋਂ ਸਿਰਫ਼ 39 ਸਜ਼ਾਵਾਂ: ਗਵਾਹ ਡਰ ਕੇ ਮੁਕਰੇ, 300 ਮਾਮਲੇ ਰੱਦ ✪ ਮੋਦੀ ਸਰਕਾਰ ਵਲੋਂ ਵੀ ਜਾਂਚ ਅਧੂਰੀ: ਐੱਸਆਈਟੀ ਨੇ 241 ਕੇਸ ਬੰਦ ਕੀਤੇ, ਨਸਲਕੁਸ਼ੀ ਨੂੰ 'ਦੰਗੇ' ਕਿਉਂ ਕਿਹਾ ਜਾਂਦਾ? ✪ ਫੂਲਕਾ ਨਿਆਂ ਦੀ ਜੰਗ ਵਿਚ ਇਕੱਲੇ, ਸਿੱਖ ਲੀਡਰਸ਼ਿਪ ਨਾਕਾਮ, ਪਾਰਲੀਮੈਂਟ ਵਿੱਚ ਮਤਾ ਕਿਉਂ ਨਹੀਂ ਹੋਇਆ ਪਾਸ?

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**





1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਦਿੱਲੀ ਦੀਆਂ ਗਲੀਆਂ ਵਿੱਚ ਨਿਰਦੋਸ਼ ਸਿੱਖਾਂ ਦਾ ਕਤਲੇਆਮ ਹੋਇਆ ਸੀ। ਘਰਾਂ ਨੂੰ ਅੱਗ ਲਗਾਈ ਗਈ, ਗੁਰਦੁਆਰੇ ਤਬਾਹ ਕੀਤੇ ਗਏ, ਬਲਾਤਕਾਰ ਹੋਏ ਅਤੇ ਹਜ਼ਾਰਾਂ ਪਰਿਵਾਰ ਬੇਘਰ ਹੋ ਗਏ। ਅੱਜ 41 ਸਾਲ ਬੀਤ ਗਏ, ਪਰ ਪੀੜ੍ਹਤਾਂ ਨੂੰ ਅਜੇ ਵੀ ਇਨਸਾਫ਼ ਦੀ ਰਾਹ ਵੇਖਣੀ ਪੈ ਰਹੀ ਹੈ। ਸਰਕਾਰੀ ਰਿਕਾਰਡ ਮੁਤਾਬਕ ਦਿੱਲੀ ਵਿੱਚ 2,733 ਸਿੱਖ ਮਾਰੇ ਗਏ, ਪਰ ਪੀੜ੍ਹਤਾਂ ਦਾ ਕਹਿਣਾ ਹੈ ਕਿ ਅਸਲ ਗਿਣਤੀ 5,000 ਤੋਂ ਵੱਧ ਸੀ। ਇਹ ਦੰਗੇ ਨਹੀਂ ਸਨ, ਸਗੋਂ ਸਿੱਖਾਂ ਦੀ ਨਸਲਕੁਸ਼ੀ ਸੀ, ਜਿਸ ਨੇ ਸਿੱਖ ਕੌਮ ਨੂੰ ਬੇਚੈਨ ਕਰ ਦਿੱਤਾ।

ਕਾਂਗਰਸ ਨੇਤਾਵਾਂ 'ਤੇ ਦੋਸ਼ ਲੱਗੇ ਕਿ ਉਨ੍ਹਾਂ ਨੇ ਭੀੜ ਨੂੰ ਭੜਕਾਇਆ। ਪੁਲਿਸ ਭੀੜਾਂ ਦੇ ਹੱਕ ਵਿਚ ਖੜ੍ਹੀ ਹੋਈ, ਗੁੰਡਿਆਂ ਦੀ ਮਦਦ ਵੀ ਕੀਤੀ। ਅੱਜ ਵੀ ਜ਼ਿਆਦਾਤਰ ਦੋਸ਼ੀ ਆਜ਼ਾਦ ਘੁੰਮ ਰਹੇ ਹਨ, ਜਦਕਿ ਪੀੜ੍ਹਤਾਂ ਨੂੰ ਨਿਆਂ ਦੀ ਉਡੀਕ ਹੈ। ਇਹ ਗੱਲ ਨਾ ਸਿਰਫ਼ ਸਿੱਖਾਂ ਨੂੰ, ਸਗੋਂ ਪੂਰੀ ਕੌਮ ਲਈ ਸਵਾਲ ਛੱਡ ਜਾਂਦੀ ਹੈ ਕਿ ਇਨਸਾਫ਼ ਕਦੋਂ ਮਿਲੇਗਾ?

1984 ਦੇ ਕਤਲੇਆਮ ਤੋਂ ਬਾਅਦ 650 ਕੇਸ ਦਰਜ ਹੋਏ ਸਨ, ਪਰ ਇਨਸਾਫ਼ ਦਾ ਰਾਹ ਬਹੁਤ ਲੰਮਾ ਅਤੇ ਉਲਝਣਾਂ ਨਾਲ ਭਰਿਆ ਹੈ। ਸਿਰਫ਼ 362 ਕੇਸਾਂ ਵਿੱਚ ਚਾਰਜਸ਼ੀਟ ਦਾਇਰ ਹੋਈ ਅਤੇ ਉਨ੍ਹਾਂ ਵਿੱਚੋਂ ਵੀ ਸਿਰਫ਼ 39 ਵਿੱਚ ਸਜ਼ਾਵਾਂ ਹੋਈਆਂ। ਬਾਕੀਆਂ 300 ਕੇਸਾਂ ਵਿਚ ਗਵਾਹਾਂ ਨੂੰ ਧਮਕਾ ਤੇ ਲਾਲਚ ਦੇਕੇ ਡਰਾਕੇ ਮੁਕਰਾਇਆ ਗਿਆ ਅਤੇ ਕੁਝ ਸਬੂਤਾਂ ਦੀ ਘਾਟ ਕਾਰਨ ਰੱਦ ਹੋ ਗਏ। ਇਹ ਅੰਕੜੇ ਨਾ ਸਿਰਫ਼ ਨਿਰਾਸ਼ਾਜਨਕ ਹਨ, ਸਗੋਂ ਇੱਕ ਸਿਸਟਮ ਦੀ ਨਾਕਾਮੀ ਨੂੰ ਉਜਾਗਰ ਕਰਦੇ ਹਨ।

ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ 'ਤੇ ਪੰਜ ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿੱਚ ਦੋਸ਼ ਲੱਗੇ। 2018 ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ, ਪਰ ਅਪੀਲ ਵਿੱਚ ਦਿੱਲੀ ਹਾਈਕੋਰਟ ਨੇ 2025 ਵਿੱਚ ਵੀ ਸੁਣਵਾਈ ਜਾਰੀ ਰੱਖੀ। ਉਹ ਅੱਜ ਵੀ ਤਿਹਾੜ ਜੇਲ੍ਹ ਵਿੱਚ ਹੈ। ਇਸੇ ਤਰ੍ਹਾਂ ਜਗਦੀਸ਼ ਟਾਈਟਲਰ 'ਤੇ ਗੁਰਦੁਆਰਾ ਪੁਲ ਬੰਗਾਸ਼ ਵਿੱਚ ਤਿੰਨ ਸਿੱਖਾਂ ਦੀ ਹੱਤਿਆ ਦਾ ਦੋਸ਼ ਹੈ। 2023 ਵਿੱਚ ਸੀਬੀਆਈ ਨੇ ਚਾਰਜਸ਼ੀਟ ਦਾਇਰ ਕੀਤੀ ਅਤੇ ਅਪ੍ਰੈਲ 2025 ਵਿੱਚ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਉਂਦੇ ਹੋਏ ਟ੍ਰਾਇਲ ਚਲਾਉਣ ਦਾ ਫੈਸਲਾ ਕੀਤਾ।

ਪੀੜ੍ਹਤਾਂ ਅਨੁਸਾਰ ਕੇਸਾਂ ਵਿੱਚ ਦੇਰੀ ਕਾਰਨ ਗਵਾਹ ਮਰ ਚੁਕੇ ਹਨ ਅਤੇ ਸਬੂਤ ਪੁਲਿਸ ਵਲੋਂ ਖੁਰਦ ਬੁਰਦ ਕਰ ਦਿਤੇ ਗਏ ਹਨ। ਇਸਤਰ੍ਹਾਂ ਅਪਰਾਧੀਆਂ ਨੂੰ ਬਚਾਉਣ ਲਈ ਸਟੇਟ ਨੇ ਭੂਮਿਕਾ ਨਿਭਾਈ। ਪੀੜ੍ਹਤਾਂ ਅਤੇ ਵਕੀਲਾਂ ਮੁਤਾਬਕ, ਗਵਾਹਾਂ ਨੂੰ ਧਮਕੀਆਂ ਮਿਲੀਆਂ, ਪੈਸੇ ਦਾ ਲਾਲਚ ਦਿਤਾ ਗਿਆ ਅਤੇ ਪੁਲਿਸ ਵੱਲੋਂ ਦਬਾਅ ਪਾਇਆ ਗਿਆ ਤੇ ਕੇਸ ਕਮਜੋਰ ਕੀਤੇ ਗਏ।

ਹਾਈਕੋਰਟ ਨੇ ਕਿਹਾ ਸੀ ਕਿ 1984 ਦੀ ਹਿੰਸਾ ਇੰਨੀ ਬੇਰਹਿਮ ਸੀ ਕਿ ਗਵਾਹ ਡਰ ਕਾਰਨ ਅੱਗੇ ਨਹੀਂ ਆਏ। ਪੀੜ੍ਹਤਾਂ ਦੇ ਵਕੀਲ ਐਡਵੋਕੇਟ ਐਚਐੱਸ ਫੂਲਕਾ ਨੇ ਕਿਹਾ, "ਗਵਾਹਾਂ ਨੂੰ ਸੁਰੱਖਿਆ ਨਾ ਮਿਲਣ ਕਾਰਨ ਉਹ ਡਰ ਗਏ ਸਨ। ਇਹ ਸਿਸਟਮ ਦੀ ਨਾਕਾਮੀ ਸੀ।" ਹਿਊਮਨ ਰਾਈਟਸ ਵਾਚ ਨੇ ਵੀ ਰਿਪੋਰਟ ਵਿੱਚ ਕਿਹਾ ਸੀ ਕਿ ਪੁਲਿਸ ਨੇ ਗਵਾਹਾਂ ਨੂੰ ਡਰਾਇਆ ਅਤੇ ਧਮਕਾਇਆ। ਇਸ ਨਾਲ ਨਾ ਸਿਰਫ਼ ਪੀੜਤ ਸਿੱਖ ਕੇਸ ਹਾਰੇ ਜਾਂਦੇ ਹਨ, ਸਗੋਂ ਨਿਆਂ ਪ੍ਰਤੀ ਭਰੋਸਾ ਵੀ ਖਤਮ ਹੋ ਜਾਂਦਾ ਹੈ।

ਸਰਕਾਰ ਨੇ 2014 ਵਿੱਚ ਆਉਂਦੇ ਹੀ ਵਾਅਦਾ ਕੀਤਾ ਸੀ ਕਿ 1984 ਦੇ ਨਸਲਕੁਸ਼ੀ ਨੂੰ ਜਾਂਚਿਆ ਜਾਵੇਗਾ। 2015 ਵਿੱਚ ਐੱਸਆਈਟੀ ਬਣਾਈ ਗਈ, ਪਰ ਇਸ ਨੇ 241 ਕੇਸ ਬੰਦ ਕਰ ਦਿੱਤੇ ਗਏ ਅਤੇ ਸਿਰਫ਼ 12 ਨੂੰ ਰੀ-ਇਨਵੈਸਟੀਗੇਟ ਕੀਤਾ। ਫੂਲਕਾ ਨੇ ਨਿਰਾਸ਼ਾ ਜ਼ਾਹਰ ਕੀਤੀ ਕਿ ਜ਼ਿਆਦਾਤਰ ਕੇਸਾਂ ਵਿੱਚ ਨਿਆਂ ਨਹੀਂ ਮਿਲਿਆ। 2018 ਵਿੱਚ ਸੁਪਰੀਮ ਕੋਰਟ ਨੇ ਐੱਸਆਈਟੀ ਬਣਾਈ ਜਿਸ ਨੇ ਕੁਝ ਕੇਸ ਖੋਲ੍ਹੇ, ਜਿਵੇਂ ਟਾਈਟਲਰ ਵਾਲਾ।

ਪਰ ਪੀੜ੍ਹਤਾਂ ਕਹਿੰਦੇ ਹਨ ਕਿ ਜਾਂਚ ਵਿੱਚ ਦੇਰੀ ਹੈ ਅਤੇ ਜਾਂਚ ਪੂਰੀ ਤਰ੍ਹਾਂ ਨਹੀਂ ਹੋ ਰਹੀ। ਇੱਕ ਰਿਪੋਰਟ ਮੁਤਾਬਕ, ਸਰਕਾਰ ਨੇ ਨਾਨਾਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਕੰਮ ਨਹੀਂ ਕੀਤਾ। 2019 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਇਸ ਨੂੰ "ਭਿਅੰਕਰ ਨਸਲਕੁਸ਼ੀ" ਕਿਹਾ, ਪਰ ਪਾਰਲੀਮੈਂਟ ਵਿੱਚ ਮਤਾ ਨਹੀਂ ਪਾਸ ਕੀਤਾ। ਫੂਲਕਾ ਨੇ ਕਿਹਾ, "ਸਰਕਾਰ ਨੂੰ ਪੂਰੀ ਜਾਂਚ ਕਰਵਾਉਣੀ ਚਾਹੀਦੀ ਹੈ, ਪਾਰਲੀਮੈਂਟ ਵਿਚ ਇਸ ਬਾਰੇ ਨਸਲਕੁਸ਼ੀ ਦਾ ਮਤਾ ਪਾਸ ਕਰਵਾਉਣਾ ਚਾਹੀਦਾ।" ਭਾਜਪਾ ਨੇ ਕਾਂਗਰਸ ਨੂੰ ਨਿਸ਼ਾਨਾ ਬਣਾਇਆ, ਪਰ ਪੀੜ੍ਹਤਾਂ ਨੂੰ ਲੱਗਦਾ ਹੈ ਕਿ ਨਿਆਂ ਅਧੂਰਾ ਹੈ।

ਐਚਐੱਸ ਫੂਲਕਾ ਉਹ ਨਾਮ ਹੈ ਜੋ 1984 ਦੇ ਪੀੜ੍ਹਤਾਂ ਲਈ ਇਨਸਾਫ਼ ਦੀ ਰੌਸ਼ਨੀ ਬਣਿਆ। ਉਨ੍ਹਾਂ ਨੇ 40 ਸਾਲਾਂ ਤੋਂ ਵੱਧ ਸਮੇਂ ਤੋਂ ਇਹ ਉਲਝਣਾਂ ਭਰੇ ਕੇਸ ਲੜੇ ਹਨ। ਸੱਜਣ ਕੁਮਾਰ ਨੂੰ ਜੇਲ੍ਹ ਭੇਜਣ ਵਾਲਾ ਕੇਸ ਉਨ੍ਹਾਂ ਨੇ ਹੀ ਲੜਿਆ। 2025 ਵਿੱਚ ਟਾਈਟਲਰ ਵਾਲੇ ਕੇਸ ਵਿੱਚ ਵੀ ਉਹ ਲੜ ਰਹੇ ਹਨ। ਫੂਲਕਾ ਨੇ ਕਿਹਾ, "ਅਸੀਂ ਨਾ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦੇਵਾਂਗੇ, ਸਗੋਂ ਭਵਿੱਖ ਵਿੱਚ ਅਜਿਹੇ ਅਪਰਾਧ ਨਾ ਹੋਣ।" ਉਨ੍ਹਾਂ ਨੂੰ 2019 ਵਿੱਚ ਪਦਮ ਸ਼੍ਰੀ ਮਿਲਿਆ ਸੀ ਫੂਲਕਾ ਨੇ ਸੁਪਰੀਮ ਕੋਰਟ ਵਿੱਚ ਅਪੀਲਾਂ ਕੀਤੀਆਂ ਅਤੇ ਗਵਾਹਾਂ ਨੂੰ ਸੁਰੱਖਿਆ ਲਈ ਲੜੇ। ਦਿੱਲੀ ਸਿੱਖ ਲੀਡਰਸ਼ਿਪ, ਜਿਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਨੇ ਰਾਹਤ ਅਤੇ ਜਾਂਚ ਵਿੱਚ ਮਦਦ ਕੀਤੀ, ਪਰ ਪੀੜ੍ਹਤਾਂ ਨੂੰ ਨਿਰਾਸ਼ਾਜਨਕ ਰੋਲ ਮਿਲਿਆ। ਕਈ ਲੀਡਰਾਂ ਨੇ ਰਾਜਨੀਤਕ ਖੇਡ ਖੇਡੀ ਅਤੇ ਪੀੜ੍ਹਤਾਂ ਨਾਲ ਧੋਖਾ ਕੀਤਾ। ਪੀੜ੍ਹਤਾਂ ਨੂੰ ਇਕੱਲੇ ਛੱਡ ਦਿੱਤਾ ਗਿਆ।

ਇਸ ਕਤਲੇਆਮ ਬਾਰੇ 10 ਤੋਂ ਵੱਧ ਕਮਿਸ਼ਨ ਬਣੇ, ਜਿਵੇਂ ਮਿਸ਼ਰਾ, ਨਾਨਾਵਤੀ ਅਤੇ ਕਪੂਰ-ਮਿੱਤਲ, ਪਰ ਨਿਆਂ ਨਹੀਂ ਮਿਲਿਆ। ਨਾਨਾਵਤੀ ਨੇ ਕਾਂਗਰਸ ਲੀਡਰਾਂ ਦੀ ਸ਼ਮੂਲੀਅਤ ਨੂੰ ਮੰਨਿਆ, ਪਰ ਕੋਈ ਕਾਰਵਾਈ ਨਹੀਂ ਹੋਈ। ਇਹਨਾਂ ਨੇ ਨਸਲਕੁਸ਼ੀ ਨੂੰ 'ਦੰਗੇ' ਕਿਹਾ, ਜੋ ਇੱਕ ਗਲਤ ਨਾਮ ਹੈ। ਅੰਤਰਰਾਸ਼ਟਰੀ ਤੌਰ 'ਤੇ ਇਸ ਨੂੰ ਜੀਨੋਸਾਈਡ ਮੰਨਿਆ ਜਾਂਦਾ ਹੈ - ਕੈਨੇਡਾ, ਅਮਰੀਕਾ ਅਤੇ ਯੂਕੇ ਨੇ ਮਤੇ ਪਾਸ ਕੀਤੇ। ਪੀਐੱਮ ਮੋਦੀ ਨੇ 2019 ਵਿੱਚ 'ਹੌਰੈਂਡਸ ਜੀਨੋਸਾਈਡ' ਕਿਹਾ, ਪਰ ਪਾਰਲੀਮੈਂਟ ਵਿੱਚ ਮਤਾ ਨਹੀਂ ਪਾਸ ਕੀਤਾ।

ਫੂਲਕਾ ਨੇ ਕਿਹਾ, "ਕਮਿਸ਼ਨਾਂ ਨੇ ਰਿਪੋਰਟਾਂ ਬਣਾਈਆਂ, ਪਰ ਨਿਆਂ ਨਹੀਂ ਦਿੱਤਾ। ਇਸ ਨੂੰ ਨਸਲਕੁਸ਼ੀ ਮੰਨ ਕੇ ਮਾਫੀ ਮੰਗੋ।" ਇਸ ਸੱਚ ਨੂੰ ਮੰਨੋ, ਤਾਂ ਹੀ ਸਿੱਖ ਪੰਥ ਦੇ ਜ਼ਖ਼ਮ ਭਰਨਗੇ।

## ਮੋਹਾਲੀ ਵਿੱਚ ਰੀਅਲ ਅਸਟੇਟ ਕਾਰੋਬਾਰੀ 'ਤੇ ਗੋਲੀਆਂ ਚਲੀਆਂ, ਦੋ ਨਾਕਾਬਪੋਸ਼ਾਂ ਨੇ ਕੀਤਾ ਹਮਲਾ

ਮੁਹਾਲੀ-ਪੰਜਾਬ ਵਿੱਚ ਲੁੱਟਾਂ ਖੋਹਾਂ, ਕਤਲ ਅਤੇ ਪੈਸਿਆਂ ਲਈ ਧਮਕੀਆਂ ਤੇ ਹਮਲਿਆਂ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ।



ਅਜਿਹਾ ਹੀ ਇੱਕ ਮਾਮਲਾ ਮੁਹਾਲੀ ਤੋਂ ਸਾਹਮਣੇ ਆਇਆ ਹੈ ਜਿੱਥੇ ਏਅਰਪੋਰਟ ਰੋਡ 'ਤੇ ਇੱਕ ਰੀਅਲ ਅਸਟੇਟ ਕਾਰੋਬਾਰੀ ਅਤੇ ਉਸਦੇ ਦੋਸਤ 'ਤੇ ਗੋਲੀਬਾਰੀ ਕੀਤੀ ਗਈ। ਮੋਟਰਸਾਈਕਲ 'ਤੇ ਸਵਾਰ ਦੋ ਨਕਾਬਪੋਸ਼ ਅਪਰਾਧੀਆਂ ਨੇ ਗੋਲੀਆਂ ਚਲਾਈਆਂ। ਅਚਾਨਕ ਹੋਏ ਹਮਲੇ ਤੋਂ ਬਚ ਕੇ ਦੋਵੇਂ ਵਿਅਕਤੀ ਸੀਟ ਦੇ ਹੇਠਾਂ ਲੁਕ ਗਏ, ਫਿਰ ਗੋਲੀਬਾਰੀ ਕਰਦੇ ਹੋਏ ਭੱਜ ਗਏ।

ਹਮਲਾਵਰਾਂ ਦੇ ਚਲੇ ਜਾਣ ਤੋਂ ਬਾਅਦ, ਕਾਰੋਬਾਰੀ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਕਾਰੋਬਾਰੀ ਤੋਂ ਜਾਣਕਾਰੀ ਇਕੱਠੀ ਕੀਤੀ। ਉਨ੍ਹਾਂ ਨੇ ਅਪਰਾਧੀ ਭੱਜਣ ਵਾਲੇ ਦਿਸ਼ਾ ਵੱਲ ਵੀ ਟੀਮਾਂ ਭੇਜੀਆਂ, ਪਰ ਉਹ ਉਨ੍ਹਾਂ ਨੂੰ ਲੱਭਣ ਵਿੱਚ ਅਸਮਰੱਥ ਰਹੇ।

# ਡੰਕਰਾਂ ਨੇ ਪੰਜਾਬ-ਹਰਿਆਣਾ ਦੇ ਦੋ ਗੱਭਰੂਆਂ ਦਾ ਕੀਤਾ ਕਤਲ

ਹੁਸ਼ਿਆਰਪੁਰ/ਦਸੂਹਾ-ਹੁਸ਼ਿਆਰਪੁਰ ਦੇ ਥਾਣਾ ਦਸੂਹਾ ਅਧੀਨ ਪਿੰਡ ਰਾਘੋਵਾਲ ਦੇ 21 ਸਾਲਾ ਨੌਜਵਾਨ ਸਾਹਿਬ ਸਿੰਘ ਦੀ ਗੁਆਟੇਮਾਲਾ ਵਿੱਚ ਡੰਕਰਾਂ ਨੇ ਹੱਤਿਆ ਕਰ ਦਿੱਤੀ। ਸਾਹਿਬ ਸਿੰਘ ਸਾਲ ਪਹਿਲਾਂ ਅਮਰੀਕਾ ਜਾਣ ਲਈ ਘਰੋਂ ਰਵਾਨਾ ਹੋਇਆ ਸੀ। ਉਸ ਦੇ ਨਾਲ ਹੀ ਗੁਆਂਢੀ ਸੂਬੇ ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਪਿੰਡ ਮੋਹਣਾ ਦੇ ਨੌਜਵਾਨ ਯੁਵਰਾਜ ਸਿੰਘ ਦੀ ਵੀ ਡੰਕਰਾਂ ਨੇ ਫਿਰੌਤੀ ਦੀ ਰਕਮ ਨਾ ਮਿਲਣ 'ਤੇ ਹੱਤਿਆ ਕਰ ਦਿੱਤੀ।





ਸਾਹਿਬ ਸਿੰਘ ਦੇ ਪਿਤਾ ਸੁਰਜੀਤ ਸਿੰਘ ਨੇ ਦੱਸਿਆ ਕਿ ਪਰਿਵਾਰ ਨੇ ਜ਼ਮੀਨ ਵੇਚ ਕੇ ਅਤੇ ਉਧਾਰ ਲੈ ਕੇ ਹਰਿਆਣਾ ਦੇ ਟਰੈਵਲ ਏਜੰਟ ਨੂੰ 50 ਲੱਖ ਰੁਪਏ ਦਿੱਤੇ ਸਨ ਪਰ ਏਜੰਟ ਨੇ ਸਿੱਧਾ ਅਮਰੀਕਾ ਭੇਜਣ ਦੀ ਬਜਾਏ ਨੌਜਵਾਨਾਂ ਨੂੰ ਡੰਕੀ ਰੂਟ ਰਾਹੀਂ ਭੇਜ ਦਿੱਤਾ। ਪਰਿਵਾਰ ਨੂੰ ਜਿੰਨੀ ਸੂਚਨਾ ਮਿਲੀ ਹੈ ਉਸ ਅਨੁਸਾਰ ਗੁਆਟੇਮਾਲਾ ਵਿੱਚ ਡੰਕਰਾਂ ਨੇ ਨੌਜਵਾਨਾਂ ਨੂੰ ਬੰਦੀ ਬਣਾ ਲਿਆ ਸੀ ਅਤੇ ਉਨ੍ਹਾਂ ਦੀਆਂ ਵੀਡੀਓਜ਼ ਬਣਾ ਕੇ ਪਰਿਵਾਰਾਂ ਕੋਲੋਂ ਪੈਸੇ ਦੀ ਮੰਗ ਕੀਤੀ ਸੀ। ਸੁਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲੋਂ 20,000 ਡਾਲਰ ਮੰਗੇ ਸਨ, ਜਦੋਂ ਉਨ੍ਹਾਂ ਨੇ ਹਰਿਆਣਾ ਦੇ ਏਜੰਟ ਨਾਲ ਸੰਪਰਕ ਕੀਤਾ ਤਾਂ ਉਸ ਨੇ ਫੋਨ ਬੰਦ ਕਰ ਦਿੱਤਾ। ਉਨ੍ਹਾਂ ਨੇ ਦਸੂਹਾ ਪੁਲੀਸ ਨੂੰ ਦਰਖ਼ਾਸਤ ਦਿੱਤੀ ਤਾਂ ਏਜੰਟ ਦਵਿੰਦਰ ਸਿੰਘ ਤੇ ਉਸ ਦੀ ਪਤਨੀ ਰਮਨਦੀਪ ਕੌਰ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਸੀ। ਸੁਰਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਕੁੱਝ ਮਹੀਨਿਆਂ ਤੋਂ ਉਨ੍ਹਾਂ ਦਾ ਪੁੱਤਰ ਸਾਹਿਬ ਸਿੰਘ ਨਾਲ ਕੋਈ ਸੰਪਰਕ ਨਹੀਂ ਹੋ ਰਿਹਾ ਸੀ। ਇਸ ਦੌਰਾਨ ਉਨ੍ਹਾਂ ਨੂੰ ਹਰਿਆਣਾ ਦੇ ਪਰਿਵਾਰ ਤੋਂ ਪਤਾ ਲੱਗਿਆ ਕਿ ਸਾਹਿਬ ਸਿੰਘ ਨੂੰ ਡੰਕਰਾਂ ਨੇ ਮਾਰ ਦਿੱਤਾ ਹੈ। ਮਾਮਲੇ ਦੀ ਜਾਂਚ ਕਰ ਰਹੇ ਏ ਐੱਸ ਆਈ ਸਰਬਜੀਤ ਸਿੰਘ ਨੇ ਦੱਸਿਆ ਕਿ ਟਰੈਵਲ ਏਜੰਟ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ ਪਰ ਉਸ ਦੀ ਪਤਨੀ ਕਾਬੂ ਨਹੀਂ ਆਈ ਹੈ। ਉੱਧਰ, ਯੁਵਰਾਜ ਦੇ ਮਾਮਾ ਗੁਰਭੇਜ ਸਿੰਘ ਨੇ ਦੱਸਿਆ ਕਿ ਯੁਵਰਾਜ ਦੇ ਪਰਿਵਾਰ ਨੂੰ ਉਸ ਦੀ ਮੌਤ ਬਾਰੇ ਕੁਝ ਦਿਨ ਪਹਿਲਾਂ ਉਸ ਸਮੇਂ ਪਤਾ ਲੱਗਿਆ ਜਦੋਂ ਡੌਂਕਰਾਂ ਵਿੱਚੋਂ ਇੱਕ ਨੇ ਉਨ੍ਹਾਂ ਨੂੰ ਮੌਤ ਦਾ ਸਰਟੀਫਿਕੇਟ ਅਤੇ ਉਸ ਦੀਆਂ ਤੇ ਪੰਜਾਬ ਦੇ ਇੱਕ ਹੋਰ ਨੌਜਵਾਨ ਦੀਆਂ ਤਸਵੀਰਾਂ ਭੇਜੀਆਂ। ਉਸ ਨੇ ਅੱਗੇ ਕਿਹਾ, "ਕੁੱਲ ਮਿਲਾ ਕੇ, ਪਰਿਵਾਰ ਨੇ ਟਰੈਵਲ ਏਜੰਟਾਂ ਅਤੇ ਡੰਕਰਾਂ ਨੂੰ 40 ਤੋਂ 50 ਲੱਖ ਰੁਪਏ ਵਿਚਕਾਰ ਅਦਾਇਗੀ ਕੀਤੀ।"

ਦੋਵੇਂ ਨੌਜਵਾਨਾਂ ਦਾ ਕਤਲ ਕੁੱਝ ਮਹੀਨੇ ਪਹਿਲਾਂ ਕਰ ਦਿੱਤਾ ਗਿਆ ਸੀ ਪਰ ਪਰਿਵਾਰਾਂ ਨੂੰ ਇਸ ਬਾਰੇ ਸੂਚਨਾ ਬੀਤੇ ਦਿਨ ਮਿਲੀ ਜਦੋਂ ਸਾਹਿਬ ਸਿੰਘ ਦੇ ਨਾਲ ਗਏ ਹਰਿਆਣਾ ਦੇ ਇਕ ਹੋਰ ਨੌਜਵਾਨ ਯੁਵਰਾਜ ਦੇ ਪਰਿਵਾਰ ਨੇ ਦੱਸਿਆ ਕਿ ਦੋਹਾਂ ਨੌਜਵਾਨਾਂ ਦੀ ਡੰਕਰਾਂ ਨੇ ਹੱਤਿਆ ਕਰ ਦਿੱਤੀ ਹੈ। ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਪਿੰਡ ਮੋਹਣਾ ਦੇ ਪਰਿਵਾਰ ਨੇ ਜਦੋਂ ਆਪਣੇ ਪੁੱਤਰ ਯੁਵਰਾਜ ਸਿੰਘ ਬਾਰੇ ਪੁੱਛ-ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਦੋਹਾਂ ਨੌਜਵਾਨਾਂ ਨੂੰ ਡੰਕਰਾਂ ਨੇ ਕਾਫੀ ਸਮਾਂ ਪਹਿਲਾਂ ਮਾਰ ਦਿੱਤਾ ਸੀ। ਪਰਿਵਾਰ ਨੇ ਯਤਨ ਕਰ ਕੇ ਮੈਕਸਿਕੋ ਦੇ ਹਸਪਤਾਲ 'ਚੋਂ ਯੁਵਰਾਜ ਦੀ ਮੌਤ ਦੇ ਸਰਟੀਫਿਕੇਟ ਮੰਗਵਾਏ ਤਾਂ ਉਨ੍ਹਾਂ ਦੀ ਮੌਤ ਦੀ ਪੁਸ਼ਟੀ ਹੋਈ।

## ਖਰੜ ਦੇ ਗੁਰਦੁਆਰਾ ਸਾਹਿਬ ਵਿਚ ਹੋਈ ਬੇਅਦਬੀ

### ✪ ਸ਼ਰਾਬੀ ਨੇ ਕੈਬਿਨ ਦੀ ਕੀਤੀ ਭੰਨਤੋੜ ਤੇ ਹੋਇਆ ਫਰਾਰ

ਮੋਹਾਲੀ-ਮੋਹਾਲੀ ਦੇ ਖਰੜ ਸਥਿਤ ਗਾਰਡਨ ਕਲੋਨੀ ਵਿੱਚ ਸਥਿਤ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿੱਚ ਇੱਕ ਸ਼ਰਾਬੀ ਵਿਅਕਤੀ ਦਾਖਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੇ ਗੁਰਦੁਆਰਾ ਸਾਹਿਬ ਵਿੱਚ ਵੜ ਕੇ ਉਸਾਰੀ ਅਧੀਨ ਇੱਕ ਕੈਬਿਨ ਦੀ ਭੰਨਤੋੜ ਕੀਤੀ। ਜਦੋਂ ਸੰਗਤਾਂ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਉਨ੍ਹਾਂ ਨਾਲ ਟਕਰਾਅ ਕੀਤਾ। ਹਾਲਾਤ ਵਿਗੜਦੇ ਦੇਖ ਕੇ ਲੋਕਾਂ ਨੇ ਪੁਲਿਸ ਨੂੰ ਬੁਲਾਇਆ, ਪਰ ਉਦੋਂ ਤੱਕ ਦੋਸ਼ੀ ਭੱਜ ਚੁੱਕਾ ਸੀ। ਵੱਡੀ ਗਿਣਤੀ ਵਿੱਚ ਸੰਗਤ ਵੀ ਗੁਰਦੁਆਰਾ ਸਾਹਿਬ ਪਹੁੰਚ ਗਈ। ਪੁਲਿਸ ਦਾ ਕਹਿਣਾ ਹੈ ਕਿ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਨੂੰ ਵੀ ਨਿਯਮਾਂ ਦੀ ਉਲੰਘਣਾ ਨਹੀਂ ਕਰਨ ਦਿੱਤੀ ਜਾਵੇਗੀ। ਇਹ ਘਟਨਾ ਦੀਪ ਆਈ ਹਸਪਤਾਲ ਦੇ ਨੇੜੇ ਸਥਿਤ ਗੁਰਦੁਆਰਾ ਸਾਹਿਬ ਵਿੱਚ ਵਾਪਰੀ।



ਸ਼ਰਾਬੀ ਨੇ ਮੌਕੇ 'ਤੇ ਮੌਜੂਦ ਦੋ ਕਮੇਟੀ ਮੈਂਬਰਾਂ ਨੇ ਦੋਸ਼ੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਸਨੇ ਆਪਣੇ ਆਪ ਨੂੰ ਛੁਡਾ ਲਿਆ ਅਤੇ ਭੱਜ ਗਿਆ। ਘਟਨਾ ਦੀ ਖ਼ਬਰ ਫੈਲਦੇ ਹੀ ਸੈਂਕੜੇ ਲੋਕ ਗੁਰਦੁਆਰਾ ਸਾਹਿਬ ਦੇ ਪਰੀਸ਼ਰ ਵਿੱਚ ਇਕੱਠੇ ਹੋ ਗਏ, ਜਿਸ ਨਾਲ ਤਣਾਅਪੂਰਨ ਸਥਿਤੀ ਪੈਦਾ ਹੋ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ। ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ, ਸਥਿਤੀ ਦਾ ਜਾਇਜ਼ਾ ਲਿਆ ਅਤੇ ਭੀੜ ਨੂੰ ਸ਼ਾਂਤ ਕੀਤਾ। ਕਮੇਟੀ ਵੱਲੋਂ ਲਿਖਤੀ ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਦਾ ਭਰੋਸਾ ਦਿੱਤਾ ਹੈ।

## ਗੈਂਗਸਟਰਾਂ ਨੇ ਅੰਮ੍ਰਿਤਸਰ ਦੇ ਗਹਿਣਾ ਕਾਰੋਬਾਰੀ ਤੋਂ ਮੰਗੀ ਦੋ ਕਰੋੜ ਦੀ ਫਿਰੌਤੀ

ਅੰਮ੍ਰਿਤਸਰ-ਅਜਨਾਲਾ ਥਾਣੇ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਚਮਿਆਰੀ ਦੇ ਰਹਿਣ ਵਾਲੇ ਅਵਤਾਰ ਸਿੰਘ ਵਿੱਲੋਂ ਨੂੰ ਵ੍ਹਟਸਐਪ ਕਾਲਾਂ ਰਾਹੀਂ ਗੈਂਗਸਟਰਾਂ ਵੱਲੋਂ ਧਮਕੀਆਂ ਮਿਲ ਰਹੀਆਂ ਹਨ। ਮੁਲਜ਼ਮਾਂ ਨੇ ਕਿਹਾ ਕਿ ਕਿ ਜੇਕਰ ਉਹ ਦੋ ਕਰੋੜ ਰੁਪਏ ਦੀ ਫਿਰੌਤੀ ਦੀ ਰਕਮ ਨਹੀਂ ਦਿੰਦਾ ਤਾਂ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਣਗੇ। ਜਾਂਚ ਤੋਂ ਬਾਅਦ ਪੁਲਿਸ ਨੇ ਅਣਪਛਾਤੇ ਗੈਂਗਸਟਰਾਂ ਵਿਰੁੱਧ ਕੇਸ ਦਰਜ ਕੀਤਾ ਹੈ। ਡੀਐੱਸਪੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਦਾ ਪਤਾ ਲਗਾਇਆ ਜਾ ਰਿਹਾ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਚਮਿਆਰੀ ਪਿੰਡ ਦਾ ਰਹਿਣ ਵਾਲਾ ਅਵਤਾਰ ਸਿੰਘ ਅਜਨਾਲਾ ਦਾ ਵੱਡਾ ਜਿਊਲਰ ਹੈ। ਉਸ ਦੀ ਇਲਾਕੇ ਵਿਚ ਗਹਿਣਿਆਂ ਦੀ ਦੁਕਾਨ ਹੈ। ਪਿਛਲੇ ਕੁਝ ਦਿਨਾਂ ਤੋਂ ਉਸ ਨੂੰ ਵਿਦੇਸ਼ੀ ਨੰਬਰਾਂ ਤੋਂ ਧਮਕੀ ਭਰੇ ਵ੍ਹਟਸਐਪ ਕਾਲਾਂ ਆ ਰਹੀਆਂ ਹਨ।

## ਜਗਰਾਉਂ ਵਿਚ ਕਬੱਡੀ ਖਿਡਾਰੀ ਦੀ ਗੋਲੀ ਮਾਰ ਕੇ ਕੀਤਾ ਕਤਲ

ਜਗਰਾਉਂ-ਜਗਰਾਉਂ ਸ਼ਹਿਰ ਵਿਚ 2 ਨੌਜਵਾਨਾਂ ਦੇ ਧੜਿਆਂ ਦਰਮਿਆਨ ਹੋਏ ਤਕਰਾਰ ਦੌਰਾਨ ਇਕ ਕਬੱਡੀ ਖਿਡਾਰੀ ਦੀ ਦਿਨ-ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਕਬੱਡੀ ਖਿਡਾਰੀ ਤੇਜਪਾਲ ਸਿੰਘ (30) ਪੁੱਤਰ ਰਘਬੀਰ ਸਿੰਘ ਵਾਸੀ ਪਿੰਡ ਗਿੱਦੜਵਿੰਡੀ ਆਪਣੇ 2 ਸਾਥੀਆਂ ਸਮੇਤ ਜਗਰਾਉਂ ਦੇ ਡਾਕਟਰ ਹਰੀ ਸਿੰਘ ਰੋਡ 'ਤੇ ਸਥਿਤ ਪ੍ਰਸਿੱਧ ਸੁਨਹਿਰੀ ਕਿਰਨ ਤੇਲ ਫੈਕਟਰੀ ਤੋਂ ਪਸ਼ੂਆਂ ਲਈ ਖਲ ਦੀ ਬੋਰੀ ਲੈਣ ਆਇਆ ਸੀ, ਜਿੱਥੇ ਚਾਰ ਦੇ ਕਰੀਬ ਨੌਜਵਾਨ ਆਏ, ਜਿਨ੍ਹਾਂ ਵਲੋਂ ਆਉਂਦੇ ਸਾਰ ਤੇਜਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਇਸ ਮੌਕੇ ਦੋਵਾਂ ਧਿਰ ਵਿਚਕਾਰ ਕੁਝ ਸਮਾਂ ਹੱਥੋਪਾਈ ਹੋਈ ਅਤੇ ਇਸ ਦੌਰਾਨ ਹਨੀ ਰੂਮੀ ਵਲੋਂ ਆਪਣਾ ਪਿਸਤੌਲ ਕੱਢ ਕੇ ਤੇਜਪਾਲ ਸਿੰਘ ਦੀ ਛਾਤੀ ਵਿਚ ਗੋਲੀ ਮਾਰ ਦਿੱਤੀ ਅਤੇ ਗੋਲੀ ਮਾਰਨ ਉਪਰੰਤ ਉਕਤ ਸਾਰੇ ਮੁਲਜ਼ਮ ਆਪਣੀ ਕਾਰ ਵਿਚ ਸਵਾਰ ਹੋ ਕੇ ਮੌਕੇ ਤੋਂ ਫ਼ਰਾਰ ਹੋ ਗਏ। ਜ਼ਖ਼ਮੀ ਨੌਜਵਾਨ ਖਿਡਾਰੀ ਤੇਜਪਾਲ ਸਿੰਘ ਨੂੰ ਤੁਰੰਤ ਉਸ ਦੇ ਸਾਥੀਆਂ ਵਲੋਂ ਸਿਵਲ ਹਸਪਤਾਲ ਜਗਰਾਉਂ ਵਿਖੇ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਵਲੋਂ ਉਸ ਨੂੰ ਮਿਰਤਕ ਕਰਾਰ ਦੇ ਦਿੱਤਾ। ਘਟਨਾ ਦੀ ਸੂਚਨਾ ਮਿਲਣ 'ਤੇ ਡੀ.ਐੱਸ.ਪੀ. ਜਸਵਿੰਦਰ ਸਿੰਘ ਢੀਂਡਸਾ, ਐੱਸ.ਐੱਚ.ਓ. ਪਰਮਿੰਦਰ ਸਿੰਘ ਰਾਏ ਮੌਕੇ 'ਤੇ ਪਹੁੰਚੇ। ਇਸ ਘਟਨਾ ਸੰਬੰਧੀ ਜ਼ਿਲ੍ਹਾ ਪੁਲਿਸ ਮੁਖੀ ਡਾ. ਅੰਕੁਰ ਗੁਪਤਾ ਨੇ ਕਿਹਾ ਕਿ ਮੁਲਜ਼ਮਾਂ ਦੀ ਸ਼ਨਾਖਤ ਹੋ ਚੁੱਕੀ ਹੈ, ਜਿਨ੍ਹਾਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।



## ਸ਼ਿਵ ਸੈਨਾ ਆਗੂ ਉਪਰ ਹਮਲਾ ਕਰਨ ਵਾਲੇ ਦੋ ਦੋਸ਼ੀ ਗ੍ਰਿਫ਼ਤਾਰ

ਬਟਾਲਾ-ਬੀਤੇ ਦਿਨੀਂ ਸ਼ਿਵ ਸੈਨਾ ਆਗੂ ਰਮੇਸ਼ ਨਈਅਰ ਤੇ ਦੋ ਵਿਅਕਤੀਆਂ ਨੇ ਜਾਨ ਲੇਵਾ ਹਮਲਾ ਕੀਤਾ ਸੀ। ਇਸ ਹਮਲੇ 'ਚ ਰਮੇਸ਼ ਨਈਅਰ ਜਖਮੀ ਹੋ ਗਏ ਸਨ, ਜੋ ਬਟਾਲਾ ਦੇ ਸਿਵਲ ਹਸਪਤਾਲ ਵਿੱਚ ਜੇਰੇ ਇਲਾਜ ਹਨ। ਬਟਾਲਾ ਪੁਲਿਸ ਨੇ ਅਗਲੇ ਦਿਨ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਪੀਡੀ ਗੁਰਪ੍ਰਤਾਪ ਸਿੰਘ ਸਹੋਤਾ ਅਤੇ ਡੀਐੱਸਪੀ ਸਿਟੀ ਸੰਜੀਵ ਕੁਮਾਰ ਨੇ ਦੱਸਿਆ ਕਿ ਫੜ੍ਹੇ ਗਏ ਮੁਲਜ਼ਮਾਂ ਦੀ ਪਛਾਣ ਰਜੀਵ ਕੁਮਾਰ ਬਾਬਾ ਅਤੇ ਅਸ਼ੋਕ ਕੁਮਾਰ ਗੋਗੀ ਵਜੋਂ ਹੋਈ ਹੈ। ਐੱਸਪੀ ਸਹੋਤਾ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਦਾ ਰਿਮਾਂਡ ਲੈ ਕੇ ਇਹਨਾਂ ਤੋਂ ਹੋਰ ਪੁੱਛਗਿਛ ਕੀਤੀ ਜਾ ਰਹੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸ਼ਿਵ ਸੈਨਾ ਆਗੂ ਰਮੇਸ਼ ਨਈਅਰ ਨੇ ਆਪਣੇ ਬਿਆਨਾਂ 'ਚ ਦੱਸਿਆ ਸੀ ਕਿ ਉਸ ਉੱਤੇ ਨਸ਼ਾ ਵੇਚਣ ਵਾਲਿਆਂ ਨੇ ਹਮਲਾ ਕੀਤਾ ਹੈ, ਕਿਉਂਕਿ ਉਹ ਨਸ਼ਾ ਵੇਚਣ ਵਾਲਿਆਂ ਅਤੇ ਕਰਨ ਵਾਲਿਆਂ ਨੂੰ ਰੋਕਦਾ ਸੀ, ਜਿਸ ਦੇ ਤਹਿਤ ਉਸ ਉੱਤੇ ਜਾਨਲੇਵਾ ਹਮਲਾ ਹੋਇਆ ਹੈ। ਹਾਲਾਂਕਿ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।



# ਡਾ. ਨਿਰਮਲ ਸਿੰਘ MBE ਅਤੇ ਹਾਰਮੇਸ਼ ਕੌਰ ਸੇਖੋਂ "ਪਾਵਰ ਕਪਲ ਆਫ ਦਿ ਯੀਅਰ" ਐਵਾਰਡ ਨਾਲ ਸਨਮਾਨਿਤ – ਬਿਜ਼ਨਸ ਪਾਵਰ ਐਵਾਰਡ 2025

ਬ੍ਰੈਡਫੋਰਡ, 12 ਅਕਤੂਬਰ 2025 –ਡਾ. ਨਿਰਮਲ ਸਿੰਘ MBE ਅਤੇ ਉਨ੍ਹਾਂ ਦੀ ਪਤਨੀ ਮਿਸਿਜ਼ ਹਾਰਮੇਸ਼ ਕੌਰ ਸੇਖੋਂ ਨੂੰ ਬਿਜ਼ਨਸ ਪਾਵਰ ਐਵਾਰਡ 2025 ਵਿੱਚ "ਪਾਵਰ ਕਪਲ ਆਫ ਦਿ ਯੀਅਰ" ਦਾ ਖਿਤਾਬ ਦਿੱਤਾ ਗਿਆ।

ਇਹ ਸਮਾਰੋਹ 12 ਅਕਤੂਬਰ 2025 ਨੂੰ ਸੀਡਰ ਕੋਰਟ ਹੋਟਲ, ਬ੍ਰੈਡਫੋਰਡ ਵਿੱਚ ਮਨਾਇਆ ਗਿਆ। ਇਹ ਐਵਾਰਡ, ਜੋ ਐਸ਼ੀਅਨ ਐਕਸਪ੍ਰੈਸ ਨਿਊਜ਼ ਪੇਪਰ ਦੁਆਰਾ ਸੰਚਾਲਿਤ ਹੈ, ਪਿਛਲੇ 25 ਸਾਲਾਂ ਦੀ ਪ੍ਰਕਾਸ਼ਨ ਸੇਵਾ ਅਤੇ ਖੇਤਰ ਦੇ ਪ੍ਰਮੁੱਖ ਉਦਯੋਗਪਤੀ ਅਤੇ ਸਮਾਜਕ ਨੇਤਾਵਾਂ ਦੀਆਂ ਕਾਮਯਾਬੀਆਂ ਦਾ ਜਸ਼ਨ ਮਨਾਉਂਦਾ ਹੈ।




ਡਾ. ਸਿੰਘ, ਜਿਨ੍ਹਾਂ ਨੇ 1972 ਵਿੱਚ ਨਿਰਮਲ ਰਜ਼ਾਈ ਮਾਰਟ ਖੋਲ੍ਹ ਕੇ ਆਪਣਾ ਕਾਰੋਬਾਰੀ ਸਫਰ ਸ਼ੁਰੂ ਕੀਤਾ ਸੀ, ਬ੍ਰੈਡਫੋਰਡ ਵਿੱਚ ਕਾਰੋਬਾਰ ਅਤੇ ਸਮਾਜਿਕ ਸੇਵਾ ਵਿੱਚ ਮਾਣਯੋਗ ਨਾਮ ਬਣ ਚੁੱਕੇ ਹਨ। ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਨੇ ਸਿਰਫ ਕਾਮਯਾਬ ਵਪਾਰਕ ਇੰਟਰਪਰਾਈਜ਼ ਹੀ ਨਹੀਂ ਬਣਾਏ, ਸਗੋਂ ਸਮਾਜਕ ਅਤੇ ਚੈਰੀਟੇਬਲ ਪ੍ਰੋਜੈਕਟਾਂ ਵਿੱਚ ਵੀ ਮਹੱਤਵਪੂਰਣ ਯੋਗਦਾਨ ਦਿੱਤਾ ਹੈ।

ਪ੍ਰਾਪਤ ਕਰਦਿਆਂ ਡਾ. ਸਿੰਘ ਨੇ ਕਿਹਾ: "ਇਹ ਸਨਮਾਨ ਪ੍ਰਾਪਤ ਕਰਨਾ ਸੱਚਮੁੱਚ ਇੱਕ ਗੌਰਵ ਦੀ ਗੱਲ ਹੈ। ਅਸੀਂ ਆਪਣੀ ਟੀਮ, ਪਰਿਵਾਰ ਅਤੇ ਸੰਗਤ ਦੇ ਹਰ ਵਿਅਕਤੀ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਸਾਡੇ ਸਫਰ ਵਿੱਚ ਸਹਿਯੋਗ ਦਿੱਤਾ। ਇਹ ਐਵਾਰਡ ਸਾਡੇ ਸਾਂਝੇ ਯਤਨ ਅਤੇ ਦਿਲੋਂ ਕੀਤੀ ਮਿਹਨਤ ਦਾ ਪਰਤੀਕ ਹੈ।"

**ਸੇਖੋਂ ਗਰੁੱਪ ਦੀ ਪਹੁੰਚ**

ਪਿਛਲੇ 53 ਸਾਲਾਂ ਤੋਂ ਸੇਖੋਂ ਗਰੁੱਪ ਉੱਤਰੀ ਇੰਗਲੈਂਡ ਦੀ ਸਭ ਤੋਂ ਵਿਜ਼ਨਰੀ ਪ੍ਰਾਪਰਟੀ ਡਿਵੈਲਪਮੈਂਟ ਕੰਪਨੀਆਂ ਵਿੱਚੋਂ ਇੱਕ ਬਣ ਚੁੱਕੀ ਹੈ। ਵੇਸਟ ਯਾਰਕਸ਼ਾਇਰ ਵਿੱਚ ਮੁੱਖ ਦਫ਼ਤਰ ਵਾਲਾ ਇਹ ਗਰੁੱਪ, ਇਤਿਹਾਸਕ ਅਤੇ ਵਰਤੋਂ ਤੋਂ ਬਾਹਰ ਇਮਾਰਤਾਂ ਨੂੰ ਨਵੀਂ ਜ਼ਿੰਦਗੀ ਦੇ ਕੇ ਘਰ ਅਤੇ ਕਾਰੋਬਾਰੀ ਥਾਂਵਾਂ ਬਣਾਉਣ ਲਈ ਮਾਨਿਆ ਜਾਂਦਾ ਹੈ। ਇਹ ਉੱਚ ਦਰਜੇ ਦੇ ਘਰਾਂ ਤੋਂ ਲੈ ਕੇ ਸਮਾਜਿਕ ਘਰਾਂ ਤੱਕ, ਹਰ ਵਰਗ ਦੇ ਲੋਕਾਂ ਲਈ ਸੇਵਾ ਮੁਹੱਈਆ ਕਰਦਾ ਹੈ।

ਬ੍ਰੈਡਫੋਰਡ, ਲੀਡਜ਼, ਹੱਡਰਸਫੀਲਡ ਅਤੇ ਹੋਰ ਖੇਤਰਾਂ ਵਿੱਚ, ਸੇਖੋਂ ਗਰੁੱਪ ਨੇ ਹਜ਼ਾਰਾਂ ਘਰ ਅਤੇ ਕਾਰੋਬਾਰੀ ਥਾਂਵਾਂ ਦੀ ਤਿਆਰੀ ਕੀਤੀ ਹੈ, ਸਥਾਨਕ ਅਰਥਵਿਵਸਥਾ ਵਿੱਚ ਲੱਖਾਂ ਪੌਂਡ ਦਾ ਯੋਗਦਾਨ ਦਿੱਤਾ ਹੈ ਅਤੇ ਸੈਂਖਿਆਂ ਰੁਜ਼ਗਾਰ ਸਿਰਜੇ ਹਨ। ਉਨ੍ਹਾਂ ਦਾ ਸਿਧਾਂਤ ਸਧਾਰਣ ਹੈ: ਇਮਾਨਦਾਰੀ ਨਾਲ ਕੰਮ ਕਰੋ, ਸਮੁਦਾਇਕ ਜ਼ਿੰਦਗੀ ਪ੍ਰੇਰਿਤ ਕਰੋ ਅਤੇ ਹਮੇਸ਼ਾ ਵਾਪਸ ਦਿਓ।

ਡਾ. ਸਿੰਘ ਅਤੇ ਮਿਸਿਜ਼ ਸੇਖੋਂ ਨੇ ਸਮਾਰੋਹ ਦੇ ਆਯੋਜਕਾਂ CEO ਮਿਸਟਰ ਨਦੀਮ ਹਾਨਿਫ ਅਤੇ ਚੇਅਰਪਰਸਨ ਮਿਸ ਅੰਦਲੀਬ ਹਾਨਿਫ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਯਾਦਗਾਰ ਰਾਤਦਾ ਆਯੋਜਨ ਕੀਤਾ ਜੋ ਉਦਯੋਗਿਕ ਸਫਲਤਾ ਅਤੇ ਸਮਾਜਕ ਏਕਤਾ ਨੂੰ ਸਨਮਾਨਿਤ ਕਰਦੀ ਹੈ।ਸਮਾਰੋਹ ਨੇ ਬ੍ਰੈਡਫੋਰਡ ਦੇ ਵਪਾਰਿਕ, ਸਮਾਜਿਕ ਅਤੇ ਨਵੀਨਤਮ ਨੇਤ੍ਰਤਵ ਦੀ ਝਲਕ ਪੇਸ਼ ਕੀਤੀ ਅਤੇ ਸਥਾਨਕ ਸਮੁਦਾਇਕ ਮੁਲਿਆਂ ਨੂੰ ਉਜਾਗਰ ਕੀਤਾ।

# ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਸਬੰਧੀ ਕਰਵਾਇਆ ਗਿਆ ਵਿਸ਼ਾਲ ਗੁਰਮਤਿ ਸਮਾਗਮ ਅਤੇ ਕਵੀ ਦਰਬਾਰ



ਗੁਰਮਤਿ ਸਮਾਗਮ ਅਤੇ ਕਵੀ ਦਰਬਾਰ ਚ ਪੁੱਜੇ ਵੱਖ ਵੱਖ ਕਵੀਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ।

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 556ਵੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ, ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ, ਗੁਰੁਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ਹਿਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਸਹਿਤ ਗੁਰਮਤਿ ਸਮਾਗਮ ਤੇ ਕਵੀ ਦਰਬਾਰ ਸਜਾਇਆ ਗਿਆ।**

ਕਵੀ ਦਰਬਾਰ ਵੀ ਅਗਵਾਈ ਤੇ ਸਟੇਜ ਦੀ ਸੇਵਾ, ਪੰਥ ਦੇ ਉਘੇ ਸੰਗੀਤ ਅਤੇ ਸਾਹਿਤਕਾਰ ਗਿਆਨੀ ਬਲਵੰਤ ਸਿੰਘ ਲਿਤਰਾ ਵਾਲੇ ਕਰ ਰਹੇ ਹਨ। ਕਵੀ ਦਰਬਰ ਦੀ ਆਰੰਭਤਾ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਹਜੂਰੀ ਕੀਰਤਨ ਤੇ ਗਿਆਨੀ ਸਕੰਦਰ ਸਿੰਘ ਤੇ ਸਾਥੀਆਂ ਵਲੋਂ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਸੁਰੂ ਹੋਈ ਇਸ ਮੌਕੇ ਪ੍ਰਸਿੱਧ ਕਵੀ, ਮਹਿੰਦਰ ਪਾਲ ਸਿੰਘ ਜੀ, ਗਿਆਨੀ ਬਲਵੰਤ ਸਿੰਘ ਜੀ ਲਿਤਰਾ ਵਾਲੇ, ਸ: ਸੰਤੋਖ ਸਿੰਘ ਅਟਵਾਲ, ਦਰਸ਼ਨ ਸਿੰਘ ਜੀ ਕੰਗ, ਭਾਈ ਰਾਮ ਜੀ, ਸਿੰਦਰ ਕੌਰ, ਅਮਰਜੀਤ ਕੌਰ ਰਾਣਾ, ਬੀਬਾ ਕਿਰਨ ਦੀਪ ਕੌਰ, ਭਾਈ ਪਾਲ ਸਿੰਘ, ਭਾਈ ਲਮਨ ਰੰਧਾਵਾ ਅਤੇ ਭਾਈ ਮਨਮਿੰਦਰ ਸਿੰਘ ਨੇ ਆਪਣੀਆ ਰਚਨਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਸਟੇਜ ਸੰਚਾਲਨ ਸਮੇਂ ਭਾਈ ਜਸਪਾਲ ਸਿੰਘ ਨੇ ਵੀ ਸਹਿਜੋਗ ਦਿੱਤਾ। ਇਸ ਮੌਕੇ ਗੁਰੂ ਘਰ ਵਲੋਂ ਮੁੱਖ ਪ੍ਰਬੰਧਕ ਜਰਨੈਲ ਸਿੰਘ ਰਾਣਾ, ਰਣਧੀਰ ਸਿੰਘ ਸੰਭਲ, ਖਜਾਨਚੀ ਜਗਤਾਰ ਸਿੰਘ ਰਾਹੋ , ਗਿਆਨੀ ਸੁਖਚੈਨ ਸਿੰਘ ਨੇ ਸਮੂਹ ਕਵੀਆ ਨੂੰ ਸਿਰੋਪਾਓ ਦੀ ਬਖਸ਼ਿਸ ਕਰਕੇ ਸਨਮਾਨਿਤ ਕੀਤਾ। ਚੌਰ ਦੀ ਸੇਵਾ ਭਾਈ ਰਜਿੰਦਰ ਸਿੰਘ ਤੇ ਭਾਈ ਝਲਮਣ ਸਿੰਘ ਨੇ ਨਿਭਾਈ। ਇਸ ਮੌਕੇ ਭਾਈ ਕੁਲਵੰਤ ਸਿੰਘ, ਬਾਬਾ ਅਜੀਤ ਸਿੰਘ, ਸਰਬਜੀਤ ਸਿੰਘ ਬਾਜਵਾ, ਬੀਬੀ ਪ੍ਰੇਮਜੀਤ ਕੋਰ ਅਤੇ ਹੋਰ ਪਤਵੰਤਿਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

**ਪਾਠਕ ਤੇ ਸਿਆਣੇ ਪੰਜਾਬੀ ਉਨ੍ਹਾਂ ਅਖ਼ਬਾਰਾਂ, ਰਸਾਲਿਆਂ ਨੂੰ ਆਪਣੇ ਘਰਾਂ, ਗੁਰੂ ਘਰਾਂ ਅਤੇ ਮੰਦਰਾਂ ਆਦਿ ਵਿਚ ਨਾ ਰੱਖਣ ਜਿਹੜੇ ਅਖ਼ਬਾਰਾਂ ਵਿਚ ਪਾਖੰਡੀ ਬਾਬਿਆਂ ਤੇ ਜਾਦੂ ਟੂਣੇ ਵਾਲਿਆਂ ਦੇ ਇਸ਼ਤਿਹਾਰ ਛਪਦੇ ਹਨ।**

LEASE FOR SALE
ਗਰੀਨਫੋਰਡ ਵਿਖੇ ਐਸ ਐਸ ਧਾਲੀਵਾਲ ਕੇਟਰਿੰਗ, ਦੁਕਾਨ ਵਿਕਾਊ
ਕੀਮਤ (ਲੀਜ਼) = £1,10,000 (1 ਲੱਖ 10 ਹਜ਼ਾਰ)
Lease Price - £1,10,000
EST: 35 YEARS
Gary of GREENFORD
Open 7 Days a week:
Now on Just Eat and Uber Eats
1:00pm to 10:00pm
Collection Only
Buy One Pizza Get One FREE
ਪੀਜ਼ਾ ਅਤੇ ਲਜ਼ੀਜ਼ ਦੇਸੀ/ਪੰਜਾਬੀ ਖਾਣੇ
Weddings - Anniversaries, Birthdays-Engagements, Receptions - Corporate Events, Exhibitions, Private Parties
ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:
ਵਧੇਰੇ ਜਾਣਕਾਰੀ ਲਈ ਮਿ: ਧਾਲੀਵਾਲ ਨਾਲ ਸੰਪਰਕ ਕਰੋ:
SS DHALIWAL CATERING
Tel: 0208 575 3600 / Mo: 07910 922 879
65 Marnham Crescent, Greenford, Middx, UB6 9SP

# ਸਿੱਖਾਂ ਵਿਰੁੱਧ ਵਧੇ ਨਫ਼ਰਤੀ ਅਪਰਾਧਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਸਰਕਾਰ- ਸਿੱਖ ਫੈਡਰੇਸ਼ਨ ਯੂ ਕੇ ਦੋ ਮਹੀਨਿਆਂ ਵਿੱਚ ਤਿੰਨ ਸਿੱਖ ਬੀਬੀਆਂ ਤੇ ਨਸਲੀ ਹਮਲੇ ਨੂੰ ਲੈ ਸਿੱਖ ਚਿੰਤਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਹਫ਼ਤੇ ਵੈਸਟ ਮਿਡਲੈਂਡ ਪੁਲਿਸ ਨੇ ਰਿਪੋਰਟ ਦਿੱਤੀ ਸੀ ਕਿ ਵੁਲਵਰਹੈਂਪਟਨ ਵਿੱਚ 50 ਸਾਲਾਂ ਦੀ ਇੱਕ ਔਰਤ 'ਤੇ 20 ਸਾਲਾਂ ਦੇ ਚਾਰ ਜਾਂ ਪੰਜ ਆਦਮੀਆਂ ਦੇ ਇੱਕ ਸਮੂਹ ਦੁਆਰਾ ਹਮਲਾ ਕੀਤਾ ਗਿਆ ਸੀ ਜੋ ਨਸਲੀ ਨਫ਼ਰਤ ਤੋਂ ਪ੍ਰੇਰਿਤ ਸੀ।

ਹਮਲੇ ਵਿੱਚ ਇੱਕ ਹੱਥ ਵਿੱਚ ਫੜੇ ਜਾਣ ਵਾਲੇ ਬਿਜਲਈ ਯੰਤਰ ਦੀ ਵਰਤੋਂ ਕੀਤੀ ਗਈ ਸੀ ਅਤੇ ਔਰਤ ਨੂੰ ਧਾਤ ਦੀ ਬਾਰ ਨਾਲ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਉਹ ਪੀੜਤਾ ਵੀ ਸਿੱਖ ਹੈ।

ਵੈਸਟ ਮਿਡਲੈਂਡਜ਼ ਪੁਲਿਸ ਦੀ ਮੇਜਰ ਕ੍ਰਾਈਮ ਯੂਨਿਟ ਦੇ ਜਾਂਚ ਇੰਸਪੈਕਟਰ ਰਾਚੇਲ ਐਲਨ ਨੇ ਕਿਹਾ: "ਇਹ ਨਸਲੀ ਤੌਰ 'ਤੇ ਵਧੇ ਹੋਏ ਤੱਤ ਨਾਲ ਇੱਕ ਘਿਣਾਉਣਾ ਹਮਲਾ ਸੀ ਅਤੇ ਅਸੀਂ ਜ਼ਿੰਮੇਵਾਰ ਲੋਕਾਂ ਨੂੰ ਲੱਭਣ ਲਈ ਸਖ਼ਤ ਮਿਹਨਤ ਕਰ ਰਹੇ ਹਾਂ।"

ਇਹ ਹਮਲਾ 27 ਅਕਤੂਬਰ ਨੂੰ ਹੋਇਆ ਸੀ ਅਤੇ ਵੁਲਵਰਹੈਂਪਟਨ, ਓਲਡਬਰੀ ਅਤੇ ਵਾਲਸਾਲ ਵਿੱਚ ਤਿੰਨ ਹੋਰ ਨਸਲੀ ਹਮਲਿਆਂ ਤੋਂ ਬਾਅਦ ਅਤੇ ਸੰਸਦ ਵਿੱਚ ਸਿੱਖ ਵਿਰੋਧੀ ਨਫ਼ਰਤ ਨਾਲ ਨਜਿੱਠਣ ਲਈ ਸਰਕਾਰ ਤੋਂ ਤੁਰੰਤ ਕਾਰਵਾਈ ਦੀ ਮੰਗ ਕਰਦੀ ਮੁਹਿੰਮ ਸ਼ੁਰੂ ਕਰਨ ਤੋਂ ਇੱਕ ਦਿਨ ਪਹਿਲਾਂ ਹੋਇਆ।

ਓਲਡਬਰੀ ਅਤੇ ਵਾਲਸਾਲ ਵਿੱਚ ਹੋਏ ਦੋ ਹਮਲੇ ਇੱਕ ਤੋਂ ਬਾਅਦ ਇੱਕ ਹੋਏ ਸਨ ਅਤੇ 20 ਸਾਲਾਂ ਦੀਆਂ ਦੋ ਸਿੱਖ ਔਰਤਾਂ ਨਾਲ ਨਸਲੀ ਤੌਰ 'ਤੇ ਹੋਏ ਬਲਾਤਕਾਰੀ ਹਮਲੇ ਸਿੱਖ ਭਾਈਚਾਰੇ ਵਿੱਚ ਰੋਸ ਫੈਲਾ ਚੁੱਕੇ ਹਨ।

4 ਸਾਲ ਤੋਂ ਵੱਧ ਸਮਾਂ ਪਹਿਲਾਂ, ਅਪ੍ਰੈਲ 2021 ਤੋਂ, ਪੁਲਿਸ ਬਲਾਂ ਲਈ ਇਹ ਇੱਕ ਲੋੜ ਬਣ ਗਈ ਸੀ ਕਿ ਉਹ ਗ੍ਰਹਿ ਦਫ਼ਤਰ ਨੂੰ ਨਸਲੀ ਜਾਂ ਧਾਰਮਿਕ ਤੌਰ 'ਤੇ ਵਧੇ ਹੋਏ ਅਪਰਾਧਾਂ ਦੇ ਪੀੜਤਾਂ ਦੀ ਨਸਲੀ ਜਾਣਕਾਰੀ ਪ੍ਰਦਾਨ ਕਰਨ। ਹਾਲਾਂਕਿ, 9 ਅਕਤੂਬਰ 2025 ਨੂੰ ਗ੍ਰਹਿ ਦਫ਼ਤਰ ਦੁਆਰਾ ਜਾਰੀ ਕੀਤੀ ਗਈ ਤਾਜ਼ਾ ਜਾਣਕਾਰੀ ਵਿੱਚ ਇੱਕ ਸਾਲ ਵਿੱਚ ਸਿਰਫ 40% ਅਪਰਾਧਾਂ ਵਿੱਚ ਪੀੜਤਾਂ ਦੀ ਨਸਲੀ ਜਾਣਕਾਰੀ ਪ੍ਰਦਾਨ ਕੀਤੀ।




ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ

ਸਿੱਖ ਫੈਡਰੇਸ਼ਨ (ਯੂ.ਕੇ.) ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਕਿ ਗ੍ਰਹਿ ਦਫ਼ਤਰ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਗੈਰ-ਗੋਰਿਆਂ ਨੂੰ ਗੋਰਿਆਂ ਨਾਲੋਂ ਨਫ਼ਰਤ ਦੇ ਅਪਰਾਧਾਂ ਦਾ ਅਨੁਭਵ ਕਰਨ ਦੀ ਸੰਭਾਵਨਾ ਦਸ ਗੁਣਾ ਜ਼ਿਆਦਾ ਹੈ ਅਤੇ ਨਸਲੀ ਘੱਟ ਗਿਣਤੀਆਂ ਵਿੱਚ ਸਿੱਖ ਭਾਈਚਾਰਾ ਨਫ਼ਰਤੀ ਅਪਰਾਧਾਂ ਦਾ ਸਭ ਤੋਂ ਵੱਧ ਸਾਹਮਣਾ ਕਰ ਰਿਹਾ ਹੈ। ਐਮ ਪੀ ਪ੍ਰੀਤ ਕੌਰ ਗਿੱਲ ਐਮ.ਪੀ. ਨੇ ਵੀ ਵੁਲਵਰਹੈਂਪਟਨ ਵਿੱਚ ਹੋਏ ਨਸਲੀ ਹਮਲੇ ਦੀ ਨਿੰਦਾ ਕੀਤੀ ਹੈ।

# £250 ਹਜ਼ਾਰ ਦੇ ਨਸ਼ੇ ਨਾਲ ਫੜੇ ਗਏ ਜੋੜੇ ਨੂੰ ਕੈਦ ਦੀ ਸਜ਼ਾ

ਲੈਸਟਰ(ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-ਪੁਲਿਸ ਨੇ ਇੱਕ ਜੋੜੇ ਨੂੰ £250 ਹਜ਼ਾਰ ਦੇ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਉਨ੍ਹਾਂ ਨੂੰ ਕੈਦ ਦੀ ਸਜ਼ਾ ਸੁਣਾਈ ਗਈ।ਜਾਣਕਾਰੀ ਮੁਤਾਬਕ, ਜੋੜੇ ਦੇ ਘਰ ਤੋਂ ਪੁਲਿਸ ਨੇ ਵੱਡੀ ਮਾਤਰਾ ਵਿੱਚ ਕੋਕੇਨ, ਕੈਨਾਬਿਸ ਅਤੇ ਹੋਰ ਗੈਰਕਾਨੂੰਨੀ ਦਵਾਈਆਂ ਬਰਾਮਦ ਕੀਤੀਆਂ। ਜਾਂਚ ਦੌਰਾਨ ਪਤਾ ਲੱਗਿਆ ਕਿ ਇਹ ਜੋੜਾ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਸ਼ਾ ਸਪਲਾਈ ਕਰਦਾ ਸੀ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਛਾਪੇਮਾਰੀ ਤੋਂ ਪਹਿਲਾਂ ਲੰਬੇ ਸਮੇਂ ਤੱਕ ਗੁਪਤ ਨਿਗਰਾਨੀ ਕੀਤੀ ਗਈ ਸੀ। ਮਹਿਲਾ ਨੂੰ ਤਿੰਨ ਸਾਲ ਦੀ ਕੈਦ ਤੇ ਪੁਰਸ਼ ਨੂੰ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਾਂਚ ਅਧਿਕਾਰੀਆਂ ਨੇ ਕਿਹਾ ਕਿ ਇਹ ਕਾਰਵਾਈ ਨਸ਼ਾ ਤਸਕਰੀ ਦੇ ਜਾਲ ਨੂੰ ਤੋੜਨ ਵੱਲ ਇੱਕ ਵੱਡਾ ਕਦਮ ਹੈ। ਪੁਲਿਸ ਨੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਸ਼ੇ ਨਾਲ ਜੁੜੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਤਾਂ ਜੋ ਇਸ ਤਰ੍ਹਾਂ ਦੀਆਂ ਗੈਰਕਾਨੂੰਨੀ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ।

# ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਨੇ ਆਪਣੇ ਭਰਾ ਪ੍ਰਿੰਸ ਐਂਡਰਿਊ ਤੋਂ ਸਾਰੇ ਸ਼ਾਹੀ ਖ਼ਿਤਾਬ ਅਤੇ ਸਨਮਾਨ ਵਾਪਸ ਲੈ ਕੇ ਕੀਤਾ ਘਰੋਂ ਬਾਹਰ



ਪ੍ਰਿੰਸ ਐਂਡਰਿਊ ਅਤੇ ਜੈਫਰੀ ਐਪਸਟਾਈਨ ਨਾਲ ਪੁਰਾਣੀ ਤਸਵੀਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਨੇ ਆਪਣੇ ਭਰਾ ਪ੍ਰਿੰਸ ਐਂਡਰਿਊ ਤੋਂ ਜਿਊਕ ਆਫ ਯਾਰਕ ਸਮੇਤ ਸਾਰੇ ਸ਼ਾਹੀ ਖ਼ਿਤਾਬ ਅਤੇ ਸਨਮਾਨ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਬਕਿੰਘਮ ਪੈਲੇਸ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਐਂਡਰਿਊ ਹੁਣ ਤੋਂ "ਐਂਡਰਿਊ ਮਾਊਂਟਬੈਟਨ ਵਿੰਡਸਰ" ਦੇ ਨਾਮ ਨਾਲ ਜਾਣੇ ਜਾਣਗੇ। ਇਹ ਕਦਮ ਉਸ ਸਮੇਂ ਆਇਆ ਹੈ ਜਦੋਂ ਪ੍ਰਿੰਸ ਐਂਡਰਿਊ ਉੱਤੇ ਇੱਕ ਨਾਬਾਲਗਾ ਅਤੇ ਜੈਫਰੀ ਐਪਸਟਾਈਨ ਨਾਲ ਸਬੰਧਾਂ ਦੇ ਦੋਸ਼ਾਂ ਕਾਰਨ ਦਬਾਅ ਵਧ ਰਿਹਾ ਸੀ। ਮਹਾਰਾਜਾ ਚਾਰਲਸ ਅਤੇ ਰਾਣੀ ਕੈਮਿਲਾ ਨੇ ਕਿਹਾ ਕਿ ਉਨ੍ਹਾਂ ਦੀ ਹਮਦਰਦੀ "ਪੀੜਤਾ ਨਾਲ ਹੈ।" ਪੈਲੇਸ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਐਂਡਰਿਊ ਨੂੰ ਵਿੰਡਸਰ ਕਾਸਲ ਨੇੜੇ ਸ਼ਾਹੀ ਰਿਹਾਇਸ਼ ਨੂੰ ਵੀ ਛੱਡਣਾ ਪਵੇਗਾ, ਜਿੱਥੇ ਉਹ ਪਿਛਲੇ ਕਈ ਸਾਲਾਂ ਤੋਂ ਰਹਿ ਰਹੇ ਸਨ। ਜਾਣਕਾਰੀ ਅਨੁਸਾਰ, ਐਂਡਰਿਊ ਇਹ 30 ਕਮਰਿਆਂ ਵਾਲਾ ਮਹਲ ਕੇਵਲ ਇੱਕ ਸਾਲਾਨਾ ਪ੍ਰਤੀਕਾਤਮਕ ਕਿਰਾਏ 'ਤੇ ਵਰਤ ਰਹੇ ਸਨ। ਹੁਣ ਉਨ੍ਹਾਂ ਨੂੰ ਇਸ ਦੀ ਲੀਜ਼ ਛੱਡਣ ਲਈ ਸਰਕਾਰੀ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਪ੍ਰਿੰਸ ਐਂਡਰਿਊ ਨੇ ਆਪਣੇ ਖ਼ਿਲਾਫ਼ ਸਾਰੇ ਦੋਸ਼ਾਂ ਨੂੰ ਰੱਦ ਕੀਤਾ ਹੈ ਅਤੇ ਹੁਣ ਉਹ ਨਿੱਜੀ ਰਿਹਾਇਸ਼ 'ਚ ਜਾਣਗੇ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਨਾਮਵਰ ਪੰਜਾਬੀ ਦਰਸ਼ਨ ਸਿੰਘ ਸਾਹਸੀ ਦੇ ਕਤਲ ਮਗਰੋਂ ਭਾਈਚਾਰੇ ਅੰਦਰ ਗੁੱਸੇ ਦੀ ਲਹਿਰ

## ✪ ਸਾਹਸੀ ਪਰਿਵਾਰ ਵਲੋਂ ਜਬਰੀ ਵਸੂਲੀ ਜਾਂ ਫਿਰੌਤੀ ਦੀ ਧਮਕੀ ਤੋਂ ਇਨਕਾਰ


## ✪ ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਵਿੱਚ ਬੇਹਦ ਮਕਬੂਲ ਸਨ ਸਾਹਸੀ

ਐਬਸਫੋਰਡ (ਡਾ. ਗੁਰਵਿੰਦਰ ਸਿੰਘ)- ਲਾਰੈਂਸ ਬਿਸ਼ਨੋਈ ਗੈਂਗ ਨੇ ਬ੍ਰਿਟਿਸ਼ ਕੋਲੰਬੀਆ ਸਥਿਤ ਭਾਰਤੀ ਮੂਲ ਦੇ ਕਾਰੋਬਾਰੀ ਦਰਸ਼ਨ ਸਿੰਘ ਸਾਹਸੀ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਬਿਸ਼ਨੋਈ ਗੈਂਗ ਦੇ ਮੈਂਬਰ ਗੋਲਡੀ ਢਿੱਲੋਂ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਦਾਅਵਾ ਕੀਤਾ ਹੈ ਕਿ ਉਸ ਨੇ ਸਾਹਸੀ ਦਾ ਕਤਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਕਥਿਤ ਸ਼ਮੂਲੀਅਤ ਅਤੇ ਉਨ੍ਹਾਂ ਨੂੰ ਪੈਸੇ ਦੇਣ ਤੋਂ ਇਨਕਾਰ ਕਰਨ ਕਾਰਨ ਕੀਤਾ ਸੀ। ਪੰਜਾਬੀ-ਕੈਨੇਡੀਅਨ ਕਾਰੋਬਾਰੀ ਸਾਹਸੀ ਦਾ ਕਤਲ 27 ਅਕਤੂਬਰ ਦੀ ਸਵੇਰ ਨੂੰ ਐਬਟਸਫੋਰਡ ਵਿੱਚ ਉਸ ਦੇ ਘਰ ਦੇ ਬਾਹਰ ਕੀਤਾ ਗਿਆ ਸੀ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਹਮਲਾਵਰ ਆਪਣੇ ਘਰ ਦੇ ਬਾਹਰ ਸੜਕ ਕਿਨਾਰੇ ਖੜ੍ਹੀ ਆਪਣੀ ਕਾਰ ਵਿੱਚ ਸਾਹਸੀ ਦੇ ਆਉਣ ਦੀ ਉਡੀਕ ਕਰ ਰਿਹਾ ਸੀ। ਜਿਵੇਂ ਹੀ ਸਹਾਸੀ ਆਪਣੀ ਕਾਰ ਵਿੱਚ ਚੜ੍ਹਿਆ, ਹਮਲਾਵਰ, ਸੜਕ ਦੇ ਪਾਰ ਇੱਕ ਹੋਰ ਕਾਰ ਵਿੱਚ ਖੜ੍ਹਾ ਸੀ, ਨੇ ਕਈ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਭੱਜ ਗਿਆ।ਐਬਟਸਫੋਰਡ ਪੁਲਿਸ ਵਿਭਾਗ ਨੂੰ ਸਵੇਰੇ ਗੋਲੀਬਾਰੀ ਦੀ ਰਿਪੋਰਟ ਮਿਲੀ ਅਤੇ ਮੌਕੇ 'ਤੇ ਪਹੁੰਚਣ 'ਤੇ, ਸਾਹਸੀ ਗੰਭੀਰ ਹਾਲਤ ਵਿੱਚ ਪਾਇਆ ਗਿਆ। ਬਚਾਅ ਕਰਮਚਾਰੀਆਂ ਨੇ ਕਥਿਤ ਤੌਰ 'ਤੇ ਕਾਰੋਬਾਰੀ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਪਰ ਅਜਿਹਾ ਕਰਨ ਵਿੱਚ ਅਸਮਰੱਥ ਰਹੇ।

ਪੁਲਿਸ ਵਲੋਂ ਕਤਲ ਦੀ ਜਾਂਚ ਜਾਰੀ ਹੈ।ਇਸ ਹੱਤਿਆ ਤੋਂ ਬਾਅਦ ਸਥਾਨਕ ਭਾਈਚਾਰਾ ਗਹਿਰੇ ਸਦਮੇ ਵਿੱਚ ਹੈ। ਬਹੁ-ਰਾਸ਼ਟਰੀ ਕੱਪੜਾ ਰੀਸਾਈਕਲਿੰਗ ਕੰਪਨੀ ਕੈਨਮ ਗਰੁੱਪ ਦੇ ਮਾਲਕ, ਦਰਸ਼ਨ ਸਿੰਘ ਸਾਹਸੀ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਪਾਇਲ ਹਲਕੇ 'ਚ ਦੁਰਾਹੇ ਨੇੜਲੇ ਦੇ ਰਾਜਗੜ੍ਹ ਪਿੰਡ ਦੇ ਰਹਿਣ ਵਾਲੇ ਸਨ। ਉਹ ਸਾਢੇ ਤਿੰਨ ਦਹਾਕੇ ਪਹਿਲਾਂ 1991 ਵਿੱਚ ਕੈਨੇਡਾ ਆ ਵਸੇ ਸਨ। 27

ਐਬਸਫੋਰਡ ਸਿਟੀ ਕੌਂਸਲ ਤੋਂ ਲੈ ਕੇ ਪ੍ਰੋਵਿੰਸ਼ਿਅਲ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਵੀ ਨਿੱਜੀ ਤੌਰ 'ਤੇ ਦਰਸ਼ਨ ਸਿੰਘ ਸਾਹਸੀ ਹੁਰਾਂ ਦੇ ਭਾਈਚਾਰਕ ਤੌਰ 'ਤੇ ਮੋਹਰੀ ਸੁਭਾਅ ਤੋਂ ਭਲੀ ਭਾਂਤ ਵਾਕਫ ਸਨ। ਇਉਂ ਇਹ ਕਤਲ ਮਹਿਜ਼ ਵਾਰਦਾਤ ਨਾ ਹੋ ਕੇ, ਸਿਆਸੀ ਹਲਕਿਆਂ ਵਿੱਚ ਵੀ ਗਹਿਰੀ ਚਿੰਤਾ ਦਾ ਵਿਸ਼ਾ ਹੈ। ਦਰਸ਼ਨ ਸਿੰਘ ਸਾਹਸੀ ਦੀ ਦਰਦਨਾਕ ਮੌਤ ਕਾਰਨ ਭਾਈਚਾਰੇ ਅੰਦਰ ਮਾਹੌਲ ਗਮਗੀਨ ਹੈ। ਉਹਨਾਂ ਦੇ ਘਰ ਨੇੜੇ ਸਥਿਤ ਪਾਰਕ ਵਿੱਚ ਜਦੋਂ ਭਾਈਚਾਰੇ ਦੇ ਵੱਡੀ ਗਿਣਤੀ ਚ ਹਾਜ਼ਰ ਲੋਕਾਂ ਨੂੰ ਪੱਤਰਕਾਰ ਮਿਲੇ, ਤਾਂ ਲੋਕ ਕਾਨੂੰਨ ਤੇ ਪ੍ਰਸ਼ਾਸਨ ਕੈਨੇਡਾ ਵਿੱਚ ਭਾਰੀ ਢਿਲ ਮੱਠ ਅਤੇ ਦਿਨ ਦਿਹਾੜੇ ਵਾਪਰ ਰਹੀਆਂ ਵਾਰਦਾਤਾਂ ਨੂੰ ਲੈ ਕੇ ਤਿੱਖੇ ਬੇਹੱਦ ਨਿਰਾਸ਼ ਅਤੇ ਰੋਹ ਵਿੱਚ ਸਨ।

ਸਾਹਸੀ ਪਰਿਵਾਰ ਵਲੋਂ ਕਿਸੇ ਵੀ ਫਿਰੌਤੀ ਦੀ ਧਮਕੀ ਤੋਂ ਇਨਕਾਰ : ਸੋਸ਼ਲ ਮੀਡੀਆ 'ਤੇ ਇੱਕ ਅਣ-ਪ੍ਰਮਾਣਿਤ ਪੋਸਟ ਵਿੱਚ, ਲਾਰੈਂਸ ਬਿਸ਼ਨੋਈ ਸਮੂਹ ਦੇ ਗੈਂਗਸਟਰ ਗੋਲਡੀ ਢਿੱਲੋਂ ਨੇ ਕਥਿਤ ਤੌਰ 'ਤੇ ਸਾਹਸੀ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਹੈ ਅਤੇ ਕਿਹਾ ਹੈ ਕਿ ਸਾਹਸੀ ਨੇ "ਉਨ੍ਹਾਂ ਦੀਆਂ ਜਬਰੀ ਵਸੂਲੀ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਸੀ।" ਇਸ ਸਬੰਧ ਵਿੱਚ ਮੀਡੀਆ ਨਾਲ ਗੱਲ ਕਰਦੇ ਹੋਏ, ਦਰਸ਼ਨ ਸਿੰਘ ਸਾਹਸੀ ਦੇ ਪੁੱਤਰ ਅਰਪਨ ਸਾਹਸੀ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਸਬੰਧ ਵਿੱਚ ਅਜਿਹੀ ਕਿਸੇ ਵੀ ਧਮਕੀ/ਜਬਰੀ ਵਸੂਲੀ ਦੇ ਕਾਲ ਆਉਣ ਦੇ ਦਾਅਵਿਆਂ ਨੂੰ ਸਖ਼ਤੀ ਨਾਲ ਨਕਾਰਦੇ ਹਨ। ਉਸ ਨੇ ਕਿਹਾ ਕਿ ਸਾਹਸੀ ਪਰਿਵਾਰ ਉਸ ਦੇ ਪਿਤਾ ਦੇ "ਨਾਮ ਨੂੰ ਬਦਨਾਮ ਨਹੀਂ ਹੋਣ ਦੇਵੇਗਾ।"



"ਅਸੀਂ ਅਜੇ ਵੀ ਜਵਾਬ ਲੱਭ ਰਹੇ ਹਾਂ। ਅਸੀਂ ਅਜਿਹੀਆਂ ਸਾਰੀਆਂ ਗੱਲਾਂ ਤੋਂ ਪੂਰੀ ਤਰ੍ਹਾਂ ਇਨਕਾਰ ਕਰਦੇ ਹਾਂ, ਜੋ ਫੈਲਾਈਆਂ ਜਾ ਰਹੀਆਂ ਹਨ। ਮੇਰੇ ਪਿਤਾ ਜਾਂ ਸਾਡੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੂੰ ਕਦੇ ਵੀ ਕਿਸੇ ਗੈਂਗਸਟਰ ਆਦਿ ਤੋਂ ਕੋਈ ਧਮਕੀ, ਜਬਰੀ ਵਸੂਲੀ ਜਾਂ ਫਿਰੌਤੀ ਦੀ ਕਾਲ ਨਹੀਂ ਮਿਲੀ। ਮੇਰੇ ਪਿਤਾ ਨੂੰ ਮਾਰਨ ਨਾਲ ਕਿਸੇ ਨੂੰ ਵੀ, ਬਿਲਕੁਲ ਫਾਇਦਾ ਨਹੀਂ ਹੁੰਦਾ। ਉਹ ਇੱਕ ਅਜਿਹਾ ਆਦਮੀ ਸੀ, ਜਿਸ ਨੇ ਹਮੇਸ਼ਾ ਸਮਾਜ ਸੇਵਾ ਵਿਚ ਯੋਗਦਾਨ ਪਾਇਆ। ਜੋ ਲੋਕ ਮੇਰੇ ਪਿਤਾ ਨੂੰ ਜਾਣਦੇ ਹਨ, ਉਹ ਸੱਚਮੁੱਚ ਜਾਣਦੇ ਹਨ ਕਿ ਉਹ ਕੌਣ ਸਨ", ਅਰਪਨ ਆਪਣੇ ਪਿਤਾ ਦੀ ਕੰਪਨੀ ਵਿੱਚ ਮੈਨੇਜਿੰਗ ਡਾਇਰੈਕਟਰ ਵਜੋਂ ਵੀ ਕੰਮ ਕਰਦਾ ਹੈ। ਅਰਪਨ ਨੇ ਕਿਹਾ ਕਿ ਸੋਮਵਾਰ ਸਵੇਰੇ, ਉਸ ਦੇ ਪਿਤਾ ਰੁਟੀਨ ਵਾਂਗ ਕੰਮ 'ਤੇ ਜਾ ਰਹੇ ਸਨ ਅਤੇ "ਬਿਲਕੁਲ ਕੁਝ ਵੀ ਅਸਾਧਾਰਨ ਨਹੀਂ ਸੀ"। "ਜੇਕਰ ਉਹਨਾਂ ਨੂੰ ਅਜਿਹੀ ਕੋਈ ਧਮਕੀ ਮਿਲਦੀ, ਤਾਂ ਉਹ ਸਾਡੇ ਨਾਲ ਸਾਂਝਾ ਕਰਦੇ। ਉਸ ਦਿਨ ਉਹਨਾਂ ਵਿਵਹਾਰ ਵਿੱਚ ਜਾਂ ਆਲੇ-ਦੁਆਲੇ ਕੁਝ ਵੀ ਅਸਾਧਾਰਨ ਨਹੀਂ ਸੀ। ਉਹ ਸਿਰਫ਼ ਆਪਣੀ ਗੱਡੀ ਵਿੱਚ ਕੰਮ 'ਤੇ ਜਾ ਰਹੇ ਸਨ, ਜਦੋਂ ਅਣਪਛਾਤੇ ਹਮਲਾਵਰ ਨੇ ਉਹਨਾਂ ਨੂੰ ਗੋਲੀ ਮਾਰ ਦਿੱਤੀ। ਜੇਕਰ ਉਹਨਾਂ ਨੂੰ ਅਜਿਹੀ ਕੋਈ ਧਮਕੀ ਮਿਲਦੀ, ਤਾਂ ਉਹ ਇਸ ਬਾਰੇ ਚੁੱਪ ਰਹਿਣ ਜਾਂ ਇਸ ਨੂੰ ਅਣਦੇਖਿਆ ਕਰਨ ਵਾਲੇ ਨਹੀਂ ਸਨ। ਉਹ ਆਪਣੀ ਸਾਰੀ ਤਾਕਤ ਇਸ ਦੀ ਜਾਂਚ ਪੜਤਾਲ ਪਿੱਛੇ ਲਗਾ ਦਿੰਦੇ," ਅਰਪਨ ਨੇ ਕਿਹਾ।

ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਵਿੱਚ ਬੇਹਦ ਮਕਬੂਲ ਸਨ ਦਰਸ਼ਨ ਸਿੰਘ ਸਾਹਸੀ : ਮਰਹੂਮ ਦਰਸ਼ਨ ਸਿੰਘ ਸਾਹਸੀ ਸਾਹਿਤਕ ਅਤੇ ਸੱਭਿਆਚਾਰਕ ਹਲਕਿਆਂ ਵਿੱਚ ਵੀ ਸਤਿਕਾਰਯੋਗ ਜਾਂਦੇ ਸਨ। ਨਾਮਵਰ ਪੰਜਾਬੀ ਲਿਖਾਰੀ, ਗਾਇਕ ਅਤੇ ਹੋਰ ਸ਼ਖਸੀਅਤਾਂ ਅਕਸਰ ਉਹਨਾਂ ਦੇ ਘਰੇ ਇਕੱਠੀਆਂ ਹੁੰਦੀਆਂ ਅਤੇ ਘਰ ਵਿੱਚ ਸਾਹਿਤਕ ਮੇਲੇ ਵਰਗਾ ਮਾਹੌਲ ਹੁੰਦਾ। ਦਰਸ਼ਨ ਸਿੰਘ ਤੇ ਉਨਾਂ ਦੀ ਸੁਪਤਨੀ ਦੋਵੇਂ ਜਣੇ, ਸਾਹਿਤਕ ਮਹਿਮਾਨਾਂ ਦੀ ਹੱਦੋਂ ਵੱਧ ਆਓ ਭਗਤ ਕਰਦੇ ਅਤੇ ਖੁੱਲ ਦਿਲੀ ਨਾਲ ਸੇਵਾਵਾਂ ਵਿੱਚ ਜੁੱਟ ਜਾਂਦੇ। ਉਹਨਾਂ ਦੇ ਦਰਦਨਾਕ ਵਿਛੋੜੇ ਨਾਲ ਕੈਨੇਡਾ ਵਿੱਚ ਹੀ ਨਹੀਂ, ਪੰਜਾਬ ਵਿੱਚ ਵੀ ਸਾਹਿਤਕ ਅਤੇ ਸੱਭਿਆਚਾਰਕ ਹਸਤੀਆਂ ਅੰਦਰ ਗਹਿਰਾ ਸੋਗ ਛਾ ਗਿਆ ਹੈ।

ਪ੍ਰੋਫੈਸਰ ਗੁਰਭਜਨ ਸਿੰਘ ਗਿੱਲ, ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਭੇਜੇ ਸੋਗਮਈ ਸੁਨੇਹੇ ਵਿੱਚ ਉਹਨਾਂ ਲਿਖਿਆ ਹੈ; "ਦਰਸ਼ਨ ਸਿੰਘ ਸਾਹਸੀ ਦਰਿਆ ਦਿਲ ਇਨਸਾਨ ਸੀ। ਮੁਹੱਬਤੀ ਬੰਦਿਆਂ ਦੇ ਮੁੱਕਣ ਨਾਲ ਜ਼ਿੰਦਗੀ ਜਿਉਣ ਯੋਗ ਨਹੀਂ ਰਹਿੰਦੀ। ਸ਼ਬਦ ਹਾਰ ਗਏ ਨੇ ਦਰਸ਼ਨ ਦੇ ਜਾਣ ਤੇ। ਮੈਂ ਉਸ ਦੇ ਮੋਹ ਦਾ ਰਹਿੰਦੀ ਉਮਰ ਕਰਜ਼ਦਾਰ ਰਹਾਂਗਾ। ਦਰਸ਼ਨ ਦਾ ਗੋਤ ਹੀ ਸਾਹਸੀ ਨਹੀਂ ਸੀ, ਸੁਭਾਅ ਵੀ ਸਾਹਸ ਭਰਪੂਰ ਸੀ। ਪਰਿਵਾਰ ਦੇ ਦੁੱਖ ਵਿੱਚ ਸ਼ਾਮਿਲ ਹਾਂ।" ਪੰਜਾਬੀ ਸਾਹਿਤ ਸਭਾ ਮੁਢਲੀ ਰਜਿ, ਐਬਸਫੋਰਡ ਦੇ ਸਮੂਹ ਮੈਂਬਰ, ਪੰਜਾਬੀ ਵਿਚਾਰ ਮੰਚ ਵੈਨਕੂਵਰ ਤੋਂ ਮੋਹਨ ਸਿੰਘ ਗਿੱਲ, ਅੰਗਰੇਜ਼ ਸਿੰਘ ਬਰਾੜ ਤੇ ਹੋਰ ਸ਼ਖਸੀਅਤਾਂ, ਜੀਵੇ ਪੰਜਾਬ ਆਦਮੀ ਸੰਗਤ ਅਤੇ ਸਾਊਥ ਏਸ਼ੀਅਨ ਰਿਵਿਊ ਤੋਂ ਭੁਪਿੰਦਰ ਸਿੰਘ ਮੱਲੀ ਸਮੇਤ ਮੈਂਬਰਾਨ ਤੇ ਕਈ ਹੋਰਨਾਂ ਸਾਹਿਤਕ ਸੰਸਥਾਵਾਂ ਨੇ ਦਰਸ਼ਨ ਸਿੰਘ ਸਾਹਸੀ ਦੀ ਹੱਤਿਆ ਦੀ ਪਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਭਾਈਚਾਰੇ ਅਤੇ ਪਰਿਵਾਰ ਲਈ ਇਨਸਾਫ ਦੀ ਮੰਗ ਕੀਤੀ ਹੈ।

ਮਰਹੂਮ ਦਰਸ਼ਨ ਸਿੰਘ ਸਾਹਸੀ ਆਪਣੇ ਪਿੱਛੇ ਪਤਨੀ ਮਨਜੀਤ ਕੌਰ ਅਤੇ ਦੋ ਪੁੱਤਰ- ਨਵੀ ਸਾਹਸੀ ਅਤੇ ਅਰਪਨ ਸਾਹਸੀ ਸਮੇਤ, ਭਰਾਵਾਂ ਭੈਣਾਂ ਤੇ ਰਿਸ਼ਤੇਦਾਰਾਂ ਦਾ ਵੱਡਾ ਪਰਿਵਾਰ ਛੱਡ ਗਏ ਹਨ। ਉਹਨਾਂ ਦੇ ਦੋਵੇਂ ਪੁੱਤਰ ਆਪਣੇ ਪਿਤਾ ਦੀ ਕੱਪੜਾ ਰੀਸਾਈਕਲਿੰਗ ਫਰਮ ਵਿੱਚ ਕੰਮ ਕਰਦੇ ਹਨ। ਦਰਸ਼ਨ ਸਿੰਘ ਸਾਹਸੀ ਦੀ ਦਰਦਨਾਕ ਮੌਤ ਪੰਜਾਬੀ ਭਾਈਚਾਰੇ ਲਈ ਵੱਡਾ ਦੁੱਖ ਅਤੇ ਘਾਟਾ ਹੈ।

# ਮੋਹਾਲੀ ਤੋਂ ਚੰਡੀਗੜ੍ਹ ਜਾ ਰਹੀ ਕੁੜੀ ਨਾਲ ਕੈਬ ਚਾਲਕ ਨੇ ਕੀਤੀ ਬਦਤਮੀਜ਼ੀ

## ✪ ਅਸ਼ਲੀਲ ਗੀਤ ਲਾਉਣ ਤੋਂ ਰੋਕਿਆ ਤਾਂ ਸੁੰਨੀ ਸੜਕ 'ਤੇ ਉਤਾਰ ਕੇ ਹੋਇਆ ਫਰਾਰ

ਐਸ.ਏ.ਐਸ ਨਗਰ-ਮੋਹਾਲੀ ਤੋਂ ਚੰਡੀਗੜ੍ਹ ਜਾ ਰਹੀ ਇੱਕ ਆਰਕੀਟੈਕਟ ਕੁੜੀ ਨਾਲ ਕੈਬ ਚਾਲਕ ਵੱਲੋਂ ਕੀਤੀ ਗਈ ਬਦਸਲੂਕੀ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ, ਪੀੜਤ ਕੁੜੀ ਮੋਹਾਲੀ ਦੇ ਇੰਡਸਟਰੀਅਲ ਏਰੀਆ ਫੇਜ਼-8 ਵਿੱਚ ਆਰਕੀਟੈਕਚਰ ਦੀ ਟ੍ਰੇਨਿੰਗ ਕਰ ਰਹੀ ਹੈ। ਬੀਤੇ ਦਿਨੀਂ ਸ਼ਾਮ ਦੌਰਾਨ ਉਸਨੇ ਆਪਣੇ ਚੰਡੀਗੜ੍ਹ ਸਥਿਤ ਘਰ ਜਾਣ ਲਈ ਊਬਰ ਕੈਬ ਬੁੱਕ ਕੀਤੀ।

ਕੈਬ ਚਾਲਕ ਬਲਦੀਪ ਨੇ ਉਸਨੂੰ ਕਾਰ ਵਿਚ ਬਿਠਾਇਆ, ਪਰ ਕੁਝ ਦੂਰੀ ਤੈਅ ਕਰਨ ਤੋਂ ਬਾਅਦ ਉਸਨੇ ਅਸ਼ਲੀਲ ਗੀਤ ਚਲਾਉਣ ਸ਼ੁਰੂ ਕਰ ਦਿੱਤੇ। ਜਦੋਂ ਕੁੜੀ ਨੇ ਇਸਦਾ ਵਿਰੋਧ ਕੀਤਾ ਤਾਂ ਚਾਲਕ ਨਾਲ ਉਸਦੀ ਤਕਰਾਰ ਹੋ ਗਈ।

ਕੁੜੀ ਨੇ ਸਥਿਤੀ ਨੂੰ ਦੇਖਦਿਆਂ ਆਪਣੇ ਮਾਤਾ-ਪਿਤਾ ਨੂੰ ਫੋਨ ਕੀਤਾ। ਪਰਿਵਾਰਕ ਮੈਂਬਰਾਂ ਨੇ ਉਸਨੂੰ ਵੀਡੀਓ ਕਾਲ ਕਰਨ ਲਈ ਕਿਹਾ ਤਾਂ ਜੋ ਉਹ ਹਾਲਾਤ ਦੇਖ ਸਕਣ। ਜਿਵੇਂ ਹੀ ਕੁੜੀ ਨੇ ਵੀਡੀਓ ਕਾਲ ਸ਼ੁਰੂ ਕੀਤੀ, ਚਾਲਕ ਨੇ ਉਸਨੂੰ ਸੁੰਨੀ ਏਅਰਪੋਰਟ ਰੋਡ 'ਤੇ ਉਤਾਰ ਦਿੱਤਾ ਅਤੇ ਥਾਂ ਤੋਂ ਫਰਾਰ ਹੋ ਗਿਆ।

**ਫਰਜ਼ੀ ਨੰਬਰ ਦਾ ਖਦਸ਼ਾ, ਪੁਲਿਸ ਵੱਲੋਂ ਜਾਂਚ ਜਾਰੀ**

ਕੁੜੀ ਨੇ ਗੱਡੀ ਦਾ ਨੰਬਰ ਅਤੇ ਹੋਰ ਵੇਰਵੇ ਨੋਟ ਕਰ ਲਏ ਹਨ। ਪੁਲਿਸ ਨੂੰ ਸ਼ੱਕ ਹੈ ਕਿ ਗੱਡੀ 'ਤੇ ਲੱਗਾ ਨੰਬਰ ਫਰਜ਼ੀ ਹੋ ਸਕਦਾ ਹੈ। ਜਾਂਚ ਲਈ ਇਲਾਕੇ ਦੇ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ। ਸਰੋਤਾਂ ਮੁਤਾਬਕ, ਜਿਸ ਨੰਬਰ ਦੀ ਗੱਡੀ ਦੱਸੀ ਗਈ ਹੈ, ਉਹ ਇਸ ਸਮੇਂ ਬਠਿੰਡਾ ਵਿੱਚ ਖੜੀ ਹੈ।

**ਕਰਾਈਮ ਨਿਊਜ਼**

## ਪ੍ਰੇਮਿਕਾ ਨਾਲ ਤਕਰਾਰ ਹੋਣ ਤੋਂ ਬਾਅਦ 17 ਸਾਲਾ ਲੜਕੇ ਨੇ ਆਪਣੀ ਗਰਲਫ੍ਰੈਂਡ ਨੂੰ ਜ਼ਿੰਦਾ ਸਾੜਿਆ

✪ ਲੜਕੀ ਦੀ ਹਾਲਤ ਗੰਭੀਰ: ਦੋਸ਼ੀ ਗ੍ਰਿਫਤਾਰ



ਨਵੀਂ ਦਿੱਲੀ-ਮਹਾਰਾਸ਼ਟਰ ਦੇ ਕਪੂਰਬਾਵਾੜੀ ਇਲਾਕੇ ਵਿਖੇ ਇੱਕ ਝਗੜੇ ਤੋਂ ਬਾਅਦ ਇੱਕ ਨਾਬਾਲਗ ਲੜਕੇ ਨੇ ਕਥਿਤ ਤੌਰ 'ਤੇ ਆਪਣੀ ਪ੍ਰੇਮਿਕਾ ਨੂੰ ਉਸਦੇ ਹੀ ਘਰ ਵਿੱਚ ਅੱਗ ਲਗਾ ਦਿੱਤੀ। 17 ਸਾਲਾ ਲੜਕੀ ਲਗਪਗ 80% ਸੜ ਗਈ ਹੈ। ਉਸਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ ਅਤੇ ਉਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਕਪੂਰਬਾਵਾੜੀ ਪੁਲਿਸ ਸਟੇਸ਼ਨ ਦੇ ਸੀਨੀਅਰ ਇੰਸਪੈਕਟਰ ਪ੍ਰਵੀਨ ਮਾਨੇ ਨੇ ਦੱਸਿਆ ਕਿ ਦੋਸ਼ੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਸ ਵਿਰੁੱਧ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਗਿਆ ਹੈ। ਇਸ ਘਟਨਾ ਵਿੱਚ ਲੜਕੀ 80% ਸੜ ਗਈ। ਉਹ ਇਸ ਸਮੇਂ ਗੰਭੀਰ ਹਾਲਤ ਵਿੱਚ ਹੈ ਅਤੇ ਹਸਪਤਾਲ ਵਿੱਚ ਇਲਾਜ ਅਧੀਨ ਹੈ।

# ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਝੂਠੇ ਪੁਲਿਸ ਮੁਕਾਬਲੇ ਦਾ ਡਰ

## ✪ ਹਾਈ ਕੋਰਟ ਵਿਚ ਕੀਤੀ ਅਪੀਲ

ਅੰਮ੍ਰਿਤਸਰ-ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਬੀਤੇ ਦਿਨੀਂ ਸਖ਼ਤ ਸੁਰੱਖਿਆ ਹੇਠ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਅੰਮ੍ਰਿਤਸਰ ਲਿਆਂਦਾ ਗਿਆ। ਇਹ ਦੱਸਿਆ ਗਿਆ ਹੈ ਕਿ ਜੱਗੂ ਨੂੰ ਉਸ ਦੀ ਮਾਂ ਹਰਜੀਤ ਕੌਰ ਦੇ ਕਤਲ ਤੋਂ ਬਾਅਦ ਪਹਿਲੀ ਵਾਰ ਪੁੱਛਗਿੱਛ ਲਈ ਅੰਮ੍ਰਿਤਸਰ ਅਤੇ ਬਟਾਲਾ ਲਿਆਂਦਾ ਗਿਆ ਹੈ। ਹਾਲਾਂਕਿ ਕਿਸੇ ਵੀ ਪੁਲਿਸ ਅਧਿਕਾਰੀ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ। ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜੱਗੂ ਨੂੰ ਪਹਿਲਾਂ ਹਵਾਈ ਅੱਡੇ ਤੋਂ ਅੰਮ੍ਰਿਤਸਰ ਦੇ ਮਾਲ ਮੰਡੀ ਸਥਿਤ ਸੰਯੁਕਤ ਪੁੱਛਗਿੱਛ ਕੇਂਦਰ ਵਿੱਚ ਲਿਆਂਦਾ ਗਿਆ ਅਤੇ ਉੱਥੇ ਪੁੱਛਗਿੱਛ ਕਰਨ ਤੋਂ ਬਾਅਦ ਪੁਲਿਸ ਟੀਮ ਉਸ ਨੂੰ ਬਟਾਲਾ ਲੈ ਗਈ।

ਇਸ ਦੌਰਾਨ ਭਗਵਾਨਪੁਰੀਆ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ ਜਿਸ ਵਿੱਚ ਖਦਸ਼ਾ ਪ੍ਰਗਟ ਕੀਤਾ ਗਿਆ ਹੈ ਕਿ ਪੁਲਿਸ ਉਸ ਨੂੰ ਝੂਠੇ ਮੁਕਾਬਲੇ ਵਿੱਚ ਮਾਰ ਸਕਦੀ ਹੈ ਜਾਂ ਵਿਰੋਧੀ ਗੈਂਗਸਟਰ ਉਸ 'ਤੇ ਹਮਲਾ ਕਰ ਸਕਦੇ ਹਨ। ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਸੁਰੱਖਿਆ ਵਿੱਚ ਕੁਤਾਹੀ ਤੋਂ ਬਚਣ ਲਈ ਉਸ ਨੂੰ ਹਿਰਾਸਤ ਦੌਰਾਨ ਹੱਥਕੜੀਆਂ ਅਤੇ ਬੇੜੀਆਂ ਲਗਾਈਆਂ ਜਾਣ, ਉਸ ਨੂੰ ਸੀਸੀਟੀਵੀ-ਨਿਗਰਾਨੀ ਵਾਲੇ ਖੇਤਰ ਵਿੱਚ ਰੱਖਿਆ ਜਾਵੇ ਅਤੇ ਸਾਰੀਆਂ ਕਾਰਵਾਈਆਂ ਦੀ ਵੀਡੀਓ ਰਿਕਾਰਡਿੰਗ ਲਾਜ਼ਮੀ ਕੀਤੀ



ਜਾਵੇ।

ਭਗਵਾਨਪੁਰੀਆ ਨੇ ਕਿਹਾ ਕਿ ਵਿਰੋਧੀ ਗੈਂਗਸਟਰ ਜਿਵੇਂ ਕਿ ਲਾਰੈਂਸ ਬਿਸ਼ਨੋਈ, ਦਿਲਪ੍ਰੀਤ ਬਾਵਾ, ਨੀਟਾ ਦਿਓਲ ਅਤੇ ਗੁਰਪ੍ਰੀਤ ਸੇਖੋਂ ਉਸ ਦੀ ਜਾਨ ਲਈ ਖ਼ਤਰਾ ਬਣੇ ਹੋਏ ਹਨ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਦੀ ਮਾਂ ਦੀ 26 ਜੂਨ, 2025 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜੋ ਕਿ ਉਸ ਦੇ ਵਿਰੁੱਧ ਸਾਜ਼ਿਸ਼ ਦਾ ਮਹੱਤਵਪੂਰਨ ਸਬੂਤ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਰਾਜ ਸਰਕਾਰ ਅਤੇ ਸਬੰਧਤ ਏਜੰਸੀਆਂ ਤੋਂ ਸਟੇਟਸ ਰਿਪੋਰਟ ਤਲਬ ਕੀਤੀ ਹੈ।

### ਬਟਾਲਾ ਦੇ ਜੱਸਾ ਸਿੰਘ ਚੌਕ ਵਿਚ ਗੋਲੀਬਾਰੀ ਮਾਮਲੇ ਵਿਚ ਹੈ ਨਰਾਜ਼

ਜ਼ਿਕਰਯੋਗ ਹੈ ਕਿ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਵਿੱਚ ਜੱਸਾ ਸਿੰਘ ਚੌਕ ਨੇੜੇ ਸਥਿਤ ਚੰਦਾ ਖਾਨਾ ਖਜ਼ਾਨਾ ਅਤੇ ਚੰਦਾ ਬੂਟ ਹਾਊਸ ਵਿਖੇ 10 ਅਕਤੂਬਰ ਨੂੰ ਰਾਤ ਦੌਰਾਨ ਗੋਲੀਬਾਰੀ ਹੋਈ ਸੀ। ਇਸ ਵਿੱਚ ਦੋ ਲੋਕ ਮਾਰੇ ਗਏ ਸਨ ਅਤੇ ਪੰਜ ਹੋਰ ਗੰਭੀਰ ਜ਼ਖਮੀ ਹੋ ਗਏ ਸਨ। ਇਸ ਮਾਮਲੇ ਵਿੱਚ ਪੁਲਿਸ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਸਮੇਤ ਛੇ ਲੋਕਾਂ ਨੂੰ ਨਾਮਜ਼ਦ ਕੀਤਾ ਸੀ। ਪੁਲਿਸ ਪਹਿਲਾਂ ਹੀ ਉਨ੍ਹਾਂ ਵਿੱਚੋਂ ਦੋ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ।

ਦੱਸਿਆ ਜਾ ਰਿਹਾ ਹੈ ਕਿ ਭਗਵਾਨਪੁਰੀਆ ਨੂੰ ਇਸ ਮਾਮਲੇ ਅਤੇ ਜ਼ਿਲ੍ਹੇ ਵਿੱਚ ਵਾਪਰੀਆਂ ਹੋਰ ਘਟਨਾਵਾਂ ਸਬੰਧੀ ਪੁੱਛਗਿੱਛ ਲਈ ਬਟਾਲਾ ਲਿਆਂਦਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਭਗਵਾਨਪੁਰੀਆ ਦੇ ਆਉਣ ਤੋਂ ਪਹਿਲਾਂ ਹੀ ਬਟਾਲਾ ਵਿੱਚ ਸੀਆਈਏ ਸਟਾਫ ਨੂੰ ਪੁਲਿਸ ਕੈਂਪ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਹਾਲਾਂਕਿ ਪੁਲਿਸ ਅਧਿਕਾਰੀ ਇਸ ਮਾਮਲੇ 'ਤੇ ਫਿਲਹਾਲ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਰਹੇ ਹਨ।

### -ਮਾਮਲਾ 12ਵੀਂ ਜਮਾਤ ਦੀ ਵਿਦਿਆਰਥਣ ਨਾਲ ਜਬਰ-ਜਨਾਹ ਦਾ-

# ਦੋਸ਼ੀ ਆਟੋ ਡਰਾਈਵਰ ਨੂੰ ਦਸ ਸਾਲ ਦੀ ਕੈਦ, ਦੋ ਸਾਲ ਮਗਰੋਂ ਆਇਆ ਫੈਸਲਾ



ਮੋਗਾ-ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਬਿਸ਼ਨ ਸਰੂਪ ਦੀ ਅਦਾਲਤ ਨੇ ਦੋ ਸਾਲ ਪਹਿਲਾਂ 12ਵੀਂ ਜਮਾਤ ਦੀ ਵਿਦਿਆਰਥਣ ਨੂੰ ਨਸ਼ੀਲਾ ਪਦਾਰਥ ਪਿਲਾਉਣ ਤੋਂ ਬਾਅਦ ਅਗਵਾ ਕਰਨ ਅਤੇ ਜਬਰ ਜਨਾਹ ਕਰਨ ਦੇ ਦੋਸ਼ੀ ਆਟੋ ਡਰਾਈਵਰ ਨੂੰ 10 ਸਾਲ ਦੀ ਸਜ਼ਾ ਸੁਣਾਈ ਹੈ। ਇਸਤਗਾਸਾ ਪੱਖ ਅਨੁਸਾਰ ਇਸ ਸ਼ਿਕਾਇਤਕਰਤਾ ਨੇ 24 ਸਤੰਬਰ, 2023 ਨੂੰ ਕੋਟ ਈਸੇ ਖਾਂ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਹ 12ਵੀਂ ਜਮਾਤ ਦੀ ਵਿਦਿਆਰਥਣ ਸੀ ਅਤੇ ਇਮੀਗ੍ਰੇਸ਼ਨ ਕੰਪਨੀ ਵਿੱਚ ਵੀ ਕੰਮ ਕਰਦੀ ਸੀ। ਆਟੋ ਡਰਾਈਵਰ ਉਸ ਨੂੰ ਰੋਜ਼ਾਨਾ ਉਸ ਦੇ ਪਿੰਡ ਛੱਡ ਦਿੰਦਾ ਸੀ। ਇੱਕ ਦਿਨ ਆਟੋ ਡਰਾਈਵਰ ਨੇ ਉਸ ਨੂੰ ਕੋਈ ਨਸ਼ੀਲੀ ਚੀਜ਼ ਦਿੱਤੀ ਤੇ ਫਿਰ ਉਹ ਉਸ ਨੂੰ ਬਠਿੰਡਾ ਦੇ ਹੋਟਲ ਵਿੱਚ ਲੈ ਗਿਆ ਜਿੱਥੇ ਉਸ ਨੇ ਉਸ ਨਾਲ ਜਬਰ ਜਨਾਹ ਕੀਤਾ। ਪੁਲਿਸ ਨੇ ਆਟੋ ਡਰਾਈਵਰ ਜਸਕਰਨ ਸਿੰਘ ਵਾਸੀ ਜੰਡਵਾਲਾ, ਬਠਿੰਡਾ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ।

# ਡੀਆਈਜੀ ਭੁੱਲਰ ਦਾ ਆੜੀ ਕ੍ਰਿਸ਼ਨੂ ਪੁਲਿਸ ਵਿਚ ਭਰਤੀ ਨਹੀਂ ਹੋ ਸਕਿਆ ਤਾਂ ਬਣ ਗਿਆ 'ਦਲਾਲ'

## ✪ ਸੀਬੀਆਈ ਨੇ ਜਾਂਚ ਵਿਚ ਕੀਤਾ ਖੁਲਾਸਾ, ਪੁਲਿਸ ਤੇ ਪ੍ਰਸ਼ਾਸਨਿਕ ਤੇ ਨਿਆਇਕ ਅਧਿਕਾਰੀ ਫਸਣਗੇ ✪ ਸੀਬੀਆਈ ਨੇ ਕੁਝ ਜੱਜਾਂ ਖ਼ਿਲਾਫ਼ ਵੀ ਜਾਂਚ ਕੀਤੀ ਸ਼ੁਰੂ

ਚੰਡੀਗੜ੍ਹ-ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਸੀਬੀਆਈ ਦੀ ਜਾਂਚ ਵਿਚ ਵਿਚੋਲੇ ਕ੍ਰਿਸ਼ਨੂ ਬਾਰੇ ਪਤਾ ਲੱਗਾ ਹੈ ਕਿ ਉਹ ਪੁਲਿਸ ਵਿਚ ਭਰਤੀ ਹੋਣਾ ਚਾਹੁੰਦਾ ਸੀ ਇਸ ਲਈ ਉਸ ਨੇ ਪੁਲਿਸ ਅਫ਼ਸਰਾਂ ਨਾਲ ਸੰਪਰਕ ਬਣਾਏ ਪਰ ਨੌਕਰੀ ਹਾਸਲ ਕਰਨ ਵਿਚ ਸਫਲ ਨਹੀਂ ਹੋਇਆ ਤਾਂ 'ਮਿਡਲਮੈਨ' ਭਾਵ 'ਦਲਾਲ' ਬਣ ਕੇ ਕੰਮ ਕਰਨ ਲੱਗਾ। ਸੀਬੀਆਈ ਦੇ ਸੂਤਰਾਂ ਮੁਤਾਬਕ ਭੁੱਲਰ ਦੇ ਘਰ ਦੀ ਜਾਂਚ ਵਿਚ ਜਿਹੜੇ ਦਸਤਾਵੇਜ਼ ਮਿਲੇ ਹਨ ਉਨ੍ਹਾਂ ਵਿਚ ਕੁਝ ਜਾਇਦਾਦਾਂ ਦੀਆਂ ਫੋਟੋ ਕਾਪੀਆਂ ਵੀ ਮਿਲੀਆਂ ਹਨ, ਜੋ ਕਿ ਵੱਖ-ਵੱਖ ਪੁਲਿਸ ਤੇ ਪ੍ਰਸ਼ਾਸਨਿਕ ਤੇ ਨਿਆਇਕ ਅਧਿਕਾਰੀਆਂ ਨਾਲ ਸਬੰਧਿਤ ਹਨ। ਸੀਬੀਆਈ ਨੂੰ ਸ਼ੱਕ ਹੈ ਕਿ ਆਪਣੇ ਕੋਲ ਸਬੂਤ ਰੱਖਣ ਲਈ ਭੁੱਲਰ ਨੇ ਜਾਇਦਾਦਾਂ ਦੇ ਦਸਤਾਵੇਜ਼ ਰੱਖੇ ਤਾਂ ਕਿ ਉਹ ਅਧਿਕਾਰੀਆਂ ਨੂੰ ਬਲੈਕਮੇਲ ਕਰ ਕੇ ਪ੍ਰਾਈਮ ਪੋਸਟਿੰਗ ਲੈ ਸਕੇ।

ਧਿਆਨ ਰਹੇ ਕਿ ਭ੍ਰਿਸ਼ਟਾਚਾਰ ਦੀ ਜਾਂਚ ਦਾ ਸੇਕ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਦੇ ਨਾਲ-ਨਾਲ ਨਿਆਪਾਲਿਕਾ ਤੱਕ ਪਹੁੰਚ ਰਿਹਾ ਹੈ। ਭੁੱਲਰ ਦੇ ਜਿਹੜੇ ਕਰੀਬੀ ਰਿਸ਼ਤੇਦਾਰ ਨਿਆਪਾਲਿਕਾ ਵਿਚ ਕੰਮ ਕਰ ਰਹੇ ਹਨ ਉਨ੍ਹਾਂ ਦੇ ਸੰਪਰਕ ਵਿਚ ਨਿਆਪਾਲਿਕ ਦੇ ਕਈ ਅਧਿਕਾਰੀ ਸਨ ਜਿਨ੍ਹਾਂ ਬਾਰੇ ਕੁਝ ਸ਼ੱਕੀ ਜਾਣਕਾਰੀਆਂ ਮਿਲੀਆਂ ਹਨ। ਸੀਬੀਆਈ ਨੇ ਕੁਝ ਜੱਜਾਂ ਖ਼ਿਲਾਫ਼ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫੜੇ ਗਏ ਦਲਾਲ ਕ੍ਰਿਸ਼ਨੂ ਦੀ ਡਾਇਰੀ ਤੋਂ



ਕੁਝ ਸਬੂਤ ਹੱਥ ਲੱਗੇ, ਜਿਨ੍ਹਾਂ ਤੋਂ ਪਤਾ ਲੱਗਾ ਕਿ ਟ੍ਰਾਈ ਸਿਟੀ ਤੋਂ ਇਲਾਵਾ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਜ਼ਮੀਨਾਂ ਵਿਚ ਇਨਵੈਸਟ ਕੀਤਾ ਗਿਆ ਹੈ। ਇਸ ਮਾਮਲੇ ਵਿਚ ਆਉਣ ਵਾਲੇ ਦਿਨਾਂ ਵਿਚ ਸੀਬੀਆਈ ਵੱਡੀ ਕਾਰਵਾਈ ਕਰ ਸਕਦੀ ਹੈ। ਸੀਬੀਆਈ ਨੂੰ ਸ਼ੱਕ ਹੈ ਕਿ ਦਲਾਲਾਂ ਤੇ ਸੰਪਰਕਾਂ ਰਾਹੀਂ ਕਈ ਅਹਿਮ ਜਾਣਕਾਰੀਆਂ ਲੀਕ ਕੀਤੀਆਂ ਗਈਆਂ ਅਤੇ ਲੈਣ-ਦੇਣ ਦਾ ਜਾਲ ਬੁਣਿਆ ਗਿਆ। ਸੀਬੀਆਈ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਕੁਝ ਨੇ ਮੋਹਾਲੀ ਦੇ ਆਲੇ-ਦੁਆਲੇ ਕਰੋੜਾਂ ਦੀਆਂ ਜਾਇਦਾਦਾਂ ਖ਼ਰੀਦੀਆਂ ਹਨ। ਜਾਂਚ ਏਜੰਸੀ ਦਾ ਮੰਨਣਾ ਹੈ ਕਿ ਰਿਮਾਂਡ ਵਿਚ ਪੁੱਛਗਿੱਛ ਨਾਲ ਕਈ ਹੋਰ ਨਾਵਾਂ ਦਾ ਖ਼ੁਲਾਸਾ ਹੋ ਸਕਦਾ ਹੈ, ਜਿਸ ਨਾਲ ਪੂਰੇ ਭ੍ਰਿਸ਼ਟਾਚਾਰ ਨੈੱਟਵਰਕ ਦੀਆਂ ਜੜ੍ਹਾਂ ਸਾਹਮਣੇ ਆਉਣਗੀਆਂ। ਹੁਣ ਤੱਕ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਜਿੰਨਾ ਵੀ ਪੈਸਾ ਆ ਰਿਹਾ ਸੀ ਉਸ ਨੂੰ ਜ਼ਮੀਨਾਂ ਵਿਚ ਇਨਵੈਸਟ ਕੀਤਾ ਜਾ ਰਿਹਾ ਸੀ।

# ਨਵੰਬਰ 1984 ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਮਾਗਮ



ਅੰਮ੍ਰਿਤਸਰ-ਨਵੰਬਰ 1984 ਵਿਚ ਸ਼ਹੀਦ ਕੀਤੇ ਗਏ ਸਿੱਖ ਪਰਿਵਾਰਾਂ ਦੀ ਯਾਦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਗੁਰਦੁਆਰਾ ਸ਼ਹੀਦ ਭਾਈ ਗੁਰਬਖਸ਼ ਸਿੰਘ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਅਰਦਾਸ ਉਪਰੰਤ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਗਿਆਨੀ ਪਰਵਿੰਦਰਪਾਲ ਸਿੰਘ ਨੇ ਨਵੰਬਰ 1984 ਦੇ ਸ਼ਹੀਦਾਂ ਨੂੰ ਸਤਿਕਾਰ ਭੇਟ ਕਰਦਿਆਂ ਇਸ ਨੂੰ ਸਿੱਖ ਕੌਮ 'ਤੇ ਹੋਇਆ ਵੱਡਾ ਹਮਲਾ ਕਿਹਾ। ਉਨ੍ਹਾਂ ਕਿਹਾ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਤੇ ਹੋਏ ਇਸ ਹਮਲੇ ਨੇ ਦੇਸ਼ ਅੰਦਰ ਹੀ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ। ਉਨ੍ਹਾਂ ਕਿਹਾ ਕਿ ਇਸ ਘਿਨੌਣੇ ਕਾਰੇ ਨੂੰ ਇਤਿਹਾਸ ਸਦਾ ਯਾਦ ਰੱਖੇਗਾ, ਜਿਸ ਦਾ ਕਲੰਕ ਕਾਂਗਰਸ ਪਾਰਟੀ ਦੇ ਮੱਥੇ 'ਤੇ ਹਮੇਸ਼ਾ ਰਹੇਗਾ।

ਗਿਆਨੀ ਪਰਵਿੰਦਰਪਾਲ ਸਿੰਘ ਨੇ ਸਿੱਖ ਕੌਮ ਨੂੰ ਗੁਰੂ ਬਖਸ਼ੇ ਸਿਧਾਂਤ 'ਦਰ ਆਏ ਨੂੰ ਦੇਗ ਅਤੇ ਚੜ੍ਹ ਕੇ ਆਏ ਨੂੰ ਤੇਗ' ਵਿੱਚ ਪ੍ਰਪੱਕ ਹੋਣ ਲਈ ਵੀ ਪ੍ਰੇਰਿਆ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਿੱਖੀ ਪ੍ਰੰਪਰਾਵਾਂ ਵਿਚ ਪ੍ਰਪੱਕ ਹੋਈਏ ਤਾਂ ਦੁਸ਼ਮਣ ਸਾਡਾ ਨੁਕਸਾਨ ਨਹੀਂ ਕਰ ਸਕਦਾ।

## ਪ੍ਰਧਾਨ ਮੰਤਰੀ ਨੇ ਤਖ਼ਤ ਪਟਨਾ ਸਾਹਿਬ ਦੇ ਕੀਤੇ ਦਰਸ਼ਨ



ਪਟਨਾ ਸ਼ਹਿਰ-ਪ੍ਰਧਾਨ ਮੰਤਰੀ ਨਰਿੰਦਰ ਮੋਦੀ 18 ਮਹੀਨਿਆਂ ਵਿੱਚ ਦੂਜੀ ਵਾਰ ਐਤਵਾਰ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚੇ ਅਤੇ ਮੱਥਾ ਟੇਕਿਆ। ਤਖ਼ਤ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸਰਦਾਰ ਜਗਜੋਤ ਸਿੰਘ ਸੋਹੀ, ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਵਿਧਾਨ ਸਭਾ ਸਪੀਕਰ ਨੰਦ ਕਿਸ਼ੋਰ ਯਾਦਵ ਨੇ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ ਖੁਦ ਪ੍ਰਸ਼ਾਦ ਗੁਰੂਘਰ ਵਿਖੇ 200 ਰੁਪਏ ਦੀ ਰਸੀਦ ਕਟਾਈ ਅਤੇ ਗੁਰੂਘਰ ਵਿਖੇ ਕੜਾਹ ਪ੍ਰਸ਼ਾਦ ਅਤੇ ਰੁਮਾਲ ਸਾਹਿਬ ਚੜ੍ਹਾਇਆ ਅਤੇ ਸੀਸ ਝੁਕਾ ਕੇ ਗੁਰੂਘਰ ਦਾ ਆਸ਼ੀਰਵਾਦ ਲਿਆ। ਦਰਬਾਰ ਸਾਹਿਬ ਵਿਖੇ, ਜਥੇਦਾਰ ਗਿਆਨੀ ਬਲਦੇਵ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਵਧੀਕ ਮੁੱਖ ਗ੍ਰੰਥੀ ਭਾਈ ਦਿਲੀਪ ਸਿੰਘ ਅਤੇ ਗੁਰਦਿਆਲ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਨਾਲ ਜੁੜੇ ਹਥਿਆਰ ਅਤੇ ਵਸਤਾਂ ਦੇ ਦਰਸ਼ਨ ਵੀ ਕਰਵਾਏ। ਅੰਮ੍ਰਿਤ ਜਲ ਪੀਣ ਤੋਂ ਬਾਅਦ, ਪ੍ਰਧਾਨ ਮੰਤਰੀ ਨੇ ਪਰਿਕਰਮਾ ਕੀਤੀ ਅਤੇ ਗੁਰੂ ਜੀ ਦੇ ਵਸਤਰ ਦੇਖੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸ. ਗੁਰਪ੍ਰੀਤ ਸਿੰਘ ਝੱਬਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਆਦਿ ਹਾਜ਼ਰ ਸਨ।

# ਜਲੰਧਰ ਵਿਚ ਦਿਨ-ਦਿਹਾੜੇ ਜਿਊਲਰੀ ਦੁਕਾਨ 'ਤੇ ਲੁੱਟ

### ✪ ਪਿਸਤੌਲਾਂ ਲਹਿਰਾ ਕੇ 2 ਲੱਖ ਨਕਦ ਤੇ ਗਹਿਣੇ ਲੁੱਟੇ ✪ ਦੋ ਮੁਲਜ਼ਮ ਗ੍ਰਿਫ਼ਤਾਰ, ਵਪਾਰੀਆਂ ਨੇ ਕੀਤਾ ਰੋਸ ਪ੍ਰਦਰਸ਼ਨ



ਜਲੰਧਰ-ਭਾਰਗੋ ਕੈਂਪ ਥਾਣਾ ਖੇਤਰ ਵਿੱਚ ਵਿਜੇ ਜਿਊਲਰੀ ਦੁਕਾਨ 'ਤੇ ਬੀਤੇ ਮੰਗਲਵਾਰ ਦੁਪਹਿਰ ਤਿੰਨ ਹਥਿਆਰਬੰਦ ਲੁਟੇਰਿਆਂ ਨੇ ਦਿਨ-ਦਿਹਾੜੇ ਲੁੱਟ ਕੀਤੀ। ਪਿਸਤੌਲ ਤੇ ਦਾਤਰ ਨਾਲ ਲੈਸ ਲੁਟੇਰੇ ਦੋ ਮਿੰਟਾਂ ਵਿੱਚ 2 ਲੱਖ ਰੁਪਏ ਨਕਦ ਤੇ ਸੋਨੇ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ। ਦੁਕਾਨਦਾਰ ਦੀਪਕ ਨੂੰ ਪਿਸਤੌਲ ਤਾਣ ਕੇ ਧਮਕਾਇਆ, ਸ਼ੀਸ਼ਾ ਤੋੜਿਆ ਤੇ ਤਿਜੋਰੀ ਖੋਹ ਲਈ। ਸੀਸੀਟੀਵੀ ਵਿੱਚ ਵਾਰਦਾਤ ਰਿਕਾਰਡ ਹੋਈ। ਪੁਲਿਸ ਨੇ ਫੁਟੇਜ ਤੋਂ ਪਛਾਣ ਕਰਕੇ ਦੋ ਮੁਲਜ਼ਮ ਗ੍ਰਿਫ਼ਤਾਰ ਕੀਤੇ, ਜਿਨ੍ਹਾਂ ਵਿੱਚ ਕੁਸ਼ਲ (ਭਾਰਗੋ ਕੈਂਪ ਨਿਵਾਸੀ) ਸ਼ਾਮਲ ਹੈ। ਤੀਜੇ ਦੀ ਭਾਲ ਜਾਰੀ। ਲੁਟੇਰੇ ਗਾਹਕ ਬਣ ਕੇ ਆਏ, ਰੇਕੀ ਕੀਤੀ ਸੀ। ਇੱਕ ਨੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਮਿਸ ਹੋ ਗਈ। ਬਾਹਰ ਨਿਕਲ ਕੇ ਮਾਸਕ ਲਾਹੇ ਤੇ ਕੱਪੜੇ ਬਦਲੇ। ਵਪਾਰੀਆਂ ਨੇ ਰੋਸ ਪ੍ਰਗਟਾਇਆ, ਬਾਜ਼ਾਰ ਬੰਦ ਕਰ ਧਰਨੇ ਦੀ ਚਿਤਾਵਨੀ ਦਿੱਤੀ। ਉਨ੍ਹਾਂ ਪੁਲਿਸ ਗਸ਼ਤ ਵਧਾਉਣ ਤੇ ਸੁਰੱਖਿਆ ਮਜ਼ਬੂਤ ਕਰਨ ਦੀ ਮੰਗ ਕੀਤੀ। ਕਾਂਗਰਸੀ ਆਗੂ ਰਜਿੰਦਰ ਬੇਰੀ ਨੇ ਲਾਅ ਐਂਡ ਆਰਡਰ ਦੀ ਨਾਕਾਮੀ ਦੱਸੀ। ਪੁਲਿਸ ਜਾਂਚ ਕਰ ਰਹੀ ਹੈ।

# ਵਿਜੀਲੈਂਸ ਦੇ ਡਰ ਤੋਂ ਛੇਹਰਟਾ ਥਾਣੇ ਦਾ ਐਸ.ਐਚ.ਓ. ਥਾਣਾ ਛੱਡ ਕੇ ਹੋਇਆ ਫ਼ਰਾਰ

### ✪ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਫਸਾਉਣ ਦਾ ਡਰਾਵਾ ਦੇ ਕੇ 30 ਲੱਖ ਰੁਪਏ ਰਿਸ਼ਵਤ ਮੰਗਣ ਦੇ ਦੋਸ਼

ਅੰਮ੍ਰਿਤਸਰ-ਅੰਮ੍ਰਿਤਸਰ ਵਿਚ ਇਕ ਕਬਾੜੀਏ ਪਾਸੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਫਸਾਉਣ ਦਾ ਡਰਾਵਾ ਦੇ ਕੇ 30 ਲੱਖ ਰੁਪਏ ਰਿਸ਼ਵਤ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਦੇ ਐਸ. ਐਚ. ਓ. ਵਲੋਂ ਕਥਿਤ ਤੌਰ 'ਤੇ ਮੰਗੀ ਗਈ ਸੀ ਤੇ ਇਹ ਮਾਮਲਾ ਵਿਜੀਲੈਂਸ ਪੁਲਿਸ ਦੇ ਧਿਆਨ ਵਿਚ ਆਉਣ ਉਪਰੰਤ ਵਿਚੋਲੇ ਨੂੰ 5 ਲੱਖ ਰੁਪਏ ਲੈਂਦਿਆਂ ਭਾਵੇਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਪਰ ਇਸ ਦਾ ਪਤਾ ਲੱਗਣ 'ਤੇ ਥਾਣਾ ਛੇਹਰਟਾ ਦਾ ਐਸ. ਐਚ. ਓ. ਇੰਸਪੈਕਟਰ ਵਿਨੋਦ ਕੁਮਾਰ ਥਾਣਾ ਛੱਡ ਕੇ ਫਰਾਰ ਹੋ ਗਿਆ ਦੱਸਿਆ ਗਿਆ ਹੈ। ਵਿਜੀਲੈਂਸ ਵਲੋਂ ਫਰਾਰ ਹੋਏ ਪੁਲਿਸ ਇੰਸਪੈਕਟਰ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਉਸਦੇ ਘਰ ਵੀ ਛਾਪੇਮਾਰੀ ਕੀਤੇ ਜਾਣ ਦੀ ਸੂਚਨਾ ਮਿਲੀ ਹੈ। ਛੇਹਰਟਾ ਦੇ ਅਜ਼ਾਦ ਨਗਰ ਦਵਾਈਆਂ ਵਾਲਾ ਰੋਡ ਦੇ ਰਹਿਣ ਵਾਲੇ ਤੇ ਕਬਾੜ ਦਾ ਕੰਮ ਕਰਦੇ ਕਾਰੋਬਾਰੀ ਵਿਕਰਮ ਕੁਮਾਰ ਨੇ ਵਿਜੀਲੈਂਸ ਨੂੰ ਕੀਤੀ ਸ਼ਿਕਾਇਤ ਵਿਚ ਦੱਸਿਆ ਕਿ ਉਸਦਾ ਚਚੇਰਾ ਭਰਾ ਨਰੇਸ਼ ਕੁਮਾਰ ਵਾਸੀ ਜਲੰਧਰ ਉਸਦੀ ਕਾਰ ਵੈਕਸਵੈਗਨ ਮੰਗ ਕੇ ਲੈ ਗਿਆ ਸੀ ਜਦੋਂ ਕਿ ਰਾਤ 11-12 ਵਜੇ ਪੁਲਿਸ ਦੇ 5-6 ਕਰਮਚਾਰੀ ਸਿਵਲ ਕੱਪੜੇ 'ਚ ਸਕਾਰਪਿਓ ਗੱਡੀ 'ਚ ਉਸਦੇ ਘਰ ਆਏ ਤੇ ਇਕ ਨੇ ਕਿਹਾ ਕਿ ਉਹ ਥਾਣਾ ਛੇਹਰਟਾ ਦਾ ਐਸ. ਐਚ. ਓ. ਵਿਨੋਦ ਸ਼ਰਮਾ ਹੈ ਜਿਸ ਨੇ ਕਿਹਾ ਕਿ ਉਹ ਨਸ਼ਾ ਵੇਚਣ ਦਾ ਕੰਮ ਕਰਦਾ ਹੈ ਅਤੇ ਉਸਦੇ ਚਚੇਰੇ ਭਰਾ ਕੋਲੋ ਅਫੀਮ ਫੜੀ ਗਈ ਹੈ। ਉਸਨੇ ਆਪਣੇ ਜਾਣਕਾਰ ਲਲਿਤ ਅਰੋੜਾ ਨਾਲ ਗੱਲ




ਕੀਤੀ ਤਾਂ ਉਸਨੇ ਕਿਹਾ ਕਿ ਜੇਕਰ ਬਚਣਾ ਹੈ ਤਾਂ ਐਸ. ਐਚ. ਓ. ਨੂੰ 30 ਲੱਖ ਰਿਸ਼ਵਤ ਦਿਓ ਤਾਂ ਉਸਨੇ ਕਿਹਾ ਕਿ ਉਸ ਕੋਲ ਇਸ ਵੇਲੇ ਕੇਵਲ 5 ਲੱਖ ਹੀ ਹਨ ਤੇ ਬਾਕੀ 25 ਲੱਖ ਦਾ ਸ਼ਾਮ ਤੱਕ ਪ੍ਰਬੰਧ ਕਰ ਕਰ ਲਓ। ਇਸਦੀ ਸੂਚਨਾ ਵਿਜੀਲੈਂਸ ਨੂੰ ਦਿੱਤੀ ਗਈ ਤਾਂ ਵਿਜੀਲੈਂਸ ਵਲੋਂ ਲਲਿਤ ਅਰੋੜਾ ਵਾਸੀ ਗਲੀ ਬਾਬਾ ਭੋੜੇ ਵਾਲੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦੋਂ ਕਿ ਨਾਮਜਦ ਕੀਤੇ ਗਏ ਇੰਸਪੈਕਟਰ ਵਿਨੋਦ ਕੁਮਾਰ ਦੀ ਭਾਲ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ। ਵਿਜੀਲੈਂਸ ਰੇਂਜ ਅੰਮ੍ਰਿਤਸਰ ਦੇ ਐਸ. ਐਸ. ਪੀ. ਲਖਬੀਰ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਲਲਿਤ ਕੁਮਾਰ ਨੂੰ ਅਦਾਲਤ 'ਚ ਪੇਸ਼ ਕਰਕੇ ਹੋਰ ਪੁਛਗਿੱਛ ਕਰਨ ਲਈ 5 ਦਿਨ ਦਾ ਪੁਲਿਸ ਰਿਮਾਂਡ ਲੈ ਲਿਆ ਗਿਆ ਹੈ।

# ਪੰਜਾਬ ਵਿਚ ਸਰਹੱਦ ਪਾਰ ਤੋਂ ਵਿਦੇਸ਼ੀ ਹਥਿਆਰਾਂ ਦੀ ਤਸਕਰੀ ਵਿਚ ਹੋਇਆ ਬੇਹੱਦ ਵਾਧਾ

## ✪ ਪਿਛਲੇ ਸਾਲ ਦੀ ਤੁਲਨਾ ਵਿਚ ਲਗਪਗ ਪੰਜ ਗੁਣਾ ਵੱਧ



ਚੰਡੀਗੜ੍ਹ-ਪੰਜਾਬ ਵਿਚ ਪਿਛਲੇ ਕੁਝ ਸਮੇਂ ਤੋਂ ਸਰਹੱਦ ਪਾਰ ਤੋਂ ਹਥਿਆਰਾਂ ਦੀ ਤਸਕਰੀ ਵਿਚ ਬੇਹੱਦ ਵਾਧਾ ਹੋ ਗਿਆ ਹੈ। ਇਨ੍ਹਾਂ ਹਥਿਆਰਾਂ ਦੀ ਤਸਕਰੀ ਵਿਚ ਪਾਕਿਸਤਾਨੀ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਦਾ ਵੱਡਾ ਹੱਥ ਹੈ ਜੋ ਕਿ ਲਗਾਤਾਰ ਪੰਜਾਬ ਵਿਚ ਵੱਡੀਆਂ ਹਿੰਸਕ ਘਟਨਾਵਾਂ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਪੁਲਿਸ ਤੇ ਬੀਐੱਸਐੱਫ ਵੱਲੋਂ ਸਰਹੱਦ ਪਾਰ ਤੋਂ ਜਿਨ੍ਹਾਂ ਹਥਿਆਰਾਂ ਨੂੰ ਫੜਿਆ ਗਿਆ ਹੈ, ਉਨ੍ਹਾਂ ਦੀ ਜਾਂਚ ਤੋਂ ਇਕ ਗੱਲ ਸਪੱਸ਼ਟ ਹੋ ਰਹੀ ਹੈ ਕਿ ਜ਼ਿਆਦਾਤਰ ਹਥਿਆਰ ਇਟਲੀ ਤੇ ਆਸਟ੍ਰੀਆ ਵਿਚ ਬਣੇ ਹਨ। ਪੰਜਾਬ ਵਿਚ ਕਾਨੂੰਨ ਵਿਵਸਥਾ ਨੂੰ ਅਸਥਿਰ ਕਰਨ ਲਈ ਗੈਂਗਸਟਰਾਂ ਤੇ ਖਾੜਕੂਆਂ ਨੂੰ ਆਧੁਨਿਕ ਵਿਦੇਸ਼ੀ ਹਥਿਆਰਾਂ ਦੀ ਸਪਲਾਈ ਕੀਤੀ ਜਾ ਰਹੀ ਹੈ। ਪਾਕਿਸਤਾਨ ਦੀ ਫ਼ੌਜ ਵੱਲੋਂ ਇਸਤੇਮਾਲ ਕੀਤੇ ਜਾਣ ਵਾਲੇ ਹਥਿਆਰ ਵੀ ਹੁਣ ਸਰਹੱਦ ਪਾਰ ਤੋਂ ਭੇਜੇ ਜਾ ਰਹੇ ਹਨ। ਪੁਲਿਸ ਨੇ ਪਿਛਲੇ ਚਾਰ ਮਹੀਨੇ ਵਿਚ ਤੁਰਕੀ, ਆਸਟ੍ਰੀਆ, ਇਟਲੀ, ਸਪੇਨ, ਅਮਰੀਕਾ ਵਿਚ ਬਣੇ ਹਥਿਆਰ ਬਰਾਮਦ ਕੀਤੇ ਹਨ।

ਮੋਹਾਲੀ ਸਥਿਤ ਫੋਰੈਂਸਿਕ ਲੈਬ ਦੀ ਜਾਂਚ ਵਿਚ ਵੀ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਿਆਦਾਤਰ ਹਥਿਆਰਾਂ ਦੀ ਮਾਰਕਿੰਗ, ਬੈਰਲ ਨੰਬਰ ਅਤੇ ਮਸ਼ੀਨ ਪੈਟਰਨ ਇਕ ਬਰਾਬਰ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਹਥਿਆਰ ਇਕ ਹੀ ਨਿਰਮਾਣ ਬੈਚ ਨਾਲ ਜੁੜੇ ਹਨ। ਖ਼ੁਫ਼ੀਆ ਏਜੰਸੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਹਥਿਆਰਾਂ ਦੀ ਸਪਲਾਈ ਦਾ ਪੂਰਾ ਨੈੱਟਵਰਕ ਪਾਕਿਸਤਾਨ ਦੇ ਲਾਹੌਰ ਅਤੇ ਸਿਆਲਕੋਟ ਵਿਚ ਸਰਗਰਮ ਹੈ। ਉੱਥੋਂ ਹਥਿਆਰ ਇਕੱਠੇ ਕਰ ਕੇ ਭਾਰਤੀ ਸੀਮਾ ਵਿਚ ਭੇਜੇ ਜਾ ਰਹੇ ਹਨ। ਪੰਜਾਬ ਪੁਲਿਸ ਤੇ ਬੀਐੱਸਐੱਫ ਦੀ ਸਾਂਝੀ ਕਾਰਵਾਈ ਵਿਚ ਹੁਣ ਤੱਕ 570 ਤੋਂ ਵੱਧ ਨਾਜਾਇਜ਼ ਹਥਿਆਰ ਅਤੇ ਲਗਪਗ 900 ਜ਼ਿੰਦਾ ਕਾਰਤੂਸ ਜ਼ਬਤ ਕੀਤੇ ਗਏ ਹਨ। ਇਹ ਗਿਣਤੀ ਪਿਛਲੇ ਸਾਲ ਦੀ ਤੁਲਨਾ ਵਿਚ ਲਗਪਗ ਪੰਜ ਗੁਣਾ ਵੱਧ ਹੈ। ਸਾਲ 2024 ਵਿਚ ਇਸੇ ਸਮੇਂ ਦੌਰਾਨ ਸਿਰਫ਼ 142 ਹਥਿਆਰ ਫੜੇ ਗਏ ਸਨ।

ਖ਼ੁਫ਼ੀਆ ਏਜੰਸੀਆਂ ਦੀ ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਹਥਿਆਰਾਂ ਦੀ ਸਪਲਾਈ ਦੇ ਪਿੱਛੇ ਪਾਕਿਸਤਾਨ ਵਿਚ ਸਰਗਰਮ ਗਿਰੋਹ ਤੇ ਵਿਦੇਸ਼ 'ਚ ਬੈਠੇ ਏਜੰਟ ਸ਼ਾਮਲ ਹਨ। ਜਦਕਿ ਕੁਝ ਦੇਸੀ ਕੱਟੇ ਮੱਧ ਪ੍ਰਦੇਸ਼ ਦੇ ਭਿੰਡ-ਮੁਰੈਨਾ ਖੇਤਰ ਵਿਚ ਬਣਾਏ ਗਏ ਸਨ। ਹੁਣ ਤੱਕ ਦੀ ਕਾਰਵਾਈ ਵਿਚ ਪੁਲਿਸ ਨੇ ਚਾਰ ਅੰਤਰਰਾਜੀ ਅਤੇ ਦੋ ਅੰਤਰਰਾਸ਼ਟਰੀ ਗਿਰੋਹਾਂ ਦਾ ਪਰਦਾਫਾਸ਼ ਕੀਤਾ ਹੈ। ਇਨ੍ਹਾਂ ਨਾਲ ਜੁੜੇ 47 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਜਦਕਿ 15 ਸ਼ੱਕੀ ਵਿਦੇਸ਼ ਵਿਚ ਹਨ।

### ਇਨ੍ਹਾਂ ਥਾਵਾਂ ਤੋਂ ਸਭ ਤੋਂ ਵੱਧ ਬਰਾਮਦਗੀ

ਫ਼ਾਜ਼ਿਲਕਾ (112), ਅੰਮ੍ਰਿਤਸਰ (97), ਤਰਨਤਾਰਨ (78), ਗੁਰਦਾਸਪੁਰ (62), ਫ਼ਿਰੋਜ਼ਪੁਰ (51), ਜਲੰਧਰ (49), ਲੁਧਿਆਣਾ (41), ਮੋਗਾ (38) ਅਤੇ ਬਠਿੰਡਾ (32) ਹਥਿਆਰਾਂ ਦੀ ਬਰਾਮਦਗੀ ਹੋਈ ਹੈ। ਜ਼ਬਤ ਕੀਤੇ ਹਥਿਆਰਾਂ ਵਿਚ 9 ਐੱਮਐੱਮ ਪਿਸਤੌਲਾਂ, ਇਟਲੀ ਨਿਰਮਿਤ ਬਰੇਟਾ, .30 ਬੋਰ ਦੇ ਰਿਵਾਲਰ, ਸਟਾਰ ਮੇਕ ਅਤੇ ਵੈਬਲੇ ਵਰਗੇ ਆਧੁਨਿਕ ਹਥਿਆਰ ਸ਼ਾਮਲ ਹਨ। ਫ਼ਾਜ਼ਿਲਕਾ ਵਿਚ ਸਾਂਝੀ ਕਾਰਵਾਈ ਵਿਚ ਪੁਲਿਸ ਤੇ ਬੀਐੱਸਐੱਫ ਨੇ 27 ਪਿਸਤੌਲਾਂ ਅਤੇ 470 ਕਾਰਤੂਸ ਬਰਾਮਦ ਕੀਤੇ ਸਨ, ਜਿਹੜੇ ਸਰਹੱਦ ਪਾਰ ਤੋਂ ਡ੍ਰੋਨ ਨਾਲ ਸੁੱਟੇ ਗਏ ਸਨ।

### ਇਨ੍ਹਾਂ ਦੇਸ਼ਾਂ ਦੇ ਬਣੇ ਹਨ ਇਹ ਹਥਿਆਰ ਜਿਹੜੇ ਬਰਾਮਦ ਕੀਤੇ ਗਏ

ਪੀਐਕਸ 85 ਪਿਸਤੌਲ : ਤੁਰਕੀ ਦੀ ਟੀਆਈਐੱਸਏਐੱਸ ਕੰਪਨੀ ਦੇ ਬਣੇ।

ਗਲੌਕ 19 ਐਕਸ ਪਿਸਤੌਲ : ਆਸਟ੍ਰੀਆ ਦੀ ਗਲੌਕ ਜੈਮਸ ਐੱਮਬੀਐੱਚ ਕੰਪਨੀ ਦੇ ਬਣੇ।

ਬਰੇਟਾ 30 ਪਿਸਤੌਲ : ਇਟਲੀ ਦੀ ਕੰਪਨੀ ਬਰੇਟਾ ਦੇ ਬਣੇ।

ਸਟਾਰ ਮਾਰਕ 30 ਪਿਸਤੌਲ : ਸਪੇਨ ਦੀ ਕੰਪਨੀ ਦੇ ਬਣੇ।

-ਮਾਮਲਾ ਸਰਪੰਚੀ ਚੋਣ ਪਿੱਛੇ ਨੌਜਵਾਨ ਦੀ ਕੁੱਟਮਾਰ ਦਾ-

# ਪੰਜਾਬ ਦੇ 'ਆਪ' ਵਿਧਾਇਕ ਸਣੇ 11 ਖਿਲਾਫ਼ ਕੇਸ ਦਰਜ



ਕੈਥਲ-ਹਰਿਆਣਾ ਦੇ ਕੈਥਲ ਜ਼ਿਲ੍ਹੇ ਦੇ ਪਿੰਡ ਖਰਕਾਂ ਇਲਾਕੇ ਵਿੱਚ ਸਰਪੰਚੀ ਚੋਣਾਂ ਦੀ ਪੁਰਾਣੀ ਰੰਜਿਸ਼ ਕਾਰਨ ਇੱਕ ਨੌਜਵਾਨ ਨੂੰ ਅਗਵਾ ਕਰਕੇ ਉਸ ਦੀਆਂ ਲੱਤਾਂ ਤੋੜਨ ਦਾ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ ਪੰਜਾਬ ਦੇ ਆਪ ਪਾਰਟੀ ਦੇ ਵਿਧਾਇਕ ਕੁਲਵੰਤ ਬਾਜ਼ੀਗਰ ਸਮੇਤ ਕੁੱਲ 11 ਲੋਕਾਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ।

### ਘਟਨਾ ਅਤੇ ਇਲਜ਼ਾਮ

ਸ਼ਿਕਾਇਤਕਰਤਾ ਨੌਜਵਾਨ ਅਨੁਸਾਰ, ਉਹ ਬੀਤੇ ਦਿਨੀਂ ਆਪਣੇ ਦੋਸਤ ਨਾਲ ਪਿੰਡ ਖਰਕਾਂ ਬੱਜਰੀ ਲੈਣ ਗਿਆ ਸੀ। ਵਾਪਸ ਆਉਂਦੇ ਸਮੇਂ ਇੱਕ ਚਿੱਟੀ ਸਵਿਫਟ ਕਾਰ ਵਿੱਚ ਸਵਾਰ ਚਾਰ ਹਥਿਆਰਬੰਦ ਨੌਜਵਾਨਾਂ ਨੇ ਪਿਸਤੌਲ ਦੀ ਨੋਕ 'ਤੇ ਉਸ ਨੂੰ ਜ਼ਬਰਦਸਤੀ ਕਾਰ ਵਿੱਚ ਬਿਠਾ ਲਿਆ। ਉਸ ਨੇ ਇਲਜ਼ਾਮ ਲਾਇਆ ਕਿ ਦੋ ਹੋਰ ਵਿਅਕਤੀ ਮੌਕੇ 'ਤੇ ਉਸ ਦੀ ਰੇਕੀ ਕਰ ਰਹੇ ਸਨ। ਨਹਿਰ ਕੰਢੇ ਕਾਰ ਰੋਕ ਕੇ ਮੁਲਜ਼ਮਾਂ ਨੇ ਉਸ ਨੂੰ ਬਾਹਰ ਕੱਢਿਆ। ਉਸ ਸਮੇਂ ਇੱਕ ਮੁਲਜ਼ਮ ਦੇ ਮੋਬਾਈਲ 'ਤੇ ਵੀਡੀਓ ਕਾਲ ਆਈ, ਜਿਸ ਵਿੱਚ ਕਥਿਤ ਤੌਰ 'ਤੇ ਵਿਧਾਇਕ ਦਾ ਪੁੱਤਰ ਦਿਖਾਈ ਦੇ ਰਿਹਾ ਸੀ। ਇਸ ਤੋਂ ਬਾਅਦ ਮੁਲਜ਼ਮਾਂ ਨੇ ਉਸ ਦੀਆਂ ਲੱਤਾਂ ਤੋੜ ਦਿੱਤੀਆਂ।

ਪੁਲਿਸ ਅਨੁਸਾਰ, ਇਹ ਵਿਵਾਦ ਪੁਰਾਣੀ ਸਰਪੰਚੀ ਚੋਣ ਦੀ ਰੰਜਿਸ਼ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਵਿਧਾਇਕ ਕੁਲਵੰਤ ਬਾਜ਼ੀਗਰ ਦਾ ਭਰਾ ਵੀ ਉਮੀਦਵਾਰ ਸੀ।

ਚੋਣਾਂ ਤੋਂ ਬਾਅਦ ਦੋਹਾਂ ਧਿਰਾਂ ਵਿਚਾਲੇ ਤਣਾਅ ਚੱਲ ਰਿਹਾ ਸੀ ਅਤੇ ਕੁਝ ਮਾਮਲੇ ਅਦਾਲਤ ਵਿੱਚ ਵੀ ਪੈਂਡਿੰਗ ਹਨ। ਫਿਲਹਾਲ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰਨ ਦੇ ਯਤਨ ਜਾਰੀ ਹਨ।

# ਪ੍ਰੇਮਿਕਾ ਨੂੰ ਮਿਲਣ ਪਹੁੰਚੇ ਪ੍ਰੇਮੀ ਨੇ ਚਾਚੇ ਨੂੰ ਮਾਰਿਆ ਛੁਰਾ

## ✪ ਪਰਿਵਾਰਕ ਮੈਂਬਰਾਂ ਨੇ ਮੁੰਡੇ ਦੀ ਕੀਤੀ ਹੱਤਿਆ, ਫਿਰ ਪ੍ਰੇਮਿਕਾ ਨੇ ਕੀਤੀ ਖੁਦਕਸ਼ੀ

ਹਮੀਰਪੁਰ-ਮੌਂਦਾਹਾ ਦੇ ਇੱਕ ਪਿੰਡ ਵਿੱਚ ਬੀਤੇ ਦਿਨੀਂ ਭਤੀਜੀ ਨੂੰ ਜਦੋਂ ਉਸ ਦੇ ਚਾਚੇ ਨੇ ਪ੍ਰੇਮੀ ਨਾਲ ਦੇਖਿਆ ਤਾਂ ਉਸ ਨੇ ਵਿਰੋਧ ਕੀਤਾ ਤੇ ਪ੍ਰੇਮੀ ਨੇ ਚਾਚੇ 'ਤੇ ਛੁਰੇ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ। ਇਹ ਦੇਖ ਕੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਨੌਜਵਾਨ ਨੂੰ ਡੰਡਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ।



ਬਾਂਦਾ ਜ਼ਿਲ੍ਹੇ ਦੇ ਪਿੰਡ ਦਾ ਰਹਿਣ ਵਾਲਾ 30 ਸਾਲਾ ਪ੍ਰੇਮੀ, ਮੌਂਦਾਹਾ ਥਾਣਾ ਖੇਤਰ ਦੇ ਪਿੰਡ ਦੀ ਲੜਕੀ ਨਾਲ ਪ੍ਰੇਮ ਸਬੰਧ ਬਣਾ ਰਿਹਾ ਸੀ। ਛੇ ਮਹੀਨੇ ਪਹਿਲਾਂ ਉਹ ਉਸਨੂੰ ਚੁੱਕ ਕੇ ਲੈ ਗਿਆ, ਜਿਸਦੀ ਰਿਪੋਰਟ ਉਸਦੇ ਪਰਿਵਾਰ ਨੇ ਦਰਜ ਕਰਵਾਈ ਸੀ। ਘਟਨਾ ਤੋਂ ਲਗਪਗ 15 ਦਿਨ ਬਾਅਦ ਪੁਲਿਸ ਨੇ ਦੋਵਾਂ ਆਦਮੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਅਦਾਲਤ ਦੇ ਹੁਕਮਾਂ 'ਤੇ ਲੜਕੀ ਨੂੰ ਉਸਦੇ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ। ਉਸਦੇ ਪਰਿਵਾਰ ਨੇ ਉਸਦਾ ਵਿਆਹ ਤੈਅ ਕਰ ਦਿੱਤਾ। ਲੜਕੀ ਦਾ ਵਿਆਹ 2 ਨਵੰਬਰ ਨੂੰ ਹੋਣਾ ਹੈ।

ਇਸ ਬਾਰੇ ਪਤਾ ਲੱਗਣ 'ਤੇ ਨੌਜਵਾਨ ਬੀਤੇ ਦਿਨੀਂ ਚਾਕੂ ਅਤੇ ਸਲਫਾਸ ਲੈ ਕੇ ਉਸਦੇ ਘਰ ਪਹੁੰਚਿਆ। ਦੋਵੇਂ ਗੱਲਾਂ ਕਰ ਰਹੇ ਸਨ ਜਦੋਂ ਲੜਕੀ ਦਾ ਚਾਚਾ ਆਇਆ। ਜਦੋਂ ਉਸਨੇ ਨੌਜਵਾਨ ਨੂੰ ਜਾਣ ਲਈ ਕਿਹਾ ਤਾਂ ਉਹ ਗੁੱਸੇ ਵਿੱਚ ਆ ਗਿਆ ਅਤੇ ਉਸਨੇ ਉਨ੍ਹਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਨੌਜਵਾਨ ਨੇ ਚਾਚੇ ਦੇ ਪੇਟ ਅਤੇ ਪੱਟ ਵਿੱਚ ਚਾਕੂ ਮਾਰਿਆ, ਜਿਸ ਨਾਲ ਉਹ ਖੂਨ ਨਾਲ ਲੱਥਪਥ ਹੋ ਗਿਆ। ਹੰਗਾਮਾ ਸੁਣ ਕੇ ਪਰਿਵਾਰ ਦੇ ਹੋਰ ਮੈਂਬਰ ਪਹੁੰਚੇ ਅਤੇ ਨੌਜਵਾਨ ਨੂੰ ਡੰਡਿਆਂ ਨਾਲ ਕੁੱਟਿਆ, ਜਿਸ ਨਾਲ ਉਹ ਲਹੂ-ਲੁਹਾਨ ਹੋ ਗਿਆ। ਪੁਲਿਸ ਗੰਭੀਰ ਜ਼ਖ਼ਮੀ ਨੌਜਵਾਨ ਨੂੰ ਸੀਐਚਸੀ ਲੈ ਗਈ, ਜਿੱਥੇ ਡਾਕਟਰ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

ਆਪਣੇ ਪ੍ਰੇਮੀ ਦੀ ਮੌਤ ਦੀ ਖ਼ਬਰ ਸੁਣ ਕੇ ਪ੍ਰੇਮਿਕਾ ਬਾਥਰੂਮ ਗਈ ਅਤੇ ਗਰਦਨ ਅਤੇ ਖੱਬੀ ਗੁੱਟ ਨੂੰ ਬਲੇਡ ਨਾਲ ਵੱਢ ਦਿੱਤਾ। ਉਹ ਬੇਹੋਸ਼ ਹੋ ਗਈ। ਉਸਦੇ ਪਰਿਵਾਰ ਵਾਲੇ ਤੁਰੰਤ ਉਸਨੂੰ ਮੌਂਦਾਹਾ ਸੀਐਚਸੀ ਲੈ ਗਏ, ਜਿੱਥੋਂ ਉਸਨੂੰ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ।

ਪੁਲਿਸ ਸੁਪਰਡੈਂਟ ਡਾ. ਦੀਕਸ਼ਾ ਸ਼ਰਮਾ ਨੇ ਕਿਹਾ ਕਿ ਮ੍ਰਿਤਕਾ ਦੇ ਪਿਤਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਲੜਕੀ ਦੇ ਪਿਤਾ, ਤਿੰਨ ਚਾਚਿਆਂ ਅਤੇ ਦਾਦਾ ਜੀ ਵਿਰੁੱਧ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ। ਦੋ ਦੋਸ਼ੀ ਚਾਚਿਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

# ਸ੍ਰੀ ਅਨੰਦਪੁਰ ਸਪੋਰਟਸ ਐਂਡ ਕਲਚਰਲ ਕਲੱਬ ਯੂ ਕੇ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ

## ਜਗਬੀਰ ਸਿੰਘ ਜੱਗਾ ਚਕਰ ਪ੍ਰਧਾਨ ਅਤੇ ਗੁਰਚਰਨ ਸਿੰਘ ਸੂਜਾਪੁਰ ਚੇਅਰਮੈਨ ਬਣੇ, 4-5 ਮਾਰਚ 2026 ਨੂੰ ਹੋਵੇਗਾ ਹੋਲਾ ਮਹੱਲਾ ਟੂਰਨਾਮੈਂਟ



ਸ੍ਰੀ ਅਨੰਦਪੁਰ ਸਪੋਰਟਸ ਐਂਡ ਕਲਚਰਲ ਕਲੱਬ ਯੂ ਕੇ ਦੀ ਨਵੀਂ ਪ੍ਰਬੰਧਕ ਕਮੇਟੀ ਅਤੇ ਹਾਜ਼ਿਰ ਮੈਂਬਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਐਂਡ ਕਲਚਰਲ ਕਲੱਬ ਯੂ ਕੇ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਹੋਈ। ਜਿਸ ਵਿੱਚ ਅਗਲੇ ਦੋ ਸਾਲਾਂ ਲਈ ਮੁੜ ਜਗਬੀਰ ਸਿੰਘ ਜੱਗਾ ਚਕਰ ਪ੍ਰਧਾਨ, ਗੁਰਚਰਨ ਸਿੰਘ ਸੂਜਾਪੁਰ ਚੇਅਰਮੈਨ, ਗੁਰਚਰਨ ਸਿੰਘ ਢਿਲੋਂ (ਪਿੰਕੀ) ਜਨਰਲ ਸਕੱਤਰ, ਗੁਰਪਾਲ ਸਿੰਘ ਚੱਠਾ ਖਜ਼ਾਨਚੀ ਚੁਣਿਆ ਗਿਆ। ਸਾਊਥਾਲ ਵਿੱਚ ਹੋਈ ਕਲੱਬ ਦੀ ਮੀਟਿੰਗ ਵਿੱਚ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਕੇਵਲ ਸਿੰਘ ਰਣਦੇਵਾ, ਵਿਕਾਸ ਸਕੱਤਰ ਇਸ਼ਟਮੀਤ ਸਿੰਘ ਫੁੱਲ, ਰਣਜੀਤ ਸਿੰਘ ਢੰਡਾ, ਬਹਾਦਰ ਸਿੰਘ ਸ਼ੇਰਗਿੱਲ, ਬਲਜੀਤ ਸਿੰਘ ਮੱਲੀ, ਕਮਲਪ੍ਰੀਤ ਸਿੰਘ ਧਾਲੀਵਾਲ, ਹਰਵਿੰਦਰ ਸਿੰਘ ਭਲਵਾਨ, ਬਲਬੀਰ ਸਿੰਘ ਰਣੀਆਂ, ਸਰਬਜੀਤ ਸਿੰਘ ਸਾਬੀ ਬਸਰਾ, ਮੋਹਣ ਸਿੰਘ ਮੋਹਣਾ, ਕੁੱਕੀ ਸਿੱਧਵਾਂ, ਤੇਜਵੰਤ ਸਿੰਘ ਚਾਹਲ, ਬੀਰਬਿਕਰਮ ਸਿੰਘ ਬੋਪਾਰਾਏ, ਪਿਆਰਾ ਸਿੰਘ ਗੁਮਟਾਲਾ, ਲਖਵਿੰਦਰ ਸਿੰਘ ਧਾਲੀਵਾਲ, ਪ੍ਰਮਿੰਦਰ ਸਿੰਘ ਸੂਜਾਪੁਰ, ਸੰਦੀਪ ਸਿੰਘ, ਨਵਜੋਤ ਸਿੰਘ ਸਰਾਂ, ਜਗਰਾਜ ਸਿੰਘ ਕੋਕਰੀ, ਕਮਲ ਢੇਸੀ, ਰਾਜ ਬਾਜਵਾ, ਗੁਰਨਾਮ ਸਿੰਘ ਆਦਿ ਹਾਜ਼ਰ ਹੋਏ। ਇਸ ਮੌਕੇ 2025 ਕਬੱਡੀ ਟੂਰਨਾਮੈਂਟ ਦਾ ਲੇਖਾ-ਜੋਖਾ ਦਿੱਤਾ ਗਿਆ। ਕਬੱਡੀ ਟੂਰਨਾਮੈਂਟ ਮੌਕੇ ਵਿੱਚ ਸਹਿਯੋਗ ਦੇਣ ਵਾਲੇ ਮੈਂਬਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੌਜੂਦਾ ਕਮੇਟੀ ਦੀ ਕਾਰਗੁਜ਼ਾਰੀ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਇੱਕ ਵਾਰ ਫਿਰ ਅਗਲੇ ਦੋ ਸਾਲਾਂ ਲਈ ਸੇਵਾਕਾਲ ਵਿੱਚ ਵਾਧਾ ਕਰਦਿਆਂ ਵੱਧ ਤੋਂ ਵੱਧ ਮੈਂਬਰ ਬਣਨ ਅਤੇ ਬਣਾਉਣ ਦੀ ਅਪੀਲ ਕੀਤੀ। ਚੇਅਰਮੈਨ ਗੁਰਚਰਨ ਸਿੰਘ ਸੂਜਾਪੁਰ ਨੇ ਦੱਸਿਆ ਕਿ ਅਗਲੇ ਵਰ੍ਹੇ 4 ਤੋਂ 5 ਮਾਰਚ 2026 ਨੂੰ ਹੋਲਾ ਮਹੱਲਾ ਕਬੱਡੀ ਟੂਰਨਾਮੈਂਟ ਕਰਵਾਇਆ ਜਾਵੇਗਾ। ਜਿਸ ਨੂੰ ਲੈ ਕੇ ਹੁਣੇ ਤੋਂ ਤਿਆਰੀਆਂ ਆਰੰਭ ਦਿੱਤੀਆਂ ਹਨ।

# ਬ੍ਰੈਡਫੋਰਡ ਸਪੋਰਸਟ ਐਂਡ ਕਬੱਡੀ ਕਲੱਬ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਹੋਈ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰੈਡਫੋਰਡ ਸਪੋਰਸਟ ਐਂਡ ਕਬੱਡੀ ਕਲੱਬ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਬੀਤੀ 13 ਅਕਤੂਬਰ ਨੂੰ ਹੋਈ। ਜਿਸ ਵਿੱਚ ਕਲੱਬ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਹਿੱਸਾ ਲਿਆ। ਇਸ ਮੌਕੇ ਕਲੱਬ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਅਤੇ ਭਵਿੱਖ ਦੀਆਂ ਯੋਜਨਾਵਾਂ ਤੇ ਚਰਚਾ ਕੀਤੀ।**




ਬ੍ਰੈਡਫੋਰਡ ਕਬੱਡੀ ਕਲੱਬ ਦੇ ਅਹੁਦੇਦਾਰ

ਅਗਲੇ ਵਰ੍ਹੇ ਵਧੀਆ ਕਬੱਡੀ ਟੀਮ ਬਣਾਉਣ ਅਤੇ ਟੂਰਨਾਮੈਂਟ ਕਰਵਾਉਣ ਲਈ ਪੁਖਤਾ ਪ੍ਰਬੰਧ ਕਰਨ ਲਈ ਅਗਲੇ ਦੋ ਸਾਲਾਂ ਲਈ ਨਵੀਂ ਪ੍ਰਬੰਧਕ ਕਮੇਟੀ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ। ਜਿਸ ਵਿੱਚ ਅਮਰਜੀਤ ਸਿੰਘ ਰਾਇਤ, ਸੋਢੀ ਕੂਨਰ, ਹਰਦੀਪ ਸਿੰਘ ਹੇਅਰ, ਦਲਬੀਰ ਸਿੰਘ ਸਿੱਧੂ ਅਤੇ ਅਮਰਜੀਤ ਸਿੰਘ ਲੱਧੜ ਨੂੰ ਸਰਪ੍ਰਸਤ ਚੁਣਿਆ ਗਿਆ। ਜਦ ਕਿ ਸੁਰਿੰਦਰ ਸਿੰਘ ਅਟਵਾਲ ਨੂੰ ਚੇਅਰਮੈਨ, ਕਿਰਨ ਬਸਰਾ ਵਾਈਸ ਚੇਅਰਮੈਨ, ਦਲਬੀਰ ਸਿੰਘ ਸੈਂਬੀ ਪ੍ਰਧਾਨ, ਹਰਜਿੰਦਰ ਸਿੰਘ ਨਿੱਝਰ ਮੀਤ ਪ੍ਰਧਾਨ, ਗੁਰਬਖਸ਼ ਸਿੰਘ ਤੂਰ ਜਨਰਲ ਸਕੱਤਰ, ਗੁਰਜੀਤ ਸਿੰਘ ਸੈਂਬੀ ਜੁਆਇੰਟ ਸਕੱਤਰ, ਕਾਵਲਜੀਤ ਸਿੰਘ ਖਜ਼ਾਨਚੀ, ਬਲਦੇਵ ਸਿੰਘ ਦਿਓਲ ਸਹਾਇਕ ਖਜ਼ਾਨਚੀ, ਸੁਰਿੰਦਰਪਾਲ ਸਿੰਘ ਲੱਕੀ ਟੀਮ ਮੈਨੇਜਰ, ਹਰਵਿੰਦਰ ਸਿੰਘ ਤੇਜੀ ਚੱਠਾ ਕੋਚ, ਰਮਨਜੀਤ ਸਿੰਘ ਸਿਆਨ ਮੀਡੀਆ ਇੰਚਰਾਜ, ਪ੍ਰਦੀਪ ਸਿੰਘ ਮੀਡੀਆ ਇੰਚਾਰਜ, ਬਲਜਿੰਦਰ ਸਿੰਘ ਨਿੱਝਰ ਸਕੱਤਰ ਅਤੇ ਜਰਨੈਲ ਸਿੰਘ ਗਰਾਉਂਡ ਇੰਚਾਰਜ ਥਾਪਿਆ ਗਿਆ। ਚੇਅਰਮੈਨ ਸੁਰਿੰਦਰ ਸਿੰਘ ਅਟਵਾਲ ਅਤੇ ਪ੍ਰਧਾਨ ਦਲਬੀਰ ਸਿੰਘ ਸੈਂਬੀ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਇਲਾਕੇ ਦੀਆਂ ਸੰਸਥਾਵਾਂ, ਸਹਿਯੋਗੀ ਸੱਜਣਾਂ, ਕਾਰੋਬਾਰੀਆਂ ਅਤੇ ਕਬੱਡੀਆਂ ਪ੍ਰੇਮੀਆਂ ਨੂੰ ਵੱਧ ਤੋਂ ਵੱਧ ਕਲੱਬ ਦੇ ਮੈਂਬਰ ਬਣਨ ਦੀ ਅਪੀਲ ਕੀਤੀ।

ਉਹਨਾਂ ਕਿਹਾ ਕਿ ਬ੍ਰੈਡਫੋਰਡ ਵਿੱਚ ਲੰਮੇਂ ਸਮੇਂ ਬਾਅਦ ਕਬੱਡੀ ਦੇ ਟੂਰਨਾਮੈਂਟ ਸ਼ੁਰੂ ਹੋਏ ਹਨ ਅਤੇ ਕਬੱਡੀ ਟੀਮ ਬਣਾਈ ਗਈ ਹੈ, ਇਸ ਨੂੰ ਅੱਗੇ ਤੋਂ ਹੋਰ ਕਾਮਯਾਬ ਕਰਨ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਉਹਨਾਂ ਕਲੱਬ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਵੀ ਕੀਤਾ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਨਵੰਬਰ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਮਹੀਨੇ ਦੇ ਸ਼ੁਰੂ ਵਿੱਚ ਕੁਝ ਕੰਮਕਾਜੀ ਰੁਝੇਵੇਂ ਅਤੇ ਉਤਸ਼ਾਹ ਵਧੇਗਾ। ਧਨ ਲਾਭ ਦੇ ਮੌਕੇ ਮਿਲਣਗੇ। ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਇਸਤਰੀ ਅਤੇ ਪਰਿਵਾਰਕ ਸੁੱਖਾਂ ਵਿੱਚ ਵਾਧਾ ਹੋਵੇਗਾ। ਅਚਾਨਕ ਧਨ ਪ੍ਰਾਪਤੀ ਦੇ ਯੋਗ ਹਨ। ਵਿਅਰਥ ਦੀ ਯਾਤਰਾ ਵਿੱਚ ਪ੍ਰੇਸ਼ਾਨੀ ਆ ਸਕਦੀ ਹੈ। ਵਿੱਦਿਆਰਥੀਆਂ ਨੂੰ ਉਮੀਦ ਮੁਤਾਬਕ ਕਾਮਯਾਬੀ ਮਿਲੇਗੀ। ਧਰਮ–ਕਰਮ ਵੱਲ ਖਾਸ ਰੁਝਾਨ ਹੋਵੇਗਾ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਉ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਕਾਰੋਬਾਰ ਵਿੱਚ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਮਿਹਨਤ ਅਤੇ ਹਿੰਮਤ ਨਾਲ ਕੰਮ ਕਰਨ 'ਤੇ ਲਾਭ ਅਤੇ ਖੁਸ਼ੀ ਮਿਲੇਗੀ। ਇਸ ਸਮੇਂ ਦੌਰਾਨ ਕੁਝ ਘਰੇਲੂ ਮੱਤਭੇਦ ਉੱਭਰ ਸਕਦੇ ਹਨ। ਜਾਇਦਾਦ ਸਬੰਧੀ ਵੀ ਪ੍ਰੇਸ਼ਾਨੀ ਦੇ ਯੋਗ ਹਨ। ਸੁੱਖ–ਸਾਧਨਾਂ 'ਤੇ ਖਰਚ, ਵਧੇਰੇ ਗੁੱਸਾ ਅਤੇ ਸਰੀਰਕ ਰੋਗ ਵੀ ਹੋ ਸਕਦੈ। ਫਜ਼ੂਲ ਦੀ ਯਾਤਰਾ ਦੇ ਵੀ ਆਸਾਰ ਹਨ। ਸਾਂਝੇਦਾਰੀ ਦੇ ਕੰਮਾਂ ਵਿੱਚ ਵੀ ਕੋਈ ਖਾਸ ਲਾਭ ਦੇ ਯੋਗ ਨਹੀਂ। ਹਮੇਸ਼ਾ ਚੰਗਾ ਸੋਚੋ, ਚੰਗਾ ਸੋਚੋਗੇ ਤਾਂ ਹੀ ਤਾਂ ਚੰਗਾ ਕਰੋਗੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਇਸ ਸਮੇਂ ਬਣਦੇ ਕੰਮਾਂ ਵਿੱਚ ਅੜਚਨਾਂ ਰਹਿਣਗੀਆਂ। ਕਾਰੋਬਾਰ ਵਿੱਚ ਵਧੇਰੇ ਕਾਮਯਾਬੀ ਮਿਲੇਗੀ। ਧਨ ਖਰਚ ਜ਼ਿਆਦਾ ਹੋਵੇਗਾ। ਕਾਰੋਬਾਰ ਵਿੱਚ ਤਬਦੀਲੀ ਦਾ ਵਿਚਾਰ ਬਣੇਗਾ, ਪਰ ਪਰਿਵਾਰਕ ਮਦਦ ਨਾਂ ਮਿਲਣ ਕਰਕੇ ਮੁਸ਼ਕਿਲਾਂ ਆਉਣ ਦੇ ਯੋਗ ਹਨ। ਸਿਹਤ ਵਿੱਚ ਖਰਾਬੀ ਅਤੇ ਫਜ਼ੂਲ ਦੀ ਪ੍ਰੇਸ਼ਾਨੀ ਰਹੇਗੀ। ਕਿਸੇ ਆਪਣੇ ਤੋਂ ਧੋਖਾ ਮਿਲਣ ਦੇ ਯੋਗ ਹਨ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ, ਪਰਿਵਾਰ ਵਿੱਚ ਸੁੱਖ–ਸ਼ਾਂਤੀ ਬਣੀ ਰਹੇਗੀ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਰੁਕਾਵਟਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਦੀ ਪ੍ਰਾਪਤੀ ਹੋਵੇਗੀ। ਕਿਸੇ ਨਜ਼ਦੀਕੀ ਸਹਿਯੋਗੀ ਦੀ ਮਦਦ ਨਾਲ ਕੋਈ ਵਿਗੜਿਆ ਹੋਇਆ ਕੰਮ ਬਣੇਗਾ। ਧਰਮ–ਕਰਮ ਦੇ ਵੱਲ ਰੁਝਾਨ ਵਧੇਗਾ। ਇਸ ਦੌਰਾਨ ਕਿਸੇ ਖਾਸ ਮਿੱਤਰ ਤੋਂ ਧੋਖਾ ਮਿਲਣ ਦੇ ਯੋਗ ਹਨ। ਮਾਨਸਿਕ ਤਣਾਅ ਅਤੇ ਉਲਝਣਾਂ ਵਾਲੇ ਹਾਲਾਤ ਪੈਦਾ ਹੋਣਗੇ। ਦੁਸ਼ਮਣਾਂ ਤੋਂ ਸਾਵਧਾਨ ਰਹੋ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਮਹੀਨੇ ਦੇ ਸ਼ੁਰੂ ਵਿੱਚ ਵਧੇਰੇ ਮਿਹਨਤ ਅਤੇ ਸੰਘਰਸ਼ ਤੋਂ ਬਾਅਦ ਧਨ ਲਾਭ ਦੇ ਸਾਧਨ ਬਣਨਗੇ। ਜ਼ਮੀਨ–ਜਾਇਦਾਦ, ਸਵਾਰੀ ਆਦਿ 'ਤੇ ਜ਼ਿਆਦਾ ਖਰਚ ਅਤੇ ਲੈਣ–ਦੇਣ ਹੋਣ ਦੇ ਯੋਗ ਹਨ। ਕਾਰੋਬਾਰ ਵਿੱਚ ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਮਾਣ–ਇੱਜ਼ਤ ਵਿੱਚ ਵਾਧਾ ਹੋਵੇਗਾ। ਕਾਰੋਬਾਰੀ ਖੇਤਰ ਵਿੱਚ ਕਈ ਉਤਾਰ–ਚੜ੍ਹਾਅ ਆ ਸਕਦੇ ਹਨ। ਕਿਸੇ ਦੀ ਨਿੰਦਾ ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਹਮੇਸ਼ਾ ਆਪਣੇ ਕੰਮ ਵਿੱਚ ਧਿਆਨ ਦਿਉ, ਸਮਾਜ ਵਿੱਚ ਮਾਣ–ਇੱਜ਼ਤ ਵਧੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਮਾਨਸਿਕ ਤਣਾਅ ਅਤੇ ਤੇਜ਼ੀ ਵਧੇਰੇ ਰਹੇਗੀ। ਕੰਮਕਾਜ ਵਿੱਚ ਰੁਕਾਵਟਾਂ ਅਤੇ ਮੁਸ਼ਕਿਲਾਂ ਪੈਦਾ ਹੋਣਗੀਆਂ। ਖਰਚ ਦੇ ਵਾਧੇ ਕਾਰਨ ਕਰਜ਼ ਵੀ ਲੈਣਾ ਪੈ ਸਕਦਾ ਹੈ। ਵਪਾਰ ਸਬੰਧੀ ਕਾਗਜ਼ਾਂ 'ਤੇ ਦਸਤਖਤ ਕਰਦੇ ਸਮੇਂ ਸਲਾਹ ਜਰੂਰ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਸਵਾਰੀ ਆਦਿ ਤੋਂ ਸੱਟ ਦਾ ਡਰ ਰਹੇਗਾ। ਸਾਵਧਾਨੀ ਰਹਿਣ ਦੀ ਲੋੜ ਹੈ। ਆਪਣੇ ਤੋਂ ਵੱਡਿਆਂ ਦਾ ਹਮੇਸ਼ਾ ਮਾਣ–ਸਤਿਕਾਰ ਕਰੋ ਅਤੇ ਛੋਟਿਆਂ ਨੂੰ ਪਿਆਰ ਦਿਉ, ਰਿਸ਼ਤਿਆਂ ਵਿੱਚ ਮਜ਼ਬੂਤੀ ਆਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਇਸ ਸਮੇਂ ਦੌਰਾਨ ਕੋਈ ਸ਼ੁੱਭ ਸੂਚਨਾ ਮਿਲੇਗੀ। ਤੁਹਾਡੇ ਕੰਮ ਵਿਰੋਧੀ ਪੱਖ ਲਈ ਚੁਣੌਤੀ ਵਾਲੇ ਹੋਣਗੇ। ਪਹਿਲਾਂ ਕੀਤੀ ਮਿਹਨਤ ਦਾ ਫੱਲ ਜਰੂਰ ਮਿਲੇਗਾ। ਧਨ ਲਾਭ ਵਧੇਰੇ ਹੋਵੇਗਾ। ਖਾਸ ਲੋਕਾਂ ਨਾਲ ਮੇਲ–ਜੋਲ ਰਹੇਗਾ। ਵਿਦੇਸ਼ ਸਬੰਧੀ ਖਾਸ ਕੰਮਾਂ ਵਿੱਚ ਸਫਲਤਾ ਕਾਰਨ ਲਾਭ ਦੇ ਰਸਤੇ ਖੁੱਲ੍ਹਣਗੇ। ਪੜ੍ਹਾਈ ਵਿੱਚ ਸਫਲਤਾ ਮਿਲੇਗੀ। ਵਿੱਦਿਆਰਥੀ ਵਰਗ ਲਈ ਸਫ਼ਲਤਾ ਵਾਲਾ ਸਮਾਂ ਹੈ। ਨਸ਼ਿਆਂ ਦੇ ਕੋਹੜ ਤੋਂ ਆਪਣੇ ਆਪ ਨੂੰ ਦੂਰ ਰੱਖੋ ਸਮਾਜ ਵਿੱਚ ਮਾਣ–ਇੱਜ਼ਤ ਵਧੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਉਤਸ਼ਾਹ ਅਤੇ ਸੰਘਰਸ਼ ਸ਼ਕਤੀ ਬਣੀ ਰਹੇਗੀ। ਬਣਦੇ ਹੋਏ ਕੰਮਾਂ ਵਿੱਚ ਅਨੇਕਾਂ ਰੁਕਾਵਟਾਂ ਦੇ ਬਾਵਜੂਦ ਕੁਝ ਸਫਲਤਾ ਜਰੂਰ ਮਿਲੇਗੀ। ਕਈ ਮਹੱਤਵਪੂਰਨ ਕੰਮ ਉਤਸ਼ਾਹ ਨੂੰ ਬਣਾਏ ਰੱਖਣਗੇ। ਖਾਸ ਵਿਅਕਤੀਆਂ ਦਾ ਸ਼ੁੱਭ ਸੰਦੇਸ਼ ਵੀ ਮਿਲੇ–ਗਾ। ਪਰਿਵਾਰ ਵਿੱਚ ਕਿਸੇ ਗਲਤਫਹਿਮੀ ਦੇ ਕਾਰਨ ਤਣਾਅ ਰਹੇਗਾ। ਵਿੱਦਿਆਰਥੀਆਂ ਨੂੰ ਪੜ੍ਹਾਈ ਵਿੱਚ ਲਗਨ ਅਤੇ ਮਿਹਨਤ ਨਾਲ ਕੰਮ ਕਰਨ 'ਤੇ ਹੀ ਸਫਲਤਾ ਮਿਲੇਗੀ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਇਸ ਸਮੇਂ ਚੰਗੇ ਕੰਮਾਂ ਵਿੱਚ ਲੋੜੀਂਦਾ ਵਾਧਾ ਹੋਵੇਗਾ। ਵਿਗੜੇ ਕੰਮ ਬਣਨ ਦੀ ਆਸ ਹੈ। ਕਿਸੇ ਉੱਚ ਪਦ–ਅਧਿਕਾਰੀ ਨਾਲ ਸੰਪਰਕ ਸਥਾਪਤ ਹੋਣਗੇ। ਖਰਚੇ ਜ਼ਿਆਦਾ ਹੋਣ ਕਰਕੇ ਮਾਨਸਿਕ ਪ੍ਰੇਸ਼ਾਨੀ ਹੋਵੇਗੀ। ਸੰਜਮ–ਪੂਰਵਕ ਮਿਹਨਤ ਕਰਨ ਨਾਲ ਹਾਲਾਤ ਵਿੱਚ ਸੁਧਾਰ ਹੋਵੇਗਾ। ਮਹੀਨੇ ਦੇ ਅਖੀਰ ਵਿੱਚ ਕਿਸੇ ਚੰਗੇ ਕੰਮ 'ਤੇ ਖਰਚ ਹੋਵੇਗਾ। ਨਵੇਂ–ਨਵੇਂ ਲੋਕਾਂ ਦੇ ਨਾਲ ਸੰਪਰਕ ਹੋਣਗੇ ਅਤੇ ਉਨ੍ਹਾਂ ਤੋਂ ਸਹਿਯੋਗ ਵੀ ਮਿਲੇਗਾ। ਗੁਰੂ ਘਰ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਅਚਾਨਕ ਧਨ ਲਾਭ ਹੋਵੇਗਾ, ਪਰ ਮਨੋਰੰਜਨ ਆਦਿ ਦੇ ਕੰਮਾਂ 'ਤੇ ਧਨ ਦਾ ਖਰਚ ਹੋਵੇਗਾ। ਜਲਦਬਾਜ਼ੀ ਵਿੱਚ ਕੀਤੇ ਗਏ ਫੈਸਲੇ ਨੁਕਸਾਨਦੇਹ ਹੋ ਸਕਦੇ ਹਨ। ਕਾਰੋਬਾਰ ਵਿੱਚ ਅੜਚਣਾਂ ਕਰਕੇ ਪ੍ਰੇਸ਼ਾਨੀਆਂ ਵੱਧਣਗੀਆਂ। ਪਰਿਵਾਰਕ ਮਾਹੌਲ ਉਲਝਣਾਂ ਵਾਲਾ ਹੋਵੇਗਾ। ਘਰ ਵਿੱਚ ਗੁੱਸੇ ਅਤੇ ਉਤੇਜਨਾ ਤੋਂ ਸਾਵਧਾਨੀ ਵਰਤੋ। ਵਿੱਦਿਆਰਥੀਆਂ ਨੂੰ ਮੁਸ਼ਕਿਲ ਹਾਲਾਤ ਵਿੱਚ ਉਤਸ਼ਾਹ ਨਾਲ ਪੜ੍ਹਾਈ ਅਤੇ ਕੰਮ ਕਰਨਾ ਚਾਹੀਦਾ ਹੈ। ਸ੍ਰੀ ਨਿੱਤਨੇਮ ਦਾ ਪਾਠ ਕਰਨਾ ਸ਼ੁੱਭ ਹੋਵੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਸਮਾਜ ਵਿੱਚ ਮਾਣ–ਪ੍ਰਤਿਸ਼ਠਾ ਵਧੇਗੀ ਅਤੇ ਕੁਝ ਮੰਗਲ ਕਾਰਜ ਹੋਣਗੇ। ਰੋਜ਼ਾਨਾ ਕਾਰਜਾਂ ਵਿੱਚ ਤੇਜ਼ੀ ਆਵੇਗੀ। ਪਰ ਵਪਾਰ ਵਿੱਚ ਉਲਝਣਾਂ ਉਹੋ ਜਿਹੀਆਂ ਹੀ ਰਹਿਣਗੀਆਂ। ਨੌਕਰੀ ਵਿੱਚ ਕਿਸੇ ਖਾਸ ਅਫਸਰ ਦੇ ਸਹਿਯੋਗ ਨਾਲ ਵਿਗੜਿਆ ਹੋਇਆ ਕੰਮ ਬਣੇਗਾ। ਸਵੇਰੇ ਤੇ ਸ਼ਾਮ ਮਾਤਾ–ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਸਮੇਂ ਦੀ ਸ਼ੁਰੂਆਤ ਚੰਗੀ ਹੋਵੇਗੀ। ਧਨ ਲਾਭ ਅਤੇ ਪਰਿਵਾਰਕ ਸੁੱਖਾਂ ਵਿੱਚ ਵਾਧਾ ਹੋਵੇਗਾ। ਕਿਸੇ ਦੋਸਤ ਦੀ ਮਦਦ ਨਾਲ ਕੋਈ ਰੁੱਕਿਆ ਕੰਮ ਬਣੇਗਾ। ਮਾਤਾ–ਪਿਤਾ ਦਾ ਆਸ਼ੀਰਵਾਦ ਅਤੇ ਸਹਿਯੋਗ ਬਣਿਆ ਰਹੇਗਾ। ਪਰਿਵਾਰ ਵਿੱਚ ਸੁਖਦ ਮਾਹੌਲ ਹੋਵੇਗਾ, ਪਰ ਕਾਰੋਬਾਰ ਵਿੱਚ ਅਚਾਨਕ ਪ੍ਰੇਸ਼ਾਨੀ ਦੇ ਸੰਕੇਤ ਹਨ। ਗੁਰੂ ਘਰ ਜਾ ਕੇ ਗੁਰਬਾਣੀ ਕੀਰਤਨ ਸਰਵਣ ਕਰੋ, ਮੁਸ਼ਕਿਲਾਂ ਦੇ ਹੱਲ ਆਪਣੇ ਆਪ ਮਿਲ ਜਾਣਗੇ ਅਤੇ ਜੀਵਨ ਵਿੱਚ ਖੁਸ਼ਹਾਲੀ ਆਵੇਗੀ।

## ਰਾਜਵੀਰ ਜਵੰਦਾ ਦੀ ਫਿਲਮ ਹੋਵੇਗੀ ਰਿਲੀਜ਼ !



ਪੰਜਾਬੀ ਗਾਇਕ ਰਾਜਵੀਰ ਜਵੰਦਾ ਜਲਦੀ ਹੀ ਵੱਡੇ ਪਰਦੇ ਤੇ ਨਜ਼ਰ ਆਏਗਾ। ਗਾਇਕ ਸਿੱਧੂ ਮੂਸੇਵਾਲਾ ਦੇ ਪਰਿਵਾਰ ਵਾਂਗ ਰਾਜਵੀਰ ਜਵੰਦਾ ਦੇ ਪਰਿਵਾਰ ਨੇ ਵੀ ਫੈਸਲਾ ਕੀਤਾ ਹੈ ਕਿ ਉਸ ਦੀ ਫਿਲਮ, ਯਮਲਾ ਰਿਲੀਜ਼ ਕੀਤੀ ਜਾਏਗੀ। ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਪਰਿਵਾਰ ਨੇ ਸੋਸ਼ਲ ਮੀਡੀਆ ਤੇ ਇਸ ਬਾਰੇ ਪੋਸਟ ਕਰਕੇ ਫਿਲਮ ਬਾਰੇ ਸੰਕੇਤ ਦਿੱਤਾ ਹੈ। ਫਿਲਮ ਦੀ ਸ਼ੂਟਿੰਗ 2019 ਵਿੱਚ ਹੋਈ ਸੀ। ਉਨ੍ਹਾਂ ਨੇ ਡਾਇਰੈਕਟਰ ਨੂੰ ਵੀ ਮੈਸੇਜ ਭੇਜਿਆ ਹੈ।ਪਰਿਵਾਰ ਨੇ ਇੱਕ ਇਮੋਸ਼ਨਲ ਮੈਸੇਜ ਵੀ ਸ਼ੇਅਰ ਕੀਤਾ ਹੈ, ਜਿਸ ਵਿੱਚ ਲਿਖਿਆ ਹੈ, ਇੱਕ ਕਲਾਕਾਰ ਇਸ ਦੁਨੀਆ ਨੂੰ ਅਲਵਿਦਾ ਕਹਿ ਜਾਂਦਾ ਹੈ, ਪਰ ਉਸ ਦੀ ਕਲਾ ਹਮੇਸ਼ਾ ਲਈ ਜ਼ਿੰਦਾ ਰਹਿੰਦੀ ਹੈ। ਰਾਜਵੀਰ ਦ ਕਲਾ ਨੂੰ ਜਿਊਂਦੇ ਰੱਖਣ ਦੇ ਇਸ ਸਫਰ ਵਿਚ, ਰਾਜਵੀਰ ਦੇ ਪਰਿਵਾਰ ਵੱਲੋਂ ਰਾਕੇਸ਼ ਮਹਿਤਾ ਨੂੰ ਸੁਨੇਹਾ- ਅਸੀਂ ਇਸ ਯਮਲੇ ਨੂੰ ਉਸਦੀ ਕਲਾ ਰਾਹੀਂ ਹਮੇਸ਼ਾ ਜਿਊਂਦ ਰੱਖਾਂਗੇ। ਜਲਦ ਹੀ ਇਹ ਯਮਲਾ ਤੁਹਾਡੇ ਨੇੜਲੇ ਸਿਨੇਮਾ ਘਰਾਂ ਵਿਚ ਮਿਲੇਗਾ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ–ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ !

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼–ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

**13 ਨਵੰਬਰ ਨੂੰ ਬਰਸੀ 'ਤੇ ਵਿਸ਼ੇਸ਼**




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸੇਵਾ, ਸਿਮਰਨ ਤੇ ਤਿਆਗ ਦੇ ਮੁਜੱਸਮੇ – ਬਾਬਾ ਜਵਾਲਾ ਸਿੰਘ ਹਰਖੋਵਾਲ

ਪੰਜਾਬ ਦੀ ਧਰਤੀ ਨੇ ਅਨੇਕਾਂ ਰੱਬੀ ਰੰਗ ਵਿੱਚ ਰੰਗੀਆਂ ਰੂਹਾਂ ਨੂੰ ਆਪਣੀ ਗੋਦ ਵਿੱਚ ਖਿਡਾਇਆ ਹੈ। ਅਜਿਹੀ ਰਸੀ ਹੋਈ ਪਵਿੱਤਰ ਆਤਮਾ ਦੇ ਮਾਲਕ ਸਨ, ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ, ਜਿਨ੍ਹਾਂ ਆਪਣੀ ਹਯਾਤੀ ਦੇ 68-69 ਸਾਲ ਲੱਖਾਂ ਸਿੱਖ ਸੰਗਤਾਂ ਨੂੰ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਨਾਲ ਜੋੜਨ ਦਾ ਵੱਡਾ ਕਾਰਜ ਕੀਤਾ। ਆਪ ਸੇਵਾ, ਸਿਮਰਨ ਤੇ ਤਿਆਗ ਦੀ ਸਾਕਾਰ ਮੂਰਤ ਸਨ। ਜਿਸ ਵੀ ਜਗਿਆਸੂ ਨੂੰ ਮਿਲੇ, ਉਸ ਨੂੰ ਉਨ੍ਹਾਂ ਦੀ ਮਿਕਨਾਤੀਸੀ ਸ਼ਖ਼ਸੀਅਤ ਨੇ ਆਪਣਾ ਬਣਾ ਲਿਆ। ਬਾਬਾ ਜਵਾਲਾ ਸਿੰਘ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਲੰਗੇਰੀ ਪਿੰਡ ਵਿਖੇ ਸ. ਨਰਾਇਣ ਸਿੰਘ ਦੇ ਗ੍ਰਹਿ ਵਿਖੇ ਬੀਬੀ ਰਾਜ ਕੌਰ ਦੀ ਕੁੱਖ ਤੋਂ 1 ਮਈ, 1889 ਨੂੰ ਹੋਇਆ। ਬਚਪਨ ਤੋਂ ਹੀ ਆਪ ਸਰੀਰਕ ਪੱਖ ਤੋਂ ਰਿਸ਼ਟ-ਪੁਸ਼ਟ ਸਨ। ਹਮੇਸ਼ਾ ਇਕਾਂਤ ਵਿੱਚ ਰਹਿਣਾ ਅਤੇ ਪ੍ਰਭੂ ਬੰਦਗੀ ਵਿੱਚ ਸਮਾਂ ਬਤੀਤ ਕਰਨ ਨੂੰ ਤਰਜੀਹ ਦਿੰਦੇ ਸਨ। ਭਰ ਜਵਾਨੀ ਵਿੱਚ ਸਰੀਰਕ ਸੁੰਦਰਤਾ ਡੁੱਲ-ਡੁੱਲ ਪੈਂਦੀ ਸੀ। ਹੱਡਾਂ ਪੈਰਾਂ ਦੇ ਖੋਲ ਸਨ। ਪੰਜਾਬ ਵਿੱਚ ਅੰਗ੍ਰੇਜ਼ ਹਕੂਮਤ ਸੀ, ਬਹੁਤੇ ਨੌਜਵਾਨ ਫੌਜ ਦੀ ਨੌਕਰੀ ਨੂੰ ਤਰਜੀਹ ਦਿੰਦੇ ਸਨ। ਆਪ ਵੀ ਫੌਜ ਵਿੱਚ ਭਰਤੀ ਹੋ ਗਏ। ਪਰ ਹਮੇਸ਼ਾ ਇਕੋ ਲਗਨ ਲੱਗੀ ਰਹਿੰਦੀ ਸੀ, ਕਿਸੇ ਬੰਦਗੀ ਵਾਲੇ ਮਹਾਂਪੁਰਖ ਦੀ ਸੰਗਤ ਕਰਨੀ। ਫੌਜ ਦੀ ਨੌਕਰੀ ਕਰਦਿਆਂ ਹੋਤੀ ਮਰਦਾਨ ਦੇ ਅਸਥਾਨ 'ਤੇ ਉਘੀ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਦੇ ਅਸਥਾਨ ਉਪਰ ਜਾਣਾ ਸ਼ੁਰੂ ਕਰ ਦਿੱਤਾ। ਹੁਣ ਇਸ ਅਸਥਾਨ 'ਤੇ ਮੌਜੂਦ ਬਾਬਾ ਆਇਆ ਸਿੰਘ ਨਾਲ ਸੰਪਰਕ ਹੋਇਆ। ਬਾਬਾ ਆਇਆ ਸਿੰਘ ਨੇ ਇਸ ਨੌਜਵਾਨ ਦੀ ਰਸੀ ਹੋਈ ਆਤਮਾ ਵਿੱਚੋਂ ਰੱਬੀ-ਰਹਿਮਤ ਦੀ ਝਲਕ ਨੂੰ ਵੇਖਿਆ। ਹੁਣ ਫੌਜ ਦੀ ਨੌਕਰੀ ਨੂੰ ਛੱਡ ਕੇ ਬਾਬਾ ਆਇਆ ਸਿੰਘ ਦੇ ਹੁਕਮ ਮੁਤਾਬਿਕ ਰਹਿੰਦਾ ਜੀਵਨ ਉਸ ਕਰਤੇ ਦੀ ਵੱਡਿਆਈ ਨੂੰ ਸਮਰਪਿਤ ਕਰ ਦਿੱਤਾ।

ਹੋਤੀ ਮਰਦਾਨ ਰਹਿੰਦਿਆਂ ਕਾਦਰ ਦੀ ਕੁਦਰਤ ਵਿੱਚੋਂ ਅਤੇ ਉਸ ਵੱਲੋਂ ਪੈਦਾ ਕੀਤੀ ਖਲਕਤ ਵਿੱਚੋਂ ਰੱਬੀ ਦੀਦਾਰਿਆਂ ਦੀਆਂ ਝਲਕਾਂ ਪੈਣ ਲੱਗ ਪਈਆਂ। ਅਜੇ ਦੋ ਸਾਲ ਹੀ ਇਥੇ ਬਤੀਤ ਕੀਤੇ ਸਨ ਕਿ ਬਾਬਾ ਆਇਆ ਸਿੰਘ ਦੇ ਹੁਕਮ ਮੁਤਾਬਿਕ ਮਨੁੱਖਤਾ ਦੇ ਭਲੇ ਲਈ ਪਿੰਡ ਲੰਗੇਰੀ ਆ ਗਏ। ਪਿੰਡ ਵਿੱਚ ਰਹਿੰਦਿਆਂ ਉਚ ਆਤਮਿਕ ਅਵਸਥਾ ਵਿੱਚ ਵਿਚਰਦਿਆਂ ਇਕਾਂਤ-ਵੱਸ ਦੀ ਭਾਲ ਵਿੱਚ ਮੌਜਦਾ ਹੁਸ਼ਿਆਰਪੁਰ-ਫਗਵਾੜਾ ਸੜਕ 'ਤੇ ਅੱਤੋਵਾਲ ਪਿੰਡ ਦੇ ਨੇੜੇ ਹਰਖੋਵਾਲ ਵਿਖੇ ਸਿੱਖੀ ਦਾ ਪ੍ਰਚਾਰ ਕੇਂਦਰ ਸਥਾਪਤ ਕੀਤਾ।

ਅੱਜ ਹਰਖੋਵਾਲ ਦੇ ਇਸ ਅਸਥਾਨ ਨੂੰ ਦੇਸ਼-ਵਿਦੇਸ਼ ਵਿੱਚ ਵੱਸਣ ਵਾਲੀਆਂ ਸਿੱਖ ਸੰਗਤਾਂ ਗੁ: ਸੰਤਗੜ੍ਹ ਦੇ ਨਾਂਅ ਨਾਲ ਸਤਿਕਾਰ ਦਿੰਦੀਆਂ ਹਨ। ਸਾਰਾ ਸਾਲ ਸਿੱਖ ਸੰਗਤ ਇਸ ਅਸਥਾਨ ਦੇ ਦਰਸ਼ਨਾਂ



ਸ੍ਰੀ ਮਾਨ ੧੦੮ ਧੰਨ ਧੰਨ ਸੰਤ ਬਾਬਾ ਜਵਾਲਾ ਸਿੰਘ ਜੀ (ਹਰਖੋਵਾਲੀਏ)

ਲਈ ਸ਼ਰਧਾ ਤੇ ਸਤਿਕਾਰ ਨਾਲ ਹਾਜ਼ਰੀ ਭਰਦੀ ਹੈ। ਸਿੱਖ ਪੰਥ ਵਿੱਚ ਜਦੋਂ ਵੀ ਕੋਈ ਵਿਚਾਰਧਾਰਕ ਵੱਖਰੇਵਾਂ ਆਇਆ ਤਾਂ ਬਾਬਾ ਜਵਾਲਾ ਸਿੰਘ ਹਰਖੋਵਾਲ ਨੇ ਵਡੇਰੇ ਪੰਥਕ ਹਿੱਤਾਂ ਨੂੰ ਮੁੱਖ ਰੱਖਦਿਆਂ ਆਪਣੀਆਂ ਸੇਵਾਵਾਂ ਦਿੱਤੀਆਂ। ਅਨੇਕਾਂ ਭੁੱਲੀਆਂ-ਭਟਕੀਆਂ ਰੂਹਾਂ ਨੂੰ ਗੁਰਮਤਿ ਸਿਧਾਂਤਾਂ ਦੀ ਸੋਝੀ ਦਿੰਦਿਆਂ ਆਪ ਕਪੂਰਥਲਾ ਦੀ ਫਗਵਾੜਾ ਤਹਿਸੀਲ ਦੇ ਪਿੰਡ ਡੁਮੇਲੀ ਵਿਖੇ ਬਾਬਾ ਦਲੀਪ ਸਿੰਘ ਦੇ ਅਸਥਾਨ 'ਤੇ 28 ਕੱਤਕ (13 ਨਵੰਬਰ 1957) ਨੂੰ ਸਚਖੰਡ ਜਾ ਬਿਰਾਜੇ। ਬਾਬਾ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਗੁ: ਸੰਤਗੜ੍ਹ ਹਰਖੋਵਾਲ ਵਿਖੇ ਅਤੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਵੱਲੋਂ ਵੱਖ-ਵੱਖ ਅਸਥਾਨਾਂ 'ਤੇ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

# ਲੱਖਾ ਬਰਾੜ ਨਵੇਂ ਗੀਤ ਗੱਲਬਾਤ ਨਾਲ ਸਰੋਤਿਆਂ ਦੀ ਕਚਹਿਰੀ ਵਿੱਚ




ਗਲਾਸਗੋ-(ਹਰਜੀਤ ਦੁਸਾਂਝ ਪੁਆਦੜਾ)- ਭਦੌੜ ਦੀ ਧਰਤੀ ਨੂੰ ਮਾਣ ਹੈ ਕਿ ਇਸ ਨੇ ਸੰਗੀਤ ਦੀ ਦੁਨੀਆਂ ਵਿੱਚ ਬਹੁਤ ਹੀ ਸਟਾਰ ਕਲਾਕਾਰ ਪੈਦਾ ਕੀਤੇ ਹਨ ਅਤੇ ਇਸ ਦੀ ਮਿੱਟੀ ਨੇ ਬਹੁਤ ਸਾਰੇ ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਆਪਣਾ ਨਾਮ ਚਮਕਾਇਆ ਹੈ। ਉਹਨਾਂ ਵਿੱਚੋਂ ਹੀ ਇੱਕ ਨਾਮ ਹੈ ਲੱਖਾ ਬਰਾੜ ਜਿੰਨਾ ਦੇ ਬਹੁਤ ਸਾਰੇ ਗਾਣੇ, ਦੋਗਾਣੇ ਪੰਜਾਬੀ ਸੰਗੀਤ ਦੀ ਝੋਲੀ ਵਿੱਚ ਪਾਏ ਹਨ ਅਤੇ ਉਹ ਭੰਗੜੇ ਦੀ ਪੇਸ਼ਕਾਰੀ ਨਾਲ ਸਟੇਜ ਤੇ ਰੰਗ ਬਨਣ ਵਾਲਾ ਗਾਇਕ ਹੈ। ਲੱਖਾ ਬਰਾੜ ਆਪਣਾ ਨਵਾਂ ਗਾਣਾ ਗੱਲਬਾਤ ਲੈ ਕੇ ਲੋਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਇਆ ਹੈ। ਸਾਡੇ ਨਾਲ ਗੱਲ ਬਾਤ ਕਰਦੇ ਗਲਾਸਗੋ ਦੇ ਪ੍ਰਸਿੱਧ ਰੇਡੀਓ ਪੇਸ਼ਕਾਰ ਕਰਮਜੀਤ ਭੱਲਾ ਮੀਨੀਆ ਨੇ ਦੱਸਿਆ ਕਿ ਲੱਖਾ ਬਰਾੜ ਦੇ ਪਹਿਲੇ ਗਾਣਿਆਂ ਦੀ ਤਰ੍ਹਾਂ ਇਹ ਗਾਣਾ ਵੀ ਸਰੋਤਿਆਂ ਨੂੰ ਪਸੰਦ ਆ ਰਿਹਾ ਹੈ । ਇਸ ਗਾਣੇ ਨੂੰ ਸੰਗੀਤਬੱਧ ਕੀਤਾ ਹੈ ਅੰਸ਼ ਬੌਲਟ ਨੇ ਅਤੇ ਡਾਇਰੈਕਟਰ ਤੂਰ ਮੈਹਨੇ ਵਾਲਾ ਹਨ। ਇਸ ਗਾਣੇ ਦੇ ਪ੍ਰੋਡਿਊਸਰ ਗੁਰਮੀਤ ਸਿੱਖ ਕਨੇਡਾ ਅਤੇ ਕਰਮਜੀਤ ਭੱਲਾ ਮੀਨੀਆ ਯੂ ਕੇ ਦੇ ਵਿਸ਼ੇਸ਼ ਸਹਿਯੋਗ ਨਾਲ ਤਿਆਰ ਕੀਤਾ ਹੈ। ਇਹ ਗਾਣਾ ਵਿਰਸਾ ਬੀਟ ਯੂਟਿਊਬ ਚੈਨਲ ਤੇ ਰਲੀਜ ਕੀਤਾ ਗਿਆ ਹੈ।

# ਭਾਰਤੀ ਮੂਲ ਦੇ ਉਦਯੋਗਪਤੀ 'ਤੇ 4,000 ਕਰੋੜ ਦੀ ਕਰਜ਼ਾ ਧੋਖਾਧੜੀ ਦੇ ਦੋਸ਼




ਵਾਲ ਸਟਰੀਟ ਜਰਨਲ (WSJ) ਦੀ ਇੱਕ ਰਿਪੋਰਟ ਅਨੁਸਾਰ ਭਾਰਤੀ ਮੂਲ ਦੇ ਉਦਯੋਗਪਤੀ ਬੰਕਿਮ ਬ੍ਰਹਮਭੱਟ 'ਤੇ ਅਮਰੀਕਾ ਵਿੱਚ ਲਗਪਗ 500 ਮਿਲੀਅਨ ਡਾਲਰ (4,000 ਕਰੋੜ ਰੁਪਏ) ਦੀ ਵੱਡੀ ਕਰਜ਼ਾ ਧੋਖਾਧੜੀ ਕਰਨ ਦਾ ਗੰਭੀਰ ਦੋਸ਼ ਲੱਗਾ ਹੈ। ਬ੍ਰਹਮਭੱਟ, ਜੋ ਕਿ ਅਮਰੀਕਾ ਸਥਿਤ ਬ੍ਰਾਡਬੈਂਡ ਟੈਲੀਕਾਮ ਕੰਪਨੀ ਬ੍ਰਿਜਵੋਇਸ ਅਤੇ ਬੈਂਕਾਈ ਗਰੁੱਪ ਦੇ ਸੰਸਥਾਪਕ ਹਨ, 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਕਰਜ਼ਾ ਲੈਣ ਲਈ ਆਪਣੀਆਂ ਕੰਪਨੀਆਂ ਦੇ ਖਾਤਿਆਂ ਵਿੱਚ ਨਕਲੀ ਗਾਹਕਾਂ ਅਤੇ ਨਕਲੀ ਇਨਵੌਇਸਾਂ ਨੂੰ ਦਿਖਾ ਕੇ ਕਰੋੜਾਂ ਡਾਲਰ ਦੇ ਕਰਜ਼ੇ ਹਾਸਲ ਕੀਤੇ ਹਨ। ਇਨ੍ਹਾਂ ਚੀਜ਼ਾਂ ਨੂੰ ਕਰਜ਼ੇ ਦੀ ਗਿਰਵੀ ਸੰਪਤੀ ਵਜੋਂ ਪੇਸ਼ ਕੀਤਾ ਗਿਆ।ਇਸ ਧੋਖਾਧੜੀ ਦੇ ਸ਼ਿਕਾਰ ਹੋਏ ਕਰਜ਼ਾਦਾਤਾਵਾਂ ਵਿੱਚ ਪ੍ਰਮੁੱਖ ਤੌਰ 'ਤੇ ਵਿਸ਼ਵਵਿਆਪੀ ਨਿਵੇਸ਼ ਕੰਪਨੀ ਬਲੈਕਰੌਕ ਦੀ ਪ੍ਰਾਈਵੇਟ ਕ੍ਰੈਡਿਟ ਸ਼ਾਖਾ ਐੱਚਪੀਐੱਸ ਇਨਵੈਸਟਮੈਂਟ ਪਾਰਟਨਰਜ਼ ਅਤੇ ਕਈ ਹੋਰ ਅਮਰੀਕੀ ਬੈਂਕ ਸ਼ਾਮਲ ਹਨ, ਜਿਨ੍ਹਾਂ ਨੇ ਆਪਣੀ ਰਕਮ ਦੀ ਵਸੂਲੀ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਧਾਰਮਿਕ ਸੇਵਾਦਾਰ ਦੀ ਲੋੜ ਹੈ

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਡਰਬੀ ਵਿਖੇ ਇਕ ਗਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਇਸ ਸੇਵਾ ਦੇ ਨਾਲ ਹੇਠ ਲਿਖੀਆਂ ਸੇਵਾਵਾਂ ਕਰ ਸਕਦਾ ਹੋਵੇ ।

## Job Advertisement Sikh Religious Worker

**Position:** Sikh Religious Worker
**Location:** Guru Arjan Dev Ji Gurdwara, Derby, UK
**Type:** Full-time
**Salary:** National Minimum Wage
**Start Date:** ASAP

**The successful candidate will assist the current Priest/Minister of Religion with their duties in:**

- Daily Prayers such as Nitnem and Asa Di Vaar.
- Doing Chaur Sahib and setting Rumala Sahibs.
- Amritvela and Sandhiya Vela Divaans.
- Preparing and distributing Degh (Karah Parshad) in accordance with Sikh Maryada.
- Conducting religious ceremonies such as Akhand Path, Anand Karaj and Antim Sanskaar.
- Delivering Katha and Kirtan during Divaans and ceremonies.
- Working closely with the Gurdwara Management Committee and Sevadaars to promote community engagement, seva, and participation in religious programmes.

**Essential Requirements:**

- Amritdhari and uphold Sikh Rehat Maryada in both personal and professional life.
- Fluency in Punjabi (Gurmukhi).
- Previous experience as a Sikh Religious Worker. Applicants must be able to provide references.
- Must be willing to work flexible hours, including evenings and weekends.

**Desirable Qualities :-** Ability to deliver Katha in English.

**Please apply with your CV'S and full details to :**
**Email:info@gadgderby.co.uk**
**Closing Date: 24 November 2025**

**GURU ARJAN DEV GURDWARA SAHIB**
**STANHOPE STREET, DERBY, DE23 6QJ, U.K.**

– ਲੇਖਕ –
ਇਕਬਾਲ ਸਿੰਘ ਲਾਲਪੁਰਾ
ਫੋਨ: 91 97800 03333



# ਪਰਾਲੀ ਸਾੜਨਾ ਕਿਸਾਨਾਂ ਦੀ ਮਜਬੂਰੀ ਹੈ, ਸ਼ੌਕ ਨਹੀਂ



**ਕਣਕ ਬੀਜਣ ਲਈ ਸਮਾਂ ਕਿਸਾਨਾਂ ਕੋਲ ਛੋਟਾ ਹੁੰਦਾ ਹੈ, ਕਿਉਂਕਿ ਝੋਨਾ ਕੱਟਣ ਤੇ ਕਣਕ ਬੀਜਣ ਤੱਕ ਕਿਸਾਨ ਕੋਲ 15–20 ਦਿਨ ਹੀ ਹੁੰਦੇ ਹਨ, ਇਸ ਵਿੱਚ ਟਰੈਕਟਰ ਨਾਲ ਪਰਾਲੀ ਵੰਡਣਾ ਜਾਂ ਮਸ਼ੀਨਾਂ ਨਾਲ ਮਿੱਟੀ ਵਿੱਚ ਮਿਲ-ਾਉਣਾ ਤੇ ਅਗਲੀ ਬਿਜਾਈ ਲਈ ਤਿਆਰ ਕਰਨਾ ਮੁਸ਼ਕਿਲ ਤੇ ਮਹਿੰਗਾ ਕੰਮ ਹੁੰਦਾ ਹੈ ।ਇਸ ਤਰ੍ਹਾਂ ਅੱਗ ਲਾਉਣ ਹੀ ਕਿਸਾਨਾਂ ਨੂੰ, ਸਸਤਾ, ਤੇਜ਼ ਤੇ ਵਿਕਲਪ ਨਜ਼ਰ ਆਉਂਦਾ ਹੈ । ਇਸ ਤਰ੍ਹਾਂ ਪਰਾਲੀ ਸਾੜਨਾ ਉਸਦਾ ਅਪਰਾਧ ਨਹੀਂ, ਮਜਬੂਰੀ ਬਣ ਜਾਂਦਾ ਹੈ ।**

ਪਰਾਲੀ ਸਾੜਨ ਨੂੰ, ਅੱਜ ਵਾਂਗ ਹਰ ਸਾਲ,ਪੰਜਾਬ ਦੇ ਕਿਸਾਨਾਂ ਦੇ, ਖਿਲਾਫ ਇੱਕ ਅਪਰਾਧ ਵਾਂਗ ਪੇਸ਼ ਕੀਤਾ ਜਾਂਦਾ ਹੈ। ਕਿਸਾਨਾਂ ਵਿਰੁੱਧ ਦਰਜ ਕੀਤੇ ਮੁਕੱਦਮਿਆਂ ਵਾਰੇ ਵੇਰਵੇ ਰੋਜ਼ਾਨਾ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਹਨ ਤੇ ਇਸ ਨੂੰ ਸਰਕਾਰੀ ਤੰਤਰ ਦੀ ਵੱਡੀ ਕਾਰਵਾਈ ਵਜੋਂ ਪੇਸ਼ ਕੀਤਾ ਜਾਂਦਾ ਹੈ । ਪ੍ਰਦੂਸ਼ਣ ਇੱਕ ਸਮੱਸਿਆ ਹੈ ਜੋ ਇਨਸਾਨੀ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ । ਕੀ ਕਿਸਾਨ ਇਨਸਾਨ ਨਹੀਂ ਜਾਂ ਪ੍ਰਦੂਸ਼ਣ ਤੋਂ ਪ੍ਰਭਾਵਿਤ ਨਹੀਂ ਹੁੰਦੇ? ਫੇਰ ਇਸ ਬਿਮਾਰੀ ਦੇ ਕਾਰਨ ਤੇ ਇਲਾਜ ਵਾਰੇ ਸੋਚਣਾ ਚਾਹੀਦਾ ਹੈ ।ਪਰ ਸੱਚ ਇਹ ਵੀ ਹੈ ਕਿ ਕਿਸਾਨ ਨਾ ਤਾਂ ਖੇਤ ਨੂੰ ਅੱਗ ਲਾਉਣ ਤੋਂ ਖੁਸ਼ ਹੈ, ਨਾ ਹੀ ਉਸ ਨੂੰ ਇਸਦਾ ਕੋਈ ਸ਼ੌਕ ਹੈ, ਇਹ ਉਸ ਦੀ ਮਜਬੂਰੀ ਹੈ ਸਕਦੀ ਹੈ। ਦੁਨੀਆ ਭਰ ਵਿੱਚ ਧਾਨ ਦੀ ਖੇਤੀ ਹੁੰਦੀ ਹੈ, ਪਰ ਪ੍ਰਦੂਸ਼ਣ ਦੀ ਸਮੱਸਿਆ ਉੱਥੇ ਨਹੀਂ ਹੈ, ਪਰ ਭਾਰਤ ਵਿੱਚ ਇਹ ਜਨਤਾ, ਵਿਧਾਨਕਾਰਾਂ, ਅਫਸਰ ਸ਼ਾਹੀ ਤੇ ਅਦਾਲਤਾਂ ਲਈ ਇੱਕ ਚੁਣੌਤੀ ਬਣਿਆ ਹੋਇਆ ਹੈ ।

ਝੋਨਾ ਪੰਜਾਬ ਦੀ ਰਵਾਇਤੀ ਫਸਲ ਨਹੀਂ, ਇਹ ਧਰਤੀ ਕੋਧਰਾ, ਬਾਜਰਾ, ਮੱਕੀ, ਕਪਾਹ, ਗੰਨਾ ਤੇ ਹੋਰ ਸੌਣੀ ਦੀਆਂ ਫਸਲਾਂ ਲਈ ਜਾਣੀ ਜਾਂਦੀ ਸੀ। ਪੰਜਾਬ ਦੇ ਲੋਕ ਮੂਲ ਰੂਪ ਵਿੱਚ ਕਣਕ ਤੇ ਮੱਕੀ ਦੇ ਆਟੇ ਦੇ ਰੋਟੀ ਖਾਣ ਵਾਲੇ ਸਨ। ਚਾਵਲ ਖ਼ਾਸ ਕਰਕੇ ਬਾਸਮਤੀ, ਸਿਰਫ਼ ਵਿਸ਼ੇਸ਼ ਸਮਾਗਮਾਂ ਤੇ ਪਰਹੁਣਚਾਰੀ ਮੌਕਿਆਂ ਲਈ ਬਣਾਇਆ ਜਾਂਦਾ ਹੈ, ਪਰ ਮੋਟੇ ਝੋਨੇ ਦਾ ਚਾਵਲ ਤਾਂ ਅੱਜ ਵੀ ਬਹੁਤ ਘਰਾਂ ਵਿੱਚ ਨਹੀਂ ਪਕਦਾ।

ਫਿਰ ਇਹ ਸਵਾਲ ਉਠਣਾ ਲਾਜ਼ਮੀ ਹੈ ਕਿ ਪੰਜਾਬ ਵਿੱਚ ਝੋਨਾ ਵੱਡੀ ਮਾਤਰਾ ਕਿਉਂ ਬੀਜਿਆ ਜਾਂਦਾ ਹੈ?

ਸੱਚ ਤਾਂ ਇਹ ਹੈ ਕਿ ਪੰਜਾਬੀ ਕਿਸਾਨ ਨਹੀਂ ਬਲਕਿ ਕੇਂਦਰ ਨੇ ਇੱਕ ਨੀਤੀ ਰਾਹੀਂ ਫਸਲਾਂ ਦੇ ਬਦਲਾਅ ਕਰਨ ਲਈ ਉਤਸ਼ਾਹਿਤ ਕੀਤਾ ਸੀ । ਸਾਲ 1965–66 ਵਿੱਚ, ਜਦੋਂ ਭਾਰਤ ਅਨਾਜ ਦੀ ਘਾਟ ਦਾ ਸ਼ਿਕਾਰ ਸੀ, ਤਾਂ ਸਰਕਾਰ ਨੇ, ਹਰੀ ਕ੍ਰਾਂਤੀ ਪ੍ਰੋਗਰਾਮ ਤਹਿਤ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਨੂੰ ਚਾਵਲ ਅਤੇ ਕਣਕ ਦੀ ਉੱਚ ਪੈਦਾਵਾਰ ਵਾਲੀਆਂ ਕਿਸਮਾਂ ਬੀਜਣ ਲਈ ਪ੍ਰੋਤਸਾਹਿਤ ਕੀਤਾ। ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੀ ਭੁੱਖ ਮਿਟ-ਾਉਣ ਲਈ ਆਪਣੀ ਮਿੱਟੀ, ਪਾਣੀ ਤੇ ਪਸੀਨਾ ਦਾਨ ਕਰ ਦਿੱਤਾ। ਸਰਕਾਰ ਵੱਲੋਂ ਵੀ ਘੱਟੋ-ਘੱਟ ਕੀਮਤ (MSP) ਅਤੇ ਕਈ ਵਾਰ ਬੋਨਸ ਦੇ ਕੇ ਝੋਨੇ ਦੀ ਖਰੀਦ ਯਕੀਨੀ ਬਣਾਈ ਗਇਆ ਸੀ, ਕਿਸਾਨ ਨੇ ਜੋ ਸਰਕਾਰ ਚਾਹੁੰਦੀ ਸੀ, ਉਹੀ ਬੀਜਿਆ ਤੇ ਲਾਭ ਵੀ ਕਮਾਇਆ ।ਪਰ ਅੱਜ ਸਥਿਤੀ ਬਦਲ ਗਈ ਹੈ, ਦੇਸ਼ ਦਾ ਅੰਨ ਭੰਡਾਰ ਭਰ ਚੁੱਕਾ ਹੈ, ਹਰ ਸੂਬੇ ਵਿੱਚ ਪੈਦਾਵਾਰ ਵੱਧ ਗਈ ਹੈ, ਪਰ ਪੰਜਾਬ ਦੇ ਕਿਸਾਨ ਦੀ ਮਜ਼ਬੂਰੀ ਅਜੇ ਵੀ ਧਾਨ ਹੀ ਹੈ, ਕਿਉਂਕਿ ਦੂਜਾ ਲਾਭ ਵਾਲਾ ਬੱਦਲ ਪੇਸ਼ ਹੀ ਨਹੀਂ ਕੀਤਾ ਗਿਆ ਹੈ ।

ਪਰਾਲੀ ਦੀ ਪਹਿਲਾਂ ਵਰਤੋਂ ਸੰਭਵ ਸੀ।ਪੁਰਾਣੇ ਸਮਿਆਂ ਵਿੱਚ ਪਰਾਲੀ ਨੂੰ ਪਸ਼ੂਆਂ ਦੀ ਖੁਰਾਕ, ਘਰਾਂ ਵਿੱਚ ਚੁੱਲ੍ਹੇ ਸਲਗਾਉਣ ਲਈ ਤੇ ਖੇਤਾਂ ਦੀ ਖਾਦ ਵਜੋਂ ਵਰਤਿਆ ਜਾਂਦਾ ਸੀ। ਪਰ ਹੁਣ ਫ਼ਸਲ ਜ਼ਿਆਦਾ ਹੋਣ ਤੇ ਕੰਬਾਈਨ ਮਸ਼ੀਨਾਂ ਦੇ ਆਉਣ ਨਾਲ ,ਫਸਲ ਕੱਟਣ ਤੋਂ ਬਾਅਦ,ਖੇਤਾਂ ਵਿੱਚ ਬਹੁਤ ਪਰਾਲੀ ਬਚ ਜਾਂਦੀ ਹੈ, ਜੋ ਸਹੀ ਢੰਗ ਨਾਲ ਕਟਾਈ ਨਾ ਹੋਣ ਕਾਰਨ, ਨਾ ਪਸ਼ੂਆਂ ਲਈ ਉਚਿਤ ਰਹੀ ਤੇ ਨਾ ਹੀ ਆਸਾਨੀ ਨਾਲ ਖੇਤ ਵਿੱਚ ਗਲਦੀ ਹੈ।

ਕਣਕ ਬੀਜਣ ਲਈ ਸਮਾਂ ਕਿਸਾਨਾਂ ਕੋਲ ਛੋਟਾ ਹੁੰਦਾ ਹੈ, ਕਿਉਂਕਿ ਝੋਨਾ ਕੱਟਣ ਤੇ ਕਣਕ ਬੀਜਣ ਤੱਕ ਕਿਸਾਨ ਕੋਲ 15–20 ਦਿਨ ਹੀ ਹੁੰਦੇ ਹਨ, ਇਸ ਵਿੱਚ ਟਰੈਕਟਰ ਨਾਲ ਪਰਾਲੀ ਵੰਡਣਾ ਜਾਂ ਮਸ਼ੀਨਾਂ ਨਾਲ ਮਿੱਟੀ ਵਿੱਚ ਮਿਲਾਉਣਾ ਤੇ ਅਗਲੀ ਬਿਜਾਈ ਲਈ ਤਿਆਰ ਕਰਨਾ ਮੁਸ਼ਕਿਲ ਤੇ ਮਹਿੰਗਾ ਕੰਮ ਹੁੰਦਾ ਹੈ ।ਇਸ ਤਰ੍ਹਾਂ ਅੱਗ ਲਾਉਣ ਹੀ ਕਿਸਾਨਾਂ ਨੂੰ, ਸਸਤਾ, ਤੇਜ਼ ਤੇ ਵਿਕਲਪ ਨਜ਼ਰ ਆਉਂਦਾ ਹੈ । ਇਸ ਤਰ੍ਹਾਂ ਪਰਾਲੀ ਸਾੜਨਾ ਉਸਦਾ ਅਪਰਾਧ ਨਹੀਂ, ਮਜਬੂਰੀ ਬਣ ਜਾਂਦਾ ਹੈ ।

ਇਸ ਸੱਚਾਈ ਨੂੰ ਸਮਝਣ ਬਗੈਰ, ਕਿਸਾਨ ਨੂੰ ਦੋਸ਼ੀ ਬਣਾਉਣਾ ਕਿੱਥੋਂ ਦਾ ਨਿਆਂ ਹੈ । ਹਰ ਵਿਅਕਤੀ ਉਹੀ ਕੰਮ ਕਰਦਾ ਹੈ, ਜੋ ਉਸ ਦੇ ਆਰਥਿਕ ਹਾਲਤ, ਸਮਾਂ ਤੇ ਸਹੂਲਤ ਉਸਨੂੰ ਕਰਨ ਦਿੰਦੇ ਹਨ।

ਇਸ ਸਮੱਸਿਆ ਦਾ ਹੱਲ ਫੇਰ, ਕਿਸਾਨ ਨੂੰ ਸਜ਼ਾ ਦੇਣ ਵਿੱਚ ਨਹੀਂ, ਉਸਦੀ ਮਦਦ ਕਰਨ ਵਿੱਚ ਹੈ।ਸਰਕਾਰ ਦੀ ਜ਼ਿੰਮੇਵਾਰੀ ਕਿਸਾਨਾਂ ਤੇ ਮੁਕੱਦਮੇ ਦਰਜ ਕਰਕੇ ਖਤਮ ਨਹੀਂ ਹੁੰਦੀ, ਬਲਕਿ ਵਿਗਿਆਨੀਆਂ ਰਾਹੀਂ ਚੰਗਾ ਬਦਲ ਲੱਭ ਕੇ ਪੂਰੀ ਹੋ ਸਕਦੀ ਹੈ ।

ਵਿਗਿਆਨੀਆਂ ਨੂੰ ਵੀ ਅੱਗੇ ਆ ਕੇ ਪਰਾਲੀ ਪ੍ਰਬੰਧਨ ਦੇ ਸਸਤੇ ਅਤੇ ਪ੍ਰਭਾਵਸ਼ਾਲੀ ਤਰੀਕੇ ਦੇਣੇ ਚਾਹੀਦੇ ਹਨ, ਜਿਵੇਂ ਕਿ ਬਾਇਓਡੀਕੰਪੋਜ਼ਰ, ਮਸ਼ੀਨ ਸਬਸਿਡੀ, ਅਤੇ ਪਰਾਲੀ ਖਰੀਦ ਪ੍ਰੋਗਰਾਮ ਆਦਿ ।

ਇਸ ਲਈ ਸਰਕਾਰਾਂ ਨੂੰ ਹੀ, ਕਿਸਾਨਾਂ, ਖੇਤੀ ਵਿਗਿਆਨੀਆਂ ਨਾਲ ਸਲਾਹ ਕਰ ਕੇ ਨਵੀਂ ਖੇਤੀ ਨੀਤੀ, ਸੋਚਣੀ ਤੇ ਘੜਨੀ ਪਵੇਗੀ, ਤਾਂ ਜੋ ਝੋਨੇ ਤੋਂ ਬਾਹਰ ਲਾਭਕਾਰੀ ਵਿਕਲਪ ਕਿਸਾਨ ਨੂੰ ਮਿਲ ਸਕਣ।

ਇਸ ਦੇ ਨਾਲ ਨਾਲ ਜਨਤਾ ਨੂੰ ਵੀ ਜਾਗਰੂਕ ਕਰਨ ਦੀ ਲੋੜ ਹੈ ।ਪ੍ਰਦੂਸ਼ਣ ਸਿਰਫ਼ ਕਿਸਾਨ ਦਾ ਦੋਸ਼ ਨਹੀਂ ਹੈ ਬਲਕਿ, ਸਰਕਾਰ ਤੇ ਸਮਾਜ ਦਾ ਸਾਂਝਾ ਦੁੱਖ ਹੈ।

ਪਰ ਇਸ ਦਾ ਹੱਲ ਵੀ ਸਿੱਖਿਆ ਤੇ ਸਭ ਦੇ ਸਹਿਯੋਗ ਨਾਲ, ਲੱਭਣ ਦੀ ਲੋੜ ਹੈ।ਜਦੋਂ ਕਿਸਾਨ ਨੂੰ ਵਿਗਿਆਨਕ ਮੱਦਦ, ਆਰਥਿਕ ਸਹਾਰਾ ਅਤੇ ਸਮਾਜਕ ਸਨਮਾਨ ਮਿਲੇਗਾ, ਤਾਂ ਹੀ, ਉਹ ਪਰਾਲੀ ਨੂੰ ਸਾੜਣ ਦੀ ਥਾਂ ਹੋਰ ਰਸਤੇ ਅਪਣਾਏਗਾ। ਪਰਾਲੀ ਦੀ ਅੱਗ ਕਿਸਾਨ ਦੀ ਖੁਸ਼ੀ ਨਹੀਂ, ਮਜਬੂਰੀ ਹੈ।

ਇਸ ਲਈ ਲੋੜ, ਕਿਸੇ ਨੂੰ ਦੋਸ਼ ਦੇਣ ਦੀ ਨਹੀਂ, ਸਗੋਂ ਦਿਲ ਜੋੜਨ ਦੀ ਹੈ । ਕਿਸਾਨ ਅਪਰਾਧੀ ਨਹੀਂ, ਉਹ ਹੀ ਹੈ ਜਿਸਨੇ,”ਜੈ ਜਵਾਨ ਤੇ ਜੈ ਕਿਸਾਨ“ ਤੇ ਪਹਿਰਾ ਦੇ ਕੇ, ਦੇਸ਼ ਨੂੰ ਭੁੱਖ ਤੋਂ ਬਚਾਇਆ ਸੀ, ਅੱਜ ਭਾਰਤ ਅੰਨ ਦੀ ਪੈਦਾਵਾਰ ਵਿੱਚ ਆਤਮ ਨਿਰਭਰ ਹੀ ਨਾ ਹੋ ਕੇ , ਨਿਰਯਾਤ ਵੀ ਕਰ ਰਿਹਾ ਹੈ, ਹੁਣ ਸਰਕਾਰ ਦਾ ਫਰਜ਼ ਹੈ ਕਿ ਕਿਸਾਨਾਂ ਦੀ ਮਦਦ ਕਰੇ। ਕਿਸਾਨ ਤਾਂ ਪ੍ਰਦੂਸ਼ਣ ਮੁਕਤ ਭਾਰਤ ਦਾ ਵੀ ਮੋਢੀ ਬਣ ਸਕਦਾ ਹੈ । ਉਸ ਦੀ ਮਿਹਨਤ ਦੀ ਲੋਂ ਬੁਝਾਉਣ ਦੀ ਥਾਂ, ਉਸਨੂੰ ਰੋਸ਼ਨੀ ਕਿਵੇਂ ਬਣਾਈਏ ਇਹ ਸਾਡੀ ਨੀਤੀ ਤੇ ਜਿੰਮੇਵਾਰੀ ਹੋਣੀ ਚਾਹੀਦੀ ਹੈ ।

ਸਾਬਕਾ ਚੇਅਰਮੈਨ
ਕੌਮੀ ਘੱਟ ਗਿਣਤੀਆਂ ਕਮਿਸ਼ਨ
ਭਾਰਤ ਸਰਕਾਰ ।

# ਅਮਰੀਕਾ ਵਿਚ ਰਹਿ ਰਹੇ ਭਾਰਤੀ ਟਰੱਕ ਡਰਾਈਵਰਾਂ ਵਿਚ ਡਰ ਦਾ ਮਾਹੌਲ

ਭਾਰਤੀ ਨੌਜਵਾਨ ਦੇਸ਼ ਨਿਕਾਲੇ ਦੇ ਡਰ ਕਾਰਨ ਲੋਕ ਅਮਰੀਕਾ ਵਿੱਚ ਖਰੀਦੇ ਗਏ ਵਾਹਨ ਵੇਚਣ ਲਈ ਮਜਬੂਰ ਹੋ ਗਏ ਹਨ। ਜਿਹੜੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਏ ਹਨ, ਉਹ ਅੰਗਰੇਜ਼ੀ ਬੋਲਣਾ ਨਹੀਂ ਜਾਣਦੇ ਜਾਂ ਨਹੀਂ ਲਿਖ ਸਕਦੇ, ਇਸ ਕਾਰਨ ਉਹ ਅਮਰੀਕਾ ਵਿੱਚ ਜਾਂਚ ਦੌਰਾਨ ਸਵਾਲਾਂ ਦੇ ਸਹੀ ਜਵਾਬ ਦੇਣ ਵਿੱਚ ਅਸਮਰੱਥ ਹਨ। ਇਸ ਲਈ ਅਮਰੀਕਾ ਵਿੱਚ ਪ੍ਰਾਪਤ ਕੀਤੇ ਗਏ ਦਸਤਾਵੇਜ਼ਾਂ ਦੇ ਵੀ ਜਾਅਲੀ ਹੋਣ ਦਾ ਸ਼ੱਕ ਹੈ। ਟਰੱਕਾਂ ਅਤੇ ਹੋਰ ਵਾਹਨਾਂ ਦੀ ਜਾਂਚ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਅਸੰਧ ਤੋਂ ਪ੍ਰਦੀਪ, ਕਰਨਾਲ ਤੋਂ ਪ੍ਰਾਂਜਲ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਕੁਲਦੀਪ ਨੇ ਆਪਣੀ ਦੁਰਦਸ਼ਾ ਦੱਸੀ ਹੈ। ਇਸ ਸਾਲ, ਕਰਨਾਲ ਜ਼ਿਲ੍ਹੇ ਦੇ 40 ਪੁੱਤਰਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਉਹ ਵੀ ਅੰਗਰੇਜ਼ੀ ਬੋਲਣ ਅਤੇ ਲਿਖਣ ਵਿੱਚ ਕਮਜ਼ੋਰ ਹਨ। 2022 ਤੋਂ 2025 ਤੱਕ, ਜ਼ਿਲ੍ਹੇ ਦੇ 24 ਹਜ਼ਾਰ ਨੌਜਵਾਨ ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਪਰਵਾਸ ਕਰ ਗਏ ਹਨ। ਅਮਰੀਕਾ ਦਾ ਧਿਆਨ ਖਾਸ ਤੌਰ 'ਤੇ ਉਨ੍ਹਾਂ ਭਾਰਤੀਆਂ 'ਤੇ ਹੈ ਜੋ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਏ ਹਨ। ਇਸ ਤੋਂ ਇਲਾਵਾ, ਅਮਰੀਕਾ ਵਿੱਚ ਦਰਜ ਹਮਲੇ ਅਤੇ ਹੋਰ ਟਕਰਾਵਾਂ ਦੇ ਮਾਮਲਿਆਂ ਦੇ ਇਤਿਹਾਸ ਕਾਰਨ, ਉਨ੍ਹਾਂ ਨੂੰ ਅਮਰੀਕੀ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਪਿਛਲੇ 9 ਮਹੀਨਿਆਂ ਵਿੱਚ ਸਮੱਸਿਆਵਾਂ ਵਧੀਆਂ ਹਨ।

ਕਰਨਾਲ ਤੋਂ ਕੁਲਦੀਪ ਨੇ ਕਿਹਾ ਕਿ ਉਹ ਅਮਰੀਕਾ ਵਿੱਚ ਟਰੱਕ ਚਲਾਉਂਦਾ ਹੈ। ਹਰ ਰੋਜ਼, ਅਮਰੀਕੀ ਪੁਲਿਸ ਭਾਰਤੀ ਡਰਾਈਵਰਾਂ ਨੂੰ ਗ੍ਰਿਫ਼ਤਾਰ ਕਰਦੀ ਹੈ। ਜਿਸ ਕੰਪਨੀ ਦਾ ਨੰਬਰ ਟਰੱਕ 'ਤੇ ਹੁੰਦਾ ਹੈ, ਉਸਨੂੰ ਫ਼ੋਨ ਕਰਕੇ ਦੱਸਿਆ ਜਾਂਦਾ ਹੈ ਕਿ ਉਸਦਾ ਟਰੱਕ ਪਾਰਕਿੰਗ ਵਿੱਚ ਖੜ੍ਹਾ ਹੈ। ਇਸਨੂੰ ਲੈ ਜਾਣਾ ਚਾਹੀਦਾ ਹੈ। ਜਿਨ੍ਹਾਂ ਭਾਰਤੀਆਂ ਕੋਲ ਟਰੱਕ ਹੈ, ਉਹ ਇਸ ਨੂੰ ਵੇਚਣਾ ਚਾਹੁੰਦੇ ਹਨ, ਪਰ ਇਸ ਸਮੇਂ ਕੋਈ ਖਰੀਦਦਾਰ ਨਹੀਂ ਹੈ।

## ਨਿਰਮਲ ਸਿੰਘ ਕੰਧਾਲਵੀ

# ਛਲੇਡਾ



ਅੱਜ ਦੇ ਡਿਜੀਟਲ ਯੁਗ ਵਿਚ ਹੋਰ ਉਪਕਰਣਾਂ ਦੇ ਨਾਲ ਨਾਲ ਮੋਬਾਈਲ ਫ਼ੋਨ ਤਾਂ ਮਨੁੱਖ ਦੇ ਨਾਲ ਇਉਂ ਚਿੰਬੜ ਗਿਆ ਹੈ ਜਿਵੇਂ ਬਾਂਦਰੀ ਮਰੇ ਹੋਏ ਬੱਚੇ ਨੂੰ ਛਾਤੀ ਨਾਲ ਲਗਾਈ ਫਿਰਦੀ ਹੈ। ਘਰੋਂ ਬਾਹਰ ਜਾਣ ਲੱਗਿਆਂ ਬੰਦਾ ਸਭ ਤੋਂ ਪਹਿਲਾਂ ਆਪਣੇ ਮੋਬਾਈਲ ਫ਼ੋਨ ਨੂੰ ਹੀ ਸੰਭਾਲਦਾ ਹੈ। ਫ਼ੋਨ ਕਿਤੇ ਇਧਰ ਉਧਰ ਰੱਖ ਹੋ ਜਾਵੇ ਤਾਂ ਇਉਂ ਘਬਰਾਹਟ ਮਚ ਜਾਂਦੀ ਹੈ ਜਿਵੇਂ ਪਰਲੋ ਆ ਗਈ ਹੋਵੇ। ਬਾਹਰ ਗਲੀਆਂ ਬਾਜ਼ਾਰਾਂ 'ਚ ਜਿਧਰ ਵੀ ਨਜ਼ਰ ਮਾਰੋ ਲੋਕ ਕੰਨਾਂ ਨੂੰ ਫ਼ੋਨ ਲਗਾਈ ਬੁੜ ਬੁੜ ਕਰਦੇ ਦਿਸਣਗੇ। ਕਈ ਬੰਦੇ ਬਾਕੀ ਸਾਰੀ ਦੁਨੀਆਂ ਤੋਂ ਬੇਖ਼ਬਰ ਕੰਨਾ 'ਚ ਟੂਟੀਆਂ (ਹੈੱਡਫ਼ੋਨ) ਅੜਾਈ ਆਪਣੀ ਹੀ ਮਸਤੀ 'ਚ ਵਿਚਰ ਰਹੇ ਹੁੰਦੇ ਹਨ ਤੇ ਕਈ ਵਾਰੀ ਸੜਕ ਪਾਰ ਕਰਦਿਆਂ ਕਈਆਂ ਨਾਲ ਹਾਦਸੇ ਵੀ ਹੋ ਜਾਂਦੇ ਹਨ। ਬੱਸ, ਗੱਡੀ 'ਚ ਸਫ਼ਰ ਕਰਦਿਆਂ ਕੁਝ ਲੋਕ ਐਸੇ ਮਿਲਣਗੇ ਜਿਹੜੇ ਫ਼ੋਨ ਉੱਪਰ ਉੱਚੀ ਉੱਚੀ ਗੱਲਾਂ ਕਰ ਕੇ ਬਾਕੀ ਲੋਕਾਂ ਦੇ ਅਮਨ-ਚੈਨ ਨੂੰ ਭੰਗ ਕਰਦੇ ਹਨ, ਉਹ ਇਹ ਵੀ ਖ਼ਿਆਲ ਨਹੀਂ ਰੱਖਦੇ ਕਿ ਉਹ ਆਪਣੀਆਂ ਜ਼ਾਤੀ ਗੱਲਾਂ ਜ਼ਬਰਦਸਤੀ ਲੋਕਾਂ ਦੇ ਕੰਨਾਂ 'ਚ ਤੁੰਨ ਰਹੇ ਹਨ। ਇਹ ਛੋਟਾ ਜਿਹਾ ਭਲਾਮਾਣਸ ਦਿਸਣ ਵਾਲਾ ਯੰਤਰ ਅੱਜ ਕਲ ਤਲਾਕਾਂ ਦਾ ਕਾਰਨ ਵੀ ਬਣ ਰਿਹਾ ਹੈ। ਪੰਜਾਬੀ ਦੀ ਇਕ ਲੋਕ ਬੋਲੀ ਹੈ 'ਪਿੰਡ 'ਚ ਪੁਆੜੇ ਪਾਉਂਦਾ ਨੀਂ ਮਰ ਜਾਣਾ ਅਮਲੀ' ਹੁਣ ਇਹ ਬੋਲੀ ਵੀ ਪ੍ਰਚਲਤ ਕਰ ਲੈਣੀ ਚਾਹੀਦੀ ਹੈ 'ਘਰਾਂ 'ਚ ਪੁਆੜੇ ਪਾਉਂਦਾ ਨੀਂ ਇਹ ਫ਼ੋਨ ਮਰ ਜਾਣਾ'। ਫ਼ੋਨਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਟਿਊਨਾਂ ਭਰਨ ਦਾ ਵੀ ਲੋਕਾਂ ਦਾ ਆਪਣਾ ਹੀ ਸ਼ੌਕ ਹੈ। ਇਹ ਟਿਊਨਾਂ ਕਈ ਵਾਰੀ ਅਜੀਬ ਸਥਿਤੀ ਵੀ ਬਣਾ ਦਿੰਦੀਆਂ ਹਨ। ਇਕ ਬਜ਼ੁਰਗ ਚਲਾਣਾ ਕਰ ਗਿਆ। ਫਿਊਨਰਲ ਵਾਲੇ ਦਿਨ ਉਸ ਦੇ ਪੋਤਰੇ ਨੇ ਦੂਰ ਦੇ ਕਿਸੇ ਸ਼ਹਿਰੋਂ ਆਉਣਾ ਸੀ। ਬਰਫ਼ ਬਹੁਤ ਪੈਣ ਕਰ ਕੇ ਸੜਕਾਂ ਦੀ ਹਾਲਤ ਵੀ ਖ਼ਰਾਬ ਸੀ। ਘਰ ਵਾਲਿਆਂ ਨੇ ਉਸ ਨੂੰ ਫ਼ੋਨ 'ਤੇ ਦੱਸਿਆ ਕਿ ਉਹ ਹੁਣ ਸਿੱਧਾ ਸ਼ਮਸ਼ਾਨਘਾਟ ਹੀ ਪਹੁੰਚੇ। ਜਦੋਂ ਉਹ ਉੱਥੇ ਪਹੁੰਚਿਆ ਤਾਂ ਬਕਸਾ ਗੱਡੀ ਵਿਚੋਂ ਕੱਢਿਆ ਜਾ ਰਿਹਾ ਸੀ। ਉਸ ਨੇ ਅੱਗੇ ਵਧ ਕੇ ਬਕਸੇ ਨੂੰ ਮੋਢਾ ਦਿਤਾ। ਬੜਾ ਗ਼ਮਗੀਨ ਮਾਹੌਲ ਸੀ। ਅਚਾਨਕ ਮੁੰਡੇ ਦੀ ਜੇਬ ਵਿਚ ਫ਼ੋਨ ਵੱਜਣਾ ਸ਼ੁਰੂ ਹੋ ਗਿਆ ਤੇ ਫ਼ੋਨ ਉੱਪਰ ਟਿਊਨ ਵੱਜ ਰਹੀ ਸੀ 'ਆਜ ਮੇਰੇ ਯਾਰ ਕੀ ਸ਼ਾਦੀ ਹੈ', ਇਕ ਤਾਂ ਉਸ ਨੇ ਬਕਸਾ ਚੁੱਕਿਆ ਹੋਇਆ ਤੇ ਦੂਜੇ ਉਹ ਘਬਰਾ ਗਿਆ, ਪਤਾ ਨਾ ਲੱਗੇ ਕਿ ਫ਼ੋਨ ਕਿਹੜੀ ਜੇਬ ਵਿਚ ਸੀ ਤੇ ਟਿਊਨ ਵਾਰ ਵਾਰ ਵੱਜ ਕੇ 'ਸ਼ਾਦੀ' ਕਰਵਾਈ ਜਾ ਰਹੀ ਸੀ। ਗ਼ਮਗੀਨ ਮਾਹੌਲ ਵਿਚ ਵੀ ਕੁਝ ਲੋਕ ਹੱਸਣੋਂ ਨਾ ਰਹਿ ਸਕੇ। ਆਖਰ ਨੂੰ ਇਕ ਬੰਦੇ ਨੇ ਅੱਗੇ ਵਧ ਕੇ ਮੁੰਡੇ ਦੀਆਂ ਜੇਬਾਂ ਫੋਲ ਕੇ ਫ਼ੋਨ ਕੱਢਿਆ ਤੇ ਬੰਦ ਕੀਤਾ।

ਇਕ ਖੋਜ ਅਨੁਸਾਰ ਪਾਇਆ ਗਿਆ ਹੈ ਕਿ ਮਨੁੱਖ ਹਰ ਰੋਜ਼ 3 ਘੰਟੇ 21 ਮਿੰਟ ਫ਼ੋਨ ਦੀ ਵਰਤੋਂ ਤਾਂ ਜ਼ਰੂਰ ਕਰਦੇ ਹਨ, ਇਸ ਤੋਂ ਵੀ ਵਧੇਰੇ ਸਮਾਂ ਫ਼ੋਨ 'ਤੇ ਗੁਜ਼ਾਰਨੇ ਵਾਲ਼ੇ ਲੋਕ ਵੀ ਹੋਣਗੇ। ਜਿਵੇਂ ਨਸ਼ੇੜੀਆਂ ਨੂੰ ਡਾਕਟਰੀ ਸਹਾਇਤਾ ਅਤੇ ਮਨੋਵਿਗਿਆਨਕ ਢੰਗ ਵਰਤ ਕੇ ਨਸ਼ਿਆਂ ਦੀ ਅਲਾਮਤ ਤੋਂ ਬਚਾਉਣ ਦਾ ਯਤਨ ਕੀਤਾ ਜਾਂਦਾ ਹੈ। ਇੰਜ ਹੀ ਨਿੱਕੇ ਬੱਚਿਆਂ ਤੋਂ ਦੁੱਧ ਵਾਲ਼ੀ ਬੋਤਲ ਛੁਡਵਾਉਣ ਲਈ ਕਈ ਮਾਵਾਂ ਨਿੱਪਲ ਨੂੰ ਮਿਰਚਾਂ ਲਗਾ ਦਿੰਦੀਆਂ ਹਨ, ਫ਼ੋਨ ਦੀ ਬੇਲੋੜੀ ਵਰਤੋਂ ਘਟਾਉਣ ਲਈ



ਇੰਜ ਹੀ ਅਮਰੀਕਾ ਦੀ 'ਮੈਟਰ ਨਿਊਰੋਸਾਇੰਸ' ਕੰਪਨੀ ਨੇ ਅਖ਼ੀਰ ਹੱਲ ਲੱਭ ਹੀ ਲਿਆ ਹੈ। ਉਨ੍ਹਾਂ ਨੇ ਫ਼ੋਨ ਵਾਸਤੇ ਸਟੇਨਲੈੱਸ ਸਟੀਲ ਦਾ ਇਕ ਛੇ ਪੌਂਡ ਵਜ਼ਨੀ (2.7 ਕਿੱਲੋ) ਕਵਰ ਤਿਆਰ ਕੀਤਾ ਹੈ ਤਾਂ ਕਿ ਲੋਕ ਫ਼ੋਨ ਨੂੰ ਬਹੁਤਾ ਚਿਰ ਹੱਥ 'ਚ ਨਾ ਫੜ ਕੇ ਰੱਖ ਸਕਣ। ਏਨੇ ਭਾਰੇ ਫ਼ੋਨ ਨੂੰ ਜੇਬ ਵਿਚ ਵੀ ਨਹੀਂ ਪਾਇਆ ਜਾ ਸਕਦਾ। ਹੱਥ ਥੱਕ ਜਾਣ 'ਤੇ ਆਪੇ ਹੀ ਬੰਦਾ ਫ਼ੋਨ ਨੂੰ ਇੰਜ ਪਰੇ ਸੁੱਟੇਗਾ ਜਿਵੇ ਤਾਈ ਸ਼ਾਮੋ ਨੇ ਛਲੇਡੇ ਨੂੰ ਪਰ੍ਹਾਂ ਵਗਾਹ ਮਾਰਿਆ ਸੀ। ਹੁਣ ਤੁਸੀਂ ਪੁੱਛੋਗੇ ਕਿ ਬਈ ਇਹ ਸ਼ਾਮੋ ਕੌਣ ਐ? ਤਾਇਆ ਕਿਸ਼ਨ ਸਿਉਂ ਛੜਾ-ਛੜਾਂਗ ਸੀ ਤੇ ਖੇਤੀ ਦੇ ਨਾਲ਼ ਨਾਲ਼ ਪਹਾੜਾਂ ਵਲ ਨੂੰ ਗੱਡੇ 'ਤੇ ਸਾਮਾਨ ਢੋਣ ਦਾ ਕੰਮ ਵੀ ਕਰਦਾ ਸੀ। ਇਕ ਸਫ਼ਰ 'ਤੇ ਗਿਆ ਹੋਇਆ ਉਹ ਇਕ ਬੇਸਹਾਰਾ ਔਰਤ ਨੂੰ ਆਪਣੇ ਨਾਲ ਲੈ ਆਇਆ ਜਿਸ ਦਾ ਨਾਮ ਸੀ ਸ਼ਾਮੋ। ਭਾਵੇਂ ਉਸ ਦੀ ਬੋਲੀ ਥੋੜ੍ਹੀ ਅਲੱਗ ਸੀ ਪਰ ਉਹ ਭਲੀ ਔਰਤ ਜਲਦੀ ਹੀ ਪਿੰਡ 'ਚ ਰਚ ਮਿਚ ਗਈ। ਸਾਰਾ ਪਿੰਡ ਹੀ ਸ਼ਾਮੋ ਨੂੰ ਤਾਈ ਕਹਿ ਕੇ ਬੁਲਾਉਂਦਾ ਸੀ। ਸ਼ਾਮੋ ਨਾਲ ਛਲੇਡੇ ਦੀ ਇਕ ਕਹਾਣੀ ਵੀ ਜੁੜੀ ਹੋਈ ਸੀ ਜੋ ਉਹ ਮਸਾਲੇ ਲਾ ਲਾ ਕੇ ਅਜੇ ਵੀ ਲੋਕਾਂ ਨੂੰ ਸੁਣਾਉਂਦੀ ਸੀ। ਇਕ ਦਿਨ ਸਿਖਰ ਦੁਪਹਿਰੇ ਉਹ ਆਪਣੇ ਖੇਤ ਤੋਂ ਆ ਰਹੀ ਸੀ ਕਿ ਰਾਹ ਕੰਢੇ ਉਸ ਨੂੰ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿਤੀ। ਉਸ ਨੇ ਅਗਾਂਹ ਹੋ ਕੇ ਦੇਖਿਆ ਕਿ ਇਕ ਛੋਟਾ ਜਿਹਾ ਬੱਚਾ ਸੀ, ਉਸ ਨੇ ਗੋਦੀ ਚੁੱਕ ਲਿਆ। ਸ਼ਾਮੋਂ ਤੇ ਕਿਸ਼ਨ ਸਿਉਂ ਬੇਔਲਾਦੇ ਸਨ। ਸ਼ਾਮੋਂ ਸੋਚੇ ਪਈ ਆਹ ਤਾਂ ਉਹ ਗੱਲ ਹੋਈ ਕਿ ਰੱਬ ਨੇ ਦਿਤੀਆਂ ਗਾਜਰਾਂ ਵਿਚੇ ਰੰਬਾ ਰੱਖ, ਬੱਚਾ ਤੇ ਉਹ ਵੀ ਮੁੰਡਾ, ਉਨ੍ਹਾਂ ਨੂੰ ਜਾਇਦਾਦ ਦਾ ਵਾਰਿਸ ਲੱਭ ਪਿਆ ਸੀ। ਪਰ ਜਿਉਂ ਜਿਉਂ ਸ਼ਾਮੋ ਤੁਰੀ ਜਾਵੇ ਬੱਚੇ ਦਾ ਭਾਰ ਵਧੀ ਜਾਵੇ। ਭਾਰ ਏਨਾ ਵਧ ਗਿਆ ਕਿ ਸ਼ਾਮੋ ਲਈ ਉਸ ਨੂੰ ਚੁੱਕਣਾ ਔਖਾ ਹੋ ਗਿਆ। ਤਾਈ ਸਮਝ ਗਈ ਕਿ ਇਹ ਤਾਂ ਛਲੇਡਾ ਸੀ, ਸੋ ਉਸ ਨੇ ਬੱਚੇ ਨੂੰ ਪਰ੍ਹਾਂ ਵਗਾਹ ਮਾਰਿਆ ਤੇ ਚੀਕਾਂ ਮਾਰਦੀ ਪਿੰਡ ਨੂੰ ਦੌੜੀ। ਡਰ ਨਾਲ ਦੋ ਦਿਨ ਉਸ ਨੂੰ ਬੁਖ਼ਾਰ ਚੜ੍ਹਿਆ ਰਿਹਾ। ਸੋ, ਇਸ ਕੰਪਨੀ ਦਾ ਵੀ ਵਿਚਾਰ ਹੈ ਕਿ ਏਨੇ ਭਾਰੇ ਫ਼ੋਨ ਨਾਲ ਹੱਥ ਥੱਕ ਜਾਣ 'ਤੇ ਲੋਕ ਇਸ ਨੂੰ ਇੰਜ ਹੀ ਪਰ੍ਹਾਂ ਵਗਾਹ ਮਾਰਿਆ ਕਰਨਗੇ ਜਿਵੇਂ ਸ਼ਾਮੋ ਨੇ ਛਲੇਡਾ ਸੁੱਟਿਆ ਸੀ।

ਇਥੇ ਹੀ ਬਸ ਨਹੀਂ ਕੰਪਨੀ ਨੇ ਹੋਰ ਵੀ ਇਕ 'ਪੰਗਾ' ਖੜ੍ਹਾ ਕੀਤਾ ਹੈ, ਫ਼ੋਨ ਦੀ ਬੈਟਰੀ ਚਾਰਜ ਕਰਨ ਲਈ ਚਾਰ ਪੇਚ (ਸਕਰੂਅ) ਖੋਲ੍ਹ ਕੇ ਕਵਰ ਅੱਡ ਕਰਨਾ ਪਿਆ ਕਰੇਗਾ। ਕੰਪਨੀ ਦਾ ਵਿਚਾਰ ਹੈ ਕਿ ਇੰਜ ਕਰਨ ਨਾਲ਼ ਲੋਕ ਫ਼ੋਨ ਘੱਟ ਵਰਤਣ-ਗੇ ਤੇ ਬੈਟਰੀ ਘੱਟ ਖ਼ਰਚ ਹੋਵੇਗੀ ਤੇ ਵਾਰ ਵਾਰ ਪੇਚ ਖੋਲ੍ਹਣ ਤੇ ਬੰਦ ਕਰਨ ਦੀ ਜ਼ਹਿਮਤ ਤੋਂ ਬਚਣਗੇ। ਕੰਪਨੀ ਦਾ ਇਕੋ ਹੀ ਮਕਸਦ ਹੈ ਕਿ ਲੋਕ ਫ਼ੋਨ ਦੀ ਵਰਤੋਂ ਘੱਟ ਤੋਂ ਘੱਟ ਕਰਨ। ਅਜੇ ਯਕੀਨ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਮੈਨੂੰ ਲਗਦੈ ਕਿ ਕੰਪਨੀ ਨੇ ਇਹ ਵੀ ਜ਼ਰੂਰ ਕੀਤਾ ਹੋਵੇਗਾ ਕਿ ਜਿੰਨਾ ਚਿਰ ਕਵਰ ਦੇ ਪੇਚ ਦੁਬਾਰਾ ਨਾ ਕੱਸੇ ਜਾਣ ਉਤਨਾ ਚਿਰ ਫ਼ੋਨ ਚੱਲੇਗਾ ਨਹੀਂ, ਨਹੀਂ ਤਾਂ ਲੋਕ ਕਵਰ ਅਲੱਗ ਕਰ ਕੇ ਚਲਾਈ ਜਾਣਗੇ। ਜਿਵੇਂ ਬਿਜਲਈ ਉਪਕਰਣਾਂ 'ਚ ਕਈ ਐਸੇ ਭੇਦ ਹੁੰਦੇ ਹਨ ਜੋ ਉਨ੍ਹਾਂ ਨੂੰ ਵਰਤਣ 'ਤੇ ਹੀ ਪਤਾ ਲਗਦੇ ਹਨ। ਪਾਠਕ ਜਨੋਂ ਤੁਹਾਡਾ ਕੀ ਵਿਚਾਰ ਹੈ?

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਕਵਰ ਨਵੇਂ ਫ਼ੋਨ ਦੇ ਨਾਲ ਹੀ ਮਿਲੇਗਾ? ਕੀ ਇਹ ਕਵਰ ਖ਼ਰੀਦਣਾ ਜ਼ਰੂਰੀ ਹੋਵੇਗਾ ਪਾਠਕ ਜਨੋਂ ਤੁਹਾਡਾ ਕੀ ਵਿਚਾਰ ਹੈ?? ਪਾਠਕ ਜਨੋਂ ਤੁਹਾਡਾ ਕੀ ਵਿਚਾਰ ਹੈ? ਵੈਸੇ ਕੰਪਨੀ ਨੇ ਇਸ ਦੀ ਕੀਮਤ 156 ਪੌਂਡ ਰੱਖੀ ਹੈ। ਕੀ ਇਹ ਕਵਰ ਉਨ੍ਹਾਂ ਲੋਕਾਂ ਦੇ 'ਇਲਾਜ' ਲਈ ਸਰਕਾਰ ਵਲੋਂ ਮੁਫ਼ਤ ਦਿਤਾ ਜਾਵੇਗਾ ਜਿਨ੍ਹਾਂ ਨੂੰ ਫ਼ੋਨ ਬਹੁਤ ਜ਼ਿਆਦਾ ਵਰਤਣ ਦੀ 'ਬਿਮਾਰੀ' ਹੈ? ਜਾਂ ਕੀ ਲੋੜਵੰਦ ਲੋਕਾਂ ਨੂੰ ਘੱਟ ਕੀਮਤ 'ਤੇ ਵੀ ਉਪਲਬਧ ਹੋਵੇਗਾ? ਪਿਆਰੇ ਪਾਠਕੋ! ਅਜੇ ਇਨ੍ਹਾਂ ਸਵਾਲਾਂ ਦੇ ਜਵਾਬ ਕਿਸੇ ਕੋਲ ਵੀ ਨਹੀਂ ਹਨ। ਨੇੜੇ ਦੇ ਭਵਿੱਖ 'ਚ ਸ਼ਾਇਦ ਜਵਾਬ ਮਿਲ ਜਾਣ। ਦੇਖੀਏ, ਇਹ ਇਲਾਜ ਕਿੰਨਾ ਕੁ ਕਾਰਗਰ ਹੁੰਦਾ ਹੈ, ਸਮਾਂ ਹੀ ਦੱਸੇਗਾ। ਇੰਤਜ਼ਾਰ ਕਰੋ।

ਨਿਰਮਲ ਸਿੰਘ ਕੰਧਾਲਵੀ

# "ਮੇਰੀਆਂ ਉਮੀਦਾਂ ਟੁੱਟ ਗਈਆਂ" — ਅਮਰੀਕਾ ਵੱਲੋਂ ਡਿਪੋਰਟ ਕੀਤੇ ਗਏ ਭਾਰਤੀ ਗੈਰਕਾਨੂੰਨੀ ਪ੍ਰਵਾਸੀਆਂ ਦੀ ਦਿਲ ਛੂਹਣ ਵਾਲੀ ਕਹਾਣੀ

ਅਮਰੀਕਾ ਵੱਲੋਂ ਹਾਲ ਹੀ ਵਿੱਚ ਸੈਂਕੜੇ ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਗਿਆ ਹੈ — ਇਹ ਉਹ ਲੋਕ ਸਨ ਜਿਨ੍ਹਾਂ ਨੇ "ਅਮਰੀਕਨ ਸੁਪਨਾ" ਦੇ ਚੱਕਰ ਵਿੱਚ ਆਪਣਾ ਸਭ ਕੁਝ ਦਾਅ 'ਤੇ ਲਾ ਦਿੱਤਾ ਸੀ। ਹੁਣ ਜਦੋਂ ਉਹ ਮੁੜ ਆਪਣੇ ਦੇਸ਼ ਵਾਪਸ ਆਏ ਹਨ, ਉਹਨਾਂ ਦੇ ਸੁਪਨੇ ਅਤੇ ਉਮੀਦਾਂ ਟੁੱਟ ਚੁੱਕੀਆਂ ਹਨ।

**ਅਮਰੀਕਾ ਤੱਕ ਦਾ ਖ਼ਤਰਨਾਕ ਸਫ਼ਰ**

ਬਹੁਤੇ ਭਾਰਤੀ ਪ੍ਰਵਾਸੀ — ਖ਼ਾਸਕਰ ਪੰਜਾਬ, ਗੁਜਰਾਤ ਅਤੇ ਹਰਿਆਣਾ ਤੋਂ — ਮੈਕਸਿਕੋ ਰਾਹੀਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿੱਚੋਂ ਕਈ ਲੋਕ "ਡੌਂਕੀ ਰੂਟ" (Donkey Route) ਰਾਹੀਂ ਜਾਂਦੇ ਹਨ, ਜਿਸ ਵਿੱਚ ਦੱਖਣੀ ਅਮਰੀਕਾ ਤੋਂ ਮੈਕਸਿਕੋ ਤੱਕ ਪੈਦਲ, ਜੰਗਲਾਂ ਤੇ ਸਮੁੰਦਰੀ ਰਸਤੇ ਦੁੱਖਾਂ ਭਰਿਆ ਸਫ਼ਰ ਕਰਨਾ ਪੈਂਦਾ ਹੈ।

ਇੱਕ ਨੌਜਵਾਨ, ਜਸਪ੍ਰੀਤ ਸਿੰਘ (ਬਦਲਿਆ ਹੋਇਆ ਨਾਮ), ਨੇ ਭਭਛ ਨਾਲ ਗੱਲ ਕਰਦਿਆਂ ਕਿਹਾ:"ਮੈਂ ਸੋਚਿਆ ਸੀ ਕਿ ਅਮਰੀਕਾ ਪਹੁੰਚ ਕੇ ਆਪਣੀ ਜ਼ਿੰਦਗੀ ਬਦਲ ਲਵਾਂਗਾ, ਪਰ ਉੱਥੇ ਸਾਨੂੰ ਜੇਲ੍ਹ 'ਚ ਰੱਖਿਆ ਗਿਆ ਤੇ ਫਿਰ ਜ਼ਬਰਨ ਵਾਪਸ ਭੇਜ ਦਿੱਤਾ ਗਿਆ। ਮੇਰੀਆਂ ਉਮੀਦਾਂ ਟੁੱਟ ਗਈਆਂ।"

**ਡਿਪੋਰਟੇਸ਼ਨ ਦੀ ਲਹਿਰ**

ਅਮਰੀਕੀ ਇਮੀਗ੍ਰੇਸ਼ਨ ਅਥਾਰਿਟੀ (ICE) ਨੇ ਹਾਲ ਹੀ ਵਿੱਚ ਇੱਕ ਵਿਸ਼ੇਸ਼ ਉਡਾਨ ਰਾਹੀਂ 150 ਤੋਂ ਵੱਧ ਭਾਰਤੀਆਂ ਨੂੰ ਵਾਪਸ ਭੇਜਿਆ। ਇਹਨਾਂ ਨੂੰ ਅਕਸਰ "ਇਮੀਗ੍ਰੇਸ਼ਨ ਡੀਟੇਨਸ਼ਨ ਸੈਂਟਰ" ਵਿੱਚ ਹਫ਼ਤਿਆਂ ਤੱਕ ਰੱਖਿਆ ਗਿਆ ਸੀ।

ਇਨ੍ਹਾਂ ਵਿੱਚ ਕਈ ਅਜਿਹੇ ਸਨ ਜੋ ਆਪਣੇ ਕਰਜ਼ੇ ਵਿੱਚ ਡੁੱਬ ਚੁੱਕੇ ਹਨ — ਕਿਉਂਕਿ ਉਨ੍ਹਾਂ ਨੇ ਏਜੰਟਾਂ ਨੂੰ ਲੱਖਾਂ ਰੁਪਏ ਦੇ ਕੇ ਇਹ ਯਾਤਰਾ ਸ਼ੁਰੂ ਕੀਤੀ ਸੀ।

**ਸਰਕਾਰਾਂ ਦਾ ਮਤ**

ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਹ ਡਿਪੋਰਟ ਹੋਏ ਨਾਗਰਿਕਾਂ ਦੀ ਮਦਦ ਲਈ ਰਾਜ ਸਰਕਾਰਾਂ ਨਾਲ ਮਿਲਕੇ ਕੰਮ ਕਰ ਰਹੇ ਹਨ, ਪਰ ਨਾਲ ਹੀ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣਾ "ਜੀਵਨ ਨੂੰ ਖਤਰੇ ਵਿੱਚ ਪਾਉਣ ਦੇ ਬਰਾਬਰ" ਹੈ।

# ਸ਼੍ਰੋਮਣੀ ਇਤਿਹਾਸਕਾਰ ਡਾ: ਗੰਡਾ ਸਿੰਘ ਨੂੰ ਯਾਦ ਕਰਦਿਆਂ

**15 ਨਵੰਬਰ ਨੂੰ ਜਨਮ ਦਿਨ 'ਤੇ ਵਿਸ਼ੇਸ਼**

**ਭਗਵਾਨ ਸਿੰਘ ਜੌਹਲ**

ਪੰਜਾਬ ਦੀ ਧਰਤੀ ਦਾ ਲਾਡਲਾ ਡਾ: ਗੰਡਾ ਸਿੰਘ ਅਜਿਹਾ ਇਤਿਹਾਸਕਾਰ ਸੀ, ਜਿਸ ਨੂੰ ਸਮੁੱਚੇ ਸੰਸਾਰ ਦੇ ਇਤਿਹਾਸਕਾਰਾਂ ਤੇ ਇਤਿਹਾਸ ਦੇ ਪਾਠਕਾਂ ਨੇ ਸਲਾਹਿਆ ਹੈ। ਇਤਿਹਾਸ ਦੇ ਸੱਚ ਨੂੰ ਲੋਕ-ਕਚਹਿਰੀ ਵਿੱਚ ਪੇਸ਼ ਕਰਨ ਤੋਂ ਪਹਿਲਾਂ ਪੂਰਬ ਨਿਰਧਾਰਿਤ ਭਾਵਾਂ ਤੋਂ ਮੁਕਤ ਹੋ ਕੇ ਨਿਸ਼ਠਾਵਾਨ ਇਤਿਹਾਸਕਾਰਾਂ ਦੀ ਕਤਾਰ ਵਿੱਚ ਖੜ੍ਹਨ ਵਾਲਿਆਂ ਵਿੱਚ ਡਾ: ਗੰਡਾ ਸਿੰਘ ਨੂੰ ਜਿਹੜਾ ਮਾਣ ਮਿਲਿਆ ਹੈ, ਉਹ ਵਿਰਲੇ ਇਤਿਹਾਸਕਾਰਾਂ ਨੂੰ ਪ੍ਰਾਪਤ ਹੋਇਆ ਹੈ। ਇਸ ਇਤਿਹਾਸਕਾਰ ਦਾ ਜਨਮ 15 ਨਵੰਬਰ, 1900 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਵਿੱਚ ਸ. ਜਵਾਲਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਹੁਕਮ ਦੇਵੀ ਦੀ ਕੁੱਖ ਤੋਂ ਹੋਇਆ। ਇਨ੍ਹਾਂ ਮੁੱਢਲੀ ਸਿੱਖਿਆ ਇਸ ਕਸਬੇ ਦੀ ਮਸੀਤ ਤੋਂ ਪ੍ਰਾਪਤ ਕੀਤੀ। ਪਿੱਛੋਂ ਇਹ ਪਰਿਵਾਰ ਪੁਰਹੀਰਾਂ (ਹੁਸ਼ਿਆਰਪੁਰ) ਆ ਗਿਆ। ਮਿਡਲ ਦੀ ਪ੍ਰੀਖਿਆ ਡੀ.ਏ.ਵੀ. ਸਕੂਲ ਹੁਸ਼ਿਆਰਪੁਰ ਅਤੇ ਦੱਸਵੀਂ ਸਰਕਾਰੀ ਹਾਈ ਸਕੂਲ ਤੋਂ 1919 ਈ: ਵਿੱਚ ਪਾਸ ਕੀਤੀ। ਇਸ ਤੋਂ ਬਾਅਦ ਅਗਲੇਰੀ ਪੜ੍ਹਾਈ ਲਈ ਫਾਰਮਨ ਕ੍ਰਿਸ਼ਚੀਅਨ ਕਾਲਜ ਲਾਹੌਰ ਵਿੱਚ ਦਾਖਲਾ ਪ੍ਰਾਪਤ ਕੀਤਾ, ਪਰ ਪੜ੍ਹਾਈ ਵਿਚਾਲੇ ਛੱਡ ਕੇ ਫੌਜ ਵਿੱਚ ਭਰਤੀ ਹੋ ਗਿਆ। ਇਸ ਫੌਜੀ ਨੌਕਰੀ ਦੌਰਾਨ ਥੋੜ੍ਹਾ ਸਮਾਂ ਰਾਵਲਪਿੰਡੀ ਅਤੇ ਪੇਸ਼ਾਵਰ ਵਿੱਚ ਸੇਵਾ ਨਿਭਾਈ। ਫਿਰ ਬਸਰਾ ਵਿਖੇ ਬਦਲੀ ਹੋ ਗਈ। ਇਥੇ ਹੀ ਲੜਾਈ ਦੌਰਾਨ ਜ਼ਖ਼ਮੀ ਹੋ ਗਿਆ, ਵਾਪਸ ਫਿਰ ਪੰਜਾਬ ਪਰਤ ਆਇਆ। ਇਸ ਤੋਂ ਬਾਅਦ ਜਦੋਂ ਜ਼ਖ਼ਮ ਠੀਕ ਹੋ ਗਏ ਤਾਂ ਫਿਰ ਈਰਾਨ ਦੀ ਉਸ ਸਮੇਂ ਦੀ ਐਂਗਲੋ-ਪਰਸ਼ੀਅਨ ਆਇਲ ਕੰਪਨੀ ਵਿੱਚ ਬਤੌਰ ਅਕਾਊਂਟਸ ਅਫ਼ਸਰ ਸੇਵਾ ਨਿਭਾਈ। ਦੱਸਿਆ ਜਾਂਦਾ ਹੈ ਕਿ ਇਥੇ ਹੀ ਅੰਗ੍ਰੇਜ਼ ਵਿਦਵਾਨ ਸਰ ਅਰਨਾਰਡ ਵਿਲਸਨ ਨਾਲ ਮਿਲਾਪ ਹੋਇਆ। ਉਸ ਅੰਗ੍ਰੇਜ਼ ਵਿਦਵਾਨ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਬਾਰੇ ਲਿਖੀਆਂ ਕਿਤਾਬਾਂ ਦੀ ਸੂਚੀ (ਬਿਬਲਿਓਗ੍ਰਾਫੀ) ਤਿਆਰ ਕਰਨੀ ਸ਼ੁਰੂ ਕੀਤੀ। ਜ਼ਿਕਰਯੋਗ ਹੈ ਕਿ ਈਰਾਨ ਵਿੱਚ ਰਹਿੰਦਿਆਂ ਇਨ੍ਹਾਂ ਆਪਣੀ ਪਹਿਲੀ ਪੁਸਤਕ ਮਾਈ ਫਸਟ ਥਰਟੀ ਡੇਜ਼ ਇਨ ਮੈਸੋਪੋਟਾਮੀਆਂ ਲਿਖੀ।

ਜਦੋਂ ਡਾ: ਗੰਡਾ ਸਿੰਘ 1930 ਈ: ਵਿੱਚ ਪੰਜਾਬ ਵਾਪਸ ਪੁੱਜੇ ਤਾਂ ਇਥੇ ਆ ਕੇ ਫੁਲਵਾੜੀ ਨਾਂਅ ਦੇ ਮਾਸਿਕ-ਪੱਤਰ ਦੇ ਸੰਪਾਦਕੀ ਮੰਡਲ ਵਿੱਚ ਕੰਮ ਕਰਨਾ ਆਰੰਭ ਕੀਤਾ। ਅਕਤੂਬਰ 1931 ਈ: ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਨਵੇਂ ਬਣੇ ਵਿਭਾਗ ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ ਦੇ ਮੁਖੀ ਵਜੋਂ ਨਿਯੁਕਤ ਹੋਏ। 1949 ਵਿੱਚ ਪੈਪਸੂ ਸਰਕਾਰ ਵਿੱਚ ਪਟਿਆਲਾ ਵਿਖੇ ਪੁਰਾਤਤਵ ਵਿਭਾਗ ਦੇ ਡਾਇਰੈਕਟਰ ਅਤੇ ਅਜਾਇਬ ਘਰ ਦੇ ਨਿਗਰਾਨ ਵਜੋਂ ਨਿਯੁਕਤੀ ਹੋਈ। ਇਸ ਤੋਂ ਇਕ ਸਾਲ ਬਾਅਦ ਪੰਜਾਬੀ ਮਹਿਕਮੇ (ਭਾਸ਼ਾ ਵਿਭਾਗ) ਦੇ ਡਾਇਰੈਕਟਰ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਗਈ। ਡਾ: ਗੰਡਾ ਸਿੰਘ ਨੇ ਇਸੇ ਦੌਰਾਨ ਸਖ਼ਤ ਮਿਹਨਤੀ ਹੋਣ ਦਾ ਸਬੂਤ ਦਿੰਦਿਆਂ ਸੈਂਟਰਲ ਪਬਲਿਕ ਲਾਇਬ੍ਰੇਰੀ ਦੀ ਸਥਾਪਨਾ ਵੀ ਕੀਤੀ।



1954 ਈ: ਵਿੱਚ ਇਨ੍ਹਾਂ ਅਹਿਮਦਸ਼ਾਹ ਦੁਰਾਨੀ ਦੇ ਸਬੰਧ ਵਿੱਚ ਸ਼ੋਧ-ਪ੍ਰਬੰਧ ਲਿਖ ਕੇ ਪੰਜਾਬ ਯੂਨੀਵਰਸਿਟੀ ਤੋਂ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਸੇਵਾ-ਮੁਕਤ ਹੋਣ ਤੋਂ ਪਿੱਛੋਂ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਵਜੋਂ ਨਿਯੁਕਤ ਹੋਏ। ਇਥੋਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੀ ਆਰੰਭਤਾ ਕਰਨ ਦਾ ਸੱਦਾ ਪ੍ਰਾਪਤ ਹੋਇਆ। 1965 ਈ: ਵਿੱਚ ਪੰਜਾਬ ਹਿਸਟਰੀ ਕਾਨਫਰੰਸ ਕਰਵਾਈ। 1967 ਈ: ਵਿੱਚ ਪੰਜਾਬ ਪਾਸਟ ਐਂਡ ਪ੍ਰੈਜ਼ਟ ਦਾ ਤਿਮਾਹੀ ਮੈਗਜ਼ੀਨ ਸ਼ੁਰੂ ਕੀਤਾ। ਇਨ੍ਹਾਂ ਦੋਵਾਂ ਕੰਮਾਂ ਨੇ ਪੰਜਾਬ ਦੇ ਇਤਿਹਾਸ ਵਿੱਚ ਆਪਣਾ ਚਿਰ-ਸਥਾਈ ਯੋਗਦਾਨ ਪਾਇਆ।

ਡਾਕਟਰ ਸਾਹਿਬ ਨੂੰ 1963 ਈ: ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਇਤਿਹਾਸਕਾਰ ਦਾ ਸਨਮਾਨ, 1964 ਈ: ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ, ਫਿਰ ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਵੱਲੋਂ ਡੀ.ਲਿਟ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਆ ਗਿਆ। 1974 ਈ: ਵਿੱਚ ਸਿੱਖ ਐਜੂਕੇਸ਼ਨ ਕਾਨਫਰੰਸ ਕਾਨਪੁਰ, 1976 ਈ: ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਸਨਮਾਨਿਤ ਕੀਤਾ ਗਿਆ। 1978 ਈ: ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਵੀ ਡੀ.ਲਿਟ ਨਾਲ ਸਨਮਾਨ ਦਿੱਤਾ ਗਿਆ। 1984 ਈ: ਵਿੱਚ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਨ ਦਾ ਸਨਮਾਨ ਦਿੱਤਾ ਗਿਆ। 1987 ਈ: ਵਿੱਚ ਇੰਡੀਅਨ ਹਿਸਟਰੀ ਕਾਨਫਰੰਸ ਗੋਆ ਵਿਖੇ ਪੰਜ ਪ੍ਰਮੁੱਖ ਇਤਿਹਾਸਕਾਰਾਂ ਵਿੱਚੋਂ ਇਕ ਹੋਣ ਦਾ ਸਨਮਾਨ ਮਿਲਿਆ। ਡਾਕਟਰ ਸਾਹਿਬ ਦੀਆਂ ਬਹੁਤ ਸਾਰੀਆਂ ਪੁਸਤਕਾਂ ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਫਾਰਸੀ ਭਾਸ਼ਾਵਾਂ ਵਿੱਚ ਮਿਲਦੀਆਂ ਹਨ। ਅੰਗ੍ਰੇਜ਼ੀ ਦੀਆਂ 10 ਪੁਸਤਕਾਂ (ਇਤਿਹਾਸ) ਉੱਚ ਪਾਏ ਦੀਆਂ ਹਨ, ਜਿਨ੍ਹਾਂ ਨੂੰ ਸੰਸਾਰ ਦੇ ਪ੍ਰਮੁੱਖ ਇਤਿਹਾਸਕਾਰਾਂ ਨੇ ਮਾਣ ਦਿੱਤਾ ਹੈ। ਪੰਜਾਬੀ ਵਿੱਚ ਥੋੜ੍ਹਾ ਮਲ ਬਹਾਦਰ, ਸ੍ਰੀ ਗੁਰ ਸੋਭਾ, ਸਰਦਾਰ ਸ਼ਾਮ ਸਿੰਘ ਅਟਾਰੀ, ਕੂਕਿਆਂ ਦੀ ਵਥਿਆ, ਪੰਜਾਬ ਉੱਤੇ ਅੰਗ੍ਰੇਜ਼ਾਂ ਦਾ ਕਬਜ਼ਾ, ਬਾਬਾ ਬੰਦਾ ਸਿੰਘ ਬਹਾਦਰ, ਹੁਕਮਨਾਮੇ, ਜੱਸਾ ਸਿੰਘ ਆਹਲੂਵਾਲੀਆ ਆਦਿ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਅੱਧੀ ਦਰਜਨ ਪੁਸਤਕਾਂ ਹਿੰਦੀ, ਉਰਦੂ ਤੇ ਫਾਰਸੀ ਵਿੱਚ ਵੀ ਮਿਲਦੀਆਂ ਹਨ। ਇਨ੍ਹਾਂ ਸਾਰੀਆਂ ਪੁਸਤਕਾਂ ਵਿੱਚ ਕੁਝ ਅਨੁਵਾਦਿਤ ਅਤੇ ਸੰਪਾਦਿਤ ਵੀ ਹਨ।

ਇਹ ਮਹਾਨ ਇਤਿਹਾਸਕਾਰ ਤੇ ਸਿਰੜੀ ਇਨਸਾਨ 27 ਦਸੰਬਰ, 1987 ਈ: ਵਿੱਚ ਪਟਿਆਲਾ ਵਿਖੇ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਆਖ ਗਿਆ। ਉਨ੍ਹਾਂ ਦੀਆਂ ਇਤਿਹਾਸਕ ਲਿਖਤਾਂ ਸਾਡਾ ਵੱਡਮੁੱਲਾ ਖ਼ਜ਼ਾਨਾ ਹਨ।

# ਗ਼ਦਰੀ ਬਾਬਿਆਂ ਦੇ ਮੇਲੇ ਵਿਚ ਚਿੱਤਰਕਲਾ, ਫੋਟੋ ਕਲਾ ਅਤੇ ਪੁਸਤਕ ਪ੍ਰਦਰਸ਼ਨੀ ਨਾਲ ਮੇਲੇ ਦਾ ਆਗਾਜ਼

## ਪਾਬੰਦੀਸ਼ੁਦਾ ਕਿਤਾਬਾਂ ਅਤੇ ਪੁਸਤਕ ਸਭਿਆਚਾਰ 'ਤੇ ਚਰਚਾ-ਇੰਗਲੈਂਡ ਤੋਂ ਆਏ ਕਾਫ਼ਲੇ ਨਾਲ ਰੂਬਰੂ







ਜਲੰਧਰ-ਗ਼ਦਰੀ ਗੁਲਾਬ, ਬੀਬੀ ਗੁਲਾਬ ਕੌਰ ਨੂੰ ਸਮਰਪਤ 34ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਅੱਜ ਪਿਛਲੇ ਸਾਰੇ ਮੇਲਿਆਂ ਤੋਂ ਵੀ ਲੰਮੀ ਅਤੇ ਉਚੇਰੀ ਪੁਲਾਂਘ ਭਰਦਾ ਹੋਇਆ ਜੋਸ਼-ਖ਼ਰੋਸ਼ ਨਾਲ ਸ਼ੁਰੂ ਹੋਇਆ।ਅੱਜ ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਉਦਘਾਟਨ ਕਰਨ ਦੀ ਰਸਮ ਪ੍ਰਮੁੱਖ ਤੌਰ 'ਤੇ ਪ੍ਰਦਰਸ਼ਨੀ ਲਾਉਣ ਵਾਲੇ ਕਲਾਕਾਰ ਸਾਥੀਆਂ ਇੰਦਰਜੀਤ ਸਿੰਘ ਆਰਟਿਸਟ ਜਲੰਧਰ, ਮੰਜ਼ਿਲ ਯਰਫ਼, ਗੁਰਦੀਸ਼ ਪੰਨੂ, ਗੁਰਪ੍ਰੀਤ ਸਿੰਘ ਬਠਿੰਡਾ, ਰਵਿੰਦਰ ਰਵੀ ਲੁਧਿਆਣਾ, ਸੁਖਜੀਵਨ (ਗੀਤ ਆਰਟਸ), ਵਰੁਣ ਟੰਡਨ, ਇੰਦਰਜੀਤ ਸਿੰਘ ਮਾਨਸਾ, ਕੰਵਰਦੀਪ ਸਿੰਘ ਬਿੰਦ, ਸੁਖਵਿੰਦਰ ਸਿੰਘ, ਮਨਜੀਤ ਕੌਰ, ਸੋਹਣ ਲਾਲ, ਪਾਰਸ, ਕੁਲਜੀਤ ਹੀਰ, ਧਰਮਿੰਦਰ ਮੁਕੇਰੀਆਂ, ਡਾ. ਸੈਲੇਸ਼ ਦੇ ਵਿਸ਼ੇਸ਼ ਉੱਦਮ ਨਾਲ ਫ਼ਲਸਤੀਨ ਦੇ ਨਸਲਘਾਤ ਅਤੇ ਲਾਮਿਸਾਲ ਸੰਗਰਾਮ ਬਾਰੇ ਵਿਸ਼ੇਸ਼ ਪ੍ਰਦਰਸ਼ਨੀ ਲਾਉਣ ਵਾਲਿਆਂ ਨੇ ਅਦਾ ਕੀਤੀ।ਸਮੂਹ ਕਲਾਕਾਰਾਂ ਨੇ ਭਰੋਸਾ ਦੁਆਇਆ ਕਿ ਆਪਣੀਆਂ ਕਲਾ-ਕ੍ਰਿਤਾਂ ਰਾਹੀਂ ਗ਼ਦਰ ਲਹਿਰ ਦੇ ਇਤਿਹਾਸ ਵਿਰਾਸਤ ਅਤੇ ਸਾਡੇ ਸਮਿਆਂ ਅੰਦਰ ਇਹਨਾਂ ਦੀ ਪ੍ਰਸੰਗਿਕਤਾ ਅਤੇ ਮਹੱਤਵ ਵਾਲੇ ਚਾਨਣ ਵੰਡਦੇ ਰਹਿਣਗੇ।

ਸਮੂਹ ਕਲਾਕਾਰਾਂ ਨੇ ਸੰਬੋਧਨ ਕਰਦਿਆਂ ਕਿਹਾ ਸੂਖ਼ਮ, ਸੰਵੇਦਨਸ਼ੀਲ ਮਨੁੱਖੀ ਮਨ ਦੀਆਂ ਪਰਤਾਂ ਨੂੰ ਛੂੰਹਦੀਆਂ ਕਲਾ ਕਿਰਤਾਂ ਨੂੰ ਸਦਾ ਪਹਿਲ ਦਿਆਂਗੇ ਅਤੇ ਹਾਸ਼ੀਏ ਤੋਂ ਪਾਰ ਧੱਕੇ ਜਾ ਰਹੇ ਕਿਰਤੀ ਵਰਗ ਦੀ ਪੀੜ ਅਤੇ ਆਵਾਜ਼ ਸਾਡੀਆਂ ਕਲਾ ਕ੍ਰਿਤਾਂ ਦਾ ਆਧਾਰ ਬਣੇਗੀ।ਇਸ ਉਪਰੰਤ ਇੰਗਲੈਂਡ ਤੋਂ ਆਏ ਸਾਥੀਆਂ ਕੁਲਬੀਰ ਸੰਘੇੜਾ, ਤਾਰੀ ਅਟਵਾਲ, ਸ਼ੀਰਾ ਜੌਹਲ, ਸੁਰਿੰਦਰਪਾਲ ਵਿਰਦੀ, ਲਵਕੇਸ਼ ਪਰਾਸ਼ਰ, ਭਗਵੰਤ ਸਿੰਘ, ਬਲਬੀਰ ਕੌਰ, ਅੰਬਰ, ਸੁਰਿੰਦਰ ਕੌਰ, ਕੁਲਵੰਤ ਸਿੰਘ ਕਮਲ, ਹਰਪਿੰਦਰ ਸਿੰਘ, ਜਸਵਿੰਦਰ ਕੌਰ, ਜਗਰੂਪ ਸਿੰਘ, ਤਜਿੰਦਰ ਕੌਰ, ਭਾਰਤ ਭੂਸ਼ਣ, ਹਰਜੀਤ ਸਿੰਘ ਕਾਹਮਾ, ਚਰਨਜੀਵ ਕੌਰ, ਕੈਪਟਨ ਨਰੀਅਰ, ਲੱਖਾ ਸਿੰਘ, ਰਾਜਿੰਦਰ ਦੁੱਲੇ, ਬਲਜੀਤ ਕੌਰ, ਜਸਵੀਰ ਕੌਰ, ਕੁਲਦੀਪ ਕੌਰ ਸਮੇਤ ਵੱਡੀ ਗਿਣਤੀ 'ਚ ਆਏ ਗ਼ਦਰ ਲਹਿਰ ਦੇ ਵਾਰਸਾਂ ਨਾਲ ਰੂਬਰੂ ਹੋਇਆ ਅਤੇ ਇਸ ਅਮੁੱਲੇ ਵਿਚਾਰਾਂ ਦੇ ਆਦਾਨ ਪ੍ਰਦਾਨ ਦਾ ਅਗਲੇ ਮੇਲਿਆਂ ਉਪਰ ਚੜ੍ਹਿਆ ਗੂੜ੍ਹਾ ਰੰਗ ਦਿਖਾਈ ਦੇਵੇਗਾ।

ਮੇਲੇ ਦੇ ਪਹਿਲੇ ਦਿਨ ਅਗਲਾ ਸੈਸ਼ਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਹਰਵਿੰਦਰ ਭੰਡਾਲ ਦੀ ਮੰਚ ਸੰਚਾਲਨ 'ਚ ਹੋਇਆ। "ਪੁਸਤਕ ਸਭਿਆਚਾਰ ਦੀ ਸ਼ਾਮ; ਪਾਬੰਦੀਸ਼ੁਦਾ ਪੁਸਤਕਾਂ ਦੇ ਨਾਮ" ਇਸ ਸੈਸ਼ਨ ਦੇ ਸੰਚਾਲਕ ਹਰਵਿੰਦਰ ਭੰਡਾਲ ਨੇ ਇਸ ਸੈਸ਼ਨ ਦੀ ਮਹੱਤਤਾ ਉਪਰ ਰੌਸ਼ਨੀ ਪਾਈ। ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਪਹਿਲੇ ਦਿਨ ਹੀ ਵੱਡੀ ਗਿਣਤੀ 'ਚ ਜੁੜੇ ਲੋਕਾਂ ਨੂੰ ਮੁਬਾਰਕਵਾਦ ਦਿੱਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਸ ਮੌਕੇ ਮੰਚ ਤੋਂ ਸੰਬੋਧਨ ਕਰਦੇ ਕਿਹਾ ਕਿ ਕਿਤਾਬਾਂ ਉਪਰ ਪਾਬੰਦੀ ਮੜ੍ਹਨਾ ਬਹੁਤ ਹੀ ਗੰਭੀਰ ਕਦਮ ਹੈ ਅਤੇ ਇਸ ਦੇ ਭਵਿੱਖ ਵਿੱਚ ਬਹੁਤ ਹੀ ਖ਼ਤਰਨਾਕ ਨਤੀਜੇ ਸਾਹਮਣੇ ਆਉਣਗੇ।

ਉਹਨਾਂ ਕਿਹਾ ਕਿ ਕਿਤਾਬਾਂ ਉਪਰ ਪਾਬੰਦੀ ਮੜ੍ਹਨਾ ਅਤੇ ਦੁਨੀਆਂ ਚੈਨਲ ਦੇ ਪੱਤਰਕਾਰ ਮਨਦੀਪ ਧਾਲੀਵਾਲ ਰਸੂਲਪੁਰ ਨੂੰ ਨਸ਼ਾ ਤਸਕਰਾਂ ਅਤੇ ਪੁਲਸ ਗਠਜੋੜ ਵੱਲੋਂ ਧਮਕੀਆਂ ਮਿਲਣਾ ਇਹ ਅਲੱਗ-ਅਲੱਗ ਜਾਂ ਟੁੱਟਵੀਆਂ ਘਟਨਾਵਾਂ ਨਹੀਂ ਇਹ ਜੁੜਦੀਆਂ ਲੜੀਆਂ ਅਤੇ ਕੜੀਆਂ ਸਮਝਣ ਦੀ ਲੋੜ ਹੈ ਨਹੀਂ ਤਾਂ ਇਹ ਫਾਸ਼ੀ ਪੰਜੇ ਹੋਰ ਅੱਗੇ ਵਧਣਗੇ ਅਤੇ ਜੇ ਹਵਾ ਇਹੋ ਰਹੀ ਤਾਂ ਇੱਕ ਦਿਨ ਦੇਸ਼ ਭਗਤ ਯਾਦਗਾਰ ਹਾਲ ਦੀ ਆਵਾਜ਼ ਬੰਦ ਕਰਨ ਲਈ ਵੀ ਯਤਨ ਕੀਤੇ ਜਾਣਗੇ।

# ਗੁਰੂ ਬੈਠਾ ਅਮਰੁ ਸਰੂਪ ਹੋਇ


– ਲੇਖਕ –
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743









ਗੁਰੂ ਅਮਰਦਾਸ ਪਾਤਸ਼ਾਹ ਜੀ

## ਕਿਸ਼ਤ–14

ਸ੍ਰੀ ਰਾਮਦਾਸ ਜੀ ਅਰ ਭਾਈ ਬੱਲੂ, ਬਿਨਾਂ ਅੱਗੇ ਵਧਿਆਂ, ਪਰਤ ਕੇ ਹਜ਼ੂਰ ਦੇ ਚੁਬਾਰੇ ਵੱਲ ਚਲੇ ਗਏ।

ਹੁਣ ਕੋਈ ਦੀਵਾਨ ਵਿਚ ਨਹੀਂ ਆ ਰਿਹਾ ਸੀ। ਦਾਤਾ ਆਪਣੇ ਸਾਥੀਆਂ ਅਰ ਸਾਥੀ 'ਆਪਣੇ' ਦਾਤੇ ਦੇ ਮੂੰਹ ਵੱਲ ਵੇਖ ਰਹੇ ਸਨ। ਹਨ੍ਹੇਰਾ ਪਲ ਪਲ ਵਧਣ ਲੱਗਾ।

ਝਖੜਿ ਵਾਉ ਨ ਡੋਲਈ

ਉਪਰੋਕਤ ਬਚਨ: ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥ ਸਤਾ ਰਬਾਬੀ ਜੀ ਦਾ ਉਚਾਰਿਤ ਪੰਚਮ ਪਾਤਸ਼ਾਹ ਹਜ਼ੂਰ ਨੇ ਦਰਜ ਕੀਤਾ ਹੈ ਜਿਸ ਤੋਂ ਗੁਰੂ ਅਮਰਦਾਸ ਪਾਤਸ਼ਾਹ ਜੀ ਦੀ ਮਹਾਨ ਸ਼ਖ਼ਸੀਅਤ ਦਾ ਸਾਨੂੰ ਬੋਧ ਹੁੰਦਾ ਹੈ ਕਿ ਉਹ ਸੁਮੇਰ ਵਾਂਗ ਅਡੋਲ ਹਿਰਦੇ ਵਾਲੇ ਹਨ ਜਿਨ੍ਹਾਂ ਨੂੰ ਕ੍ਰੋਧ ਆਦਿ ਵਿਕਾਰਾਂ ਦਾ ਝੱਖੜ ਵੀ ਡੁਲਾ ਨਹੀਂ ਸਕਦਾ।

ਸਾਡੇ ਪਾਠਕਾਂ ਨੂੰ ਭਲੀ ਪ੍ਰਕਾਰ ਯਾਦ ਹੋਵੇਗਾ ਕਿ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਸਾਹਿਬ ਜੀ ਦੇ ਈਰਖਾਲੂ ਅਤੇ ਦੰਭੀ ਜੋਗੀ ਦੇ ਸ੍ਰੀ (ਗੁਰੂ) ਅਮਰਦਾਸ ਜੀ ਨੇ ਕਿਵੇਂ ਚੀਥੜੇ ਉਡਵਾ ਦਿੱਤੇ ਸਨ ਪਰ, ਜਦੋਂ ਆਪ ਜੀ ਖ਼ਾਨ ਰਜ਼ਾਦੇ ਦੀ ਜੂਹ ਵਿਚ ਸਤਿਗੁਰਾਂ ਦੇ ਸਨਮੁਖ ਹੋਏ ਤਾਂ ਇਨ੍ਹਾਂ ਦੇ ਬਚਨ –ਜੇ ਅਜੇਹੇ ਈਰਖਾਲੂਆਂ ਨੂੰ ਸਜ਼ਾ ਨ ਦਿੱਤੀ ਗਈ ਤਾਂ ਪੰਥ ਕਿਵੇਂ ਚਲੇਗਾ?– ਸੁਣ ਕੇ ਵੀ ਹਜ਼ੂਰ ਗੁਰੂ ਅੰਗਦ ਸਾਹਿਬ ਜੀ ਨੇ ਕਿਹਾ ਸੀ ਕਿ ਈਰਖਾਲੂ ਨੇ ਤਾਂ ਡੁੱਬਣਾ ਹੀ ਡੁੱਬਣਾ ਹੈ, ਇਹ ਰੱਬੀ ਰਜ਼ਾ ਹੈ, ਪੁਰਖਾ ਜੀ! ਸਾਨੂੰ ਧੀਰਜਧਾਰੀ ਬਣੇ ਰਹਿਣ ਦੀ ਲੋੜ ਹੈ ਨਾ ਕਿ ਅਸੀਂ ਆਪ ਸਜ਼ਾ ਦੇਣ ਤੁਰ ਪਈਏ। ਪੰਥ ਪਰਮੇਸ਼ਰ ਦਾ ਹੈ ਇਸ ਦਾ ਰਾਖਾ ਉਹ ਆਪ ਹੈ।

ਸਲੋਕ ਮਹਲਾ 2॥
ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ॥
ਆਪਣ ਹਥੀ ਆਪਣੈ
ਦੇ ਕੂਚਾ ਆਪੇ ਲਾਇ॥
ਹੁਕਮੁ ਪਇਆ ਧੁਰਿ ਖਸਮ ਕਾ
ਅਤੀ ਹੂ ਧਕਾ ਖਾਇ॥
ਗੁਰਮੁਖ ਸਿਉ ਮਨਮੁਖੁ ਅੜੈ
ਡੁਬੈ ਹਕਿ ਨਿਆਇ॥
ਦੁਹਾ ਸਿਰਿਆ ਆਪੇ ਖਸਮੁ
ਵੇਖੈ ਕਰਿ ਵਿਉਪਾਇ॥
ਨਾਨਕ ਏਵੈ ਜਾਣੀਐ
ਸਭ ਕਿਛੁ ਤਿਸਹਿ ਰਜਾਇ॥1॥

ਗ.ਗ੍ਰ.ਸਾ. ਪੰਨਾ 148

ਇਸ ਤੋਂ ਇਲਾਵਾ ਸਾਡੀ ਜਾਚੇ, ਗੁਰੂ-ਘਰ ਵਿਚ ਅੰਦਰੂਨੀ ਕਲੇਸ਼ ਤੋਂ ਹਮੇਸ਼ਾ ਹੀ ਪਾਸੇ ਹੋਣ ਨੂੰ ਪਹਿਲ ਦਿੱਤੀ ਗਈ ਹੈ।

ਅਜਿਹਾ ਸੋਚਦਿਆਂ ਹੋਇਆਂ, ਗੁਰੂ ਹੁਕਮ ਵਿਚ ਗੋਇੰਦਵਾਲ ਦੇ ਉਸਾਰੀ ਕਰਨ ਵਾਲੇ ਮਾਲਿਕ ਸਤਿਗੁਰੂ ਅਮਰਦਾਸ ਜੀ, ਅੱਜ ਗੋਇੰਦਵਾਲ ਛੱਡ ਕੇ, ਬਿਨਾਂ ਕਿਸੇ ਨੂੰ ਦੱਸਿਆਂ, ਆਪਣੀ ਘੋੜੀ ਖੋਲ੍ਹੀ ਅਰ ਅੱਧੀ ਰਾਤ ਨੂੰ ਆਪਣੇ ਜੱਦੀ ਪਿੰਡ ਬਾਸਰ ਕੇ ਵੱਲ ਰਵਾਨਾ ਹੋ ਗਏ। ਭਾਈ ਨੰਦ ਲਾਲ ਜੀ ਗੋਯਾ ਦਾ ਬਚਨ ਸਾਨੂੰ ਹਜ਼ੂਰ ਦੇ ਇਉਂ ਦਰਸ਼ਨ ਕਰਵਾਉਂਦਾ ਹੈ:

ਦੋ ਆਲਮ ਗ਼ੁਲਾਮਸ਼ ਚਿਹ ਹਜ਼ਦਹ ਹਜ਼ਾਰ {ਦੋਵੇਂ ਜਹਾਨ ਹੀ ਉਸ ਦੇ ਦਾਸ ਹਨ, ਅਠਾਰਾਂ ਹਜ਼ਾਰ (ਇਸ ਜਹਾਨ ਦੀ ਅਠਾਰਾਂ ਹਜ਼ਾਰ ਤਰਹ ਦੇ ਜੀਵਾਂ ਦੀ ਸ੍ਰਿਸ਼ਟੀ) ਕੀ ਹੈ?}

ਫ਼ਜ਼ਾਲ-ਓ ਕਰਾਮਸ਼ ਫ਼ਜ਼ੂ ਅਜ਼ ਸ਼ੁਮਾਰ।(ਉਸ ਦੀਆਂ ਵਡਿਆਈਆਂ ਤੇ ਬਜ਼ੁਰਗੀਆਂ ਅਣਗਿਣਤ ਹਨ।) ਗੰਜ ਨਾਮਹ ਅਨੁਵਾਦ ਭਾਈ ਵੀਰ ਸਿੰਘ

45 ਕਿਲੋਮੀਟਰ ਦੀ ਦੂਰੀ 'ਤੇ ਇਥੇ ਪਹੁੰਚ ਕੇ ਨਗਰ ਦੇ ਬਾਹਰ ਹੀ ਪੰਚਾਇਤੀ ਜ਼ਮੀਨ ਵਿਚ ਇਕ ਸੁੰਞੀ ਜਿਹੀ ਕੋਠੜੀ ਨਜ਼ਰ ਪਈ। ਘੋੜੀ ਤੋਂ ਉੱਤਰ ਕੇ ਉਸ ਦੀ ਕੰਡ 'ਤੇ ਪਿਆਰ ਨਾਲ ਹੱਥ ਫੇਰਿਆ ਅਰ ਵਾਗਾਂ ਉਸ ਦੇ ਉੱਪਰ ਰੱਖ ਕੇ ਗੋਇੰਦਵਾਲ ਨੂੰ ਰੁਖ਼ ਕਰ ਕੇ ਤੋਰ ਦਿੱਤਾ। ਹਜ਼ੂਰ ਇਸ ਘੋੜੀ ਨੂੰ ਬਹੁਤ ਪਿਆਰ ਕਰਦੇ ਸਨ ਅਰ ਇਉਂ ਜਾਪਦਾ ਹੈ ਕਿ ਉਹ ਵੀ ਇਨ੍ਹਾਂ ਦੇ ਇਸ਼ਾਰੇ ਨੂੰ ਸਮਝਦੀ ਤੁਰ ਪਈ ਤੇ ਸ਼ਾਮ ਤੱਕ ਵਾਪਸ ਗੋਇੰਦਵਾਲ ਆਣ ਪਹੁੰਚੀ। ਅਨੋਖੇ ਤਿਆਗੀ ਜੀ ਨੇ ਕੋਠੜੀ ਦੇ ਦਰਵਾਜ਼ੇ 'ਤੇ 'ਜੋ ਦਰਵਾਜ਼ਾ ਖੋਲ੍ਹੇਗਾ ਸਾਡਾ ਸਿੱਖ ਨਹੀਂ' ਲਿਖ ਕੇ ਅੰਦਰੋਂ ਬੰਦ ਕਰ ਲਿਆ ਅਰ ਇਕ ਰਸ ਸਮਾਧੀ ਅਸਥਿਤ ਹੋ ਬੈਠੇ।

### ਦਾਤੇ ਤੋਂ ਦਾਤੂ ਹੋ ਕੇ ਮੁੜਨਾ

ਸਵੇਰ ਹੋਈ ਤਾਂ ਸੰਗਤਾਂ ਨੂੰ ਖ਼ਬਰ ਹੋਈ ਕਿ ਗੁਰੂ ਸਾਹਿਬ ਰਾਤ ਕਿਧਰੇ ਚਲੇ ਗਏ ਹਨ। ਰਬਾਬੀਆਂ ਨੇ ਪਹਿਲਾਂ ਤਾਂ ਨੇਮ ਅਨੁਸਾਰ ਪਹੁੰਚ ਕੇ ਕੀਰਤਨ ਆਰੰਭ ਕੀਤਾ ਜਦੋਂ ਉਨ੍ਹਾਂ ਦੇ ਕੰਨੀਂ ਇਹ ਖ਼ਬਰ ਪਈ ਤਾਂ ਉਹ ਵੀ ਸਾਜ਼ ਬੰਨਣ ਲੱਗ ਪਏ। ਦਿਨ ਦਾ ਚੜ੍ਹਾਅ ਹੋ ਰਿਹਾ ਸੀ ਤਦ ਨੂੰ ਦਾਤਾ ਆਪਣੀ ਜੁੰਡਲੀ ਨੂੰ ਲੈ ਕੇ ਆਣ ਧਮਕਿਆ ਅਤੇ ਫਿਰ ਸਿੰਘਾਸਣ 'ਤੇ ਚੜ੍ਹ ਬੈਠਾ। ਰਬਾਬੀ ਵੀ ਬਾਹਰ ਨਿਕਲ ਗਏ ਅਰ ਨਾਲ ਹੀ ਕੁਝ ਬੈਠੇ ਸਰੀਰ ਵੀ ਉੱਠ ਕੇ ਚਲੇ ਗਏ।

ਕੈਸਾ ਦ੍ਰਿਸ਼ ਸੀ! ਨਾ ਸੰਗਤ, ਨਾ ਕੀਰਤਨ ਅਰ ਨਾ ਹੀ ਵਿਚਾਰ ਕਿਉਂਕਿ ਅੱਜ ਦਰਮਿਆਨ ਵਿਚ ਸਤਿਗੁਰੂ ਨਹੀਂ ਕੇਵਲ ਇਕ ਹੰਕਾਰੀ ਅਰ ਉਸ ਦੀ ਦੁਸ਼ਟ ਮੰਡਲੀ ਹੀ ਬੈਠੀ ਸੀ। ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਚੇਤੇ ਕਰਾਉਂਦਾ ਹੈ:

ਦੂਜੈ ਭਾਇ ਦੁਸਟਾ ਕਾ ਵਾਸਾ॥
ਭਉਦੇ ਫਿਰਹਿ ਬਹੁ ਮੋਹ ਪਿਆਸਾ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ
ਦੁਖੋ ਦੁਖੁ ਕਮਾਇਆ॥11॥
ਸਤਿਗੁਰ ਬਾਝਹੁ ਸੰਗਤਿ ਨ ਹੋਈ॥
ਬਿਨੁ ਸਬਦੇ ਪਾਰੁ ਨ ਪਾਏ ਕੋਈ॥
ਸਹਜੇ ਗੁਣ ਰਵਹਿ ਦਿਨੁ ਰਾਤੀ
ਜੋਤੀ ਜੋਤਿ ਮਿਲਾਇਆ॥12॥

ਗ.ਗ੍ਰ.ਸਾ. ਪੰਨਾ 1068

ਔਖੇ ਸੌਖੇ ਦੁਪਹਿਰ ਬਿਤਾਈ। ਜਿਉਂ ਜਿਉਂ ਗੁਰੂ ਸਾਹਿਬ ਦੇ ਅਲੋਪ ਹੋਣ ਦੀ ਖ਼ਬਰ ਸੰਗਤ ਵਿਚ ਗਈ, ਸੰਗਤ ਵਿਚ ਦਾਤੇ ਪ੍ਰਤੀ ਰੋਹ ਵਧਣ ਲੱਗਾ।

**ਹੋਰ ਇਤਿਹਾਸਕ ਹਵਾਲੇ:**

ਨਹਿੰ ਸੰਗਤਿ ਤਿਸ ਨਿਕਟ ਗਈ ਹੈ।(ਸੰਗਤ ਉਸ ਦੇ ਨੇੜੇ ਵੀ ਨਾ ਲੱਗੀ) ਕਰੀ ਅਵੱਗਯਾ ਕੁਪਤਿ ਭਈ ਹੈ।(ਹਜ਼ੂਰ ਦੀ ਕੀਤੀ ਬੇਅਦਬੀ ਤੋਂ ਗੁੱਸੇ ਹੋ ਗਈ) ਦੇਖ ਦੂਰਿ ਤੇ ਇਤ ਉਤ ਹੋਇ।(ਦੂਰੋਂ ਦੇਖ ਕੇ ਏਧਰ ਓਧਰ ਹੋ ਗਏ) ਸਾਦਰ ਨੰਮ੍ਰ ਭਯੋ ਨਹਿੰ ਕੋਇ।8॥(ਕੋਈ ਸਤਿਕਾਰ ਸਹਿਤ ਨਹੀਂ ਕੋਲ ਆਇਆ) ਦੁਖਹਿੰ ਦੇਖ ਕਰਿ ਸਿਖ ਮਹਾਨੇ।(ਸਗੋਂ ਮੁਖੀ ਸਿੱਖ ਵੇਖ ਕੇ ਦੁਖੀ ਹੋ ਰਹੇ ਸਨ) –ਕਯਾ ਇਨ ਕਰਯੋ ਲੋਭ ਉਰ ਠਾਨੇ–(ਇਸ ਲਾਲਚੀ ਨੇ ਇਹ ਕੀਹ ਕੀਤਾ)

ਇਹ ਤਾੜ ਕੇ ਇਸ ਨੇ ਸਾਥੀਆਂ ਨੂੰ ਆਖਿਆ,

'ਸਮਾਨ ਇਕੱਠਾ ਕਰੋ, ਚੱਲੀਏ'।

ਇਨ੍ਹਾਂ ਵਿਗੜਿਆਂ ਹੋਇਆਂ ਨੇ ਦਰਬਾਰ ਦੀ ਕੱਲ੍ਹ ਦੀ ਸਾਰੀ ਭੇਟਾ ਤੋਂ ਇਲਾਵਾ ਹੋਰ ਜੋ ਵੀ ਹੱਥ ਲੱਗਾ ਇਥੋਂ ਤੱਕ ਕਿ ਲੰਗਰ ਦੇ ਭਾਂਡੇ ਵੀ ਬੰਨ ਕੇ ਖੱਚਰਾਂ 'ਤੇ ਲੱਦ ਲਏ ਅਰ ਜਿਸ ਵੇਲੇ ਕੱਲ੍ਹ ਆਏ ਸੀ ਉਸ ਤੋਂ ਝੱਟ ਪਹਿਲਾਂ ਵਾਪਸ ਤੁਰ ਪਏ। ਨਾ ਕਿਸੇ ਕਲ੍ਹ ਇਨ੍ਹਾਂ ਨੂੰ ਜੀ ਆਇਆਂ ਕਿਹਾ ਸੀ ਨਾ ਕਿਸੇ ਅੱਜ ਇਨ੍ਹਾਂ ਜਾਂਦਿਆਂ ਨੂੰ ਪਰਤ ਕੇ ਵੇਖਿਆ।

ਸਾਡੀ ਜਾਚੇ, ਪਿਤਾ ਗੁਰੂ ਜੀ ਨੇ ਪੁੱਤਰਾਂ ਦੇ ਨਾਂ ਦਾਸ ਅਰ ਦਾਤਾ ਰੱਖੇ ਸਨ ਪਰ ਇਹ ਵਾਰ-ਵਾਰ ਅਜੇਹੀਆਂ ਕਰਤੂਤਾਂ ਕਰਨ ਕਰ ਕੇ ਸੰਗਤ ਵਿਚ ਅਪਣਾ ਸਤਿਕਾਰ ਗੁਆ ਗਏ ਅਰ ਇਤਿਹਾਸ ਦੇ ਦਾਸੂ ਅਤੇ ਦਾਤੂ ਹੀ ਬਣ ਕੇ ਰਹਿ ਗਏ।

ਦਾਤੂ ਗੋਇੰਦਵਾਲ ਸਾਹਿਬ ਤੋਂ ਨਿਕਲ ਕੇ ਖਡੂਰ ਦੇ ਰਾਹ 'ਚ ਅੱਧ ਲੰਘ ਗਏ ਸਨ ਜਦੋਂ ਕਿਸੇ ਤਰਹ ਸੂਹ ਮਿਲਣ 'ਤੇ ਕੁਝ ਧਾੜਵੀਆਂ ਨੇ ਆ ਅੱਗਾ ਰੋਕਿਆ। ਉਨ੍ਹਾਂ ਡਾਂਗ ਫੇਰਨੀ ਸ਼ੁਰੂ ਕੀਤੀ ਤਾਂ ਜੁੰਡਲੀ ਨੇ ਭੱਜਣ ਲਗਿਆਂ ਇਸ ਵੱਲ ਤੱਕਿਆ ਵੀ ਨਾਹ। ਜਦੋਂ ਲੱਗਦੇ ਹੱਥ ਧਾੜਵੀਆਂ ਨੇ ਦਾਤਾ ਹੋਰਾਂ ਦੀਆਂ ਲੱਤਾਂ 'ਤੇ ਵੀ ਦੋ ਕੁ ਲਾਈਆਂ ਤਾਂ ਮਾਰ ਨਾ ਝੱਲਦੇ ਇਹ ਹੱਥ ਜੋੜਨ ਲੱਗੇ ਕਿ ਮੈਨੂੰ ਮਾਰੋ ਨਾਹ, ਮੇਰੇ ਕੋਲ ਜੋ ਕੁਝ ਹੈ, ਲੈ ਲਉ। ਧਾੜਵੀਆਂ ਦਾਤੇ ਦੇ ਗਲੋਂ, ਘਰੋਂ ਪਾ ਕੇ ਆਇਆ ਵੀ, ਲੁਹਾ ਲਿਆ ਅਰ ਭੱਜ ਜਾਣ ਲਈ ਦਬਕਾ ਮਾਰਿਆ ਅਤੇ ਇਨ੍ਹਾਂ ਦੀਆਂ ਲੱਦੀਆਂ ਖ਼ੱਚਰਾਂ ਨੂੰ ਆਪਣੇ ਅੱਗੇ ਲਾ ਲਿਆ। ਦਾਤੂ ਹੋਰੀਂ ਜੀਅ ਭਿਆਣੇ ਭੱਜੇ ਅਰ ਹੁਣ ਮੁੜ ਕੇ ਵੀ ਨਾ ਵੇਖਿਆ। ਚੰਗਾ ਮੂੰਹ-ਨ੍ਹੇਰਾ ਹੋ ਗਿਆ ਸੀ ਜਦੋਂ ਲੰਙਾਉਂਦੇ ਅਤੇ ਲਾਚਾਰ ਹੋਏ ਘਰ ਪਹੁੰਚੇ।

ਹੋਰ ਇਤਿਹਾਸਕ ਹਵਾਲੇ:

ਭਾਜੇ ਦਾਸ ਲੂਟਿ ਸਭ ਲਯੋ।
ਹੋਇ ਛੂਛਿ ਘਰ ਪਹੁੰਚਤਿ ਭਯੋ।
ਘਰ ਕੇ ਬਸਤ੍ਰ ਬਿਭੂਖਨ ਖੋਏ।
ਹਤੀ ਲਾਤ ਤਿਸ ਮਹਿੰ
ਦੁਖ ਹੋਏ।12॥35॥ ਰਾਸ 1

ਇਸ ਘਟਨਾ ਬਾਬਤ ਗੁਰੂ ਰਾਮਦਾਸ ਸਾਹਿਬ ਜੀ ਦਾ ਬਚਨ ਹੋਇਆ:

ਸਤਿਗੁਰ ਕੀ ਸਤਿਗੁਰਿ ਦਿਤੀ
ਧੁਰਹੁ ਹੁਕਮੁ ਨੀਸਾਣੁ॥
ਪੁਤੀ ਜਵਾਈ ਸਕੀ ਅਗਹੁ
ਪਿਛਹੁ ਟੋਲਿ ਡਿਠਹੁ ਲਾਹਿਓਨੁ ਸਭਨਾ ਕੈ ਮਨਹੁ ਗੁਮਾਣੁ॥ ਗ.ਗ੍ਰ.ਸਾ. ਪੰਨਾ 853

ਇਸ ਵੇਲੇ ਜੋ ਘੋਲ ਘੁਮੱਟਾ ਹੋਇਆ, ਦਾਤੂ ਜੀ ਦੇ ਪੈਰ ਤੇ ਡਾਢੀ ਸੱਟ ਲਗੀ, ਜਿਸ ਨੇ ਅਤਿ ਦਾ ਦੁਖੀ ਕਰ ਦਿੱਤਾ। ਇਕ ਭਰਾ ਨੇ ਸਿਰ ਵਿਚ ਖ਼ਫ਼ਕਾਨ ਦਾ ਦੁਖ ਝੱਲਿਆ ਸੀ, ਜੋ ਉਸ ਨੇ ਮਾਤਾ ਜੀ ਦੀ ਸੰਮਤੀ ਨਾਲ ਭੁੱਲ ਬਖ਼ਸ਼ਾ ਕੇ ਦੂਰ ਕਰ ਲਿਆ ਸੀ, ਦੂਏ ਨੇ ਪੈਰ ਤੇ ਸੱਟ ਖਾਧੀ, ਗੁਰਿਆਈ ਤਾਂ ਪੱਲੇ ਨਾ ਪਈ, ਪਰ ਪੈਰ ਤੇ ਪੀੜਾ ਸਹੇੜ ਲਈ।

'ਮਿਠਾ ਕਰਿ ਕੈ ਕਉੜਾ ਖਾਇਆ॥
ਤਿਨਿ ਕਉੜੈ ਤਨਿ ਰੋਗੁ ਜਮਾਇਆ'॥

ਗੁਰੂ ਚਮਤਕਾਰ, ਭਾਈ ਵੀਰ ਸਿੰਘ

ਚਲਦਾ.....

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਆਖਰੀ ਕਿਸ਼ਤ

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ

ਡਾ: ਕਿਰਨਪ੍ਰੀਤ ਕੌਰ ਬਾਠ



**ਕੇਸ:**

ਬਹੁਤੀ ਵਾਰ ਏਹੀ ਕਹਿ ਦਿੱਤਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੇਸ ਰੱਖਣ ਲਈ ਕਦੇ ਨਹੀਂ ਕਿਹਾ। ਭਾਈ ਮਨੀ ਸਿੰਘ ਨੇ ਗੁਰੂ ਸਾਹਿਬ ਦੇ ਵੇਈਂ ਤੋਂ ਬਾਹਰ ਆਉਣ ਦਾ ਪ੍ਰਸੰਗ ਲਿਖਦੇ ਹੋਏ ਕਿਹਾ ਕਿ 'ਪਾਤਸ਼ਾਹ ਜਦ ਬਾਹਰ ਆਏ ਤਾਂ ਉਹਨਾਂ ਦੇ ਸਿਰ ਉੱਤੇ ਜੂੜਾ, ਖੁੱਲੀ ਦਾੜ੍ਹੀ, ਨੰਗਾ ਪਿੰਡਾ, ਤੇੜ ਕੁਪੀਨ, ਸੁਲਤਾਨਪੁਰ ਵੱਲ ਨੂੰ ਟੁਰੇ ਜਾਣ..' ਇੱਥੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਕੇਸਾਧਾਰੀ ਸਨ।

ਇਤਿਹਾਸ ਵਿੱਚ ਇਹ ਵੀ ਹਵਾਲਾ ਆਉਂਦਾ ਹੈ ਕਿ ਉਹਨਾਂ ਨੇ ਫਿਰ ਭਾਈ ਮਰਦਾਨੇ ਨੂੰ ਜੋ ਤਿੰਨ ਹੁਕਮ ਦਿੱਤੇ ਉਹ ਇਹ ਸਨ: 'ਕੇਸ ਨਹੀਂ ਕਟਵਾਉਣੇ, ਅੰਮ੍ਰਿਤ ਵੇਲਾ ਨਹੀਂ ਖੁੰਝਣਾ ਅਤੇ ਆਏ ਗਏ ਸੰਤਾਂ ਦੀ ਸੇਵਾ ਕਰੀਂ।' ਏਹੀ ਹੁਕਮ ਗੁਰੂ ਹਰਿਰਾਏ ਸਾਹਿਬ ਨੇ ਕੀਤੇ: 'ਟੋਪੀ ਨਹੀਂ ਪਾਉਣੀ, ਕੇਸ ਨਹੀਂ ਕਟਵਾਉਣੇ, ਤੰਬਾਕੂ ਦਾ ਸੇਵਨ ਨਹੀਂ ਕਰਨਾ।' ਏਹੀ ਉਪਦੇਸ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦ੍ਰਿੜ੍ਹ ਕਰਵਾਉਂਦੇ ਹੋਏ 'ਕੇਸ ਰੱਖਣ ਅਤੇ ਕੇਸਾਂ ਦਾ ਅਦਬ ਕਰਨ ਦੇ ਹੁਕਮ ਦਿੱਤੇ।' ਏਹੀ ਖ਼ਾਲਸੇ ਦੀ ਮਰਿਆਦਾ ਬਣੀ। ਸੋ ਖ਼ਾਲਸੇ ਦੀ ਮਰਿਆਦਾ ਨਿਰਮਲ ਪੰਥ ਦੀ ਮਰਿਆਦਾ ਤੋਂ ਵੱਖ ਨਹੀਂ ਹੈ। ਸਿੱਖੀ ਦਾ ਕੇਸਾਂ ਨਾਲ਼ ਸੰਬੰਧ ਗੁਰਬਾਣੀ ਤੋਂ ਵੀ ਸਿੱਧ ਹੁੰਦਾ ਹੈ:

ਕੇਸ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ ॥1॥
(ਅੰਗ 749)

ਗੁਰ ਕੇ ਚਰਨ ਕੇਸ ਸੰਗਿ ਝਾਰੇ ॥1॥
(ਅੰਗ 387)

ਨਾ ਸਤਿ ਮੂੰਡ ਮੁਡਾਈ ਕੇਸੀ
ਨਾ ਸਤਿ ਪੜਿਆ ਦੇਸ ਫਿਰਹਿ ॥
(ਅੰਗ 952)

ਇਹ ਸੱਚ ਹੈ ਕਿ ਕੇਸਾਂ ਨੂੰ ਕੇਵਲ ਬਾਹਰੀ ਭੇਸ ਕਰਕੇ ਜਾਨਣ ਦਾ ਖੰਡਨ ਗੁਰਬਾਣੀ ਓਨਾ ਹੀ ਕਰਦੀ ਹੈ, ਜਿੰਨਾ ਮੁੰਡਨ ਕਰਨ ਦਾ:

ਕਬੀਰ ਪ੍ਰੀਤਿ ਇਕ ਸਿਉ ਕੀਏ
ਆਨ ਦੁਬਿਧਾ ਜਾਇ ॥
ਭਾਵੈ ਲਾਂਬੇ ਕੇਸ ਕਰੁ ਭਾਵੈ
ਘਰਰਿ ਮੁਡਾਇ ॥25॥
(ਅੰਗ 1365)

ਕਬੀਰ ਮਨੁ ਮੂੰਡਿਆ
ਨਹੀ ਕੇਸ ਮੁੰਡਾਏ ਕਾਂਇ ॥
ਜੋ ਕਿਛੁ ਕੀਆ ਸੋ ਮਨ ਕੀਆ
ਮੂੰਡਾ ਮੂੰਡੁ ਅਜਾਂਇ ॥101॥
(ਅੰਗ 1369 )

ਇਸ ਦਾ ਕਾਰਨ ਇਹ ਹੈ ਕਿ ਕੇਸ ਕੋਈ ਬਾਹਰੀ ਵੇਸ ਦੀ ਗੱਲ ਨਹੀ ਸਗੋਂ ਇਹ ਗੁਰਸਿੱਖ ਦਾ ਹੁਕਮ ਵਿੱਚ ਰਹਿਣ ਦਾ ਅਤੇ ਉਸ ਅਕਾਲ ਪੁਰਖ ਨਾਲ਼ ਪ੍ਰੇਮ ਨੂੰ ਦਰਸਾਉਂਦਾ ਇੱਕ ਚਿੰਨ੍ਹ ਹੈ। ਹਰਿੰਦਰ ਸਿੰਘ ਮਹਿਬੂਬ ਹੋਰਾਂ ਨੇ ਇਸੇ ਨੂੰ ਇੰਝ ਲਿਖਿਆ ਹੈ: 'ਕੇਸਾਂ ਦਾ ਪਿਆਰ, ਗੁਰੂ ਸਿੱਖ ਅਤੇ ਅਕਾਲ ਪੁਰਖ ਦੇ ਵਿਅਕਤੀਗਤ ਲਗਾਓ ਦਰਸਾਉਣ ਸਮੇਂ ਹੀ ਪ੍ਰਕਾਸ਼ਮਾਨ ਹੁੰਦਾ ਹੈ।' ਇਸ ਨੂੰ ਸਰਲ ਅੱਖਰਾਂ ਵਿੱਚ ਜੇ ਸਮਝਣਾ ਹੋਵੇ ਤਾਂ ਮੈਂ ਕਹਾਂਗੀ ਕਿ ਕੇਸ ਅਕਾਲ ਪੁਰਖ, ਉਸ ਕਾਦਰ ਵੱਲੋਂ ਦਿੱਤੇ ਹਨ, ਜੇਕਰ ਅਸੀਂ ਆਪਣੀ ਮਤ ਮਗਰ ਲੱਗ ਕੇ ਕਦੇ ਸੁਹੱਪਣ ਕਾਰਨ, ਕਦੇ ਮੰਡੀ ਤੋਂ ਪ੍ਰਭਾਵਿਤ ਹੋ ਜਾਂ ਕਿਸੇ ਵੀ ਹੋਰ ਕਾਰਨ ਇਹਨਾਂ ਨੂੰ ਕਤਲ ਕਰਵਾਉਂਦੇ ਹਾਂ ਤਾਂ ਅਸੀਂ ਓਸੇ ਨੂੰ ਚੁਨੌਤੀ ਦਿੰਦੇ ਹੋਏ ਕਹਿੰਦੇ ਹਾਂ ਕਿ ਤੂੰ ਤਾਂ ਸਾਨੂੰ ਸੋਹਣਾ ਨਹੀਂ ਬਣਾ ਸਕਿਆ, ਅਸੀਂ ਤੈਨੂੰ ਵਿਖਾਉਂਦੇ ਆ ਸੋਹਣਾ ਬਣ ਕੇ। ਇਹ ਜੋ ਅੱਜ ਹੋੜ ਲੱਗ ਗਈ ਹੈ ਪਲਾਸਟਿਕ ਸਰਜਰੀ ਦੀ, ਇਹ ਇਸੇ ਚੁਨੌਤੀ ਦਾ ਹੀ ਤਾਂ ਅਗਲਾ ਪੜਾਅ ਹੈ। ਹੁਣ ਤਾਂ ਇੱਥੋਂ ਤਕ ਵੀ ਆ ਗਿਆ ਕਿ ਇਨਸਾਨ ਇਹ ਵੀ ਕਹਿਣ ਲੱਗ ਗਿਆ ਕਿ ਤੂੰ ਮੈਨੂੰ ਮੁੰਡਾ/ਕੁੜੀ ਬਣਾ ਕੇ ਭੇਜਿਆ, ਮੈਨੂੰ ਪਸੰਦ ਨਹੀਂ ਆਇਆ, ਹੁਣ ਮੈਂ ਤੈਨੂੰ ਦੱਸਦਾ/ਦੱਸਦੀ ਹਾਂ ਕਿ ਮੈਨੂੰ ਕੀ ਹੋਣਾ ਚਾਹੀਦਾ ਸੀ ਅਤੇ ਉਹ ਲਿੰਗ-ਪਰਿਵਰਤਨ ਕਰਵਾ ਰਹੇ ਹਨ।

ਜ਼ਰਾ ਸੋਚੋ ਕਿ ਇਹ ਰੁਕੂਗਾ ਕਿੱਥੇ ਜਾ ਕੇ, ਸ਼ਾਇਦ ਕੱਲ੍ਹ ਨੂੰ ਇਨਸਾਨ ਇਹ ਕਹਿਣ ਲੱਗ ਜਾਏ ਕਿ ਮੈਨੂੰ ਤਾਂ ਮੇਰੀ ਇਨਸਾਨੀ ਨਸਲ ਹੀ ਪਸੰਦ ਨਹੀਂ, ਮੈਨੂੰ ਕੋਈ ਕੀੜਾ, ਪੰਛੀ, ਜਾਨਵਰ, ਜਾਂ ਜੀਵ ਹੋਣਾ ਚਾਹੀਦਾ ਸੀ। ਸੋ ਇਹ ਸਮਝ ਲਈਏ ਕਿ ਕੇਸ ਕੋਈ ਬਾਹਰੀ ਭੇਸ ਨਹੀਂ, ਬਲਕਿ ਸਹਿਜ ਵਿੱਚ ਰਹਿ, ਹੁਕਮ ਪਛਾਨਣ ਅਤੇ ਮਨ ਨੀਵਾਂ ਮਤ ਉੱਚੀ ਰੱਖਣ ਦਾ ਪਹਿਲਾ ਪੜਾਅ ਹੈ।

ਕਿਰਪਾਨ

ਗੁਰ ਤੇ ਗਿਆਨੁ ਪਾਇਆ
ਅਤਿ ਖੜਗੁ ਕਰਾਰਾ ॥
(ਅੰਗ 1087)

ਮਤਿ ਗੁਰ ਆਤਮ ਦੇਵ ਦੀ
ਖੜਗਿ ਜੋਰਿ ਪਰਾਕੁਇ ਜੀਅ ਦੈ ॥
(ਅੰਗ 966)

ਗੁਰੂ ਨਾਨਕ ਸਾਹਿਬ ਦੀ ਆਤਮਿਕ ਰੰਗ ਵਾਲ਼ੀ ਇਹ ਖੜਗ ਹੀ ਸੰਸਾਰੀ ਯੁੱਧ ਵਿੱਚ ਆਤਮਿਕ ਬਖ਼ਸ਼ਸ਼ਾਂ ਵਰਤਾਉਂਦੀ ਹੈ। ਇੱਥੇ ਸੰਸਾਰੀ ਯੁੱਧ ਉਸ ਧਰਾਤਲ ਉੱਤੇ ਲੜਨਾ ਜ਼ਰੂਰੀ ਸੀ, ਜਿੱਥੇ ਇਨਸਾਨ ਦੀ ਬੁੱਧ ਨੇ ਆਪਣੇ ਵਿਕਾਰਾਂ ਕਰਕੇ ਭੈਅ ਤੇ ਵੈਰ ਵਿੱਚ ਜੀਣਾ ਆਪਣਾ ਨਸੀਬ ਬਣਾ ਲਿਆ ਸੀ। ਗੁਰੂ ਨਾਨਕ ਸਾਹਿਬ ਦੀ ਇਹ ਅਦ੍ਰਿਸ਼ ਖੜਗ ਲਿਤਾੜੇ ਹੋਏ ਲੋਕਾਂ ਨੂੰ ਜਦੋਂ ਮਿਲਦੀ ਹੈ ਤਾਂ ਉਹਨਾਂ ਦਾ ਆਤਮਿਕ ਹਨੇਰਾ ਹਟਣ ਲੱਗਦਾ ਹੈ। ਉਹ ਜ਼ਾਲਮ ਅਤੇ ਜ਼ੁਲਮ ਅੱਗੇ ਖੜ੍ਹੇ ਹੋਣ ਦਾ ਹੁਨਰ ਸਿੱਖਣ ਲੱਗਦੇ ਹਨ ਬੇਸ਼ੱਕ ਗੁਰੂ ਨਾਨਕ ਸਾਹਿਬ ਦੀ ਇਹ ਖੜਗ ਧਾਤ ਦੀ ਨਹੀਂ ਸੀ ਬਣੀ, ਪਰ ਸੰਸਾਰ ਵਿੱਚ ਜੋ ਯੁੱਧ ਇਸ ਨੇ ਲੜਿਆ, ਓਸੇ ਨੇ ਨਿਰਜਿੰਦ ਅਗਿਆਨ ਦੀਆਂ ਪਰਤਾਂ ਨੂੰ ਪੁਰਜਾ-ਪੁਰਜਾ ਕੱਟਿਆ।

ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਦੀ ਕਿਰਪਾਨ ਨੇ ਮੀਰੀ-ਪੀਰੀ ਦੇ ਜਿੰਦਾ ਸੰਕਲਪ ਤੋਂ ਪਹਿਲਾਂ ਦੂਰ-ਦੁਰਾਡੇ ਦੇਸ਼ਾਂ ਵਿੱਚ ਪੀਰੀ ਦੇ ਅਣਗਿਣਤ ਜੌਹਰ ਉਦੈ ਕੀਤੇ। ਗੁਰੂ ਨਾਨਕ ਸਾਹਿਬ ਦੇ ਤੀਬਰ ਖ਼ਿਆਲ, ਗੁਰਬਾਣੀ ਦੇ ਅਲੰਕਾਰ-ਰੂਪਕਾਂ, ਉਹਨਾਂ ਦੇ ਅੰਦਾਜ਼ ਅਤੇ ਅਮਲ ਵਿੱਚ ਕ੍ਰਿਪਾਨ ਦੀ ਸ਼ਕਤੀਸ਼ਾਲੀ ਰੂਹਾਨੀਅਤ ਚਲੰਤ ਸੀ, ਜਿਹੜੀ ਮੀਰੀ-ਪੀਰੀ ਦਾ ਵੇਸ ਵਟਾਉਣ ਪਿੱਛੋਂ ਖ਼ਾਲਸਾ-ਸਿਰਜਣਾ ਦੇ ਛਿਣਾਂ ਦੀਆਂ ਪਰਖ-ਘੜੀਆਂ ਦੀ ਤੇਗ਼ ਹੋ ਨਿਬੜੀ ਅਤੇ ਅੰਮ੍ਰਿਤ ਦੇ ਪੰਜ ਕਕਾਰਾਂ ਵਿੱਚ ਸ਼ਾਮਿਲ ਹੋ ਗਈ। ਗੁਰੂ ਨਾਨਕ ਸਾਹਿਬ ਦੀ ਇਹੋ ਕਿਰਪਾਨ ਆਪਣੇ ਤੱਤ ਰੂਪ ਵਿੱਚ ਬੰਦਾ ਸਿੰਘ ਬਹਾਦਰ ਤਕ ਪਹੁੰਚੀ, ਜਿਸ ਨੇ ਉਹਨਾਂ ਦੀਆਂ ਮਹਾਨ ਜੰਗਾਂ ਨੂੰ ਗੁਰੂ-ਛੁਹ ਦਾ ਆਸਰਾ ਬਖ਼ਸ਼ਿਆ। ਬੰਦਾ ਸਿੰਘ ਬਹਾਦਰ ਦੇ ਚਲਾਏ ਸਿੱਕਿਆਂ ਵਿੱਚ ਕ੍ਰਮਵਾਰ ਨਾਨਕ ਦੀ ਕ੍ਰਿਪਾਨ ਦੀ ਬਰਕਤ, ਸ਼ਾਹ-ਏ-ਸ਼ਾਹਾਨ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ (ਫ਼ਜ਼ਲ), ਦੇਗ਼ ਤੇਗ਼ ਦੀ ਜਿੱਤ ਅਤੇ ਨਾਨਕ ਦਸਮ ਪਾਤਸ਼ਾਹ ਵੱਲੋਂ ਬਖ਼ਸ਼ੀ ਗਈ ਬੇ-ਰੋਕ ਮਦਦ (ਨੁਸਰਤ ਬੇਦਰੰਗ) ਵਰਗੇ ਇਸ਼ਾਰੇ ਗੁਰੂ ਨਾਨਕ ਸਾਹਿਬ ਦੀ ਉਸ ਕਿਰਪਾਨ ਦੀ ਗਵਾਹੀ ਦਿੰਦੇ ਹਨ, ਜਿਹੜੀ ਸਿੱਖ ਜੰਗਾਂ ਦੇ ਮਾਨਵਵਾਦੀ ਪੱਖਾਂ ਨੂੰ ਅੱਗੇ ਵਧਾਉਂਦੀ ਹੋਈ ਨਿਰੰਤਰ ਚੱਲਦੀ ਹੈ।'

**ਅੰਮ੍ਰਿਤ**

ਅਕਸਰ ਇਹ ਕਿਹਾ ਜਾਂਦਾ ਹੈ ਕਿ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਿਆਰ ਕੀਤਾ। ਸੱਚ ਹੈ ਅੰਮ੍ਰਿਤ ਦੇ ਦਾਤਾ ਦਸਵੇਂ ਪਾਤਸ਼ਾਹ ਹੀ ਹਨ ਪਰ ਇਹ ਮਿਲਿਆ ਉਹਨਾਂ ਗੁਰਸਿੱਖਾਂ ਨੂੰ ਹੀ ਜਿਨ੍ਹਾਂ ਨੇ ਗੁਰੂ-ਸਿਧਾਂਤ ਉੱਤੇ ਚਲਦਿਆਂ ਇਹ ਕਮਾਇਆ ਸੀ :

ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ
ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥
(ਅੰਗ 304 )


ਇੱਥੋਂ ਏਹੀ ਸਿੱਧ ਹੁੰਦਾ ਹੈ ਕਿ ਅੰਮ੍ਰਿਤ ਕੋਈ ਵੈਸਾਖੀ ਵਾਲੇ ਦਿਨ ਹੀ ਤਿਆਰ ਨਹੀਂ ਸੀ ਹੋ ਗਿਆ, ਇਸ ਦੀ ਤਿਆਰੀ ਗੁਰੂ ਨਾਨਕ ਸਾਹਿਬ ਤੋਂ ਹੀ ਚੱਲ ਰਹੀ ਸੀ, ਜੋ ਪਹਿਲਾਂ 'ਚਰਨ ਪਾਹੁਲ' ਦੇ ਰੂਪ ਵਿੱਚ ਰਹੀ ਫਿਰ 'ਦੋ-ਧਾਰੀ ਖੰਡੇ ਦੀ ਪਾਹੁਲ' ਹੋ ਗਈ।

ਇਸੇ ਤਰ੍ਹਾਂ ਜੈਕਾਰਾ ਵੀ ਕੋਈ ਗੁਰੂ ਗ੍ਰੰਥ ਸਾਹਿਬ ਵਿੱਚੋਂ ਬਾਹਰ ਦੀ ਗੱਲ ਨਹੀਂ ਹੈ:

ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥
(ਅੰਗ 308 )

ਉਹਨਾਂ ਗੁਰਸਿਖਾਂ ਦੇ ਮੁੱਖ ਉਜਲੇ ਹਨ, ਜੋ ਗੁਰੂ (ਭਾਵ ਸ਼ਬਦ-ਗੁਰੂ) ਦਾ ਜੈਕਾਰ ਕਰਵਾਉਂਦੇ ਹਨ। ਗੁਰਸਿੱਖਾਂ ਨੇ ਜਦੋਂ 1699 ਦੀ ਵੈਸਾਖੀ ਵਾਲੇ ਦਿਨ ਆਪਣੀ ਪਾਤਰਤਾ ਸਿੱਧ ਕਰ ਦਿੱਤੀ ਤਾਂ ਫ਼ਤਹਿ ਦਾ ਜੈਕਾਰਾ ਉਹਨਾਂ ਦਾ ਹੋ ਗਿਆ।

1699 ਦੀ ਵੈਸਾਖੀ ਨੂੰ ਜੋ ਕੁਝ ਵੀ ਵਾਪਰਿਆ 'ਉਹ ਨਿਰਮਲ ਪੰਥ ਦਾ ਖ਼ਾਲਸੇ ਪੰਥ ਤਕ ਦਾ ਅਲੌਕਿਕ ਸਫ਼ਰ ਹੈ', ਉਹ ਸਭ ਓਹੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਤੋਂ, ਗੁਰੂ




ਨਾਨਕ ਸਾਹਿਬ ਤੋਂ ਬਾਹਰ ਕੁਝ ਵੀ ਨਹੀਂ। ਜਦੋਂ ਇਹ ਸਮਝ ਆ ਗਿਆ ਤਾਂ ਫਿਰ ਇਹ ਵੀ ਸਮਝ ਆ ਜਾਵੇਗਾ ਕਿ ਕੇਸ ਵੀ ਗੁਰੂ ਨਾਨਕ ਸਾਹਿਬ ਦੀ ਹੀ ਦੇਣ ਹਨ।

ਇਸੇ ਲਈ ਸ਼ੁਰੂਆਤ ਵਿੱਚ ਹੀ ਬੇਨਤੀ ਕੀਤੀ ਹੈ ਕਿ ਗੁਰੂ-ਇਤਿਹਾਸ, ਗੁਰੂ-ਜੋਤ, ਅਤੇ ਗੁਰਬਾਣੀ ਦੀ ਲਗਾਤਾਰਤਾ ਨੂੰ ਸਮਝੇ ਬਿਨਾ ਕੁਝ ਵੀ ਹਾਸਿਲ ਹੋਣਾ ਮੁਮਕਿਨ ਨਹੀਂ, ਉਸ ਤੋਂ ਬਿਨਾ ਸਿਰਫ਼ ਉਲਝਣ, ਅਸਪਸ਼ਟਤਾ ਅਤੇ ਸ਼ੰਕੇ ਹੀ ਪੱਲੇ ਰਹਿ ਜਾਂਦੇ ਹਨ।

ਮੈਂ ਅਕਾਲ ਪੁਰਖ ਦੇ ਚਰਨਾਂ ਵਿੱਚ ਬੇਨਤੀ ਕਰਦੀ ਹਾਂ ਕਿ ਸਿੱਖਾਂ ਨੂੰ ਇਤਿਹਾਸ ਦੀ ਇਸ ਲਗਾਤਾਰਤਾ ਨੂੰ ਸਮਝਣ ਦੀ ਸੋਝੀ ਬਖ਼ਸ਼ਣ। ਕਰਤਾਰਪੁਰ ਸਾਹਿਬ ਤੋਂ ਅਨੰਦਪੁਰ ਸਾਹਿਬ ਪਹੁੰਚਣ ਦਾ ਰਾਹ ਮਾਛੀਵਾੜੇ ਵੱਲੋਂ ਹੀ ਹੋ ਕੇ ਨਿਕਲ਼ਦਾ ਹੈ, ਬੇਸ਼ੱਕ ਇੱਕ ਵਾਰ ਅਨੰਦਪੁਰ ਛੁਟਿਆ ਹੈ ਪਰ ਮਾਛੀਵਾੜੇ ਦੇ ਜੰਗਲ਼ਾਂ ਵਿੱਚੋਂ ਨਿਕਲ਼ ਅਸੀਂ ਮੁੜ ਰਾਜ ਕਾਇਮ ਕਰਾਂਗੇ। ਇਸ ਲਈ ਮੈਂ ਇਸ ਕਿਤਾਬ ਦੇ ਜ਼ਰੀਏ ਆਪ ਸਭ ਨੂੰ ਮਾਛੀਵਾੜੇ ਦੇ ਰਾਹ ਦਾ ਸੱਦਾ ਦਿੰਦੀ ਹਾਂ।

ਮਾਛੀਵਾੜੇ ਦੇ ਰਾਹ
ਅਕਲਮੰਦ ਸੁਣਿਆ ਕੁਝ
ਮੁਨਕਰ ਨੇ ਇਤਿਹਾਸ ਦੇ ਸੱਚ ਤੋਂ।
ਹੋਣੇ ਹੀ ਸੀ,
ਹੋਣ ਵਾਲ਼ੇ ਬੇਹੋਸ਼ ਚੀਚੀ 'ਤੇ ਲਹੂ ਵੇਖ
ਸਮਝਣ ਭਲਾ ਕਿਵੇਂ ਸਿਰ ਧਰ ਤਲ਼ੀ ਆਉਣ ਵਾਲਿਆਂ ਨੂੰ
ਹਰ ਕਿਸੇ ਦੇ ਹਿੱਸੇ ਆਰੇ ਆਉਂਦੇ ਨੇ ਕਿੱਥੇ।
ਸੁਖਾਲੀ ਥੋੜ੍ਹਾ ਮਿਲਦੀ ਹੈ ਚਰਖੜੀਆਂ 'ਤੇ ਚੜ੍ਹ
'ਵਾਹਿਗੁਰੂ' ਕਹਿਣ ਦੀ ਕਲਾ ।
ਚੜ੍ਹਦੀ ਕਲਾ ਅੱਖਾਂ 'ਚ, ਤੇ ਟੋਟੇ ਗਲ਼ਾਂ ਵਿੱਚ ਕੁੱਖ ਦੇ
ਕਿੱਥੇ ਵੱਸ ਦੀ ਹਰ ਕਿਸੇ ਦੇ ਇਹ ਖੇਡ ਨਿਰਾਲੀ।
ਕਟਵਾ ਜਾਵੇ ਬੰਦ-ਬੰਦ, ਨੱਬੇ ਸਾਲ ਦਾ ਬਾਪੂ
ਤੇ ਲੁਹਾ ਜਾਵੇ ਖੋਪਰ, ਜੀਂਦੀ ਜਵਾਨੀ ਹੱਸ ਕੇ
ਆਉਂਦੇ ਨੇ ਸੁਖਾਲੇ, ਇਹੋ ਜਿਹੇ ਸੰਤ ਯੋਧੇ ਸਮਝ ਕਿੱਥੇ।

ਸਤਿਬੀਰ ਸਿੰਘ, ਅਸ਼ਟਮ ਬਲਬੀਰਾ: ਜੀਵਨੀ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ (ਜਲੰਧਰ: ਨਿਊ ਬੁੱਕ ਕੰਪਨੀ), 1980 । (ਪੰਨਾ ਨੰਬਰ 89)

ਸਮਾਪਤ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 36 'ਤੇ ਪੜ੍ਹੋ**

**628. ਆਪਣੀ ਕੁਲ ਜਾਂ ਆਪਣੀਆਂ ਸਾਰੀਆਂ ਕੁਲਾਂ ਦਾ ਪਾਰ ਉਤਾਰਾ ਕੌਣ ਕਰ ਲੈਂਦਾ ਹੈ?**

ਸਤਿਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ, ਮਾਛਿੰਦ੍ਰਾ ਸੁਣ! ਜਿਹੜਾ ਪੰਜਾਂ ਵਿਕਾਰਾਂ ਤੇ ਕਾਬੂ ਪਾ ਲੈਂਦਾ ਹੈ ਤੇ ਇਹਨਾਂ ਕਰਕੇ ਉਹ ਕਦੇ ਡੋਲਦਾ ਨਹੀਂ । ਉਸਦੀ ਐਸੀ ਜੁਗਤੀ ਜੋਗ ਨੂੰ ਵਿਕਸਿਤ ਕਰਦੀ ਹੈ। ਉਹ ਆਪ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ, ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਤਾਰ ਲੈਂਦਾ ਹੈ । "ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥1॥ ਅੰਗ 877" । ਮਨ ਅੰਦਰ ਦੀ ਜਾਨਣ ਵਾਲ਼ੇ ਪ੍ਰਭੂ ਦਾ ਨਾਮ ਸਿਮਰ ਕੇ ਜੀਵ ਦੀਆਂ ਸਾਰੀਆਂ ਕੁਲਾਂ ਤਰ ਜਾਂਦੀਆਂ ਹਨ । "ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ ॥ ਅੰਗ 928" । ਜਿਨ੍ਹਾਂ ਨੂੰ ਸੱਚੇ ਪ੍ਰਭੂ ਨੇ ਸਦਾ ਥਿਰ ਪ੍ਰਭੂ ਨਾ਼ਲ ਲਾਇਆ, ਉਹ ਸੱਚੇ ਪ੍ਰਭੂ ਨੂੰ ਹਿਰਦੇ ਵਿਚ ਸੰਭਾਲ ਕੇ ਰੱਖਦੇ ਹਨ । ਹੇ ਨਾਨਕ! ਉਹਨਾਂ ਦਾ ਜਗਤ ਵਿਚ ਆਉਣਾ ਕਬੂਲ ਹੁੰਦਾ ਹੈ ਜਿਹੜੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦੇ ਹਨ । "ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ ॥ ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ॥1॥ ਅੰਗ 951" । (ਪ੍ਰਭੂ ਸਿਮਰਨ ਨਾ਼ਲ) ਦਾਸੀ ਪੁੱਤਰ ਬਿਦਰ ਪਵਿੱਤਰ ਹੋ ਗਿਆ ਤੇ ਉਸਦੀਆਂ ਸਾਰੀਆਂ ਕੁਲਾਂ ਰੌਸ਼ਨ (ਭਾਵ ਨਿਰਮਲ) ਹੋ ਗਈਆਂ। "ਬਿਦਰ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ ॥3॥ ਅੰਗ 999" । ਗੁਰੂ ਦੀ ਮਤਿ ਰਾਹੀਂ ਜਗਤ ਦਾ ਜੀਵਨ ਪ੍ਰਭੂ ਮਨ 'ਚ ਵਸ ਜਾਂਦਾ ਹੈ ਜੋ ਸਭ ਕੁਲਾਂ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨ ਵਾ਼ਲਾ ਹੈ । "ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥4॥ ਅੰਗ 1009" । ਕਲਿਜੁਗ ਵਿਚ ਪ੍ਰਭੂ ਦਾ ਕੀਰਤਨ ਸ੍ਰੇਸ਼ਟ ਹੈ। ਗੁਰੂ ਅਨੁਸਾਰੀ ਹੋ ਕੇ ਧਿਆਨ ਨਾ਼ਲ ਪ੍ਰਭੂ ਦਾ ਜਾਪ ਕਰੋ । (ਤੁਸੀਂ) ਆਪ ਤਰ ਜਾਓਗੇ, ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲਓਗੇ ਤੇ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਨਾ਼ਲ ਜਾਓਗੇ । "ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥ ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥6॥ ਅੰਗ 1075" । ਜਿਹੜਾ ਆਦਮੀ ਸਤਸੰਗਤਿ ਨਾ਼ਲ ਮਿਲਦਾ ਰਹੇ ਤੇ ਸੱਚੇ ਪ੍ਰਭੂ ਨਾ਼ਲ ਪਿਆਰ ਧਾਰਨ ਕਰੇ, ਉਹ ਆਪਣੇ ਅੰਦਰੋਂ (ਹਉਮੈ/ਵਿਕਾਰਾਂ ਦੀ) ਮੈਲ ਕੱਟ ਲੈਂਦਾ ਹੈ ਤੇ ਆਪਣੀਆਂ ਕੁਲਾਂ ਦਾ ਪਾਰ ਉਤਾਰਾ ਕਰ ਲੈਂਦਾ ਹੈ । "ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥ ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥ ਅੰਗ 1087" । ਹੇ ਪ੍ਰਭੂ! ਜਿਸ ਮਨੁੱਖ ਨੂੰ ਤੂੰ ਗੁਰੂ ਮਿਲਾ ਦਿੰਦਾ ਹੈਂ, ਉਸ ਦੀਆਂ ਸਾਰੀਆਂ ਕੁਲਾਂ ਤਰ ਜਾਂਦੀਆਂ ਹਨ । "ਜਿਸੁ ਮੇਲਹਿ ਸਤਿਗੁਰੁ ਆਪਿ ਤਿਸ ਕੇ ਸਭਿ ਕੁਲ ਤਰਾ ॥ ਅੰਗ 1096" । ਹੇ ਪ੍ਰਭੂ! ਜੋ ਤੇਰੀ ਸ਼ਰਨ ਲੈਂਦਾ ਹੈ ਉਹ ਆਪ ਤਰ ਜਾਂਦਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ । "ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ ॥2॥ ਅੰਗ 1155" । ਜੇ ਮਾਲਕ-ਪ੍ਰਭੂ ਨੂੰ ਪਸੰਦ ਆਵੇ ਤਾਂ ਹੀ ਕੋਈ ਸੇਵਕ ਪ੍ਰਭੂ ਦੀ ਸੇਵਾ (ਭਗਤੀ) ਕਰ ਸਕਦਾ ਹੈ । ਉਹ ਆਪਣੇ ਮਨ/ਹਉਮੈ ਨੂੰ ਮਾਰ ਲੈਂਦਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਲੈਂਦਾ ਹੈ । "ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥ ਜੀਵਤੁ ਮਰੈ ਸਭਿ ਕੁਲ ਉਧਰੈ॥1॥ ਅੰਗ 1170" । ਹੇ ਨਾਨਕ! ਚਾਰ ਵਰਨਾਂ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ) ਚਾਰ ਆਸ਼੍ਰਮਾਂ (ਬ੍ਰਹਮਚਰਜ, ਗ੍ਰਹਿਸਥ, ਵਨ ਪ੍ਰਸਥ ਤੇ ਸੰਨਿਆਸ) ਵਿਚੋਂ ਜਿਹੜਾ ਭੀ ਕੋਈ ਗੁਰੂ ਨੂੰ ਮਿਲਦਾ ਹੈ, ਉਹ ਆਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਪਾਰ ਲੰਘਾ ਲੈਂਦਾ ਹੈ । "ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥2॥5॥11॥ ਅੰਗ 1297" । ਸਾਧ (ਗੁਰੂ) ਦੇ ਬਚਨ ਕ੍ਰੋੜਾਂ ਪਾਪਾਂ ਦਾ ਨਾਸ ਕਰ ਦਿੰਦੇ ਹਨ । ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਧਰ ਕੇ ਮਨੁੱਖ ਆਪਣੀਆਂ ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ । "ਸੁਮੰਤ੍ਰ ਸਾਧ ਬਚਨਾ ਕੋਟਿ ਦੋਖ ਬਿਨ-ਾਸਨਹ ॥ ਹਰਿ ਚਰਣ ਕਮਲ ਧੵਾਨੰ ਨਾਨਕ ਕੁਲ ਸਮੂਹ ਉਧਾਰਣਹ ॥11॥ ਅੰਗ 1360" । ਜਿਹੜਾ ਮਨੁੱਖ ਵੇਦ ਪੁਰਾਣ ਸ਼ਾਸਤ੍ਰਾਂ, ਆਦਿ ਨੂੰ ਵਿਚਾਰ ਕੇ ਇੱਕ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਉਂਦਾ ਹੈ, ਉਹ ਆਪਣੀਆਂ ਸਾਰੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ । "ਬੇਦ ਪੁਰਾਣ ਸਾਸਤ੍ਰ ਬੀਚਾਰੰ ॥ ਏਕੰਕਾਰ ਨਾਮ ਉਰ ਧਾਰੰ ॥ ਕੁਲਹ ਸਮੂਹ ਸਗਲ ਉਧਾਰੰ॥ ਅੰਗ 1361" । ਸ੍ਰਿਸ਼ਟੀ ਦੇ ਜਾਨਣਹਾਰ ਪ੍ਰਭੂ ਦਾ ਸਿਮਰਨ ਕਰਨ ਨਾ਼ਲ ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ । "ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ ॥ ਅੰਗ 1361" । ਪਰਮਾਤਮਾ ਦੇ ਗੁਣ ਯਾਦ ਕਰਦਿਆਂ ਮਨੁੱਖ ਨਿਰਮਲ (ਹਉਮੈ ਦੀ ਮੈਲ ਤੋਂ ਰਹਿਤ) ਹੋ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ । "ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ ॥ ਅੰਗ 1362" । ਹਰੀ-ਰੂਪ ਗੁਰੂ ਨਾਨਕ (ਦੇ ਚਰਨਾਂ) ਨੂੰ ਜਿਸਨੇ ਪਰਸਿਆ ਹੈ, ਉਸਨੇ ਆਪਣੀ ਸਾਰੀ ਕੁਲਾਂ ਦਾ ਬੇੜਾ ਪਾਰ ਕਰ ਲਿਆ । "ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤਿਨ੍ਹ ਸਭ ਕੁਲ ਕੀਓ ਉਧਾਰੁ ॥6॥ ਅੰਗ 1386" । ਹਰੀ ਪ੍ਰਭੂ ਜੀਵਾਂ ਨੂੰ (ਸੰਸਾਰ-ਸਾਗਰ ਤੋਂ) ਤਾਰਨ ਲਈ ਜਹਾਜ਼ ਹੈ ਅਤੇ (ਭਗਤ ਜਨਾਂ ਦੀਆਂ) ਸਾਰੀਆਂ ਕੁਲਾਂ ਨੂੰ ਪਾਰ ਉਤਾਰਨ ਲਈ ਪੂਰਨ ਤੌਰ ਤੇ ਸਮਰੱਥ ਹੈ । "ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥ ਅੰਗ 1387" । (ਗੁਰੂ ਅਮਰਦਾਸ ਜੀ ਨੇ) ਆਪਣੇ ਹਿਰਦੇ ਵਿਚ ਨਾਮ ਦਾ ਨਿਵਾਸ ਕੀਤਾ ਹੈ ਤੇ ਆਪਣੀਆਂ ਸਾਰੀਆਂ ਕੁਲਾਂ ਤਾਰ ਦਿੱਤੀਆਂ। ਕਵੀ ਕਲ੍ਹਸਹਾਰ ਆਖਦਾ ਹੈ— 'ਉਸ ਮਨੁੱਖ ਦਾ ਜਨਮ ਸਕਾਰਥਾ (ਸਫਲਾ) ਹੈ ਜਿਸ ਨੇ ਪ੍ਰਕਾਸ਼-ਸੂਰਪ ਗੁਰੂ ਅਮਰਦਾਸ ਜੀ ਨੂੰ ਪਰਸਿਆ ਹੈ' । "ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ ॥ ਸਕਯਥੁ ਜਨਮੁ ਕਲ੍ਹੁਚਰੈ ਗੁਰੁ ਪਰਸ੍ਯਿਉ ਅਮਰ ਪ੍ਰਗਾਸੁ ॥8॥ ਅੰਗ 1393" ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

# ਮੇਹੁਲ ਚੋਕਸੀ ਵੱਲੋਂ ਬੈਲਜੀਅਮ ਦੀ ਸੁਪਰੀਮ ਕੋਰਟ ਵਿੱਚ ਹਵਾਲਗੀ ਨੂੰ ਚੁਣੌਤੀ



**ਭਗੌੜਾ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਨੇ ਬੈਲਜੀਅਮ ਦੀ ਸੁਪਰੀਮ ਕੋਰਟ ਵਿੱਚ ਐਂਟਵਰਪ ਅਪੀਲ ਕੋਰਟ ਦੇ 17 ਅਕਤੂਬਰ ਦੇ ਹੁਕਮ ਨੂੰ ਚੁਣੌਤੀ ਦਿੱਤੀ ਹੈ ਜਿਸ ਵਿੱਚ ਉਸ ਦੀ ਭਾਰਤ ਨੂੰ ਹਵਾਲਗੀ ਕਰਨ ਲਈ ਕਿਹਾ ਗਿਆ ਸੀ। ਐਂਟਵਰਪ ਵਿੱਚ ਅਪੀਲ ਕੋਰਟ ਦੇ ਸਰਕਾਰੀ ਵਕੀਲ ਨੇ ਕਿਹਾ ਕਿ ਚੋਕਸੀ ਨੇ 30 ਅਕਤੂਬਰ ਨੂੰ ਇਸ ਹਵਾਲਗੀ ਖ਼ਿਲਾਫ਼ ਚੁਣੌਤੀ ਦੇਣ ਦੀ ਅਪੀਲ ਦਾਇਰ ਕੀਤੀ ਸੀ।**

ਬੈਲਜੀਅਮ ਦੀ ਐਂਟਵਰਪ ਅਦਾਲਤ ਨੇ ਪਹਿਲਾਂ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀ ਹਵਾਲਗੀ ਨੂੰ ਹਰੀ ਝੰਡੀ ਦੇ ਦਿੱਤੀ ਸੀ। ਅਦਾਲਤ ਨੇ ਕਿਹਾ ਸੀ ਕਿ ਭਾਰਤ ਦੀ ਉਸ ਦੀ ਗ੍ਰਿਫਤਾਰੀ ਦੀ ਮੰਗ ਜਾਇਜ਼ ਹੈ ਤੇ ਬੈਲਜੀਅਮ ਪੁਲੀਸ ਵਲੋਂ ਉਸ ਨੂੰ ਗ੍ਰਿਫ਼ਤਾਰ ਕਰਨਾ ਵੀ ਸਹੀ ਸੀ। ਐਂਟਵਰਪ ਪੁਲੀਸ ਨੇ ਮੇਹੁਲ ਨੂੰ ਇਸ ਸਾਲ 11 ਅਪਰੈਲ ਨੂੰ ਗ੍ਰਿਫਤਾਰ ਕੀਤਾ ਸੀ। ਜ਼ਿਕਰਯੋਗ ਹੈ ਕਿ ਚੋਕਸੀ ਪੰਜਾਬ ਨੈਸ਼ਨਲ ਬੈਂਕ ਨਾਲ 13,000 ਕਰੋੜ ਰੁਪਏ ਦੀ ਬੈਂਕ ਕਰਜ਼ਾ ਧੋਖਾਧੜੀ ਕੇਸ ਵਿਚ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ। ਚੋਕਸੀ ਦੇ ਬੈਲਜੀਅਮ ਵਿਚ ਹੋਣ ਬਾਰੇ ਪਿਛਲੇ ਸਾਲ ਪਤਾ ਲੱਗਾ ਸੀ। ਹੀਰਾ ਕਾਰੋਬਾਰੀ, ਜੋ 2018 ਵਿਚ ਭਾਰਤ ਛੱਡਣ ਮਗਰੋਂ ਐਂਟੀਗਾ ਵਿਚ ਰਹਿ ਰਿਹਾ ਸੀ, ਮੈਡੀਕਲ ਇਲਾਜ ਲਈ ਉਥੇ ਗਿਆ ਸੀ।


ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

**ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।**

NAME.......................................................................................
ADDRESS.................................................................................
...............................................POST CODE..............................
TEL..........................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

**or call on / WHATSAPP NO : 07966 388 388**

***www.panjabtimes.uk Email: Panjabtimes@aol.com***

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 48

# ਇੱਕ ਮੇਰੀ ਅੱਖ ਕਾਸ਼ਣੀ...

**ਹਸਪਤਾਲ਼ ਦੇ ਅਮਲੇ ਨੂੰ ਵਕਤ ਪੈ ਗਿਆ। ਡਾਕਟਰਾਂ ਦੇ ਦਿਲ ਫੜੇ ਗਏ। ਇਹ ਹੁਣ ਕੀ ਆਫ਼ਤ ਆ ਡਿੱਗੀ ਸੀ? ਡਾਕਟਰ ਹੈਰਾਨ ਸਨ। ਡੀ.ਜੀ.ਪੀ. ਖਹਿਰਾ ਅਤੇ ਉਸ ਦੇ ਅੰਗ ਰੱਖਿਅਕ ਦਫ਼ਤਰ ਅੰਦਰ ਚਲੇ ਗਏ। ਨਾਲ਼ ਉਹਨਾਂ ਦੇ ਆਈ.ਪੀ.ਐੱਸ. ਅਫ਼ਸਰ ਰਾਠੌਰ ਵੀ ਸੀ। ਉਹ ਬੜੇ ਹੈਰਾਨ ਸਨ ਕਿ ਕੁੜੀ ਹਸਪਤਾਲ਼ ਦਾਖ਼ਲ ਸੀ ਅਤੇ ਉਹਨਾਂ ਕੋਲ਼ ਕਿਸੇ ਨੇ ਭਾਫ਼ ਤੱਕ ਨਹੀਂ ਕੱਢੀ ਸੀ। ਜੇ ਕਿਤੇ ਮਾਣੋਂ ਦੀ ਮਾਂ ਬਘੇਲ ਸਿਉਂ ਦੇ ਘਰ ਫ਼ੋਨ ਕਰ ਕੇ ਨਾ ਸੁੱਖ ਸਾਂਦ ਪੁੱਛਦੀ ਤਾਂ ਸ਼ਾਇਦ ਉਹਨਾਂ ਕੋਲ਼ ਕਿਸੇ ਨੇ ਭੋਗ ਤੱਕ ਨਹੀਂ ਪਾਉਣਾ ਸੀ।**

**ਸੰਖੇਪ ਜਾਇਜ਼ਾ ਲੈਣ ਤੋਂ ਬਾਅਦ ਖਹਿਰਾ ਵੱਡੇ ਡਾਕਟਰ ਕੋਲ਼ ਦਫ਼ਤਰ ਪਹੁੰਚ ਗਿਆ।**

**-"ਕੁੜੀ ਕੋਲ਼ ਹੁੰਦਾ ਕੌਣ ਐਂ...?" ਖਹਿਰੇ ਦਾ ਸੁਆਲ ਸੀ।**




## ਕਾਂਡ 22

ਡਰਾਈਵਰ ਆ ਗਏ।

ਬੇਸੁੱਧ ਮਾਣੋਂ ਨੂੰ ਗੱਡੀ ਵਿੱਚ ਲੱਦ ਹਸਪਤਾਲ਼ ਪਹੁੰਚਾਇਆ ਗਿਆ। ਗੱਡੀਆਂ ਦਾ ਕਾਫ਼ਲਾ ਦੇਖ ਕੇ ਡਾਕਟਰ ਪ੍ਰੇਸ਼ਾਨ ਹੋ ਗਏ।

-"ਇਹ ਪੁਲ਼ਸ ਕੇਸ ਐ, ਅਸੀਂ ਪੁਲੀਸ ਦੀ ਮੌਜੂਦਗੀ ਤੋਂ ਬਿਨਾ ਕੇਸ ਨੂੰ ਹੱਥ ਨਹੀਂ ਪਾ ਸਕਦੇ...।" ਵੱਡੇ ਡਾਕਟਰ ਨੇ ਕਾਨੂੰਨੀ ਅਤੇ ਅਸੂਲੀ ਗੱਲ ਕੀਤੀ।

-"ਇਹ ਡੀ.ਜੀ.ਪੀ. ਦੀ ਬੇਟੀ ਐ, ਜੇ ਇਹਨੂੰ ਕੁਛ ਹੋ ਗਿਆ, ਥੋਨੂੰ ਸਣੇ ਬੱਚੇ ਘੁਲ਼ਾੜੀ ਪੀੜ ਦਿਊ...।" ਬਘੇਲ ਸਿਉਂ ਨੇ ਦਬਕਾੜਾ ਮਾਰਿਆ। ਡਾਕਟਰ ਡਰ ਨਾਲ਼ ਕਸੂਤੇ ਫ਼ਸ ਗਏ। ਪਰ ਫ਼ਿਰ ਵੀ ਡਾਕਟਰ ਨੇ ਸਥਾਨਕ ਪੁਲੀਸ ਨੂੰ ਸੂਚਿਤ ਕਰ ਦਿੱਤਾ ਅਤੇ ਡਾਕਟਰੀ ਇਲਾਜ਼ ਸ਼ੁਰੂ ਕਰ ਦਿੱਤਾ। ਮਾਣੋਂ ਦਾ ਕੋਈ-ਕੋਈ ਸਾਹ ਚੱਲ ਰਿਹਾ ਸੀ। ਖ਼ੂਨ ਜ਼ਿਆਦਾ ਵਗ ਜਾਣ ਕਾਰਨ ਡਾਕਟਰ ਚਿੰਤਤ ਨਜ਼ਰ ਆ ਰਹੇ ਸਨ। ਮਾਣੋਂ ਨੂੰ ਖ਼ੂਨ ਚਾੜ੍ਹਿਆ ਗਿਆ। ਗੁਲੂਕੋਜ਼ ਦੀਆਂ ਬੋਤਲਾਂ ਅਤੇ ਕੁਛ ਜ਼ਰੂਰੀ ਟੀਕੇ ਲਾਏ ਗਏ। ਜ਼ਖ਼ਮਾਂ ਉਪਰ ਮੱਲ੍ਹਮ ਲਾਈ ਗਈ। ਸਮੇਂ ਦੀ ਨਜ਼ਾਕਤ ਦੇਖ ਕੇ ਬਘੇਲ ਸਿੰਘ ਨੇ ਬੋਰੀ ਜਿੱਡੇ ਗੀਝੇ ਵਿੱਚੋਂ ਰੁੱਗ ਭਰ-ਭਰ ਨੋਟ ਵਰ੍ਹਾਉਣੇ ਸ਼ੁਰੂ ਕਰ ਦਿੱਤੇ।

ਇੱਕ ਹੌਲਦਾਰ ਅਤੇ ਸਿਪਾਹੀ ਆ ਕੇ ਮਾਣੋਂ ਨੂੰ ਦੇਖਣ ਆ ਗਏ।

-"ਜੋਰ ਜ਼ਬਰਦਸਤੀ" ਦਾ ਮਾਮਲਾ ਤਾਂ ਲੱਗਦਾ ਨਹੀਂ, ਨਵਾਂ-ਨਵਾਂ ਵਿਆਹ ਹੋਇਐ, ਅਜਿਹੇ ਕੇਸ ਅਕਸਰ ਹੁੰਦੇ ਰਹਿੰਦੇ ਆ...!" ਡਾਕਟਰ ਨੇ ਹੌਲਦਾਰ ਨੂੰ ਰਿਪੋਰਟ ਦਿੱਤੀ। ਬਘੇਲ ਸਿਉਂ ਦੇ ਬੱਬਾ ਭਰ ਕੇ ਦਿੱਤੇ ਨੋਟ ਆਪਣਾ ਗੂੜ੍ਹਾ ਰੰਗ ਦਿਖਾ ਰਹੇ ਸਨ।

-"ਕੁੜੀ ਤਾਂ ਜਨਾਬ ਪਾੜੀ ਪਈ ਐ...!" ਸਿਪਾਹੀ ਬੋਲਿਆ। ਉਸ ਦੇ ਬਰਾਮਦੀ ਕੱਪੜੇ ਤਾਂ ਦੇਖੋ।

-"ਮੁੰਡਾ ਕੈਨੇਡਾ ਤੋਂ ਆਇਐ, ਤੇ ਵੈਸੇ ਵੀ ਜਰਵਾਣੈ..। ਕੁੜੀ ਸੀ ਮਾਲੂਕ, ਉਹਦੀ ਤਾਬ ਨੀ ਝੱਲ ਸਕੀ, ਹੋਰ ਕੋਈ ਗੱਲ ਨੀ ਜਨਾਬ, ਬਾਕੀ ਗੱਲ ਤੁਸੀਂ ਔਹ ਸਰਦਾਰ ਸਾਅਬ ਨਾਲ਼ ਕਰ ਲਓ, ਉਹ ਮੁੰਡੇ ਦਾ ਪਿਉ ਐ...।" ਡਾਕਟਰ ਨੇ ਬਘੇਲ ਸਿਉਂ ਵੱਲ ਉਂਗਲ਼ ਕਰ ਦਿੱਤੀ।

-"ਥੋਨੂੰ ਪਤੈ ਬਈ ਬਾਹਰਲੇ ਮੁੰਡਿਆਂ ਨੂੰ ਸੈਕਸ ਦਾ ਤਜ਼ਰਬਾ ਹੁੰਦੈ, ਤੇ ਸਾਡੇ ਬੱਚੇ ਹੁੰਦੇ ਐ ਇਸ ਪੱਖ ਤੋਂ ਕੋਰੇ, ਆਪਣਾ ਬਚਾਓ ਕਰਨ ਬਾਰੇ ਨੀ ਜਾਣਦੇ, ਤੁਸੀਂ ਸਰਦਾਰ ਸਾਅਬ ਨਾਲ਼ ਗੱਲ ਕਰ ਲਓ, ਨਿਰਾਸ਼ ਨਹੀਂ ਹੋਵੋਂਗੇ...।" ਡਾਕਟਰ ਨੇ "ਹੋਰ ਪਾਸੇ" ਵੱਲ ਇਸ਼ਾਰਾ ਕੀਤਾ। ਡਾਕਟਰ ਦੇ ਆਖੇ ਲੱਗ ਉਹ ਬਘੇਲ ਸਿਉਂ ਕੋਲ਼ ਚਲੇ ਗਏ।

ਬੋਹੜ ਵਾਂਗ ਫ਼ੈਲਰਿਆ ਬਘੇਲ ਸਿਉਂ ਊਠ ਵਾਂਗ ਇਕੱਲਾ ਹੀ ਮੰਜੇ 'ਤੇ ਖਿਲਰਿਆ ਜਿਹਾ ਬੈਠਾ ਸੀ।

-"ਇਹ ਫੱਟੜ ਥੋਡੀ ਨੂੰਹ ਐ...?" ਹੌਲਦਾਰ ਨੇ ਡਾਇਰੀ ਕੱਢ ਕੇ ਸੁਆਲ ਕੀਤਾ।

-"ਓਹ ਆਓ ਬਈ ਅਫ਼ਸਰੋ...! ਸਾਸਰੀਕਾਲ...!" ਬਘੇਲ ਸਿਉਂ ਨੇ ਮੰਜੇ 'ਤੇ ਪਾਸਾ ਜਿਹਾ ਮਾਰਿਆ। ਚੂਲ਼ਾਂ ਨੇ ਦੁਹਾਈ ਮਚਾ ਦਿੱਤੀ, "ਆਹੋ, ਸਾਡੀ ਨੂੰਹ ਐਂ ਅਫ਼ਸਰੋ...!"

-"ਕੋਈ ਲੜਾਈ ਝਗੜਾ ਤਾਂ ਨੀ ਸੀ ਹੋਇਆ, ਜਾਂ ਬੀਬੀ ਨਾਲ਼ ਕੋਈ ਮੂੰਹ ਰੋਸਾ..?"

-"ਅਫ਼ਸਰੋ, ਸਿਆਣੇ ਬਿਆਣੇ ਬੰਦੇ ਓਂ, ਨਵਾਂ ਵਿਆਹ ਹੋਇਐ, ਇੱਕ ਦਿਨ 'ਚ ਦੱਸੋ ਕੀ ਮਨ ਮੁਟਾਵ ਹੋ ਗਿਆ, ਜਾਂ ਕੀ ਮੂੰਹ ਰੋਸਾ ਹੋਜੂ..? ਇਹ ਦਿਨ ਤਾਂ ਅਫ਼ਸਰੋ ਪਿਆਰ ਮੁਹੱਬਤ ਦੇ ਹੁੰਦੇ ਐ, ਦੱਸੋ ਚਾਹ ਪਾਣੀ ਪੀਣੈ, ਜਾਂ ਦੂਜੀ ਦੁਆਈ...?" ਚਤਰ ਬਘੇਲ ਸਿਉਂ ਨੇ ਚੋਗਾ ਖਿਲਾਰਿਆ। ਹੌਲਦਾਰ ਸਿਪਾਹੀ ਵੱਲ ਝਾਕਿਆ ਅਤੇ ਸਿਪਾਹੀ ਨੇ ਗੁੱਝਾ ਇਸ਼ਾਰਾ ਕਰ ਕੇ ਮੁਰਗੀ "ਮੁੰਨਣ" ਵਾਸਤੇ ਹੀ ਹਾਂਮ੍ਹੀਂ ਭਰ ਦਿੱਤੀ।

-"ਚਲੋ ਆਓ, ਦੁਆਈ ਪੀਨੇ ਆਂ, ਠਾਰੀ ਹਟਜੂ...!" ਬਘੇਲ ਸਿਉਂ ਹੌਲਦਾਰ ਦੇ ਅੱਗੇ ਲੱਗ ਤੁਰਿਆ। ਉਸ ਦਾ ਭਾਰੀ ਪੈਰ ਫੌੜ੍ਹੇ ਵਾਂਗ ਧਰਤੀ 'ਤੇ ਵੱਜਦਾ ਸੀ।

ਹਸਪਤਾਲ਼ ਦੇ ਨਾਲ਼ ਦੇ ਹੋਟਲ ਵਿੱਚ ਵੜ ਕੇ ਬਘੇਲ ਸਿਉਂ ਨੇ ਪੰਜ ਹਜ਼ਾਰ ਦੀ ਗੁੱਟੀ ਹੌਲਦਾਰ ਹੱਥ ਦੇ ਦਿੱਤੀ।

-"ਆਪਸ 'ਚ ਵੰਡ ਲਿਓ, ਪਰ ਇੱਕ ਦੂਜੇ ਨਾਲ਼ ਕਾਣੀ ਵੰਡ ਨਾ ਕਰਿਓ ਮੇਰੇ ਸ਼ੇਰ...। ਜੇ ਹੋਰ ਚਾਹੀਦੇ ਹੋਏ, ਹੋਰ ਲੈਜਿਓ, ਪਰ ਰੌਲ਼ਾ ਨਾ ਕਰਿਓ ਆਪਸ ਵਿੱਚ, ਤੁਸੀਂ ਵੀ ਮੇਰੇ ਬੱਚੇ ਹੀ ਓਂ, ਕੀ ਹੋ ਗਿਆ ਪੁਲ਼ਸ 'ਚ ਭਰਤੀ ਹੋਗੇ...?"

ਹੌਲਦਾਰ ਨੇ ਗੁੱਟੀ ਜੇਬ ਵਿੱਚ ਪਾ ਲਈ ਅਤੇ ਦੋਵੇਂ ਹੱਥ ਜੋੜ ਕੇ "ਸਤਿ ਸ੍ਰੀ ਅਕਾਲ" ਬੁਲਾਈ।

ਬਘੇਲ ਸਿਉਂ ਜੇਤੂ ਅੰਦਾਜ਼ ਵਿੱਚ ਵਾਪਸ ਪਰਤ ਆਇਆ।

-"ਇਹ ਕਿਵੇਂ ਆਏ ਸੀ, ਸਰ...?" ਬਘੇਲ ਸਿਉਂ ਦਾ 'ਸੇਵਕ' ਮੁੰਡਾ ਮੱਖਣ ਬੋਲਿਆ।

ਬਘੇਲ ਸਿਉਂ ਉਚੀ-ਉਚੀ ਹੱਸ ਪਿਆ।

-"ਹੱਡਾਰੋੜੀ 'ਚ ਕੁੱਤੇ ਕੀ ਲੈਣ ਜਾਂਦੇ ਹੁੰਦੇ ਐ...? ਹੱਡ...! ਬੱਸ ਇਹ ਸਮਝਲਾ ਬਈ ਇਹ 'ਹੱਡ' ਲੈਣ ਆਏ ਸੀ..!" ਉਹ ਚੌਂਕੜਾ ਮਾਰ ਕੇ ਮੰਜੇ 'ਤੇ ਬੈਠ ਗਿਆ।

-"ਮੱਖਣਾਂ..! ਸਿਆਣੇ ਆਖਦੇ ਹੁੰਦੇ ਐ; ਜੀਹਦੇ ਕੋਲ਼ ਮਾਇਆ, ਓਹਦੇ ਹਰ ਹੱਥ ਆਇਆ..! ਮੈਨੂੰ ਪਤਾ ਹੁੰਦੈ ਬਈ ਮੈਂ ਕਿਹੜੇ ਗਧੇ ਨੂੰ, ਕਦੋਂ ਬਾਪ ਬਣਾਉਣੈ...! ਤੇ ਮੈਨੂੰ ਇਹ ਵੀ ਗਿਆਨ ਐਂ ਬਈ ਅਗਲੇ ਦਾ ਬਾਪ ਬਣਨਾ 'ਕਿਵੇਂ' ਤੇ ਕਦੋਂ ਆਂ...!" ਉਹ ਫਿਰ ਉਚੀ-ਉਚੀ ਹੱਸ ਪਿਆ।

ਅਚਾਨਕ ਅਣਗਿਣਤ ਸਰਕਾਰੀ ਗੱਡੀਆਂ ਹਸਪਤਾਲ਼ ਅੰਦਰ ਦਾਖ਼ਲ ਹੋਈਆਂ।

ਗਰਦੋਗੋਰ ਨਾਸਾਂ ਨੂੰ ਚੜ੍ਹੀ। ਪੁਲੀਸ ਵਾਲਿਆਂ ਨੇ ਆਉਣਸਾਰ ਪੁਜ਼ੀਸ਼ਨਾਂ ਮੱਲ ਲਈਆਂ। ਵਾਧੂ ਜਿਹੇ ਲੋਕ ਖੱਲੀਂ ਖੂੰਜੀਂ ਲਾਉਣੇ ਸ਼ੁਰੂ ਕਰ ਦਿੱਤੇ। ਲੋਕ ਹੈਰਾਨ ਸਨ ਕਿ ਇਹ ਹੋ ਕੀ ਰਿਹਾ ਸੀ...? ਕੀ ਕੋਈ ਮੰਤਰੀ ਬਹੁੜਨ ਵਾਲ਼ਾ ਸੀ...? ਜਾਂ ਕੋਈ ਹੋਰ ਹਸਤੀ ਪਹੁੰਚਣ ਵਾਲੀ ਸੀ?

ਡੀ. ਜੀ. ਪੀ. ਸਰਦਾਰ ਖਹਿਰੇ ਦੀਆਂ ਗੱਡੀਆਂ ਸਿੱਧੀਆਂ ਸਲੋਟ ਹਸਪਤਾਲ਼ ਅੰਦਰ ਆ ਖੜ੍ਹੀਆਂ।

ਹਸਪਤਾਲ਼ ਦੇ ਅਮਲੇ ਨੂੰ ਵਕਤ ਪੈ ਗਿਆ। ਡਾਕਟਰਾਂ ਦੇ ਦਿਲ ਫੜੇ ਗਏ। ਇਹ ਹੁਣ ਕੀ ਆਫ਼ਤ ਆ ਡਿੱਗੀ ਸੀ? ਡਾਕਟਰ ਹੈਰਾਨ ਸਨ। ਡੀ.ਜੀ.ਪੀ. ਖਹਿਰਾ ਅਤੇ ਉਸ ਦੇ ਅੰਗ ਰੱਖਿਅਕ ਦਫ਼ਤਰ ਅੰਦਰ ਚਲੇ ਗਏ। ਨਾਲ਼ ਉਹਨਾਂ ਦੇ ਆਈ.ਪੀ.ਐੱਸ. ਅਫ਼ਸਰ ਰਾਠੌਰ ਵੀ ਸੀ। ਉਹ ਬੜੇ ਹੈਰਾਨ ਸਨ ਕਿ ਕੁੜੀ ਹਸਪਤਾਲ਼ ਦਾਖ਼ਲ ਸੀ ਅਤੇ ਉਹਨਾਂ ਕੋਲ਼ ਕਿਸੇ ਨੇ ਭਾਫ਼ ਤੱਕ ਨਹੀਂ ਕੱਢੀ ਸੀ। ਜੇ ਕਿਤੇ ਮਾਣੋਂ ਦੀ ਮਾਂ ਬਘੇਲ ਸਿਉਂ ਦੇ ਘਰ ਫ਼ੋਨ ਕਰ ਕੇ ਨਾ ਸੁੱਖ ਸਾਂਦ ਪੁੱਛਦੀ ਤਾਂ ਸ਼ਾਇਦ ਉਹਨਾਂ ਕੋਲ਼ ਕਿਸੇ ਨੇ ਭੋਗ ਤੱਕ ਨਹੀਂ ਪਾਉਣਾ ਸੀ।

ਸੰਖੇਪ ਜਾਇਜ਼ਾ ਲੈਣ ਤੋਂ ਬਾਅਦ ਖਹਿਰਾ ਵੱਡੇ ਡਾਕਟਰ ਕੋਲ਼ ਦਫ਼ਤਰ ਪਹੁੰਚ ਗਿਆ।

-"ਕੁੜੀ ਕੋਲ਼ ਹੁੰਦਾ ਕੌਣ ਐਂ...?" ਖਹਿਰੇ ਦਾ ਸੁਆਲ ਸੀ।

-"ਲੜਕੀ ਦੇ ਸਹੁਰਾ ਸਾਹਿਬ ਨੇ ਜੀ..। ਓਸ ਦਿਨ ਦੇ ਹਸਪਤਾਲ਼ ਹੀ ਡੇਰਾ ਲਾਈ ਬੈਠੇ ਨੇ..।" ਖਹਿਰੇ ਦਾ ਗੁੱਸਾ ਅਤੇ ਰੋਸਾ ਕੁਝ ਢੈਲ਼ਾ ਪੈ ਗਿਆ। ਖਹਿਰੇ ਨੇ ਤਹਿਕੀਕਾਤ ਲਈ ਕੁਝ ਸੁਆਲ ਡਾਕਟਰ ਨੂੰ ਪੁੱਛੇ, ਜੋ ਡਾਕਟਰ ਨੇ ਤਸੱਲੀਬਖ਼ਸ਼ ਢੰਗ ਨਾਲ਼ ਦੇ ਦਿੱਤੇ। "ਨਵੇਂ ਵਿਆਹ" ਅਤੇ "ਤਜ਼ਰਬੇ ਦੀ ਘਾਟ" ਵਾਲ਼ਾ "ਰਾਗ" ਮੁੜ ਅਲਾਪ ਦਿੱਤਾ।

-"ਬੱਲੀ...!" ਡਾਕਟਰ ਨੇ ਕੰਪਾਊਂਡਰ ਨੂੰ ਅਵਾਜ਼ ਮਾਰੀ।

ਕੰਪਾਊਂਡਰ ਹਾਜ਼ਰ ਸੀ।

-"ਜਾਓ ਲੜਕੀ ਦੇ ਸਹੁਰਾ ਸਾਹਿਬ ਨੂੰ ਬੁਲਾ ਦਿਓ...!"

ਕੰਮਪਾਊਂਡਰ ਚਲਾ ਗਿਆ।

ਸਵਾ ਛੇ ਫ਼ੁੱਟ ਦਾ ਬਘੇਲ ਸਿਉਂ ਡਾਕਟਰ ਦੇ ਦਫ਼ਤਰ ਵਾਲ਼ੇ ਦਰਵਾਜੇ ਵਿੱਚ ਅੜਿਆ ਜਿਹਾ ਖੜ੍ਹਾ ਸੀ।

-"ਸਾਸਰੀਕਾਲ ਖਹਿਰਾ ਸਾਅਬ...!" ਉਸ ਨੇ ਲਲਕਾਰ ਕੇ ਜਿਹੇ ਕਿਹਾ।

ਖਹਿਰਾ ਉਠ ਕੇ ਖੜ੍ਹਾ ਹੋ ਗਿਆ। ਉਸ ਨੇ ਬੜੇ ਸਤਿਕਾਰ ਨਾਲ਼ ਬਘੇਲ ਸਿਉਂ ਨਾਲ਼ ਹੱਥ ਮਿਲਾਇਆ।

-"ਤੁਸੀਂ ਖ਼ਬਰ ਈ ਨੀ ਕੀਤੀ...।" ਖਹਿਰੇ ਦਾ ਸ਼ਿਕਵਾ ਮੱਥੇ ਵਿੱਚ ਆ ਵੱਜਿਆ।

-"ਖਹਿਰਾ ਸਾਅਬ, ਐਸੀ ਬਿਪਤਾ ਆ ਪਈ, ਸਾਡੀ ਤਾਂ ਭੂਤਨੀ ਭੁਲਾ ਛੱਡੀ...! ਮੈਂ ਨੂੰਹ ਦਾ ਇਲਾਜ਼ ਕਰਵਾਉਂਦਾ ਜਾਂ ਸੁਨੇਹੇਂ ਭੇਜਦਾ..? ਨਾਲ਼ੇ ਮਾਣੋਂ ਮੇਰੀ ਨੂੰਹ ਨਹੀਂ, ਮੇਰੀ ਧੀ ਐ, ਮੇਰੀ ਆਪਣੀ ਧੀ, ਥੋਨੂੰ ਕਾਹਦੀ ਚਿੰਤਾ...? ਮੈਂ ਤਾਂ ਇਲਾਜ਼ ਵੱਲੋਂ ਕੋਈ ਕਸਰ ਨੀ ਛੱਡੀ, ਦਿੱਲੀ ਦੱਖਣ ਤੋਂ ਬੰਦੇ ਢੋਹ ਦਿੱਤੇ..! ਆਹ ਡਾਕਟਰ ਸਾਅਬ ਬੈਠੇ ਐ, ਆਪੇ ਪੁੱਛ ਲਓ...।"

-"ਕੋਈ ਕਸਰ ਨਹੀਂ ਛੱਡੀ ਜੀ ਇਲਾਜ਼ ਵਾਲ਼ੀ...!"

-"ਗਲਤੀਆਂ ਬੱਚਿਆਂ ਤੋਂ ਹੋ ਜਾਂਦੀਐਂ, ਪਰ ਮੈਂ ਤਾਂ ਧੀ ਨੂੰ ਕੋਈ ਪਿੱਛਾ ਨੀ ਦਿੱਤਾ, ਜਾਨ ਹੂਲਤੀ ਮਗਰ, ਕਿਉਂ ਡਾਕਟਰ ਸਾਅਬ..?"

-"ਜੀ ਕੋਈ ਸ਼ੱਕ ਨੀ, ਸਰਦਾਰ ਬਘੇਲ ਸਿਉਂ ਤਾਂ ਰੱਬ ਰੂਪ ਇਨਸਾਨ ਨੇ, ਮੈਂ ਤਾਂ ਐਹੋ ਜਿਆ ਦਿਆਲੂ ਬੰਦਾ ਅੱਜ ਤੱਕ ਨੀ ਦੇਖਿਆ..। ਬੱਚੀ ਦੀ ਕੰਡੀਸ਼ਨ ਹੁਣ ਸਟੇਬਲ ਐ, ਦੋ ਚਾਰ ਦਿਨਾਂ ਤੱਕ ਛੁੱਟੀ ਦੇ ਦਿਆਂਗੇ..!"

-"ਲਓ ਕਰੋ ਗੱਲ...!" ਬਘੇਲ ਸਿਉਂ ਜੇਤੂ ਅੰਦਾਜ਼ ਵਿੱਚ ਬੋਲ ਰਿਹਾ ਸੀ।


-"ਹੈਰੀ ਬੇਟਾ ਕਿੱਥੇ ਐ...?" ਰਾਠੌਰ ਸਾਹਿਬ ਬੋਲੇ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# ਨਵੰਬਰ 1984 ਸਿੱਖ ਕਤਲੇਆਮ ਦੇ ਸੱਚ ਦੀ ਕਹਾਣੀ ਮਰਹੂਮ ਜਰਨਲਿਸਟ ਸ: ਜਰੈਨਲ ਸਿੰਘ ਦੀ ਜ਼ੁਬਾਨੀ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**ਆਪਣੀ ਕਿਤਾਬ ਵਿੱਚ ਨਿਰਦੋਸ਼ ਸਿੱਖਾਂ ਦੇ ਕਤਲੇਆਮ ਬਾਰੇ ਜਰਨੈਲ ਸਿੰਘ ਜੀ ਲਿਖਦੇ ਹਨ : 31 ਅਕਤੂਬਰ 1984 ਦੀ ਸ਼ਾਮ ਨੂੰ ਏਮਸ ਹਸਪਤਾਲ ਦੇ ਬਾਹਰ ਕੁਝ ਸ਼ਰਾਰਤਾਂ ਤਾਂ ਹੋਈਆਂ ਪਰ ਇਹ ਸਿੱਖਾਂ ਦੀ ਪਗੜੀ ਉਛਾਲਣ, ਬੇਇਜ਼ਤ ਕਰਨ ਜਾਂ ਕੁਝ ਮਾਰ-ਕੁੱਟ ਕਰਨ ਤੋਂ ਅੱਗੇ ਨਹੀਂ ਵਧੀਆਂ। ਪਰ ਪੀੜਤਾਂ ਦੇ ਹਲਫ਼ਨਾਮੇ ਦੱਸਦੇ ਹਨ ਕਿ ਫਿਰ ਰਾਤ ਨੂੰ ਕਾਂਗਰਸ ਨੇਤਾਵਾਂ ਦੀਆਂ ਬੈਠਕਾਂ ਹੋਈਆਂ ਤੇ ਨਿਰਦੇਸ਼ ਆ ਚੁੱਕੇ ਸਨ ਕਿ ਹੁਣ ਪੂਰੀ ਸਿੱਖ ਕੌਮ ਨੂੰ ਸਬਕ ਸਿਖਾਉਣਾ ਹੈ । ਸਿੱਖਾਂ ਤੇ ਉਨ੍ਹਾਂ ਦੇ ਘਰਾਂ ਨੂੰ ਸਾੜਨ ਲਈ ਬਕਾਇਦਾ ਤੇਜ਼ੀ ਨਾਲ ਅੱਗ ਲਾਉਣ ਵਾਲੇ ਪਾਊਡਰ ਦੀਆਂ ਬੋਰੀਆਂ ਮੰਗਵਾ ਕੇ ਦਿੱਲੀ ਵਿੱਚ ਵੰਡੀਆਂ ਗਈਆਂ ।**



ਜਰਨੈਲ ਸਿੰਘ

ਸ: ਜਰਨੈਲ ਸਿੰਘ 2011 ਵਿੱਚ ਆਪਣੀ ਕਿਤਾਬ, 1984: ਸਿੱਖ ਕਤਲੇਆਮ ਦਾ ਸੱਚ ਨੂੰ ਆਮ ਸੰਗਤਾਂ ਤੱਕ ਪਹੁੰਚਾਣ ਅਤੇ ਇਸ ਦਾ ਪ੍ਰਚਾਰ ਕਰਨ ਹਿੱਤ ਇੰਗਲੈਂਡ ਆਏ ਸਨ। 2009 ਵਿੱਚ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ ਨੂੰ ਕਾਂਗਰਸ ਨੇ ਕਲੀਨ ਚਿੱਟ ਦੇ ਦਿੱਤੀ। 2 ਅਪ੍ਰੈਲ 2009 ਨੂੰ ਦੇਸ਼ ਦੇ ਗ੍ਰਹਿ ਮੰਤਰੀ ਪੀ. ਚਿੰਦਬਰਮ ਨੇ ਟਾਈਟਲਰ ਨੂੰ ਕਲੀਨ ਚਿੱਟ ਮਿਲਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਇਸ ਕਰਕੇ 7 ਅਪ੍ਰੈਲ ਨੂੰ ਜਰਨੈਲ ਸਿੰਘ ਨੇ ਕਾਂਗਰਸ ਦੇ ਮੁੱਖ-ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਸਿੱਖਾਂ ਨਾਲ ਹੋ ਰਹੀ ਨਾ-ਇਨਸਾਫ਼ੀ ਤੇ ਦੋਸ਼ੀਆਂ ਨੂੰ ਬਚਾਉਣ ਦੀ ਸਾਜਿਸ਼ ਬਾਰੇ ਤਿੱਖੇ ਸੁਆਲ ਪੁੱਛੇ। ਜੁਆਬ ਵਿੱਚ ਕਿਹਾ ਗਿਆ ਕਿ ਉਹ ਪ੍ਰੈੱਸ ਕਾਨਫਰੰਸ ਦੀ ਦੁਰਵਰਤੋਂ ਕਰ ਰਹੇ ਹਨ ਤਾਂ ਜਰਨੈਲ ਸਿੰਘ ਨੇ ਗ੍ਰਹਿ ਮੰਤਰੀ ਵੱਲ ਆਪਣਾ ਜੁੱਤਾ ਸੁੱਟ ਕੇ ਇਸ ਅਣ-ਮਨੁੱਖੀ ਰਵੱਈਏ ਅਤੇ ਨਾ-ਇਨਸਾਫ਼ੀ ਦੇ ਖਿਲਾਫ਼ ਆਪਣਾ ਵਿਰੋਧ ਦਰਜ ਕਰਵਾਇਆ। ਮੀਡੀਆ ਨੇ ਇਸ ਨੂੰ ਅਹਿਮੀਅਤ ਦਿੱਤੀ ਅਤੇ ਦੁਨੀਆਂ ਭਰ ਵਿੱਚ 25 ਸਾਲਾਂ ਬਾਅਦ ਪਹਿਲੀ ਵਾਰ 1984 ਦੇ ਇਸ ਕਤਲੇਆਮ ਦਾ ਦਰਦ ਉੱਭਰ ਕੇ ਸਾਹਮਣੇ ਆਇਆ। ਸਿੱਖ ਸੜਕਾਂ 'ਤੇ ਉਤਰ ਆਏ ਅਤੇ ਦਬਾਅ ਕਰਕੇ ਮੁੱਖ ਆਰੋਪੀਆਂ ਦੇ ਟਿਕਟ ਰੱਦ ਕਰਨੇ ਪਏ। ਬਾਅਦ ਵਿੱਚ ਜਰਨੈਲ ਸਿੰਘ ਨੂੰ ਨੌਕਰੀ ਵਿੱਚੋਂ ਕੱਢ ਦਿੱਤਾ ਗਿਆ ਅਤੇ ਪੱਤਰਕਾਰਤਾ ਦਾ ਕਾਰਡ ਜ਼ਬਤ ਕਰ ਲਿਆ ਗਿਆ, ਪਰ ਉਨ੍ਹਾਂ ਨੇ ਸਿੱਖਾਂ ਨਾਲ ਹੋ ਰਹੀ ਨਾ-ਇਨਸਾਫ਼ੀ ਦੇ ਖਿਲਾਫ਼ ਲੜਾਈ ਜਾਰੀ ਰੱਖੀ ਅਤੇ ਉਨ੍ਹਾਂ ਨੇ 1984: ਸਿੱਖ ਕਤਲੇਆਮ ਦਾ ਸੱਚ ਨੂੰ ਕਿਤਾਬੀ ਰੂਪ ਦੇ ਕੇ ਲੋਕਾਂ ਸਾਹਮਣੇ ਲਿਆਂਦਾ। 2011 ਵਿੱਚ ਜਦੋਂ ਸ: ਜਰਨੈਲ ਸਿੰਘ ਜੀ ਇੰਗਲੈਂਡ ਆਏ ਤਾਂ ਮੈਨੂੰ ਇਕ ਦੇਸੀ ਟੀ.ਵੀ. ਚੈਨਲ ਦੇ ਸਟੂਡੀਓ ਵਿੱਚ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ। ਨਵੰਬਰ 1984 ਨੂੰ ਦਿੱਲੀ ਵਿਖੇ ਸਿੱਖਾਂ ਦੇ ਹੋਏ ਸਮੂਹਿਕ ਕਤਲੇਆਮ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ ਅਤੇ ਅਸੀਂ ਦੋਹਵਾਂ ਨੇ ਉਸੇ ਦੇਸੀ ਟੀ.ਵੀ. ਚੈਨਲ 'ਤੇ ਜਰਨੈਲ ਸਿੰਘ ਦੀ ਕਿਤਾਬ ਨੂੰ ਪਰਮੋਟ ਕਰਨ ਲਈ ਸਾਂਝਾ ਪ੍ਰੋਗਰਾਮ ਵੀ ਕੀਤਾ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਸਿੱਖ ਕਤਲੇਆਮ ਵੇਲੇ ਭਾਵੇਂ ਉਨ੍ਹਾਂ ਦੀ ਉਮਰ ਸਿਰਫ਼ 11 ਸਾਲ ਸੀ ਪਰ ਨਿਰਦੋਸ਼ੇ ਸਿੱਖਾਂ ਉੱਤੇ ਅਜਿਹਾ ਦਿਲ ਕੰਬਾਊ ਕਤਲੇਆਮ ਦਾ ਵਰਤਾਰਾ ਵੇਖਕੇ ਉਨ੍ਹਾਂ (ਜਰਨੈਲ ਸਿੰਘ) ਦੇ ਦਿਲ ਉੱਤੇ ਡੂੰਘੀ ਸੱਟ ਵੱਜੀ ਅਤੇ ਨਿਰਦੋਸ਼ ਸਿੱਖਾਂ ਉੱਤੇ ਹੋਏ ਇਸ ਘਿਨਾਉਣੇ ਜ਼ੁਲਮ ਵਿਰੁੱਧ ਅਵਾਜ਼ ਚੁੱਕਣ ਦਾ ਜਜ਼ਬਾ ਹੀ ਉਸ ਨੂੰ ਪੱਤਰਕਾਰਿਤਾ ਵੱਲ ਲੈ ਆਇਆ ਅਤੇ ਐੱਮ.ਏ. (ਪੋਲੀਟਿਕਲ ਸਾਇੰਸ) ਦੇ ਨਾਲ ਹੀ ਉਸ ਨੇ ਪੱਤਰਕਾਰਿਤਾ ਦਾ ਕੋਰਸ ਪੂਰਾ ਕੀਤਾ, ਕਰੜੀ ਮਿਹਨਤ ਬਾਅਦ ਕੌਮੀ ਮੀਡੀਏ ਵਿੱਚ ਆਪਣੀ ਇਕ ਥਾਂ ਬਣਾ ਲਈ। ਜਰਨੈਲ ਸਿੰਘ ਨੇ ਦੱਸਿਆ ਕਿ, 1984: ਸਿੱਖ ਕਤਲੇਆਮ ਦਾ ਸੱਚ ਕਿਤਾਬ ਛੱਪਵਾਉਣ ਲਈ ਉਸ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਜਿਹੜੀ ਗੱਲ ਵੀ ਮੈਂ ਲਿਖੀ ਪ੍ਰਕਾਸ਼ਕਾਂ ਹਰ ਗੱਲ ਦਾ ਠੋਸ ਸਬੂਤ ਮੇਰੇ ਕੋਲੋਂ ਮੰਗਿਆ, ਜੋ ਮੈਂ ਬੜੀ ਮਿਹਨਤ ਨਾਲ ਸਾਰੇ ਤੱਥ ਇਕੱਠੇ ਕਰਕੇ ਠੋਸ ਸਬੂਤਾਂ ਸਮੇਤ ਉਨ੍ਹਾਂ ਨੂੰ ਦਿੱਤੇ। ਜਰਨੈਲ ਸਿੰਘ ਦੀ ਉਕਤ ਕਿਤਾਬ ਵਿੱਚੋਂ ਦਾਸ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰੇਗਾ। ਆਪਣੀ ਕਿਤਾਬ ਵਿੱਚ ਨਿਰਦੋਸ਼ ਸਿੱਖਾਂ ਦੇ ਕਤਲੇਆਮ ਬਾਰੇ ਜਰਨੈਲ ਸਿੰਘ ਜੀ ਲਿਖਦੇ ਹਨ: 31 ਅਕਤੂਬਰ 1984 ਦੀ ਸ਼ਾਮ ਨੂੰ ਏਮਸ ਹਸਪਤਾਲ ਦੇ ਬਾਹਰ ਕੁਝ ਸ਼ਰਾਰਤਾਂ ਤਾਂ ਹੋਈਆਂ ਪਰ ਇਹ ਸਿੱਖਾਂ ਦੀ ਪਗੜੀ ਉਛਾਲਣ, ਬੇਇਜ਼ਤ ਕਰਨ ਜਾਂ ਕੁਝ ਮਾਰ-ਕੁੱਟ ਕਰਨ ਤੋਂ ਅੱਗੇ ਨਹੀਂ ਵਧੀਆਂ। ਪਰ ਪੀੜਤਾਂ ਦੇ ਹਲਫ਼ਨਾਮੇ ਦੱਸਦੇ ਹਨ ਕਿ ਫਿਰ ਰਾਤ ਨੂੰ ਕਾਂਗਰਸ ਨੇਤਾਵਾਂ ਦੀਆਂ ਬੈਠਕਾਂ ਹੋਈਆਂ ਤੇ ਨਿਰਦੇਸ਼ ਆ ਚੁੱਕੇ ਸਨ ਕਿ ਹੁਣ ਪੂਰੀ ਸਿੱਖ ਕੌਮ ਨੂੰ ਸਬਕ ਸਿਖਾਉਣਾ ਹੈ। ਸਿੱਖਾਂ ਤੇ ਉਨ੍ਹਾਂ ਦੇ ਘਰਾਂ ਨੂੰ ਸਾੜਨ ਲਈ ਬਕਾਇਦਾ ਤੇਜ਼ੀ ਨਾਲ ਅੱਗ ਲਾਉਣ ਵਾਲੇ ਪਾਊਡਰ ਦੀਆਂ ਬੋਰੀਆਂ ਮੰਗਵਾ ਕੇ ਦਿੱਲੀ ਵਿੱਚ ਵੰਡੀਆਂ ਗਈਆਂ। ਅੱਗ ਲਾਉਣ ਵਾਲੀਆਂ ਹਿੰਦੂ ਭੀੜਾਂ ਨੂੰ ਮਿੱਟੀ ਦਾ ਤੇਲ ਦੇਣ ਲਈ ਡਿਪੂਆਂ ਨੂੰ ਕਿਹਾ ਗਿਆ। ਸਿੱਖਾਂ ਦੇ ਘਰਾਂ ਦੀਆਂ ਵੋਟਰ ਲਿਸਟਾਂ ਵਿੱਚ ਨਿਸ਼ਾਨ ਦੇਹੀ ਕੀਤੀ ਗਈ। ਪੁਲਸ ਨੂੰ ਅੱਖਾਂ ਬੰਦ ਕਰਨ ਜਾਂ ਫਿਰ ਲੋੜ ਪੈਣ 'ਤੇ ਕਾਤਲ ਭੀੜਾਂ ਦਾ ਸਾਥ ਦੇਣ ਲਈ ਨਿਰਦੇਸ਼ ਦਿੱਤੇ ਗਏ। ਸਿੱਖਾਂ ਨੂੰ ਮਾਰਨ ਲਈ ਬਕਾਇਦਾ ਹਰਿਆਣੇ ਤੋਂ ਰੇਲ ਮੰਗਵਾਈ ਗਈ। ਡੀ.ਟੀ.ਸੀ. ਦੀਆਂ ਬੱਸਾਂ ਨੂੰ ਹਰਿਆਣਾ ਦੀਆਂ ਉਨ੍ਹਾਂ ਜਾਤਾਂ ਨੂੰ ਲਿਆਉਣ ਦੀ ਡਿਊਟੀ ਸੌਂਪੀ ਗਈ ਜੋ ਮਾਰ-ਕੁੱਟ ਤੇ ਲੁੱਟ-ਘਸੁੱਟ ਨੂੰ ਲੈ ਕੇ ਬਦਨਾਮ ਰਹੀਆਂ ਹਨ। ਜੋ ਝੁੱਗੀ-ਝੌਂਪੜੀਆਂ ਤੇ ਅਵੈਧ ਕਾਲੋਨੀਆਂ ਵੋਟ ਦੇ ਵਾਂਗ ਵਰਤੋਂ ਕਰਨ ਲਈ ਬਣਾਈਆਂ ਗਈਆਂ ਸਨ। ਉਥੋਂ ਦੇ ਲੋਕਾਂ ਨੂੰ ਲਾਲਚ ਵਿਖਾ ਕੇ ਲੁੱਟਣ ਤੇ ਮਾਰਨ ਨੂੰ ਕਿਹਾ ਗਿਆ। ਆਲਮ ਇਹ ਸੀ ਜਦੋਂ ਪੁਲਸ ਕਤਲੇਆਮ ਵਾਲੀ ਥਾਂ 'ਤੇ ਆ ਜਾਂਦੀ ਤਾਂ ਕਾਤਲ ਭੀੜਾਂ ਨੂੰ ਹੀ ਸਿੱਖਾਂ ਦਾ ਕਤਲੇਆਮ ਕਰਨ ਲਈ ਹੱਲਾ ਸ਼ੇਰੀ ਦਿੱਤੀ। ਜੇ ਕਿਧਰੇ ਸਿੱਖ ਗੁਰਦੁਆਰੇ ਬਚਾਉਣ ਲਈ ਇਕੱਠੇ ਹੋ ਜਾਂਦੇ ਤਾਂ ਪੁਲਸ ਉਨ੍ਹਾਂ ਕੋਲੋਂ ਹੱਥਿਆਰ ਇਹ ਆਖ ਕੇ ਲੈ ਲੈਂਦੀ ਕਿ ਹੁਣ ਅਸੀਂ ਤੁਹਾਡੀ ਰੱਖਿਆ ਕਰਾਂਗੇ। ਸਿੱਖਾਂ ਨੂੰ ਨਿਹੱਥੇ ਕਰਕੇ ਪੁਲਸ ਨੇ ਕਾਤਲ ਭੀੜਾਂ ਕੋਲੋਂ ਸਿੱਖਾਂ ਨੂੰ ਮਰਵਾਇਆ। ਜੇਕਰ ਕਿਸੇ ਨੇ ਬਚਾਉਣ ਲਈ ਫੋਨ ਕੀਤਾ ਤਾਂ ਕਿਹਾ ਗਿਆ ਕਿ ਚਿੰਤਾ ਨਾ ਕਰੋ ਤੁਹਾਨੂੰ ਸਾੜਨ ਵਾਲੇ ਵੀ ਆ ਰਹੇ ਹਨ। ਜੇਕਰ ਕੋਈ ਸਿੱਖ ਪੁਲਸ ਥਾਣੇ ਸ਼ਿਕਾਇਤ ਕਰਨ ਲਈ ਪਹੁੰਚ ਵੀ ਗਿਆ ਤਾਂ ਉਸ ਨੂੰ ਖ਼ੁਦ ਪੁਲਸ ਨੇ ਗੋਲੀ ਮਾਰੀ ਜਾਂ ਬੇਇੱਜ਼ਤ ਕਰਕੇ ਥਾਣੇ ਤੋਂ ਭਜਾ ਦਿੱਤਾ ਗਿਆ। ਆਤਮ ਸੁਰੱਖਿਆ ਲਈ ਲਾਇਸੰਸੀ ਹੱਥਿਆਰ ਕੱਢਣ ਵਾਲੇ ਸਿੱਖਾਂ ਦੇ ਖ਼ਿਲਾਫ਼ ਹੱਤਿਆ ਦੇ ਮੁਕੱਦਮੇ ਕਰਾਏ ਗਏ। ਪੁਲਸ ਦਾ ਕੰਮ ਇਕੱਠੇ ਹੋ ਰਹੇ ਸਿੱਖਾਂ ਨੂੰ ਵੱਖ-ਵੱਖ ਕਰਨਾ ਤੇ ਹੱਥਿਆਰ ਜ਼ਬਤ ਕਰਨ ਦੇ ਬਾਅਦ ਭੀੜ ਨੂੰ ਹਮਲਾ ਕਰਨ ਦੇ ਹੁਕਮ ਜਾਰੀ ਕਰਨਾ ਹੀ ਰਹਿ ਗਿਆ ਸੀ। ਇਸ ਕਤੇਲਆਮ ਦਾ ਤਰੀਕਾ ਪੂਰੀ ਦਿੱਲੀ ਵਿੱਚ ਇਕੋ ਜਿਹਾ ਸੀ। ਪਹਿਲਾਂ ਭੀੜ ਇਕੱਠੀ ਹੁੰਦੀ ਤੇ ਗੁਰਦੁਆਰੇ 'ਤੇ ਹਮਲਾ ਕਰਦੀ। ਜਦੋਂ ਸਿੱਖਾਂ ਵੱਲੋਂ ਵਿਰੋਧ ਹੋਣ ਲੱਗਦਾ ਤਾਂ ਪੁਲਸ ਉਲਟਾ ਗੁਰ-ਦੁਆਰੇ 'ਤੇ ਹੋਏ ਹਮਲਾਵਰਾਂ ਦੀ ਮਦਦ ਕਰਦੀ। ਗੁਰਦੁਆਰੇ 'ਤੇ ਹਮਲਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾਂਦੀ। ਦੁਨੀਆਂ ਨੂੰ ਸ਼ਾਂਤੀ ਤੇ ਪਿਆਰ ਦਾ ਉਪਦੇਸ਼ ਦੇਣ ਵਾਲੇ ਇਸ ਇਸ਼ਟ ਦੇ ਸਰੂਪ ਨੂੰ ਫਾੜਿਆ ਜਾਂਦਾ, ਅੱਗ ਲਾਈ ਜਾਂਦੀ ਤੇ ਇਥੋਂ ਤੱਕ ਉਸ ਉੱਤੇ ਮਲ-ਮੂਤਰ ਵੀ ਸੁੱਟਿਆ ਜਾਂਦਾ। ਇਹ ਸੈਕੂਲਰ ਭਾਰਤ ਅੰਦਰ ਫਿਰਕੂਪਨੇ ਦੀ ਹੱਦ ਸੀ। ਸ: ਜਰਨੈਲ ਸਿੰਘ, 1984: ਸਿੱਖ ਕਤਲੇਆਮ ਦਾ ਸੱਚ ਦੇ ਪੰਨਾ 57-58 ਉੱਤੇ ਲਿਖਦੇ ਹਨ। 1965 ਤੇ 1971 ਦੀਆਂ ਜੰਗਾਂ ਵਿੱਚ ਦੁਸ਼ਮਣਾਂ ਨਾਲ ਲੋਹਾ ਲੈ ਚੁੱਕੇ ਮਹਾਂ ਸਿੰਘ ਨੂੰ ਨਹੀਂ ਸੀ ਪਤਾ ਕਿ 1984 ਵਿੱਚ ਉਸ ਦਾ ਘਰ ਵੀ ਇਕ ਸਰਹੱਦ ਬਣ ਜਾਵੇਗਾ ਤੇ ਉਸ ਪਾਰ ਉਹ ਦੇਸ਼ ਵਾਸੀ ਹੀ ਦੁਸ਼ਮਣਾਂ ਦੇ ਤੌਰ 'ਤੇ ਖੜ੍ਹੇ ਹੋ ਜਾਣਗੇ ਜਿਨ੍ਹਾਂ ਦੀ ਸੁਰੱਖਿਆ ਲਈ ਉਸ ਨੇ 1965-1971 ਦੀਆਂ ਜੰਗਾਂ ਵਿੱਚ ਜਾਨ ਦੀ ਬਾਜ਼ੀ ਲਾ ਦਿੱਤੀ ਸੀ। ਵਹਿਸ਼ੀ ਹੋਈ ਭੀੜ ਨੇ ਭਾਰਤੀ ਫੌਜ ਤੋਂ ਰਿਟਾਇਰ ਇਸ ਹਵਾਲਦਾਰ ਦੀ ਪੱਗ ਉਛਾਲ ਦਿੱਤੀ। ਚੁੱਕਣ ਲਈ ਝੁਕੇ ਤਾਂ ਤਾਬੜ ਤੋੜ ਲੱਤਾਂ ਮੁੱਕੇ ਚਲਣੇ ਸ਼ੁਰੂ ਹੋ ਗਏ। ਹਿੰਸਕ ਭੀੜ ਨਾਅਰੇ ਲਾ ਰਹੀ ਸੀ ਮਾਰੋ ਇਨ ਸਰਦਾਰੋਂ ਕੋ, ਦੇਸ਼ ਕੇ ਗੱਦਾਰੋਂ ਕੋ। ਜਦੋਂ ਹਿੰਸਕ ਭੀੜ ਨੇ ਮਹਾਂ ਸਿੰਘ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਕੁਝ ਗਵਾਂਢੀਆਂ ਨੇ ਅੱਗੇ ਆ ਕੇ ਕਿਹਾ, ਭਾਈ ਯੇਹ ਤੋਂ ਪੁਰਾਣੇ ਫੌਜੀ ਹੈਂ, ਦੇਸ਼ ਕੇ ਲੀਏ ਲੜੇ ਹਨ। ਹੁਣ ਭੀੜ ਵਿੱਚੋਂ ਅਵਾਜ਼ ਆਈ, ਫੌਜ ਮੇਂ ਥੇ ਤੋ ਕਿਆ ਹੁਆ, ਹੈਂ ਤੋਂ ਸਰਦਾਰ ਹੀ, ਸਰਦਾਰ ਗੱਦਾਰ ਹੀ ਹੋਤਾ ਹੈ। ਪਿਉ ਨੂੰ ਭੀੜ ਦੇ ਹੱਥੋਂ ਇਸ ਤਰ੍ਹਾਂ ਮਾਰ ਖਾਂਦੇ ਹੋਏ ਵੇਖ ਕੇ ਉਸ ਦੇ ਛੋਟੇ ਪੁੱਤਰ ਹਰਕੀਰਤ ਸਿੰਘ ਤੋਂ ਰਿਹਾ ਨਾ ਗਿਆ। ਜਿਸ ਪਿਉ ਦੀ ਛਾਤੀ 'ਤੇ ਫੌਜ ਦੇ ਮੈਡਲ ਵੇਖਕੇ ਉਹ ਮਾਣ ਮਹਿਸੂਸ ਕਰਦਾ ਸੀ, ਉਸੇ ਛਾਤੀ 'ਤੇ ਉਹ ਅਕ੍ਰਿਤਘਣ ਲੋਕ ਬੇਰਹਿਮੀ ਨਾਲ ਡਾਂਗਾਂ ਮਾਰ ਰਹੇ ਸਨ, ਜਿਨ੍ਹਾਂ ਦੀ ਖ਼ਾਤਰ ਉਸ ਦੇ ਪਿਉ ਨੇ ਜੰਗਾਂ ਲੜਕੇ ਮੈਡਲ ਹਾਸਲ ਕੀਤੇ ਸਨ। ਉਹ ਆਪਣੇ ਪਿਤਾ ਨੂੰ ਭੀੜ ਹੱਥੋਂ ਇਸ ਤਰ੍ਹਾਂ ਮਾਰਦਿਆਂ ਨਹੀਂ ਸੀ ਦੇਖ ਸਕਦਾ, ਉਸ ਨੇ ਆਪਣੇ ਪਿਤਾ ਨੂੰ ਬਚਾਉਣ ਲਈ ਛੱਤ ਤੋਂ ਛਾਲ ਮਾਰ ਦਿੱਤੀ। ਇਕ ਪੁੱਤਰ ਨੇ ਆਪਣੇ ਪਿਤਾ ਨੂੰ ਬਚਾਉਣ ਲਈ ਆਪਣਾ ਫਰਜ਼ ਪੂਰਾ ਕਰ ਦਿੱਤਾ, ਪਰ ਵਹਿਸ਼ੀ ਹਿੰਸਕ ਭੀੜ ਨੇ ਮਾਸੂਮ ਹਰਕੀਰਤ ਸਿੰਘ ਦੇ ਵੀ ਸਰੀਰ ਦੇ ਤਿੰਨ ਟੁੱਕੜੇ ਕਰ ਦਿੱਤੇ। ਤਿੰਨ-ਚਾਰ ਦਿਨ ਸ਼ਰੇਆਮ ਹਿੰਸਕ ਹਿੰਦੂ ਭੀੜਾਂ ਨੇ ਸਿੱਖ ਔਰਤਾਂ ਦੇ ਬਲਾਤਕਾਰ ਕੀਤੇ, ਗਲਾਂ ਵਿੱਚ ਟਾਇਰ ਪਾ ਕੇ ਸਿੱਖਾਂ ਨੂੰ ਸਾੜਿਆ ਗਿਆ, ਉਨ੍ਹਾਂ ਦੀਆਂ ਦੁਕਾਨਾਂ ਲੁੱਟ ਲਈਆਂ ਗਈਆਂ ਅਤੇ ਸਾੜ ਦਿੱਤੀਆਂ ਗਈਆਂ।

ਬਾਕੀ ਹਿਸਾ ਸਫਾ 34 ਤੇ ਪੜ੍ਹੋ →

### 33 ਸਫ਼ੇ ਦੀ ਬਾਕੀ

ਨਾਨਾਵਤੀ ਕਮਿਸ਼ਨ ਦੇ ਪੰਨਾ ਨੰ: 87 'ਤੇ ਸੁਲਤਾਨਪੁਰੀ ਸਬੰਧੀ ਮੋਤਾ ਸਿੰਘ ਦਾ ਬਿਆਨ ਦਰਜ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਸੱਜਣ ਕੁਮਾਰ ਨੇ ਉਥੇ ਇਕੱਠੀ ਹੋਈ ਭੀੜ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਸੀ ਕਿ ਜਿਸ ਨੇ ਵੀ ਰੌਸ਼ਨ ਸਿੰਘ ਤੇ ਭਾਗ ਸਿੰਘ ਦੀ ਹੱਤਿਆ ਕੀਤੀ ਹੈ ਉਨ੍ਹਾਂ ਨੂੰ 5000 ਰੁਪੈ ਇਨਾਮ ਦਿੱਤਾ ਜਾਵੇਗਾ। ਜੋ ਬਾਕੀ ਸਿੱਖਾਂ ਨੂੰ ਮਾਰਨਗੇ ਉਨ੍ਹਾਂ ਨੂੰ ਪ੍ਰਤੀ ਵਿਅਕਤੀ 1000 ਰੁਪੈ ਦਾ ਇਨਾਮ ਦਿੱਤਾ ਜਾਵੇਗਾ। ਫੌਜ ਦਿੱਲੀ ਵਿੱਚ ਮੌਜੂਦ ਸੀ ਪਰ ਉਸ ਨੂੰ ਲਾਇਆ ਨਹੀਂ ਗਿਆ। ਰਾਜਪਾਲ ਪੀ.ਜੀ. ਗੱਵਈ ਰਾਸ਼ਟਰਪਤੀ ਨੂੰ ਕਹਿ ਰਹੇ ਸੀ ਕਿ ਫੌਜ ਲਾਉਣ ਨਾਲ ਹਾਲਾਤ ਵਿਗੜ ਜਾਣਗੇ। ਇਸ ਤੋਂ ਵੱਡਾ ਨਿਰਲੱਜ ਕੁਤਰਕ ਕੀ ਹੋ ਸਕਦਾ ਸੀ। ਕਤਲੇਆਮ ਜਿਸ ਯੋਜਨਾ ਬੱਧ ਤਰੀਕੇ ਨਾਲ ਕੀਤਾ ਗਿਆ ਉਸ ਨੂੰ ਵੇਖਕੇ ਨਾਨਾਵਤੀ ਕਮਿਸ਼ਨ ਨੂੰ ਕਹਿਣਾ ਪਿਆ ਕਿ : ਕਤਲੇਆਮ ਸੰਗਠਿਤ ਤੇ ਸੁਨਿਯੋਜਿਤ ਢੰਗ ਨਾਲ ਕੀਤਾ ਗਿਆ ਸੀ। ਮਰਹੂਮ ਜਰਨਲਿਸਟ ਜਰਨੈਲ ਸਿੰਘ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਬਾਰੇ ਖੁੱਲ੍ਹਕੇ ਲਿਖਦੇ ਰਹੇ ਪਰ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਇਕ ਪੱਤਰਕਾਰ ਨੇ ਇਕ ਸੁਆਲ ਪੁੱਛਿਆ ਸੀ ਕਿ: ਕੀ ਤੁਸੀਂ ਅਦਾਲਤੀ ਨਿਆਂ ਵਿੱਚ ਵਿਸ਼ਵਾਸ ਰੱਖਦੇ ਹੋ ? ਤਾਂ ਸੰਤਾਂ ਨੇ ਜੁਆਬ ਦਿੱਤਾ ਸੀ ਹਾਂ, ਜੇ ਅਦਾਲਤ ਹੋਵੇ ਤਾਂ, ਇਥੇ ਅਦਾਲਤ ਹੈ ਹੀ ਨਹੀਂ, ਭਾਰਤੀ ਨਿਆਂ ਸਿੱਖਾਂ ਲਈ ਨਹੀਂ ਹੈ। ਸੰਤ ਜਰਨੈਲ ਸਿੰਘ ਦੀ ਉਕਤ ਭਵਿੱਖਬਾਣੀ ਅੱਜ ਸੌ ਫੀਸਦੀ ਸੱਚ ਸਾਬਤ ਹੋ ਰਹੀ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਨੂੰ 40 ਸਾਲ ਹੋ ਗਏ ਹਨ, ਪਰ ਸਿੱਖਾਂ ਨੂੰ ਭਾਰਤੀ ਅਦਾਲਤਾਂ ਵਿੱਚੋਂ ਨਿਆਂ ਨਹੀਂ ਮਿਲਿਆ ਤੇ ਨਾ ਹੀ ਮਿਲਣ ਦੀ ਆਸ ਹੈ। 1984: ਸਿੱਖ ਕਤਲੇਆਮ ਦਾ ਸੱਚ ਦੇ ਲੇਖਕ ਜਰਨਲਿਸਟ ਜਰਨੈਲ ਸਿੰਘ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀ ਇਹ ਕਿਤਾਬ ਨਵੰਬਰ 1984 ਵਿੱਚ ਹੋਈ ਸਿੱਖਾਂ ਦੀ ਨਸਲਕੁਸ਼ੀ ਦੀ ਮੂੰਹੋਂ ਬੋਲਦੀ ਤਸਵੀਰ ਹੈ। ਦਾਸ ਨੇ ਕੇਵਲ ਚੋਣਵੀਆਂ ਟੂਕਾਂ ਦੇ ਹਵਾਲੇ ਦਿੱਤੇ ਹਨ, ਪਰ ਪੂਰੀ ਕਿਤਾਬ ਸੱਚ ਵਿੱਚ ਹੀ 1984: ਦੇ ਸਿੱਖ ਕਤਲੇਆਮ ਦਾ ਸੱਚ ਬਿਆਨ ਕਰਦੀ ਹੈ, ਇਹ ਕਿਤਾਬ ਹਰ ਘਰ ਵਿੱਚ ਹੋਣੀ ਚਾਹੀਦੀ ਹੈ।

ਅੰਤ ਵਿੱਚ ਵਿੱਚ ਸਾਨੂੰ ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਦੀ ਵੀ ਲੋੜ ਹੈ ਕਿ: ਤੋਪਾਂ ਟੈਂਕਾਂ ਨਾਲ ਅਕਾਲ ਤਖ਼ਤ ਢਾਉਣ ਵਾਲੀ ਇੰਦਰਾ ਗਾਂਧੀ ਦਾ ਬੁੱਤ ਪੰਜਾਬ ਵਿੱਚ ਲੱਗਾ ਹੋਇਆ ਹੈ ਅਤੇ ਨਵੰਬਰ 1984 ਵਿੱਚ ਸਿੱਖਾਂ ਦਾ ਸਮੂਹਿਕ ਕਤਲ ਕਰਾਉਣ ਵਾਲੇ ਰਾਜੀਵ ਗਾਂਧੀ ਦਾ ਬੁੱਤ ਵੀ ਪੰਜਾਬ ਵਿੱਚ ਲੱਗਾ ਹੋਇਆ ਹੈ। 84 ਦੇ ਸਿੱਖ ਕਤਲੇਆਮ ਵਿੱਚ ਆਰ. ਐੱਸ. ਐੱਸ. ਦੀ ਭੂਮਿਕਾ ਵੀ ਜ਼ਿਕਰਯੋਗ ਹੈ। ਆਰ.ਐੱਸ.ਐੱਸ. ਦੇ ਨਾਮਵਰ ਮਰਹੂਮ ਆਗੂ ਨਾਨਦੇਸ਼ਮੁੱਖ ਨੇ, ਇੰਦਰਾ ਕਾਂਗਰਸ, ਆਰ.ਐੱਸ.ਐੱਸ. ਗੱਠਜੋੜ ਦੇ ਸਿਰਲੇਖ ਹੇਠ ਇਕ ਲੰਬਾ-ਚੌੜਾ ਲੇਖ ਲਿਖ ਕੇ ਸਿੱਖਾਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਦੀ ਥਿਊਰੀ ਨੂੰ ਅੱਗੇ ਵਧਾਇਆ ਸੀ। ਉਸ ਦੀ ਮੌਤ ਤੋਂ ਬਾਅਦ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਨੇ ਨਾਨਦੇਸ਼ਮੁੱਖ ਨੂੰ ਭਾਰਤ ਰਤਨ ਦੇ ਐਵਾਰਡ ਨਾਲ ਸਨਮਾਨਿਆ ਹੈ ਤੇ ਫਿਰ ਹੁਣ ਸਿੱਖ ਕੌਮ ਕਿਸ ਕੋਲੋਂ ਇਨਸਾਫ਼ ਭਾਲਦੀ ਹੈ ?

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

## ਯੂਕੇ 'ਇੱਕ ਰੋਕਣਯੋਗ ਸੰਕਟ' ਵੱਲ ਵੱਧ ਰਿਹਾ ਹੈ: ਰੋਜ਼ਗਾਰ ਬਿਮਾਰੀ 'ਤੇ ਵੱਡੀ ਸਮੀਖਿਆ ਦੀ ਚੇਤਾਵਨੀ

ਲੰਡਨ — ਯੂਨਾਈਟਿਡ ਕਿੰਗਡਮ ਵਿੱਚ ਕੰਮਕਾਜੀ ਬਿਮਾਰੀ ਅਤੇ ਲੰਬੇ ਸਮੇਂ ਦੀ ਅਣਸਿਹਤ ਨਾਲ ਜੁੜੀ ਇੱਕ ਵੱਡੀ ਸਮੀਖਿਆ ਨੇ ਚੇਤਾਵਨੀ ਦਿੱਤੀ ਹੈ ਕਿ ਦੇਸ਼ "ਇੱਕ ਰੋਕਣਯੋਗ ਸੰਕਟ" ਵੱਲ ਵੱਧ ਰਿਹਾ ਹੈ। ਇਸ ਰਿਪੋਰਟ, ਜਿਸ ਦਾ ਨੇਤ੍ਰਿਤਵ ਸ਼ਰਿ Charlie Mayfield ਨੇ ਕੀਤਾ, ਵਿੱਚ ਦਰਸਾਇਆ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਲੰਬੇ ਸਮੇਂ ਦੀ ਬਿਮਾਰੀ ਕਾਰਨ ਰੋਜ਼ਗਾਰ ਤੋਂ ਬਾਹਰ ਹੋ ਰਹੇ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ।

ਖਾਸ ਤੌਰ 'ਤੇ, 2019 ਤੋਂ 2024 ਦਰਮਿਆਨ 16 ਤੋਂ 34 ਸਾਲ ਦੀ ਉਮਰ ਵਾਲਿਆਂ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ ਕਰਕੇ ਰੋਜ਼ਗਾਰ ਛੱਡਣ ਵਾਲਿਆਂ ਦੀ ਗਿਣਤੀ ਲਗਭਗ 1.9 ਲੱਖ ਵਧ ਗਈ ਹੈ। ਸਮੀਖਿਆ ਮੁਤਾਬਕ, ਯੂਕੇ ਦੀ ਆਰਥਿਕਤਾ ਨੂੰ ਇਸ ਕਾਰਨ GDP ਦਾ ਕਰੀਬ 7% ਨੁਕਸਾਨ ਹੋ ਰਿਹਾ ਹੈ — ਜਿਸ ਵਿੱਚ ਉਤਪਾਦਕਤਾ ਦੀ ਘਾਟ, ਨੌਕਰੀਆਂ ਨਾ ਹੋਣਾ ਅਤੇ ਸਿਹਤ ਸੇਵਾਵਾਂ ਦਾ ਵਾਧੂ ਖਰਚਾ ਸ਼ਾਮਲ ਹੈ। ਰਿਪੋਰਟ ਨੇ ਚੇਤਾਇਆ ਕਿ ਹੁਣ ਦੇਸ਼ ਦੇ ਲਗਭਗ 20% ਕੰਮਕਾਜੀ ਉਮਰ ਦੇ ਲੋਕ ਜਾਂ ਤਾਂ ਕੰਮ ਨਹੀਂ ਕਰ ਰਹੇ ਜਾਂ ਕੰਮ ਲੱਭ ਨਹੀਂ ਰਹੇ।

Sir Charlie Mayfield ਨੇ ਕਿਹਾ, "ਅਸੀਂ ਇੱਕ ਅਜਿਹੇ ਸੰਕਟ ਵੱਲ ਵੱਧ ਰਹੇ ਹਾਂ ਜਿਸ ਨੂੰ ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ। ਸਿਹਤਮੰਦ ਰਹਿਣਾ ਅਤੇ ਕੰਮ 'ਚ ਰਹਿਣਾ ਸਿਰਫ਼ ਆਰਥਿਕਤਾ ਲਈ ਨਹੀਂ, ਲੋਕਾਂ ਦੀ ਇਜ਼ਤ ਅਤੇ ਜੀਵਨ ਗੁਣਵੱਤਾ ਲਈ ਵੀ ਜ਼ਰੂਰੀ ਹੈ।" ਸਮੀਖਿਆ ਨੇ ਸਰਕਾਰ, ਕੰਪਨੀਆਂ ਅਤੇ ਸਿਹਤ ਪ੍ਰਣਾਲੀ ਨੂੰ ਮਿਲਕੇ ਕੰਮ ਕਰਨ ਦੀ ਅਪੀਲ ਕੀਤੀ ਹੈ। ਰਿਪੋਰਟ ਨੇ ਸੁਝਾਅ ਦਿੱਤਾ ਹੈ ਕਿ "ਫਿੱਟ ਨੋਟ" ਪ੍ਰਣਾਲੀ (ਜਿਸ ਵਿੱਚ ਡਾਕਟਰ ਕੰਮ ਲਈ ਯੋਗਤਾ ਦੱਸਦਾ ਹੈ) ਨੂੰ ਬਦਲ ਕੇ, ਜਲਦੀ ਸਹਾਇਤਾ ਅਤੇ ਰੋਜ਼ਗਾਰ ਨਾਲ ਜੁੜੀ ਸਿਹਤ ਸੇਵਾਵਾਂ ਉੱਤੇ ਧਿਆਨ ਦਿੱਤਾ ਜਾਵੇ।

## ਇੰਗਲੈਂਡ ਵਿੱਚ ਪੰਜਾਬੀ ਮੂਲ ਦੇ ਗੁਰਵਿੰਦਰ ਸਿੰਘ ਜੌਹਲ ਦੇ ਕਾਤਲ ਨੂੰ ਉਮਰ ਕੈਦ ਸ਼ਰਨਾਰਥੀ ਅਰਜ਼ੀ ਰੱਦ ਹੋਣ ਤੋਂ ਬਾਅਦ ਕੀਤਾ ਕਤਲ



ਮ੍ਰਿਤਕ ਗੁਰਵਿੰਦਰ ਸਿੰਘ ਜੌਹਲ ਅਤੇ ਦੋਸ਼ੀ ਹੇਬੇ ਕੈਬਦੀਰਕਸ਼ਮਾਨ ਨੂਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਡਰਬੀ ਵਾਸੀ ਪੰਜਾਬੀ ਮੂਲ ਦੇ ਗੁਰਵਿੰਦਰ ਸਿੰਘ ਜੌਹਲ ਦੇ ਕਾਤਲ ਸੋਮਾਲੀਅਨ ਨਾਗਰਿਕ ਹੇਬੇ ਕੈਬਦੀਰਕਸ਼ਮਾਨ ਨੂਰ ਨੂੰ ਅਦਾਲਤ ਨੇ ਉਮਰ ਕੈਦ ਦੀ ਸਜਾ ਸੁਣਾਈ ਹੈ। ਗੁਰਵਿੰਦਰ ਸਿੰਘ ਦਾ ਕਤਲ ਉਸ ਸਮੇਂ ਕੀਤਾ ਜਦੋਂ ਉਹ ਬੈਂਕ ਵਿੱਚੋਂ ਆਪਣੇ ਕਾਮਿਆਂ ਨੂੰ ਤਨਖਾਹ ਦੇਣ ਲਈ ਪੈਸੇ ਕਢਵਾ ਰਿਹਾ ਸੀ। ਗੁਰਵਿੰਦਰ ਜਿਸ ਨੂੰ ਡੈਨੀ ਵਜੋਂ ਜਾਣਿਆ ਜਾਂਦਾ ਸੀ, ਬ੍ਰਮਿੰਘਮ ਦੇ ਵੈਸਟ ਬ੍ਰਾਮਿਚ ਵਿੱਚ ਆਪਣੀ ਪਤਨੀ ਅਤੇ ਪੰਜ, ਤਿੰਨ ਅਤੇ ਇੱਕ ਸਾਲ ਦੇ ਬੱਚਿਆਂ ਨਾਲ ਰਹਿ ਰਿਹਾ ਸੀ। ਜੋ ਰੈਸਟੋਰੈਂਟ ਸਮੇਤ ਕਈ ਕਾਰੋਬਾਰਾਂ ਦਾ ਮਾਲਿਕ ਸੀ। ਡਰਬੀ ਕਰਾਊਨ ਕੋਰਟ ਵਿੱਚ ਜੱਜ ਸ਼ੌਨ ਸਮਿੱਥ ਕੇ ਸੀ ਨੇ ਦੋਸ਼ੀ ਨੂਰ ਨੂੰ ਉਮਰ ਕੈਦ ਦੀ ਸਜਾ ਸੁਣਾਉਂਦਿਆਂ ਘੱਟੋ ਘੱਟ 25 ਸਾਲ ਜੇਲ੍ਹ ਵਿੱਚ ਰੱਖਣ ਦੇ ਹੁਕਮ ਦਿੱਤੇ। ਉਹਨਾਂ ਕਿਹਾ ਕਿ ਇਹ ਬੇਰਹਿਮ ਕਤਲ ਸੀ, ਜੋ ਆਪਣੇ ਕਾਮਿਆਂ ਨੂੰ ਤਨਖਾਹ ਦੇਣ ਲਈ ਬੈਂਕ ਤੋਂ ਪੈਸੇ ਕਢਵਾਉਣ ਤੋਂ ਇਲਾਵਾ ਕੁਝ ਨਹੀਂ ਕਰ ਰਿਹਾ ਸੀ। ਸਰਕਾਰੀ ਵਕੀਲ ਲੁਈਸ ਮੈਬਲੀ ਕੇ ਸੀ ਨੇ ਅਦਾਲਤ ਨੂੰ ਦੱਸਿਆ ਕਿ ਨੂਰ 22 ਅਕਤੂਬਰ 2024 ਨੂੰ ਛੋਟੀ ਕਿਸ਼ਤੀ ਰਾਹੀਂ ਯੂ ਕੇ ਪਹੁੰਚਿਆ ਸੀ, ਜਨਵਰੀ ਵਿੱਚ ਉਸ ਦੀ ਸ਼ਰਨ ਅਰਜ਼ੀ ਰੱਦ ਕਰ ਦਿੱਤੀ ਸੀ। ਅਦਾਲਤ ਵਿੱਚ ਦੱਸਿਆ ਗਿਆ ਕਿ ਦੋਸ਼ੀ ਅਚਾਨਕ ਗੁਰਵਿੰਦਰ ਕੋਲ ਜਾਂਦਾ ਹੈ ਅਤੇ ਉਸ ਦੀ ਛਾਤੀ ਵਿੱਚ ਛੁਰਾ ਮਾਰ ਕੇ ਮਾਰ ਦਿੰਦਾ ਹੈ।


**ਗੁਰੂ ਨਾਨਕ ਦਰਬਾਰ ਗੁਰਦੁਆਰਾ ਈਰਥ ਅਤੇ ਬੈਲਵੀਡੀਅਰ ਵਿਖੇ**

**2 ਰਾਗੀਆਂ ਦੀ ਜ਼ਰੂਰਤ ਹੈ**

ਸਾਨੂੰ ਗੁਰੂ ਘਰ ਦੀਆਂ ਰੋਜ਼ਾਨਾ ਸੇਵਾਵਾਂ ਕਰਨ ਲਈ ਤਜ਼ਰਬੇਕਾਰ 2 ਰਾਗੀਆਂ ਦੀ ਜ਼ਰੂਰਤ ਹੈ। ਉਮੀਦਵਾਰਾਂ ਕੋਲ ਗੁਰਬਾਣੀ, ਕੀਰਤਨ ਅਤੇ ਧਾਰਮਿਕ ਸਿੱਖਿਆ ਦੇ ਖੇਤਰ 'ਚ ਸੇਵਾ ਨਿਭਾਉਣ ਦਾ ਗਿਆਨ ਹੋਣਾ ਜ਼ਰੂਰੀ ਹੈ। ਰਾਗੀ ਜੱਥੇ ਦੇ ਸੇਵਾਦਾਰ ਸਿੱਖ ਮਰਿਆਦਾ ਅਨੁਸਾਰ ਬਾਕੀ ਸਾਰੇ ਪ੍ਰੋਗਰਾਮਾਂ (ਵਿਆਹ, ਅੰਤਮ ਸੰਸਕਾਰ ਹੋਰ ਧਾਰਮਿਕ ਸੇਵਾਵਾਂ ਆਦਿ) ਵਿੱਚ ਮੁੱਖ ਗ੍ਰੰਥੀ (ਰਿਲੀਜਸ ਮਨਿਸਟਰ) ਦੇ ਸਹਾਇਕ ਹੋਣਗੇ। ਬੱਚਿਆਂ ਨੂੰ ਗੁਰਬਾਣੀ ਕੀਰਤਨ ਸਿਖਾਉਣ ਦੇ ਕਾਬਿਲ ਹੋਣ। ਇਹ ਯੋਗਤਾਵਾਂ ਰੱਖਣ ਵਾਲੇ ਨੂੰ 25 ਘੰਟੇ/ਹਫਤਾ ਯੂ ਕੇ ਦੇ ਕਾਨੂੰਨ ਮੁਤਾਬਕ (ਮਿਨੀਮਮ ਵੇਜ਼) ਤਨਖਾਹ ਦਿੱਤੀ ਜਾਵੇਗੀ।
ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ।
ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ:
**ਅਰਜ਼ੀਆਂ ਦੇਣ ਦੀ ਆਖਰੀ ਤਰੀਖ 5 ਦਸੰਬਰ 2025**

**Vacancies for 2 Ragis at**
**Guru Nanak Durbar Gurdwara Erith and Belvedere**

We require experienced 2 Ragis to assist with everyday duties of the Sikh Temple. Must have excellent skills, knowledge, reading ability and understanding of Kirtan and Gurbani. They will also be assisting with all the ceremonies associated with the Sikh Faith (marriages, funerals and other religious functions) under the guidance of the religious minister.

The posts are for 25 Hours per week and (minimum wage) wages will be paid in accordance with UK employment law. Full boarding and lodging facilities included. You must have the right to work in the UK.

**Closing date 5th December 2025**
Please apply in writing or email with full experience and skill details to General Secretary of the Gurdwara Sahib.

**GURU NANAK DURBAR GURDWARA (SIKH TEMPLE)**
**31 Mitchell Close, Belvedere, DA17 6AA**
**Email:gurunanak-erith@hotmail.com**

# ਡਾ. ਨਿਰਮਲ ਸਿੰਘ ਸੇਖੋਂ MBE ਨੇ ਬ੍ਰੈਡਫੋਰਡ ਹੇਟ ਕਰਾਇਮ ਐਲਾਇੰਸ ਦੇ 30ਵੇਂ ਵਰ੍ਹੇ ਗਿਰਾ ਸਮਾਰੋਹ ਵਿੱਚ ਹਾਜ਼ਰੀ ਦਿੱਤੀ



ਬ੍ਰੈਡਫੋਰਡ-ਬ੍ਰੈਡਫੋਰਡ ਹੇਟ ਕਰਾਇਮ ਐਲਾਇੰਸ ਨੇ ਆਪਣਾ 30ਵਾਂ ਵਰੇਗੰਢ ਸਮਾਰੋਹ ਸ਼ਨੀਵਾਰ, 18 ਅਕਤੂਬਰ ਨੂੰ ਸੀਡਰ ਕੋਰਟ ਹੋਟਲ, ਬ੍ਰੈਡਫੋਰਡ ਵਿੱਚ ਮਨਾਇਆ। ਇਸ ਮੌਕੇ ਤੇ ਸਮਾਜਕ ਨੇਤਾ, ਸਥਾਨਕ ਸੰਸਥਾਵਾਂ ਦੇ ਪ੍ਰਤਿਨਿਧੀ ਅਤੇ ਸ਼ਹਿਰ ਦੇ ਮਾਨਯੋਗ ਵਿਅਕਤੀ ਇਕੱਠੇ ਹੋਏ ਤਾਂ ਜੋ ਬ੍ਰੈਡਫੋਰਡ ਵਿੱਚ ਸਮਾਨਤਾ, ਸਹਿਯੋਗ ਅਤੇ ਸਦਭਾਵਨਾ ਨੂੰ ਪ੍ਰੋਤਸਾਹਿਤ ਕਰਨ ਵਾਲੇ ਤਿੰਨ ਦਹਾਕਿਆਂ ਦੀ ਸੇਵਾ ਨੂੰ ਯਾਦ ਕੀਤਾ ਜਾ ਸਕੇ।

ਡਾ. ਨਿਰਮਲ ਸਿੰਘ ਸੇਖੋਂ MBE ਇਸ ਸਮਾਰੋਹ ਵਿੱਚ ਖਾਸ ਮਹਿਮਾਨ ਵਜੋਂ ਆਪਣੀ ਪਤਨੀ ਮਿਸਿਜ਼ ਹਾਰਮੇਸ਼ ਕੌਰ ਸੇਖੋਂ ਦੇ ਨਾਲ ਸ਼ਾਮਿਲ ਹੋਏ। ਸਮਾਰੋਹ ਦੌਰਾਨ, ਡਾ. ਸ਼ੇਖੋਂ ਨੂੰ ਬ੍ਰੈਡਫੋਰਡ ਅਤੇ ਆਲੇ-ਦੁਆਲੇ ਦੇ ਖੇਤਰ ਵਿੱਚ ਸਮਾਜਿਕ ਸੇਵਾ, ਨੇਤ ਅਤੇ ਸਮਾਜਿਕ ਏਕਤਾ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਇਸ ਸਮਾਰੋਹ ਵਿੱਚ ਬ੍ਰੈਡਫੋਰਡ ਦੇ ਲਾਰਡ ਮੇਅਰ, ਕੌਂਸਲਰ ਮੁਹੰਮਦ ਸ਼ਫੀਕ ਵੀ ਹਾਜ਼ਰ ਸਨ, ਜਿਨ੍ਹਾਂ ਨੇ ਐਲਾਇੰਸ ਦੀਆਂ ਉਪਲਬਧੀਆਂ ਨੂੰ ਮਨਾਇਆ ਅਤੇ ਸ਼ਹਿਰ ਵਾਸੀਆਂ ਨੂੰ ਨਫ਼ਰਤ ਖ਼ਿਲਾਫ਼ ਇਕੱਠੇ ਰਹਿਣ ਅਤੇ ਏਕਤਾ ਨੂੰ ਵਧਾਉਣ ਦੀ ਪ੍ਰਤੀਬੱਧਤਾ ਨੂੰ ਦੋਹਰਾਇਆ।

ਡਾ. ਸੇਖੋਂ ਨੇ ਆਪਣੇ ਸੰਬੋਧਨ ਵਿੱਚ ਬ੍ਰੈਡਫੋਰਡ ਹੇਟ ਕਰਾਇਮ ਐਲਾਇੰਸ ਦੀ ਸੇਵਾ ਅਤੇ ਕਮਿਊਨਿਟੀ ਵਿੱਚ ਇਕੱਠ ਅਤੇ ਸੰਵਾਦ ਨੂੰ ਪ੍ਰੋਤਸਾਹਿਤ ਕਰਨ ਵਾਲੇ ਯਤਨਾਂ ਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਦੱਸਿਆ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਐਲਾਇੰਸ ਦਾ ਕੰਮ ਸਥਾਨਕ ਸਮਾਜ ਵਿੱਚ ਦਇਆ, ਸਹਿਯੋਗ ਦੇ ਰਿਹਾ ਹੈ।

ਇਸ ਸਮਾਰੋਹ ਵਿੱਚ ਭਾਸ਼ਣ, ਐਵਾਰਡ ਪ੍ਰਸਤੁਤੀ ਅਤੇ ਉਹਨਾਂ ਦੇ ਯੋਗਦਾਨ ਲਈ ਸਨਮਾਨ ਦਿੱਤਾ ਗਿਆ ਜਿਨ੍ਹਾਂ ਨੇ ਐਲਾਇੰਸ ਦੀ ਸਫਲਤਾ ਵਿੱਚ ਹਿੱਸਾ ਪਾਇਆ। ਮਹਿਮਾਨਾਂ ਨੇ ਬ੍ਰੈਡਫੋਰਡ ਦੀ ਵੱਖ-ਵੱਖਤਾ ਅਤੇ ਭਾਈਚਾਰੇ ਦੀ ਰੂਹ ਨੂੰ ਮਨਾਉਂਦਿਆਂ ਸਮਾਂ ਬਿਤਾਇਆ।

ਪ੍ਰਬੰਧਕਾਂ ਅਤੇ ਚੇਅਰਪ੍ਰਸਨ ਨੇ ਐਲਾਇੰਸ ਦੇ ਮਿਸ਼ਨ ਨੂੰ ਸਹਿਯੋਗ ਦੇਣ ਵਾਲੇ ਸਭ ਦਾ ਧੰਨਵਾਦ ਕੀਤਾ ਅਤੇ ਇਸ ਗੱਲ ਨੂੰ ਦੁਹਰਾਇਆ ਕਿ ਬ੍ਰੈਡਫੋਰਡ ਹਮੇਸ਼ਾ ਸ਼ਾਮਿਲਤਾ ਅਤੇ ਏਕਤਾ ਦਾ ਪ੍ਰਤੀਕ ਰਹੇ।

ਸਮਾਰੋਹ ਦਾ ਅੰਤ ਹੌਸਲੇ ਅਤੇ ਏਕਤਾ ਦੇ ਸੁਨੇਹੇ ਨਾਲ ਹੋਇਆ, ਜੋ ਸਾਰਿਆਂ ਨੂੰ ਯਾਦ ਦਿਲਾਉਂਦਾ ਹੈ ਕਿ ਬ੍ਰੈਡਫੋਰਡ ਦੀ ਤਾਕਤ ਇਸ ਦੇ ਲੋਕਾਂ ਵਿੱਚ ਹੈ ਅਤੇ ਉਹਨਾਂ ਦੀ ਸਾਂਝੀ ਪ੍ਰਤੀਬੱਧਤਾ ਵਿੱਚ ਹੈ ਕਿ ਨਫ਼ਰਤ ਖ਼ਿਲਾਫ਼ ਇਕੱਠੇ ਖੜੇ ਰਹਿਣ।

## ਦੁਬਈ ਵਿੱਚ ਇੱਕ ਕੈਫੇ ਨੇ ਪ੍ਰਤੀ ਕੱਪ ਲਗਭਗ $1,000 (AED 3,600) ਦੀ ਕਾਫੀ ਲਾਂਚ ਕੀਤੀ ਹੈ।

ਇਹ ਕਾਫੀ Juilth Café ਦੁਬਈ ਵਿੱਚ ਪੇਸ਼ ਕੀਤੀ ਗਈ ਹੈ ਅਤੇ ਇਸ ਦੇ ਕਾਰਨ ਇਹ ਦੁਨੀਆ ਦੀ ਸਭ ਤੋਂ ਮਹਿੰਗੀ ਕਾਫੀਆਂ ਵਿੱਚੋਂ ਇੱਕ ਮੰਨੀ ਜਾ ਰਹੀ ਹੈ। ਇਸ ਨੂੰ ਪੈਨਾਮਾ ਦੇ ਬਹੁਤ ਹੀ ਕ਼ੀਮਤੀ “Nido 7 Geisha’ ਬੀਨਾਂ ਤੋਂ ਬਣਾਇਆਂ ਗਿਆ ਹੈ। ਉਹਨਾਂ ਨੇ ਔਕਸ਼ਨ ਵਿੱਚ 20 ਕਿਲੋ ਬੀਨ ਲਏ ਜਿਸਦਾ ਮੁੱਲ ਲਗਭਗ ਅਰਧ 2.2 ਮਿਲੀਅਨ ( US$600,000) ਸੀ। ਇੱਕ ਕੱਪ ਵਿੱਚ ਫੁੱਲਾਂ ਵਾਂਗ ਜੈਸਮਿਨ, ਸੰਤਰਾ, ਬਰਗਮੋਟ ਅਤੇ ਆੜੂ ਵਾਂਗ ਸਵਾਦ ਮਿਲਦਾ ਹੈ। ਇਹ ਮਹਿੰਗੀ ਪੇਸ਼ਕਸ਼ 400 ਕੱਪਾਂ ਲਈ ਕਰੀਬ ਸਮੇਂ ਲਈ ਉਪਲਬਧ ਹੋਵੇਗੀ। ਦੁਬਈ ਦੇ ਲਗਜ਼ਰੀ ਅਤੇ ਰਿਕਾਰਡ-ਤੋੜ ਵਾਤਾਵਰਣ ਵਿੱਚ, ਇਹ ਕਾਫੀ ਇੱਕ ਲਕਜ਼ਰੀ ਅਨੁਭਵ ਵਾਂਗ ਪੇਸ਼ ਕੀਤੀ ਗਈ ਹੈ — ਜਿੱਥੇ ਸਿਰਫ ਸੁਆਦ ਹੀ ਨਹੀਂ, ਬੀਨ ਤੋਂ ਕੱਪ ਤੱਕ ਦੀ ਕਹਾਣੀ ਵੀ ਕਾਫੀ ਮੁੱਲ ਦੀ ਬਣੀ ਹੈ।


ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ
ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ ‘ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ ‘ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ ‘ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# ਯੂਬਾ ਸਿਟੀ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿੱਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ-ਐਫ ਬੀ ਆਈ ਤੇ ਹੋਰ ਸੈਨਾਵਾਂ ਨੇ ਸਾਰੇ ਨਗਰ ਕੀਰਤਨ ਤੇ ਕੰਟਰੋਲ ਰੱਖਿਆ




ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ 46ਵੇਂ ਸਾਲਾਨਾ ਮਹਾਨ ਨਗਰ ਕੀਰਤਨ ਵਿੱਚ ਜਿੱਥੇ ਹਜ਼ਾਰਾਂ ਦੀ ਤਾਦਾਦ ਦੇ ਨਾਲ ਸੰਗਤਾਂ ਨੇ ਸਮੂਲੀਅਤ ਕੀਤੀ ਉੱਥੇ ਨਾਲ ਨਾਲ ਐਤਕਾਂ ਇੱਕ ਅਦਭੁੱਦ ਨਜ਼ਾਰਾ ਦੇਖਣ ਨੂੰ ਮਿਲਿਆ ਕਿ ਇਸ ਵਿਸ਼ਾਲ ਨਗਰ ਕੀਰਤਨ ਦਾ ਕੰਟਰੋਲ ਐਤਕਾਂ ਵੱਖ ਵੱਖ ਸੈਨਾਵਾਂ, ਐਫ ਬੀਆਈ, ਸਵਾਤ ਟੀਮ ਸੀ ਆਈ ਏ, ਸੀ ਐਚ ਪੀ, ਸੈਰਫ ਤੇ ਸਥਾਨਕ ਪੁਲਿਸ ਵੱਲੋਂ ਕੀਤਾ ਗਿਆ। ਭਾਵੇਂ ਕਿ ਇਸ ਵਿਸ਼ਾਲ ਨਗਰ ਕੀਰਤਨ ਦਾ ਪ੍ਰਬੰਧ ਕਈ ਮਹੀਨਿਆਂ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਪਰ ਫਿਰ ਵੀ ਜੋ ਮੁੱਖ ਸਮਾਗਮ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਤੋਂ ਸ਼ੁਰੂ ਹੋ ਕੇ ਨਗਰ ਕੀਰਤਨ ਤੱਕ ਚੱਲਿਆ। ਇਸ ਦੌਰਾਨ ਜੋ ਇਸ ਧਾਰਮਿਕ ਦੀਵਾਨਾਂ ਦੇ ਵਿੱਚ ਵੱਖ ਵੱਖ ਜੱਥੇ ਤੇ ਪ੍ਰਚਾਰਕ ਪਹੁੰਚੇ ਉਹਨਾਂ ਵਿੱਚ ਭਾਈ ਤਵਨੀਤ ਸਿੰਘ ਜੀ ਚੰਡੀਗੜ੍ਹ ਵਾਲੇ, ਭਾਈ ਹਰਬਲਜੀਤ ਸਿੰਘ ਜੀ, ਭਾਈ ਕਰਨਜੀਤ ਸਿੰਘ ਜੀ ਖਾਲਸਾ ਯੂਕੇ ਵਾਲੇ, ਇਸ ਤੋਂ ਇਲਾਵਾ ਕਥਾਵਾਚਕ ਭਾਈ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ ਵਾਲੇ ਢਾਡੀ ਭਾਈ ਗੁਰਪ੍ਰੀਤ ਸਿੰਘ ਜੀ ਲਾਂਡਰਾਂ ਵਾਲੇ ਵਿਸ਼ੇਸ਼ ਤੌਰ ਤੇ ਇਹਨਾਂ ਸਮਾਗਮਾਂ ਵਿੱਚ ਸ਼ਾਮਿਲ ਹੋਏ ਇਸ ਤੋਂ ਇਲਾਵਾ ਜੋ ਵਿਸ਼ੇਸ਼ ਕੀਰਤਨ ਸਮਾਗਮ 18 ਅਕਤੂਬਰ ਤੋਂ ਦੋ ਨਵੰਬਰ ਤੱਕ ਚਲਦੇ ਰਹੇ। ਬਾਕੀ ਸਮੇਂ ਸਮੇਂ ਤੇ ਹੋਏ ਸਮਾਗਮਾਂ ਦੌਰਾਨ ਹੀ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ, ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ, ਰੈਣ ਸਬਾਈ ਕੀਰਤਨ ਤੇ ਸ਼ੁਕਰਵਾਰ ਨੂੰ ਸ਼ਾਮ ਨੂੰ ਆਤਿਸ਼ਬਾਜੀ ਹੋਈ। ਇਹਨਾਂ ਸਮਾਗਮਾਂ ਦੌਰਾਨ ਹੀ ਸ਼ਨੀਵਾਰ ਨੂੰ ਅੰਮ੍ਰਿਤ ਸੰਚਾਰ ਹੋਇਆ ਤੇ ਸ਼ਨੀਵਾਰ ਨੂੰ ਹੀ ਸਵੇਰੇ ਨਿਸ਼ਾਨ ਸਾਹਿਬ ਜੀ ਦੇ ਚੋਲਾ ਸਾਹਿਬ ਦੀ ਸੇਵਾ ਹੋਈ ਐਤਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਕੀਰਤਨ ਦਰਬਾਰ ਹੋਇਆ ਇਸ ਤੋਂ ਉਪਰੰਤ ਐਤਵਾਰ ਨੂੰ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਭਾਰੀ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਮੁੱਖ ਤੇ ਵੱਖ ਵੱਖ ਫਲੋਟਾਂ ਦੀ ਅਗਵਾਈ ਪੰਜਾ ਪਿਆਰਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਕੀਤੀ। ਸ਼ਨੀਵਾਰ ਦੇ ਭਾਰੀ ਦੀਵਾਨਾਂ ਚ ਸ਼ੈਰਫ ਚੀਫ ਜਿਮ ਰਨੀਅਨ, ਡਿਸਟਰਿਕਟ ਅਟਾਰਨੀ ਜੈਨੂਫਰ ਡੂਪਰੇ, ਸੁਪਰਵਾਈਜ਼ਰ ਸਟੀਵ ਸਮਿਥ, ਮਾਈਕ ਜਗਮਾਰ ਸੁਪਰਵਾਈਜ਼ਰ, ਜੈਫ ਬੂਨ ਸੁਪਰਵਾਈਜ਼ਰ ਸਟਰ ਕਾਊਂਟੀ ਤੋਂ ਇਲਾਵਾ ਸਾਰੇ ਕੌਂਸਲ ਮੈਂਬਰ ਇਸ ਸਮਾਗਮ ਵਿੱਚ ਸ਼ਾਮਿਲ ਹੋਏ ਇਸ ਤੋਂ ਇਲਾਵਾ ਕ੍ਰਿਸ ਚੈਪਲਨ ਸੀਈਓ ਐਡਵਾਂਟੇਜ ਹੈਥ ਕੇਅਰ, ਨੀਲ ਹੇਜ ਜੋ ਡਿਸਟਕ ਕਾਊਂਟੀ ਦੇ ਬਿਲਡਿੰਗ ਵਿਭਾਗ ਦੇ ਮੁਖੀ ਹਨ ਬਕਾਇਦਾ ਤੌਰ ਤੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ, ਉਕਤ ਸਾਰੇ ਅਹੁਦੇਦਾਰਾਂ ਤੇ ਆਫੀਸਲਜ ਨੂੰ ਸਨਮਾਨਿਤ ਕੀਤਾ ਗਿਆ। ਸਿੱਖ ਭਾਈਚਾਰੇ ਦੇ ਮੁੱਖ ਬੁਲਾਰਿਆਂ ਵਿੱਚ ਡਾਕਟਰ ਅਮਰਜੀਤ ਸਿੰਘ, ਡਾਕਟਰ ਪ੍ਰਿਤਪਾਲ ਸਿੰਘ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਧਾਮੀ ਅਕਾਲੀ ਦਲ, ਜਸਵੰਤ ਸਿੰਘ ਹੋਠੀ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਬਖਸ਼ੀਸ਼ ਸਿੰਘ ਸਿਖਸ ਫਾਰ ਜਸਟਿਸ ਸਰਬਜੀਤ ਸਿੰਘ ਸਾਬੀ, ਕਮਲਜੀਤ ਕਾਹਲੋਂ ਯੂਨਾਈਟਡ ਸਿੱਖਸ, ਬਸੰਤ ਸਿੰਘ ਸਿੱਖ ਯੂਥ ਆਫ ਅਮਰੀਕਾ ਨਿਊ ਜਰਸੀ, ਭੁਪਿੰਦਰ ਕੌਰ ਯੂਨਾਈਟਡ ਸਿੱਖਸ, ਗੁਰਿੰਦਰਜੀਤ ਸਿੰਘ ਮਾਨ੍ਹਾ ਸਿੱਖ ਫੈਡਰੇਸ਼ਨ ਆਫ ਯੂਐਸਏ, ਗੁਰਨਾਮ ਸਿੰਘ ਪੰਮਾ,ਪ੍ਰਧਾਨ ਜੁਬਾ ਸਿਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਬਜੀਤ ਸਿੰਘ ਥਿਆੜਾ ਆਦਿ ਤੋਂ ਇਲਾਵਾ ਬਾਹਰਲੇ ਦੇਸ਼ਾਂ ਤੋਂ ਆਏ ਬੁਲਾਰਿਆਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ। ਐਤਕਾਂ ਵੀ ਵੱਡੀ ਪੱਧਰ ਤੇ ਇੱਕ ਆਰਜੀ ਬਾਜ਼ਾਰ ਜਿਸ ਵਿੱਚ ਵੱਖ-ਵੱਖ ਬਿਜਨਸਾਂਮੈਨਾਂ ਨੇ ਆਪਣੇ ਆਪਣੇ ਸਟਾਲ ਲਾਏ ਹੋਏ ਸੀ ਤੋਂ ਸੰਗਤਾਂ ਨੇ ਭਾਰੀ ਤਾਦਾਦ ਵਿੱਚ ਸਮਾਨ ਖਰੀਦਿਆ ਇਸ ਤੋਂ ਇਲਾਵਾ ਵੱਖ-ਵੱਖ ਧਾਰਮਿਕ ਸਿਆਸੀ ਤੇ ਬਿਜਨਸ ਸਟਾਲਾਂ ਵਿੱਚ ਲੋਕਾਂ ਨੇ ਆਪਣਾ ਪ੍ਰਚਾਰ ਕੀਤਾ ਵਿਸ਼ੇਸ਼ ਤੌਰ ਤੇ ਸੈਰਫ ਡਿਪਾਰਟਮੈਂਟ, ਪੁਲਿਸ ਡਿਪਾਰਟਮੈਂਟ, ਆਰਮੀ ਤੇ ਸਿੱਖਾਂ ਦੀ ਸ਼ਹੀਦੀਆਂ ਤੇ ਸਿੱਖਾਂ ਦੇ ਇਤਿਹਾਸ ਨੂੰ ਦਰਸਾਉਂਦੀਆਂ ਹੋਈਆਂ ਝਲਕੀਆਂ ਵੀ ਵੱਖ ਵੱਖ ਸਟਾਲਾਂ ਤੋਂ ਦੇਖੀਆਂ ਗਈਆਂ। ਇਸ ਉਪਰੰਤ ਜਿੱਥੇ ਸਿੱਖ ਭਾਈਚਾਰੇ ਨੇ ਵੱਡੀ ਤਾਦਾਦ ਵਿੱਚ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸਮੂਲੀਅਤ ਕੀਤੀ ਉਥੇ ਨਾਲ ਨਾਲ ਅਮਰੀਕਨ ਲੋਕਾਂ ਨੇ ਵੀ ਚੋਖਾ ਢਿੱਡ ਭਰ ਕੇ ਵੱਖ ਵੱਖ ਲੰਗਰਾਂ ਤੋਂ ਖਾਧਾ । ਐਤਕਾ ਵੀ ਸਿਆਸੀ ਪਨਾਹ ਵਾਲੇ ਮੁੰਡਿਆ ਨੇ ਆਪਣੇ ਕੇਸਾਂ ਚ ਮੱਦਦ ਲਈ ਝੰਡਿਆਂ ਤੇ ਫਲੋਟਾਂ ਨਾਲ ਖੂਬ ਫੋਟੋਆਂ ਕਰਵਾਈਆਂ।

# ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂਘਰ ਵੱਲੋਂ ਗੁਰਪੁਰਬ ਸੰਬੰਧੀ ਨਗਰ ਕੀਰਤਨ ਦਾ ਆਯੋਜਨ -ਹਜ਼ਾਰਾਂ ਦੀ ਤਾਦਾਦ ਵਿੱਚ ਸਿੱਖ ਸੰਗਤ ਨੇ ਸ਼ਿਰਕਤ ਕੀਤੀ





**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਸਭਾ ਗੁਰਦੁਆਰਾ ਐਲਬਰਟ ਡਰਾਈਵ ਤੋਂ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਵਿੱਚ ਸੁੰਦਰ ਪਾਲਕੀ ਸਾਹਿਬ ਸੇਂਟ ਐਂਡਰਿਊ ਡਰਾਈਵ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰੂਘਰ ਵੱਲ ਨੂੰ ਚਾਲੇ ਪਾਏ। ਗੁਰੂਘਰ ਦੇ ਵਜੀਰ ਭਾਈ ਅਮਰੀਕ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਗਗਨਦੀਪ ਸਿੰਘ ਦੇ ਜੱਥੇ ਵੱਲੋਂ ਸਾਰੇ ਰਾਹ ਸ਼ਬਦ ਕੀਰਤਨ ਰਾਹੀਂ ਫਿਜ਼ਾਵਾਂ ਸੰਗੀਤਮਈ ਕਰ ਦਿੱਤੀਆਂ। ਸੰਗਤਾਂ ਵੱਲੋਂ ਕੀਤਾ ਜਾ ਰਿਹਾ ਜਾਪ ਵੱਖਰਾ ਹੀ ਮਾਹੌਲ ਸਿਰਜ ਰਿਹਾ ਸੀ।** ਇਹ ਨਗਰ ਕੀਰਤਨ ਇਸ ਗੱਲੋਂ ਵੀ ਵਿਲੱਖਣ ਸੀ ਕਿ ਪੈਂਡਾ ਬਹੁਤਾ ਜਿਆਦਾ ਨਹੀਂ ਸੀ ਤੇ ਹੋਰਨਾਂ ਸ਼ਹਿਰਾਂ ਵਾਂਗ ਰਸਤਿਆਂ ਦੇ ਪੜਾਵਾਂ ਵਿੱਚ ਸੰਗਤਾਂ ਵੱਲੋਂ ਪਕਵਾਨ ਤਿਆਰ ਨਹੀਂ ਕੀਤੇ ਜਾ ਰਹੇ ਸਨ। ਸਿਰਫ ਤੇ ਸਿਰਫ ਪਹਿਲਾਂ ਤਿਆਰ ਕੀਤੇ ਪਕਵਾਨ ਹੀ ਸੰਗਤ ਨੂੰ ਵਰਤਾਏ ਗਏ ਤਾਂ ਕਿ ਵਿਸਾਖੀ ਨਗਰ ਕੀਰਤਨ ਵੇਲੇ ਸਾਊਥਾਲ ਵਿੱਚ ਵਾਪਰੀ ਘਟਨਾ ਵਾਂਗ ਕੋਈ ਹੋਰ ਘਟਨਾ ਨਾ ਵਾਪਰੇ। ਜਿਉਂ ਹੀ ਨਗਰ ਕੀਰਤਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰੂਘਰ ਪਹੁੰਚਿਆ ਤਾਂ ਮੁੱਖ ਸੇਵਾਦਾਰ ਕਲਵੰਤ ਸਿੰਘ ਗੌਰਡਨ, ਗਿਆਨੀ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਤੇ ਸੰਗਤ ਨੇ ਨਗਰ ਕੀਰਤਨ ਦਾ ਜੋਸ਼ੀਲਾ ਸਵਾਗਤ ਕੀਤਾ। ਇਸ ਉਪਰੰਤ ਨਗਰ ਕੀਰਤਨ ਨੇ ਵਾਪਸ ਐਲਬਰਟ ਡਰਾਈਵ ਵੱਲ ਨੂੰ ਚਾਲੇ ਪਾ ਦਿੱਤੇ। ਐਲਬਰਟ ਡਰਾਈਵ ਗੁਰੂਘਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਦੇ ਮਨੋਰੰਜਨ ਲਈ ਝੂਲਿਆਂ ਆਦਿ ਦੇ ਕੀਤੇ ਪ੍ਰਬੰਧ ਦੀ ਸੰਗਤ ਵੱਲੋਂ ਤਾਰੀਫ ਕੀਤੀ ਜਾ ਰਹੀ ਸੀ। ਬੱਚਿਆਂ ਦੇ ਚਿਹਰਿਆਂ ਦੀ ਖੁਸ਼ੀ ਜਾਹਰ ਕਰ ਰਹੀ ਸੀ ਕਿ ਕਮੇਟੀ ਵੱਲੋਂ ਝੂਲੇ ਲਗਾਉਣ ਦਾ ਫੈਸਲਾ ਕਿੰਨਾ ਸਹੀ ਸੀ। ਨੌਜਵਾਨ ਕਾਰੋਬਾਰੀਆਂ ਵੱਲੋਂ ਰਲ ਮਿਲ ਕੇ ਗੁਰੂਘਰ ਦੀ ਹਦੂਦ ਅੰਦਰ ਲਗਾਏ ਲੰਗਰਾਂ 'ਤੇ ਸੰਗਤ ਦੀ ਰੌਣਕ ਲਗਾਤਾਰ ਬਣੀ ਰਹੀ। ਗੋਲ ਗੱਪਿਆਂ, ਚਾਟ ਪਾਪੜੀ ਤੇ ਦਹੀਂ ਭੱਲਿਆਂ ਦੀ ਸਟਾਲ 'ਤੇ ਨਵਜੋਤ ਗੋਸਲ, ਲਖਵੀਰ ਸਿੰਘ ਸਿੱਧੂ, ਸੋਢੀ ਬਾਗੜੀ, ਤੇਜਿੰਦਰ ਭੁੱਲਰ, ਤਰਸੇਮ ਕੁਮਾਰ, ਦੁੱਲਾ ਰਾਏ, ਚੰਨੀ ਵਿਰਕ, ਸਾਬੀ, ਦੀਪ ਗਿੱਲ, ਜੱਸਾ ਤੁਰ, ਹਰਪ੍ਰੀਤ ਧਾਲੀਵਾਲ, ਅੰਸ਼ ਪੁੰਜ ਆਦਿ ਸਾਥੀਆਂ ਵੱਲੋਂ ਬਹੁਤ ਹੀ ਤਨਦੇਹੀ ਨਾਲ ਸੇਵਾ ਕਾਰਜ ਨਿਭਾਏ ਗਏ। ਗੁਰੂਘਰ ਦੇ ਮੰਚ ਤੋਂ ਮੁੱਖ ਸੇਵਾਦਾਰ ਲਭਾਇਆ ਸਿੰਘ ਮਹਿਮੀ, ਜਨਰਲ ਸਕੱਤਰ ਪ੍ਰਭਜੋਤ ਕੌਰ ਵਿਰ੍ਹੀਆ ਨੇ ਸੰਬੋਧਨ ਕਰਦਿਆਂ ਸਮੂਹ ਸੰਗਤ ਨੂੰ ਗੁਰਪੁਰਬ ਨਗਰ ਕੀਰਤਨ ਦੀ ਹਾਰਦਿਕ ਵਧਾਈ ਪੇਸ਼ ਕੀਤੀ।

– ਲੇਖਕ –
ਗਿਆਨੀ
ਗੁਰਦਿੱਤ ਸਿੰਘ



# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਅਸਲੀ ਬਾਣੀ ਦੀਆਂ ਅੰਦਰੂਨੀ ਗਵਾਹੀਆਂ ਇਤਿਹਾਸਕ ਹਵਾਲਿਆਂ 'ਤੇ ਜੋ ਕੁਝ ਠੀਕ ਹੈ, ਉਸ ਨੂੰ ਪ੍ਰਗਟ ਕਰਨ ਦਾ ਸਾਹਸ ਕੀਤਾ ਹੈ । ਭਗਤ ਬਾਣੀ ਬਾਰੇ ਜਿਨਿਆਂ ਭੀ ਵਿਦਵਾਨਾਂ ਨੇ ਲਿਖਿਆ ਹੈ, ਪ੍ਰਾਪਤ ਸਮੱਗਰੀ ਦੇ ਆਧਾਰ ਉੱਤੇ ਹੈ । ਵੱਡੀਆਂ ਵੱਡੀਆਂ ਮਾਨਯੋਗ ਹਸਤੀਆਂ ਸਨਮਾਯੋਗ ਵਿਦਵਾਨਾਂ ਦੇ ਖਿਆਲਾਂ ਉੱਤੇ ਵਿਚਾਰ ਕਰਨ ਦੀ ਗੁਸਤਾਖੀ ਕੀਤੀ ਮਲੂਮ ਹੋਵੇਗੀ। ਭਗਤ ਬਾਣੀ ਦੇ ਪ੍ਰਸੰਗ ਵਿੱਚ ਭਾਈ ਗੁਰਦਾਸ, ਭਾਈ ਮਨੀ ਸਿੰਘ ਜੀ ਤੋਂ ਲੈ ਕੇ ਸੰਪਰਦਾਈ ਗਿਆਨੀਆਂ ਦੇ ਪ੍ਰਯਾਵ, ਟੀਕਿਆਂ ਅਤੇ ਪੁਰਾਣੇ ਇਤਿਹਾਸ ਦੇ ਗ੍ਰੰਥਾਂ ਦੇ ਮਤ ਭੀ ਪੜਤਾਲੇ ਹਨ ।**




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–18**

ਏਧਰਲੇ ਪੰਜਾਬ ਵਿੱਚ ਉਸੇ ਸਮੇਂ ਫਰੀਦ ਜੀ ਨੂੰ ਸੁਲਹ ਕੁਲ, ਰਹਿਮ ਭਰੀ ਕਰਨੀ ਵਾਲੇ ਮਹਾਂਪੁਰਖ ਸਮਝ ਕੇ ਉਨ੍ਹਾਂ ਦੀ ਯਾਦ ਮਨਾਈ ਜਾ ਰਹੀ ਸੀ, ਜੋ ਤੈ ਮਾਰਨ ਮੁਕੀਆਂ, ਵਾਲਿਆਂ ਦੇ ਘਰ ਜਾ ਕੇ ਪੈਰ ਚੁੰਮਣ ਦੀ ਸਿੱਖਿਆ ਦੇ ਪਦ ਤੇ ਸਲੋਕ ਗਾਕੇ ਦੀਵਾਨ ਸਜਾਏ ਜਾ ਰਹੇ ਸਨ, ਕਿਸੇ ਦਾ ਹੀਆ ਨਾ ਢਾਹੁਣ ਦੇ ਉਪਦੇਸ਼ ਹਵਾਵਾਂ ਵਿੱਚ ਗੂੰਜ ਰਹੇ ਸਨ। ਫਰੀਦ ਜੀ ਦੇ ਪ੍ਰੀਤਵਾਨ ਅਸਾਡੇ ਦੇਸ਼ ਵਿੱਚ ਜੋ ਕਰਦੇ ਸਨ ਉਹ ਭੀ ਠੀਕ ਹਨ, ਉਧਰ ਪਾਕਿਸਤਾਨੀ ਭੀ ਠੀਕ ਹਨ। ਸਾਡੇ ਫਰੀਦ ਜੀ ਹਲੀਮੀ ਦੇ ਪੁਤਲੇ ਉਹੋ ਸਨ ਜੋ ਪਿੱਛੋਂ ਜਾ ਕੇ ਕਿਸੇ ਔਲੀਏ ਪੀਰ ਦੇ ਪੈਰੋਕਾਰ ਨਹੀਂ ਰਹੇ ਸੀ, ਗੁਰੂ ਮਾਰਗ ਦੇ ਧਾਰਨੀ ਬਣ ਜਾਣ ਕਾਰਨ, ਸਭ ਦੇ ਹਿਤੂ ਬਣ ਗਏ ਸੀ:–

ਜੋ ਗੁਰੁ ਦਸੇ ਵਾਟ ਮੁਰੀਦਾ ਜੋਲੀਐ॥
(ਆਸਾ ਸ਼ੇਖ ਫ਼ਰੀਦ 488)

ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
(ਸੂਹੀ ਫ਼ਰੀਦ 794)

ਗੁਰੂ ਅਤੇ ਸਾਧ ਸੰਗਤ ਦਾ ਸੰਕਲਪ ਕੀ ਪਹਿਲੇ ਮਸਊਦ ਫਰੀਦ ਸਮੇਂ ਵਰਤੀ ਭਾਸ਼ਾ ਦਾ ਅੰਗ ਬਣ ਚੁੱਕਿਆ ਸੀ? ਗ਼ਲਤੀ ਉਦੋਂ ਹੁੰਦੀ ਹੈ ਜਦੋਂ ਦੋਵੇਂ ਫ਼ਰੀਦਾਂ ਨੂੰ ਇਕ ਬਣਾਕੇ ਵਰਤਾਰੇ ਅਤੇ ਸਿਧਾਂਤਾਂ ਦਾ ਗਲ ਨਰੜ ਕੀਤਾ ਜਾਂਦਾ ਹੈ। ਉਹ ਭੀ ਇਸਲਾਮ ਦੇ ਉਸ ਵੇਲੇ ਮੰਨੇ ਜਾਂਦੇ ਔਲੀਏ ਮਸਊਦ ਨਾਲ ਜੋੜਕੇ, ਜਿਸ ਵੇਲੇ ਪੰਜਾਬੀ ਭਾਸ਼ਾ ਨੇ ਸਾਹਿਤਕ ਰੂਪ ਹੀ ਨਹੀਂ ਧਾਰਿਆ ਸੀ। ਭਾਸ਼ਾ ਵਿਗਿਆਨੀ ਕਹਿੰਦੇ ਹਨ, ਅਜਿਹੀ ਬੋਲੀ ਵਿੱਚ ਆਉਣ ਵਾਲੇ ਲਫ਼ਜ਼ਾਂ ਅਤੇ ਵਾਕਾਂ ਵਾਲੀ ਭਾਸ਼ਾ ਰੂਪ, ਪੰਦਰ੍ਹਵੀਂ ਸਦੀ ਤੋਂ ਪਹਿਲਾਂ ਦਾ ਨਹੀਂ। ਸਵਾਨੇ ਫਰੀਦ ਦਾ ਲੇਖਕ ਕਹਿੰਦਾ ਹੈ, ਇਸ ਰਚਨਾ ਦੇ ਯੋਗ, ਫ਼ਰੀਦਸਾਨੀ ਨੂੰ ਗੁਰੂ ਨਾਨਕ ਜੀ ਨੇ ਬਣਾਇਆ। ਪ੍ਰੋ. ਖ਼ਲੀਕ ਨਿਜ਼ਾਮੀ ਕਹਿੰਦੇ ਹਨ, ਇਹ ਪਹਿਲੇ ਫ਼ਰੀਦ ਦੀ ਬਾਣੀ ਨਹੀਂ। ਗੁਰੂ ਨਾਨਕ ਦੇ ਸਮਕਾਲੀ ਫ਼ਰੀਦ ਦੀ ਹੈ। ਉਨ੍ਹਾਂ ਦਾ ਇਹ ਭੀ ਮਤ ਹੈ ਇਹ ਸ਼ਰ੍ਹਾ ਦੀ ਕਸਵੱਟੀ ਉੱਤੇ ਭੀ ਖਰੀ ਨਹੀਂ ਉਤਰਦੀ। ਇਹ ਰਚਨਾ ਮਫਲੁਜ਼ਾਤ ਅਰਥਾਤ ਨੀਵੀਂ ਪੱਧਰ ਦੀ ਹੈ।

ਇਕ ਮੰਦੀ ਕਨਸੋਅ ਕੰਨੀ ਪਈ ਹੈ, ਮਹਾਂਫਰੀਦਵਾਦੀ ਫਰੀਦ ਮਸਊਦ ਬਾਰੇ ਲਿਖੀਆਂ ਪਹਿਲੀਆਂ ਲਿਖਤਾਂ ਬਦਲਾਉਣ ਦੇ ਚੱਕਰ ਵਿੱਚ ਪੀਰ ਨਿਜ਼ਾਮੁਦੀਨ ਦੀ ਦਰਗਾਹ ਦੀ ਜ਼ਿਆਰਤ ਕਰ ਰਹੇ ਹਨ। ਉਨ੍ਹਾਂ ਦੇ ਖ਼ਾਨਦਾਨੀ ਵਿਦਵਾਨਾਂ ਉੱਤੇ ਜ਼ੋਰ ਪਾ ਰਹੇ ਹਨ, ਤੁਸੀਂ ਕੁਝ ਕੁ ਆਪਣੀ ਲਿਖਤ ਬਦਲ ਲਵੋ ਤਾਂ ਕਿ ਸਾਡਾ ਮੱਤ ਮੱਠ ਚੱਲਦਾ ਰਹੇ। ਆਸ਼ਾ ਤਾਂ ਨਹੀਂ ਪ੍ਰੋ: ਖ਼ਲੀਕ ਨਿਜ਼ਾਮੀ ਜਿਹੀ ਉੱਚੇ ਦਰਜੇ ਦੀ ਹਸਤੀ, ਜੋ ਵਿਸ਼ੇਸ਼ ਲਿਖਤਾਂ ਦੇ ਰਚਯਤਾ ਅਤੇ ਉੱਚੇ ਪਦਾਂ ਉੱਤੇ ਰਹੇ ਹਨ, ਅਜਿਹੀ ਕੋਈ ਨੀਵੀਂ ਗੱਲ ਕਰਨਗੇ। ਜੇ ਅਜਿਹਾ ਯਤਨ ਕੀਤਾ ਗਿਆ, ਜਿਵੇਂ ਤੂੜੀ ਵਿੱਚ ਦੱਬਕੇ ਨਵੀਂ ਲਿਖਤ ਨੂੰ ਪ੍ਰਾਚੀਨ ਬਨਾਉਣ ਲਈ ਅਸਫਲ ਯਤਨ ਕੀਤੇ ਗਏ ਸਨ, ਇਹੋ ਜਿਹੀ ਕੋਸ਼ਿਸ਼ ਹੋਰ ਭੀ ਗਲਤ ਹੋਵੇਗੀ। ਗਵਾਹ ਦੇ ਬਦਲਣ ਨਾਲ ਮੁਕੱਦਮੇ ਦੀ ਸੱਚਾਈ ਵਿੱਚ ਫ਼ਰਕ ਨਹੀਂ ਪਵੇਗਾ।

ਫ਼ਰੀਦ ਬਾਣੀ ਵਿੱਚ ਗੁਰੂ ਲਫਜ਼ ਮਸਊਦ ਭਗਤਾਂ ਨੂੰ ਵਧੇਰੇ ਹੜਕਦਾ ਹੈ, ਕੁਝ ਫ਼ਰੀਦ ਸ਼ਰਧਾਲੂ ਤਾਂ ਏਥੋਂ ਤੱਕ ਤੋਹਮਤਾਂ ਲਾਉਣ ਉੱਤੇ ਤੁਲੇ ਹੋਏ ਹਨ ਜਿਵੇਂ ਜੀ. ਬੀ. ਸਿੰਘ ਨੇ ਕਿਹਾ ਸੀ, ਫ਼ਰੀਦ ਸਾਨੀ, ਨਾਮ ਸਿੱਖਾਂ ਵੱਲੋਂ ਆਪਣੀ ਗਰਜ ਲਈ ਘੜਿਆ ਗਿਆ ਸੀ। ਹੁਣ ਦੇ ਫ਼ਰੀਦ ਪੰਥੀਆਂ ਤੋਂ ਇਹ ਭੀ ਡਰ ਹੈ ਉਹ ਕਹਿ ਦੇਣ ਗੁਰੂ ਸ਼ਬਦ ਸਿੱਖਾਂ ਨੇ ਪਾਇਆ ਹੈ। ਅਜਿਹੇ ਸੱਜਣਾਂ ਦਾ ਪ੍ਰਯੋਜਨ ਇਤਨਾ ਹੀ ਹੈ ਕਿ ਕਿਸੇ ਤਰ੍ਹਾਂ ਉਨ੍ਹਾਂ ਦੀਆਂ ਗ਼ਲਤ ਸੋਚਾਂ ਸਹੀ ਸਮਝੀਆਂ ਜਾਣ, ਤਾਂਕਿ ਉਹ ਝੂਠੇ ਕਥਨ ਜਾਰੀ ਰੱਖ ਸਕਣ ਕਿ ਫ਼ਰੀਦ ਜੀ ਤੋਂ ਭੀ ਗੁਰੂ ਨਾਨਕ ਦੀ ਸੁਸਿਖਸ਼ਤ ਹੋਏ ਸਨ, ਜਿਵੇਂ ਕੁਝ ਵਰ੍ਹੇ ਪਹਿਲਾਂ ਭਾਰਤ ਦੀ ਉੱਚੀ ਪਦਵੀ ਵਾਲੀ ਹਸਤੀ ਦੇ ਮੂੰਹੋ ਕਹਾਇਆ ਗਿਆ ਸੀ ਕਿ ਗੁਰੂ ਨਾਨਕ ਜੀ ਨੇ ਬਹੁਤ ਸਾਰੀਆਂ ਸਿੱਖਿਆਵਾਂ ਫਰੀਦ ਜੀ ਤੋਂ ਹਾਸਲ ਕੀਤੀਆਂ ਸਨ।

ਪ੍ਰੋ: ਸਾਹਿਬ ਸਿੰਘ ਜੀ ਦੀ ਗੁਰਬਾਣੀ ਦੀ ਟੀਕਾਕਾਰੀ ਦੀ ਭਾਰੀ ਸੇਵਾ ਨੂੰ ਅਸੀਂ ਸਾਰੇ ਸਤਿਕਾਰ ਭੇਟਾ ਕਰਦੇ ਹਾਂ, ਪਰ ਇਹ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਕਈ ਥਾਂ ਉਨ੍ਹਾਂ ਦੀ ਵਿਆਖਿਆ ਹੀ ਉਨ੍ਹਾਂ ਦੇ ਅਰਥਾਂ ਨੂੰ ਗਲਤ ਕਰਦੀ ਹੈ। ਅਤੇ ਅਰਥ ਵਿਆਖਿਆ ਨੂੰ ਰੱਦ ਕਰਦੇ ਹਨ। ਇਸ ਕਰਕੇ ਉਨ੍ਹਾਂ ਸਬੰਧੀ ਜੋ ਖਿਆਲਾਂ ਦੇ ਵੱਖਰੇਵੇਂ ਤੱਥਾਂ ਉੱਤੇ ਆਧਾਰਿਤ ਕਰਕੇ ਪ੍ਰਗਟਾਏ ਹਨ, ਸੱਚ ਦੇ ਪ੍ਰਕਾਸ਼ ਲਈ ਅਜਿਹਾ ਕਰਨਾ ਜ਼ਰੂਰੀ ਸੀ। ਇਕ ਧਾਰਮਿਕ ਵਿਦਵਾਨ ਵਿਅਕਤੀ ਵੱਲੋਂ ਗੁਰੂ ਨਾਨਕ ਜੀ ਦੀ ਪਰਮ ਪਵਿੱਤਰ ਹਸਤੀ ਬਾਰੇ ਭੁਲੇਖੇ ਪਾਉਣ ਵਾਲੀਆਂ ਲਿਖਤਾਂ ਦੀ ਆਸ ਨਹੀਂ ਸੀ। ਅਸਲੀ ਬਾਣੀ ਦੀਆਂ ਅੰਦਰੂਨੀ ਗਵਾਹੀਆਂ ਇਤਿਹਾਸਕ ਹਵਾਲਿਆਂ 'ਤੇ ਜੋ ਕੁਝ ਠੀਕ ਹੈ, ਉਸ ਨੂੰ ਪ੍ਰਗਟ ਕਰਨ ਦਾ ਸਾਹਸ ਕੀਤਾ ਹੈ। ਭਗਤ ਬਾਣੀ ਬਾਰੇ ਜਿਨਿਆਂ ਭੀ ਵਿਦਵਾਨਾਂ ਨੇ ਲਿਖਿਆ ਹੈ, ਪ੍ਰਾਪਤ ਸਮੱਗਰੀ ਦੇ ਆਧਾਰ ਉੱਤੇ ਹੈ। ਵੱਡੀਆਂ ਵੱਡੀਆਂ ਮਾਨਯੋਗ ਹਸਤੀਆਂ ਸਨਮਾਯੋਗ ਵਿਦਵਾਨਾਂ ਦੇ ਖਿਆਲਾਂ ਉੱਤੇ ਵਿਚਾਰ ਕਰਨ ਦੀ ਗੁਸਤਾਖੀ ਕੀਤੀ ਮਲੂਮ ਹੋਵੇਗੀ। ਭਗਤ ਬਾਣੀ ਦੇ ਪ੍ਰਸੰਗ ਵਿੱਚ ਭਾਈ ਗੁਰਦਾਸ, ਭਾਈ ਮਨੀ ਸਿੰਘ ਜੀ ਤੋਂ ਲੈ ਕੇ ਸੰਪਰਦਾਈ ਗਿਆਨੀਆਂ ਦੇ ਪ੍ਰਯਾਵ, ਟੀਕਿਆਂ ਅਤੇ ਪੁਰਾਣੇ ਇਤਿਹਾਸ ਦੇ ਗ੍ਰੰਥਾਂ ਦੇ ਮਤ ਭੀ ਪੜਤਾਲੇ ਹਨ। ਪ੍ਰਿੰਸੀਪਲ ਤੇਜਾ ਸਿੰਘ ਜੀ ਨਿਰਸੰਦੇਹ ਅਦੁੱਤੀ ਵਿਦਵਾਨ ਸਨ। ਉਨ੍ਹਾਂ ਦੀ ਹਸਤੀ ਦਾ ਸਤਿਕਾਰ ਹੈ। ਕਿਉਂਕਿ ਪਿੱਛੋਂ ਜਾਕੇ ਸ਼ੱਕ ਪੈਂਦਾ ਹੈ ਉਨ੍ਹਾਂ ਉੱਤੇ ਭੀ ਅਜਿਹੇ ਖਿਆਲਾਂ ਦਾ ਪਰਛਾਵਾਂ ਪੈ ਗਿਆ ਸੀ, ਇਸ ਲਈ ਉਨ੍ਹਾਂ ਦੀ ਲਿਖਤ ਸੰਬੰਧੀ ਭੀ ਸੱਚ ਨਿਤਾਰਨਾ ਜ਼ਰੂਰੀ ਸਮਝਿਆ ਹੈ। ਪੰਡਤ ਕਰਤਾਰ ਸਿੰਘ ਦਾਖਾ ਵੀ ਵਿਦ–ਵਤਾ ਦੇ ਖਜ਼ਾਨੇ ਸਨ, ਕਾਵਯ ਵਿਆਕਰਣ, ਗ੍ਰੰਥਾਂ, ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਵਿੱਚ ਨਿਪੁੰਨ ਸਨ, ਉਨ੍ਹਾਂ ਦੀ ਸੰਗਤ ਤੋਂ ਲਾਭ ਪ੍ਰਾਪਤ ਕਰਨ ਵਾਲਿਆਂ ਵਿੱਚੋਂ ਲੇਖਕ ਆਪਣੇ ਆਪ ਨੂੰ ਸ਼ਾਮਿਲ ਕਰਦਾ ਹੋਇਆ ਭੀ ਭਗਤ ਬਾਣੀ ਬਾਰੇ ਉਨ੍ਹਾਂ ਦੇ ਮੱਤ ਨਾਲ ਭੀ ਸੁਰ ਨਹੀਂ ਮਿਲਾ ਸਕਿਆ। ਭਾਈ ਸਾਹਿਬ ਵੀਰ ਸਿੰਘ ਜੀ ਨੇ, ਭਾਵੇਂ ਨਿਰਣਈ ਕਥਨ ਦੀ ਥਾਂ ਵਧੇਰੇ ਹੀ ਸਿਆਣਪ ਵਰਤਕੇ ਦੋਵੇਂ ਪੱਖਾਂ ਨੂੰ ਨਿਭਾਇਆ ਹੈ। ਫਿਰ ਭੀ ਉਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ, ਆਪ ਜੀ ਨੇ ਭਗਤ ਬਾਣੀ ਅਤੇ ਗੁਰਬਾਣੀ ਦੀ ਅਰਥ ਵਿਆਝਿਆ ਤੇ ਭਾਵ ਅਰਥ ਕਰਨ ਵਾਲੀ ਗੁਰਮਤੀ ਨਿਮਰਤਾ, ਸਿਦਕ ਵਾਲੀ ਭਾਵਨਾ, ਮਨੁੱਖੀ ਅਲਪੱਗਤਾ ਦਾ ਅਹਿਸਾਸ ਵਰਤਣ ਦੀਆਂ ਸਿਖਰਾਂ ਛੋਹੀਆਂ ਹਨ। ਭਾਈ ਵੀਰ ਸਿੰਘ ਜੀ ਨੇ ਵਿਆਖਿਆ ਕਰਦਿਆਂ ਧੌਂਸ ਜਮਾਉਣ ਵਾਲੀ ਸ਼ੈਲੀ ਨਹੀਂ ਵਰਤੀ। ਪ੍ਰੋ: ਤੇਜਾ ਸਿੰਘ ਜੀ ਦੀ ਭੀ ਇਹੋ ਖ਼ੂਬੀ ਹੈ। ਸਾਹਿਤ ਅਤੇ ਗਿਆਨ ਭਰਪੂਰ ਹੁੰਦਿਆਂ ਹੋਇਆਂ ਭੀ ਵਿਆਖਿਆ ਕਰਨ ਸਮੇਂ ਸਾਊਪਣੇ ਦੀਆਂ ਹੱਦਾਂ ਨਹੀਂ ਟੱਪੀਆਂ, ਮਰਿਯਾਦਾ ਦੀਆਂ ਹੱਦਾਂ ਵਿੱਚ ਹੀ ਵਿਚਰੇ ਹਨ।


ਭਗਤ ਬਾਣੀ ਦੀ ਖੋਜ ਬਾਰੇ ਜੋ ਵਿਦ–ਵਾਨ ਮੈਕਾਲਫ਼ ਸਾਹਿਬ ਦੇ ਸਮੇਂ ਤੋਂ ਗਲਤ ਗੱਲਾਂ ਨੂੰ ਵੰਗਾਰਦੇ ਰਹੇ, ਉਨ੍ਹਾਂ ਵਿੱਚ ਸ੍ਰ: ਨਿਹਾਲ ਸਿੰਘ ਸੂਹੀ ਅਤੇ ਸੰਤ ਸੰਪੂਰਨ ਸਿੰਘ ਜੀ ਦੀ ਇਤਿਹਾਸਕ ਸੇਵਾ ਆਪਣੀ ਮਿਸਾਲ ਆਪ ਹੈ। ਸ਼ੋਕ ਹੈ ਕਿ ਇਨ੍ਹਾਂ ਵਿਦਵਾਨਾਂ ਦੀਆਂ ਖੋਜਾਂ ਤੇ ਸੋਚਾਂ ਨਵੇਂ ਫ਼ਰੀਦ ਵਾਦੀਆਂ ਨੇ ਦਬਾਈ ਰੱਖੀਆਂ ਹਨ।

ਭਗਤਾਂ ਦੇ ਇਤਿਹਾਸਕ ਪੱਖਾਂ ਬਾਰੇ ਸਮੱਗਰੀ ਇਕ ਸੁਰ ਕਰਨੀ ਇਕ ਵੱਡਾ ਤੇ ਕਠਿਨ ਘਾਲਣਾ ਦਾ ਕਾਰਨ ਸੀ, ਸਤਿਗੁਰਾਂ ਨੇ ਬਲ ਬਖ਼ਸ਼ਿਆ, ਭਗਤ ਸਾਂ–ਹਬਾਨ ਨੇ ਕ੍ਰਿਪਾ ਕਰਕੇ ਆਪਣੀ ਦੈਵੀ ਅਗਵਾਈ ਰਾਹੀਂ ਉਂਗਲੀ ਲਗਾਕੇ ਦੱਸਿਆ, ਇਹ ਗੱਲ ਇਉਂ ਹੈ ਉਹ ਇਉਂ ਹੈ ਜਿਵੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਫ਼ਰੀਦ ਬਾਰੇ ਕਰਵਾਏ ਗਏ ਸੈਮੀਨਾਰ ਵਿੱਚ ਗੁਰਚਰਨ ਸਿੰਘ ਸੰਹਿਸਰਾ ਨੇ ਸਪੱਸ਼ਟ ਰੂਪ ਵਿੱਚ ਕਿਹਾ ਸੀ ਕਿ ਫ਼ਰੀਦ ਬਾਣੀ ਅਤੇ ਗੁਰੂ ਨਾਨਕ ਬਾਣੀ ਤੋਂ ਇਹ ਪਤਾ ਚੱਲਦਾ ਹੈ ਜਿਵੇਂ ਗੁਰੂ ਨਾਨਕ ਕਹਿੰਦੇ ਹੋਣ ਫ਼ਰੀਦ ਇਹ ਇਸ ਤਰ੍ਹਾਂ ਨਹੀਂ ਇਉਂ ਹੈ ਪਰ ਸੈਮੀਨਾਰ ਦੇ ਵਿਦਵਾਨ ਇਹ ਕਹਿ ਰਹੇ ਹਨ ਕਿ ਗੁਰੂ ਨਾਨਕ ਫ਼ਰੀਦ ਤੋਂ ਪ੍ਰਭਾਵਤ ਹੋਏ। ਇਸ ਸਹਾਰੇ ਬੇਸੁਰੀਆਂ ਘਟਨਾਵਾਂ ਨੂੰ ਇਕ ਸੁਰਤਾ ਪ੍ਰਾਪਤ ਕਰਨ ਦੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਹੈ। ਵਿਚਾਰ ਸਾਰ ਇਹ ਹੈ, ਗੁਰੂ ਨਾਨਕ ਗੁਰੂ ਸਨ, ਭਗਤ ਭਗਤ ਸਨ, ਗੁਰੂ ਨਾਨਕ ਜੀ ਅਰੰਭ ਤੋਂ ਬ੍ਰਹਮ ਤੁਲ ਸਨ। ਭਗਤ ਭਗਤੀ ਕਰਕੇ ਉਸ ਉਚਤਾ ਵਾਲੀ ਪਦਵੀ ਦੇ ਧਾਰਨੀ ਹੋਏ। ਇਸ ਕਰਕੇ ਉਨ੍ਹਾਂ ਦੀ ਬਾਣੀ ਪ੍ਰਵਾਣ ਚੜ੍ਹੀ।

ਭਗਤ ਆਰੰਭਕ ਪੜਾਵਾਂ ਵਿੱਚੋਂ ਹੁੰਦੇ ਹੋਏ, ਕੰਡਿਆਲੇ ਤੇ ਭੀਹਾਵਾਲੇ ਪਥਰੀਲੇ ਰਾਹਾਂ ਉੱਤੇ ਚੱਲਦੇ ਸਤਿਗੁਰੂ ਦੀ ਕ੍ਰਿਪਾ (ਗੁਰ ਪ੍ਰਸਾਦ) ਨਾਲ ਮੰਜ਼ਿਲ ਉੱਤੇ ਪੁੱਜੇ ਸੀ। ਭਗਤ ਆਪਣੀ ਪਹਿਲੀ ਅਵਸਥਾ ਤੋਂ ਲੈ ਕੇ ਪ੍ਰਾਪਤੀ ਦੇ ਭਾਵ ਰਸ ਵਿੱਚ ਭਿੱਜੇ ਹੋਏ ਆਪਣੀ ਅਨੁਭਵੀ ਤੇ ਰੂਹਾਨੀ, ਸੂਝ ਸਭਨਾਂ ਨਾਲ ਸਾਂਝੀ ਕਰਦੇ ਰਹੇ। ਉਨ੍ਹਾਂ ਵਾਕਾਂ ਦੇ ਪੜ੍ਹਨ ਵਿਚਾਰਨ ਤੋਂ ਹੀ ਉਸ ਅਨੰਦ ਦੇ ਸਾਗਰ ਵਿੱਚ ਟੁੱਭੀਆਂ ਲਗਾਈਆਂ ਜਾ ਸਕਦੀਆਂ ਹਨ। ਸਤਿਗੁਰਾਂ ਦੀ ਮੇਹਰ ਹੋਈ, ਉਹ ਘੜੀਆਂ ਆਈਆਂ ਜਦੋਂ ਔਝੜਾਂ ਵਿੱਚ ਭਟਕਦਿਆਂ ਭਗਤਾਂ ਨੂੰ ਨਵੀਂ ਸਫੁਰਤੀ ਮਿਲੀ।

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

# ਸਿਹਤ ਤੇ ਸੁੰਦਰਤਾ



## ਦਾਲਚੀਨੀ ਨਾਲ ਕਈ ਰੋਗ ਹੋਣਗੇ ਦੂਰ

**ਦਾਲਚੀਨੀ 'ਚ ਐਂਟੀ-ਵਾਇਰਲ ਅਤੇ ਐਂਟੀ-ਬੈਕਟੀਰੀਅਲ ਗੁਣ ਮੌਜੂਦ ਹੁੰਦੇ ਹਨ।**



ਦਾਲਚੀਨੀ ਇਕ ਕੁਦਰਤੀ ਇਲਾਜ ਵਾਂਗ ਕੰਮ ਕਰ ਸਕਦੀ ਹੈ। ਇਹ ਸੁਗੰਧਿਤ ਭੂਰੇ ਰੰਗ ਦੀ ਛੋਟੀ ਲੱਕੜੀ ਨਾ ਸਿਰਫ਼ ਖਾਣੇ ਦਾ ਸੁਆਦ ਵਧਾਉਂਦੀ ਹੈ, ਸਗੋਂ ਸਰੀਰ ਨੂੰ ਅੰਦਰੋਂ ਤੰਦਰੁਸਤ ਰੱਖਣ 'ਚ ਵੀ ਮਦਦ ਕਰਦੀ ਹੈ।

ਸਵੇਰੇ ਖਾਲੀ ਪੇਟ ਕੋਸੇ ਪਾਣੀ 'ਚ ਦਾਲਚੀਨੀ ਪਾਊਡਰ ਮਿਲਾ ਕੇ ਪੀਣ ਨਾਲ ਸਰੀਰ ਅੰਦਰੋਂ ਗਰਮ ਰਹਿੰਦਾ ਹੈ। ਇਸ ਨਾਲ ਸਰਦੀਆਂ 'ਚ ਖੰਘ, ਜ਼ੁਕਾਮ ਅਤੇ ਗਲੇ ਦੀ ਖਰਾਸ਼ ਤੋਂ ਰਾਹਤ ਮਿਲਦੀ ਹੈ।

ਦਾਲਚੀਨੀ 'ਚ ਮੌਜੂਦ ਪੋਲੀਫੀਨੋਲਸ ਇੰਸੁਲਿਨ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਂਦੇ ਹਨ। ਹਰ ਰੋਜ਼ ਇਕ ਚੁਟਕੀ ਦਾਲਚੀਨੀ ਖਾਣ ਨਾਲ ਬਲੱਡ ਸ਼ੂਗਰ ਲੈਵਲ ਕੰਟਰੋਲ ਰਹਿੰਦਾ ਹੈ। ਇਹ ਪਾਚਣ ਤੰਤਰ ਨੂੰ ਠੀਕ ਰੱਖਦੀ ਹੈ, ਸਰੀਰ ਦੀ ਸੋਜ ਘਟਾਉਂਦੀ ਹੈ ਅਤੇ ਊਰਜਾ ਬਣਾਈ ਰੱਖਦੀ ਹੈ।

ਦਾਲਚੀਨੀ ਮੈਟਾਬੋਲਿਜ਼ਮ ਨੂੰ ਤੇਜ਼ ਕਰਦੀ ਹੈ ਅਤੇ ਭੁੱਖ ਨੂੰ ਸੰਤੁਲਿਤ ਰੱਖਦੀ ਹੈ। ਕੋਸੇ ਪਾਣੀ 'ਚ ਨਿੰਬੂ, ਸ਼ਹਿਦ ਅਤੇ ਦਾਲਚੀਨੀ ਮਿਲਾ ਕੇ ਪੀਣ ਨਾਲ ਚਰਬੀ ਘਟਾਉਣ ਦੀ ਪ੍ਰਕਿਰਿਆ ਤੇਜ਼ ਹੁੰਦੀ ਹੈ ਅਤੇ ਪੇਟ ਦੀ ਜੰਮੀ ਚਰਬੀ ਹੌਲੀ-ਹੌਲੀ ਘਟਦੀ ਹੈ।


ਦਾਲਚੀਨੀ 'ਚ ਐਂਟੀ-ਵਾਇਰਲ ਅਤੇ ਐਂਟੀ-ਬੈਕਟੀਰੀਅਲ ਗੁਣ ਮੌਜੂਦ ਹੁੰਦੇ ਹਨ। ਤੁਲਸੀ ਅਤੇ ਅਦਰਕ ਨਾਲ ਇਸ ਨੂੰ ਉਬਾਲ ਕੇ ਪੀਣ ਨਾਲ ਗਲੇ ਦੀ ਖਰਾਸ਼ ਅਤੇ ਦਰਦ 'ਚ ਤੁਰੰਤ ਆਰਾਮ ਮਿਲਦਾ ਹੈ। ਇਹ ਖੰਘ ਅਤੇ ਜ਼ੁਕਾਮ 'ਚ ਵੀ ਬਹੁਤ ਅਸਰਦਾਰ ਹੈ।

ਦਾਲਚੀਨੀ ਅਤੇ ਸ਼ਹਿਦ ਦਾ ਪੇਸਟ ਚਿਹਰੇ 'ਤੇ ਲਗਾਉਣ ਨਾਲ ਮੁਹਾਸੇ ਅਤੇ ਬਲੈਕਹੈੱਡ ਘਟਦੇ ਹਨ। ਜਦਕਿ ਦਾਲਚੀਨੀ ਤੇ ਨਾਰੀਅਲ ਤੇਲ ਨਾਲ ਵਾਲਾਂ ਦੀ ਮਾਲਿਸ਼ ਕਰਨ ਨਾਲ ਵਾਲ ਮਜ਼ਬੂਤ, ਸੰਘਣੇ ਅਤੇ ਚਮਕਦਾਰ ਬਣਦੇ ਹਨ।

ਦਾਲਚੀਨੀ 'ਚ ਮੌਜੂਦ ਐਂਟੀਆਕਸੀਡੈਂਟ ਕੋਲੈਸਟਰੋਲ ਅਤੇ ਬਲੱਡ ਪ੍ਰੈਸ਼ਰ ਨੂੰ ਕਾਬੂ ਕਰਨ 'ਚ ਮਦਦ ਕਰਦੇ ਹਨ। ਇਸ ਨਾਲ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਘਟਦਾ ਹੈ ਅਤੇ ਦਿਲ ਮਜ਼ਬੂਤ ਰਹਿੰਦਾ ਹੈ।

## ਖੜ੍ਹੇ ਹੋ ਕੇ ਪਾਣੀ ਪੀਣ ਦੀ ਆਦਤ ਸਿਹਤ ਨੂੰ ਕਰਦੀ ਹੈ ਨੁਕਸਾਨ

ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ, ਲੋਕ ਅਕਸਰ ਖੜ੍ਹੇ ਹੋ ਕੇ ਜਾਂ ਤੁਰਦੇ ਸਮੇਂ ਠੰਢਾ ਪਾਣੀ ਪੀਂਦੇ ਹਨ, ਜਿਸ ਨਾਲ ਕਈ ਗੰਭੀਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਆਓ ਕੁਝ ਕਾਰਨਾਂ ਦੀ ਪੜਚੋਲ ਕਰੀਏ ਕਿ ਖੜ੍ਹੇ ਹੋ ਕੇ ਠੰਡਾ ਪਾਣੀ ਪੀਣਾ ਸਰੀਰ ਲਈ ਨੁਕਸਾਨਦੇਹ ਕਿਉਂ ਹੋ ਸਕਦਾ ਹੈ।



ਜਦੋਂ ਅਸੀਂ ਖੜ੍ਹੇ ਹੋ ਕੇ ਠੰਢਾ ਪਾਣੀ ਪੀਂਦੇ ਹਾਂ, ਤਾਂ ਇਹ ਸਹੀ ਪ੍ਰਕਿਰਿਆ ਕੀਤੇ ਬਿਨਾਂ ਸਿੱਧਾ ਪੇਟ ਵਿੱਚ ਜਾਂਦਾ ਹੈ, ਜਿਸ ਨਾਲ ਮੈਟਾਬੋਲਿਜ਼ਮ ਹੌਲੀ ਹੋ ਜਾਂਦਾ ਹੈ। ਇਸ ਨਾਲ ਗੈਸ, ਬਦਹਜ਼ਮੀ ਅਤੇ ਐਸਿਡਿਟੀ ਹੋ ਸਕਦੀ ਹੈ।

ਖੜ੍ਹੇ ਹੋ ਕੇ ਠੰਢਾ ਪਾਣੀ ਪੀਣ ਨਾਲ ਇਹ ਸਰੀਰ ਵਿੱਚ ਤੇਜ਼ੀ ਨਾਲ ਦਾਖਲ ਹੁੰਦਾ ਹੈ, ਜੋ ਅਚਾਨਕ ਫਿਲਟਰੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰ ਦਿੰਦਾ ਹੈ। ਇਸ ਨਾਲ ਗੁਰਦਿਆਂ 'ਤੇ ਅਚਾਨਕ ਵਾਧੂ ਦਬਾਅ ਪੈਂਦਾ ਹੈ, ਜੋ ਲੰਬੇ ਸਮੇਂ ਲਈ ਨੁਕਸਾਨਦੇਹ ਹੋ ਸਕਦਾ ਹੈ।

ਜੇਕਰ ਤੁਸੀਂ ਹਮੇਸ਼ਾ ਖੜ੍ਹੇ ਹੋ ਕੇ ਠੰਢਾ ਪਾਣੀ ਪੀਂਦੇ ਹੋ, ਤਾਂ ਤੁਹਾਨੂੰ ਸੋਜ ਅਤੇ ਜੋੜਾਂ ਵਿੱਚ ਦਰਦ ਦਾ ਅਨੁਭਵ ਹੋ ਸਕਦਾ ਹੈ। ਇਸ ਲਈ, ਹਮੇਸ਼ਾ ਆਰਾਮ ਨਾਲ ਬੈਠ ਕੇ ਪਾਣੀ ਪੀਓ। ਨਿਯਮਿਤ ਤੌਰ 'ਤੇ ਅਜਿਹਾ ਕਰਨ ਨਾਲ ਗਠੀਏ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਬਹੁਤ ਠੰਢਾ ਪਾਣੀ ਅਚਾਨਕ ਨਸਾਂ ਨੂੰ ਸੰਕੁਚਿਤ ਕਰ ਦਿੰਦਾ ਹੈ, ਜਿਸ ਨਾਲ ਸਰੀਰ ਵਿੱਚ ਝਟਕਾ ਮਹਿਸੂਸ ਹੋ ਸਕਦਾ ਹੈ। ਇਸ ਨਾਲ ਸਿਰ ਦਰਦ, ਚੱਕਰ ਆਉਣੇ, ਜਾਂ ਨਸਾਂ ਦੀ ਦਬਾਅ ਹੋ ਸਕਦੈ।

ਠੰਢਾ ਪਾਣੀ ਗਲੇ ਦੀ ਨਰਮ ਪਰਤ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਟੌਨਸਿਲ, ਗਲੇ ਵਿੱਚ ਖਰਾਸ਼, ਖੰਘ ਅਤੇ ਜ਼ੁਕਾਮ ਦਾ ਖ਼ਤਰਾ ਵਧ ਜਾਂਦਾ ਹੈ।

ਠੰਢਾ ਪਾਣੀ ਪੀਣ ਨਾਲ ਸਰੀਰ ਦੇ ਤਾਪਮਾਨ ਵਿੱਚ ਅਚਾਨਕ ਗਿਰਾਵਟ ਆਉਂਦੀ ਹੈ, ਜਿਸ ਨਾਲ ਦਿਲ ਦੀ ਧੜਕਣ ਵਿੱਚ ਅਸੰਤੁਲਨ ਹੋ ਸਕਦਾ ਹੈ, ਖਾਸ ਕਰਕੇ ਦਿਲ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਵਿੱਚ। ਜਲਦੀ ਠੰਢਾ ਪਾਣੀ ਪੀਣ ਨਾਲ ਸਰੀਰ ਦੀ ਊਰਜਾ ਅਚਾਨਕ ਘੱਟ ਸਕਦੀ ਹੈ। ਇਸ ਨਾਲ ਥਕਾਵਟ, ਆਲਸ ਅਤੇ ਕਮਜ਼ੋਰੀ ਹੋ ਸਕਦੀ ਹੈ।

ਸਿਹਤਮੰਦ ਜੀਵਨ ਲਈ ਨਾ ਸਿਰਫ਼ ਸਹੀ ਖਾਣ-ਪੀਣ ਦੀਆਂ ਆਦਤਾਂ ਦੀ ਲੋੜ ਹੁੰਦੀ ਹੈ, ਸਗੋਂ ਪੀਣ ਦੀਆਂ ਸਹੀ ਆਦਤਾਂ ਦੀ ਵੀ ਲੋੜ ਹੁੰਦੀ ਹੈ। ਹਮੇਸ਼ਾ ਬੈਠ ਕੇ ਹੌਲੀ-ਹੌਲੀ ਆਮ ਜਾਂ ਕੋਸਾ ਪਾਣੀ ਪੀਓ। ਇਹ ਛੋਟੀਆਂ ਤਬਦੀਲੀਆਂ ਤੁਹਾਡੇ ਸਰੀਰ ਨੂੰ ਲੰਬੇ ਸਮੇਂ ਲਈ ਸਿਹਤਮੰਦ ਰੱਖ ਸਕਦੀਆਂ ਹਨ।

## * ਚੂੰਢੀਆਂ–ਪੂੰਝੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**



***ਅੱਧੀ ਸਦੀ ਬੀਤਣ 'ਤੇ ਵੀ ਨਹੀਂ ਸੁਧਰੀ ਮਾਂ ਬੋਲੀ ਪੰਜਾਬੀ ਦੀ ਦਸ਼ਾ- ਕੇਂਦਰੀ ਪੰਜਾਬੀ ਲੇਖਕ ਸਭਾ**

-ਜਦੋਂ ਪੁੱਤ ਹੀ ਕਪੁੱਤ ਬਣ ਜਾਣ ਤਾਂ ਵਿਚਾਰੀ ਮਾਂ ਕੀ ਕਰੂ ਬਈ!



***ਪੰਧੇਰ ਵਲੋਂ ਸੱਦੀ ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਸ਼ਾਮਲ ਨਹੀਂ ਹੋਣਗੇ-ਇਕ ਖ਼ਬਰ**

-ਇਸ ਘਰ ਕੋ ਆਗ ਲਗ ਗਈ, ਘਰ ਕੇ ਚਿਰਾਗ਼ ਸੇ।



***ਵੋਟਾਂ ਲਈ ਨੱਚ ਵੀ ਸਕਦੇ ਹਨ ਪ੍ਰਧਾਨ ਮੰਤਰੀ ਮੋਦੀ- ਰਾਹੁਲ ਗਾਂਧੀ**

-ਧਰਤੀ ਨੂੰ ਕਲੀ ਕਰਾ ਦੇ, ਨੱਚੂੰਗੀ ਸਾਰੀ ਰਾਤ।

***ਪੰਜਾਬ ਸਰਕਾਰ ਦੇ ਵਿਜੀਲੈਂਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਭ੍ਰਿਸ਼ਟਾਚਾਰ ਵਿਰੁੱਧ ਇਕਜੁੱਟ ਹੋਣ ਦੀ ਸਹੁੰ ਚੁੱਕੀ- ਇਕ ਖ਼ਬਰ**

-ਇਹ ਤਾਂ ਇੰਜ ਹੈ ਜਿਵੇਂ ਇੱਲਾਂ ਕਹਿਣ ਕਿ ਉਹ ਹੁਣ ਮੁਰਦਾਰ ਨਹੀਂ ਖਾਣਗੀਆਂ।



***ਪੰਜਾਬ ਯੂਨੀਵਰਸਿਟੀ ਵਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਬਾਰੇ ਸੈਮੀਨਾਰ ਨੂੰ ਰੋਕਣਾ ਨਿੰਦਣਯੋਗ- ਧਾਮੀ**

-ਹਰੇਕ ਵਧੀਕੀ ਨੂੰ ਨਿੰਦਣਯੋਗ ਕਹਿ ਕੇ ਚੁੱਪ ਕਰ ਜਾਇਆ ਕਰੋ, ਕੋਈ ਕਾਰਵਾਈ ਨਾ ਕਰਿਉ ਸ਼ੇਰੋ!



***ਆਖਰ ਕੰਗਣਾ ਰਣੌਤ ਨੂੰ ਬਠਿੰਡਾ ਦੀ ਅਦਾਲਤ 'ਚ ਮੰਗਣੀ ਹੀ ਪਈ ਮੁਆਫ਼ੀ- ਇਕ ਖ਼ਬਰ**

-ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ, ਉਨ੍ਹੀਂ ਰਾਹੀਂ ਵੇ ਮੈਨੂੰ ਤੁਰਨਾ ਪਿਆ।



***ਕਮਲਾ ਹੈਰਿਸ ਨੇ ਫਿਰ ਦਿਤੇ ਚੋਣ ਲੜਨ ਦੇ ਸੰਦੇਸ਼- ਇਕ ਖ਼ਬਰ**

-ਮੈਨੂੰ ਨਰਮ ਕੁੜੀ ਨਾ ਜਾਣੀ, ਲੜ ਜੂੰ ਭਰਿੰਡ ਬਣ ਕੇ।

***ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ ਸਰਗਰਮੀਆਂ ਤੇਜ਼- ਇਕ ਖ਼ਬਰ**

-ਸਰਗਰਮੀਆਂ ਨਾ ਕਹੋ, ਡਰਾਮੇ ਲਈ ਰਿਹਰਸਲਾਂ ਕਹੋ।



***ਸਾਬਕਾ ਪ੍ਰਧਾਨਾਂ ਦੀ ਮੈਂਬਰਸ਼ਿੱਪ ਰੱਦ ਕਰਨ ਦਾ ਦਿੱਲੀ ਕਮੇਟੀ ਕੋਲ ਕੋਈ ਹੱਕ ਨਹੀਂ- ਸਰਨਾ**

-ਧੱਕੇਸ਼ਾਹੀ ਦਾ ਜਿੱਥੇ ਰਾਜ ਹੋਵੇ, ਹੱਕ- ਹਕੂਕ ਨੂੰ ਕੌਣ ਪੁੱਛਦਾ ਏ।

***ਸਰਕਾਰ ਨੇ ਪੰਜ ਰੁਪਏ ਸਸਤਾ ਕੀਤਾ ਕਮਰਸ਼ੀਅਲ ਐੱਲ.ਪੀ.ਜੀ. ਸਲੰਡਰ- ਇਕ ਖ਼ਬਰ**

-ਪੰਜ ਮੋੜ 'ਤੇ ਪੰਜ ਸੌ ਵਧਾ ਕੇ, ਬੱਲੇ ਓ ਚਾਲਾਕ ਮਿੱਤਰਾ।

***50 ਕਰੋੜ ਦੇ ਬੀਮੇ ਲਈ ਸਾਰਾ ਪਰਵਾਰ ਮੌਤ ਦੇ ਘਾਟ ਉਤਾਰ ਦਿਤਾ- ਇਕ ਖ਼ਬਰ**

-ਚਿੱਟਾ ਹੋ ਗਿਆ ਲਹੂ ਓ ਲੋਕੋ, ਚਿੱਟਾ ਹੋ ਗਿਆ ਲਹੂ।




***ਰਾਜਪਾਲ ਕਟਾਰੀਆ ਨੇ ਬਿਕਰਮ ਮਜੀਠੀਆ ਵਿਰੁੱਧ ਕੇਸ ਚਲਾਉਣ ਦੀ ਦਿਤੀ ਇਜਾਜ਼ਤ- ਇਕ ਖ਼ਬਰ**

-ਰਾਜਾ ਜੱਲਾਦਾਂ ਨੂੰ ਆਖਦਾ, ਕਰੋ ਪੂਰਨ ਜਲਦ ਹਲਾਲ।

***ਸਾਡੇ ਹੁਕਮਾਂ ਦਾ ਕੋਈ ਸਤਿਕਾਰ ਨਹੀਂ- ਸੁਪਰੀਮ ਕੋਰਟ**

-ਜਦੋਂ ਜਾਲ਼ ਫਾਂਧੀਆਂ ਨੇ ਪਾਇਆ, ਨੈਣ ਭਰ ਰੋਈ ਮਛਲੀ।



***ਕਿਸਾਨ ਭਾਜਪਾ ਨੂੰ ਚੰਗਾ ਸਬਕ ਸਿਖਾਉਣਗੇ:- ਭਗਵੰਤ ਮਾਨ**

-ਭਾਜਪਾ ਨੂੰ ਛੱਡ ਮਿੱਤਰਾ, ਤੂੰ ਆਪਣੀ ਖ਼ੈਰ ਮਨਾ।



***ਪੰਜਾਬ ਯੂਨੀਵਰਸਿਟੀ ਦੀ ਸੈਨੇਟ ਨੂੰ ਭੰਗ ਕਰਨ ਸਬੰਧੀ ਕੇਂਦਰ ਦਾ ਫ਼ੈਸਲਾ ਰਾਜਸੀ ਧੱਕੇਸ਼ਾਹੀ- ਹਰਜੋਤ ਬੈਂਸ**

-ਉਠੇ ਹੈਂ ਮਾਂ ਕੇ ਲਾਲ ਕੁਛ ਕਰ ਜਾਏਂਗੇ, ਕਰਨਾ ਕਿਆ ਹੈ ਬਿਆਨ ਦੇ ਕੇ ਸੋ ਜਾਏਂਗੇ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**(ਅ) ਗੁਰਦੁਆਰਾ ਪਹਿਲੀ ਪਾਤਸ਼ਾਹੀ, ਜਿੰਦਪੀਰ :**

ਇਹ ਗੁਰਦੁਆਰਾ ਵੀ ਸੱਖਰ ਵਿੱਚ ਹੈ। ਰੋਹੜੀ ਸੱਖਰ ਨੂੰ ਮਿਲਾਉਣ ਵਾਲਾ ਸਿੰਧ ਦਰਿਆ ਦਾ ਪੁੱਲ ਪਾਰ ਕਰਦਿਆਂ ਸੱਜੇ ਪਾਸੇ ਇਕ ਸੜਕ ਥੱਲੇ ਉੱਤਰਦੀ ਹੈ। ਇਹ ਸੜਕ ਦਰਿਆ ਅਤੇ ਪੁੱਲ ਦੇ ਨਾਲ-ਨਾਲ ਤੁਰਦੀ ਗੁਰਦੁਆਰਾ ਜਿੰਦਪੀਰ ਪੁੱਜਦੀ ਹੈ। ਇਥੇ ਬਹੁਤ ਹੀ ਸੁੰਦਰ ਗੁਰਦੁਆਰਾ ਹੈ। ਗੁਰੂ ਸਾਹਿਬ ਆਪਣੀ ਤੀਸਰੀ ਉਦਾਸੀ ਸਮੇਂ ਸਿੰਧ ਦਰਿਆ ਦੇ ਟਾਪੂ ਅੰਦਰ ਸਾਧੂਆਂ ਦੇ ਬੇਲੇ ਪੁੱਜੇ ਸਨ। ਅੱਜ ਕੱਲ੍ਹ ਇਹ ਅਸਥਾਨ ਵੀ ਉਦਾਸੀਆਂ ਪਾਸ ਹੈ ਅਤੇ ਹਿੰਦੂ ਮੂਰਤੀਆਂ ਦੀ ਪੂਜਾ ਕਰਦੇ ਹਨ। ਇਕ ਜੋਤ ਹਰ ਸਮੇਂ ਜਗਦੀ ਰਹਿੰਦੀ ਹੈ।

**(ੲ) ਗੁਰਦੁਆਰਾ ਸਾਧੂ ਬੇਲਾ :**

ਇਹ ਇਤਿਹਾਸਕ ਅਸਥਾਨ ਵੀ ਸਿੰਧ ਦਰਿਆ ਦੇ ਟਾਪੂ ਵਿੱਚ ਹੈ। ਰੋਹੜੀ ਵਾਲਾ ਪੁੱਲ ਪਾਰ ਕਰਕੇ ਦਰਿਆ ਦੇ ਨਿਵਾਣ ਵੱਲ ਇਕ ਸੜਕ ਸੱਖਰ ਨੂੰ ਜਾਂਦੀ ਹੈ, ਜਿਸ ਦੇ ਖੱਬੇ ਹੱਥ ਟਾਪੂ ਅੰਦਰ ਦਰੱਖ਼ਤਾਂ ਦੇ ਵਿੱਚਕਾਰ ਇਕ ਵਿਸ਼ਾਲ ਅਤੇ ਖ਼ੂਬਸੂਰਤ ਇਮਾਰਤ ਨਜ਼ਰੀਂ ਪੈਂਦੀ ਹੈ। ਇਹ ਹੀ ਗੁਰਦੁਆਰਾ ਸਾਧੂ ਬੇਲਾ ਹੈ। ਇਸ ਥਾਂ ਜਾਣ ਲਈ ਕਿਸ਼ਤੀ ਰਾਹੀਂ ਅਪੜਿਆ ਜਾਂਦਾ ਹੈ। ਦਰਸ਼ਨੀ ਡਿਉਢੀ ਅੰਦਰ ਜਾਣ ਲੱਗਿਆਂ ਖੱਬੇ ਪਾਸੇ ਵੱਡੀ ਸੁੰਦਰ ਸੰਗਮਰਮਰ ਦੀ ਇਮਾਰਤ ਆਉਂਦੀ ਹੈ। ਇਹ ਉਹ ਥਾਂ ਹੈ ਜਿਥੇ ਗੁਰੂ ਨਾਨਕ ਸਾਹਿਬ ਬਿਰਾਜੇ ਸਨ। ਇਥੇ ਹੀ ਗੁਰੂ ਸਾਹਿਬ ਨੇ ਸਾਧਾਂ ਨੂੰ ਜ਼ਿੰਦਗੀ ਜੀਵਣ ਦਾ ਰਾਹ ਦਰਸਾਇਆ ਸੀ। ਇਸ ਖ਼ੂਬਸੂਰਤ ਰਮਣੀਕ ਥਾਂ 'ਤੇ ਸੁਸ਼ੋਭਿਤ ਗੁਰ-ਦੁਆਰੇ ਦੀ ਇਮਾਰਤ ਨੂੰ ਧਰਮ ਮੰਦਰ ਵੀ ਆਖਿਆ ਜਾਂਦਾ ਹੈ।

ਇਸ ਦੇ ਆਸ ਪਾਸ ਬਹੁਤੇ ਮੰਦਰ ਅਤੇ ਉਦਾਸੀ ਸਾਧੂਆਂ ਦੀਆਂ ਸਮਾਧਾਂ ਹਨ। ਗੁਰਦੁਆਰਾ ਸਾਹਿਬ ਤੋਂ ਅੱਧ ਕੁ ਕਿਲੋਮੀਟਰ ਦੂਰ ਇਕ ਲਾਇਬ੍ਰੇਰੀ ਹੈ। ਇਸ ਮੰਦਰ ਅੰਦਰ ਗੁਰੂ ਨਾਨਕ ਸਾਹਿਬ ਦੀ ਮੂਰਤੀ ਅਤੇ ਨਾਲ ਹੀ ਸ੍ਰੀ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਗੁਰ-ਦੁਆਰਾ ਦੇ ਮੁੱਖ ਦਰਵਾਜ਼ੇ ਦੇ ਉੱਪਰ ਸ੍ਰੀ-ਰਾਗ, ਮਹਲਾ ਪਹਿਲਾ ਘਰ 1 ਦਾ ਸ਼ਬਦ ਸੰਗਮਰਮਰ ਵਿੱਚ ਉਕਰਿਆ ਅੱਜ ਵੀ ਪੜ੍ਹਿਆ ਜਾਂਦਾ ਹੈ। ਸ਼ਬਦ ਦੇ ਉਪਰ ੴ ਸਤਿਗੁਰ ਪ੍ਰਸਾਦਿ ਉਕਰਿਆ ਹੋਇਆ ਹੈ। ਇਸ ਦੇ ਪੁਜਾਰੀਆਂ ਅਨੁਸਾਰ ਇਹ ਸ਼ਬਦ ਗੁਰੂ ਸਾਹਿਬ ਨੇ ਇਥੇ ਹੀ ਉਚਾਰਿਆ ਸੀ। ਦੀਵਾਲੀ, ਰਾਮ ਜਨਮ ਅਸ਼ਟਮੀ ਅਤੇ ਸੰਗਰਾਂਦ ਨੂੰ ਹਿੰਦੂ ਸੰਗਤ ਜੁੜਦੀ ਹੈ। ਇਹ ਉਦਾਸੀ ਆਪਣੇ ਆਪ ਨੂੰ ਨਾਨਕ ਪੰਥੀ ਆਖਦੇ ਹਨ। ਇਸ ਅਸਥਾਨ ਦਾ ਪ੍ਰਬੰਧ ਵਕਫ਼ ਬੋਰਡ ਕਰਦਾ ਹੈ। ਕਮਾਲ ਦੀ ਚਿੱਤਰਕਾਰੀ ਸੰਗਮਰਮਰ ਵਿੱਚ ਹੋਈ ਹੈ।

**ਪੁਸਤਕ ਸੂਚੀ:-**

1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998



ਗੁਰਦੁਆਰਾ ਡੇਰਾ ਸਾਹਿਬ

## ਸਠਿਆਲਾ

ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਪਿੰਡ ਸਠਿਆਲਾ ਆਉਂਦਾ ਹੈ। ਇਹ ਪਿੰਡ ਬਾਬਾ ਬਕਾਲਾ ਤੋਂ 4 ਕਿਲੋਮੀਟਰ ਉੱਤਰ ਪੂਰਬ ਵੱਲ ਸਥਿਤ ਹੈ। ਬਾਬਾ ਬਕਾਲਾ ਦਾ ਅਕਸ਼ਾਂਸ਼ 310-34 ਅਤੇ ਰੇਖਾਂਸ਼ ਦੇਸ਼ਾਂਤਰ 750-16 ਹੈ। ਇਸ ਨਗਰ ਵਿੱਚ ਗੁਰੂ ਨਾਨਕ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ ਪਏ ਹਨ। ਇਸ ਪਿੰਡ ਵਿੱਚ ਗੁਰੂ ਸਾਹਿਬਾਨ ਦੀ ਯਾਦ ਵਿੱਚ ਤਿੰਨ ਇਤਿਹਾਸਕ ਗੁਰਦੁਆਰੇ ਹਨ। ਇਨ੍ਹਾਂ ਦਾ ਪ੍ਰਬੰਧ ਨਾਮਜ਼ਦ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਨੋਟੀਫਾਈਡ ਤੇ ਸੈਕਸ਼ਨ 87 ਅਧੀਨ ਹਨ।

**(ੳ) ਗੁਰਦੁਆਰਾ ਨਾਨਕਸਰ ਪਾਤਸ਼ਾਹੀ ਪਹਿਲੀ:**

ਇਹ ਗੁਰਦੁਆਰਾ ਉਸੇ ਥਾਂ 'ਤੇ ਹੈ ਜਿਥੇ ਛੋਟੇ ਜਿਹੇ ਤਾਲਾਬ ਕੋਲ ਬਹਿ ਕੇ ਗੁਰੂ ਨਾਨਕ ਸਾਹਿਬ ਨੇ ਪ੍ਰਚਾਰ ਕੀਤਾ ਸੀ। ਸਾਧ ਸੰਗਤ ਵਿੱਚ ਬਹੁਤੀਆਂ ਮੁਸਲਮਾਨ ਔਰਤਾਂ ਸਨ। ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਚਮੜੀ ਰੋਗਾਂ ਅਤੇ ਪੋਲੀਓ ਬਾਰੇ ਜਾਣਕਾਰੀ ਦਿੱਤੀ ਜੋ ਪਿੰਡ ਲਈ ਖ਼ਤਰਨਾਕ ਸੀ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਆਪਣੇ ਬੱਚਿਆਂ ਨੂੰ ਰੋਜ਼ਾਨਾ ਤਾਲਾਬ ਵਿੱਚ ਇਸ਼ਨਾਨ ਕਰਾਇਆ ਕਰੋ ਜਿਸ ਕਾਰਨ ਉਨ੍ਹਾਂ ਦੀਆਂ ਬੀਮਾਰੀਆਂ ਦੂਰ ਹੋ ਜਾਣਗੀਆਂ। ਕਈ ਵਰ੍ਹੇ ਪਹਿਲਾਂ ਪਿੰਡ ਵਾਲਿਆਂ ਨੇ ਗੁਰੂ ਸਾਹਿਬ ਜੀ ਦੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪੁਰਾਣੀ ਥਾਂ 'ਤੇ ਹੀ ਬਣਾਇਆ ਹੈ। ਇਸ ਗੁਰਦੁਆਰੇ ਵਿੱਚ ਇਕ ਵੱਡਾ ਚਕੋਰ ਹਾਲ, ਪ੍ਰਕਾਸ਼ ਅਸਥਾਨ ਅਤੇ ਕੰਵਲ ਗੁੰਬਦਾਂ ਨੂੰ ਹੁਣ ਛੋਟਾ ਅੱਠ ਕੋਨ੍ਹਿਆਂ ਵਾਲੇ ਸਰੋਵਰ ਵਿੱਚ ਬਦਲ ਦਿੱਤਾ ਗਿਆ ਹੈ। ਲੋਕੀ ਅੱਜ ਵੀ ਗੁਰੂ ਸਾਹਿਬ ਦੀ ਰਹਿਮਤ ਸਦਕਾ ਸਰੋਵਰ ਦੇ ਪਾਣੀ ਵਿੱਚ ਗ਼ੈਬੀ-ਸ਼ਕਤੀ ਸਮਝਦੇ ਹਨ।

**(ਅ) ਗੁਰਦੁਆਰਾ ਬੁੰਗਾ ਸਾਹਿਬ:**

ਇਹ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ ਬਣਿਆ ਹੋਇਆ ਹੈ। ਇਹ ਗੁਰਦੁਆਰਾ ਇਕ ਛੋਟੇ ਜਿਹੇ ਕਮਰੇ ਦੇ ਆਕਾਰ ਦਾ ਪਿੰਡ ਦੇ ਬਾਹਰਵਾਰ ਪੂਰਬੀ ਸਿਰੇ ਵੱਲ ਹੈ।

**(ੲ) ਗੁਰਦੁਆਰਾ ਡੇਰਾ ਸਾਹਿਬ ਪਾਤਸ਼ਾਹੀ ਨੌਵੀਂ:**

ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ ਵਿੱਚ ਇਹ ਇਤਿਹਾਸਕ ਗੁਰਦੁਆਰਾ ਬਣਿਆ ਹੈ। ਗੁਰੂ ਸਾਹਿਬ ਬਾਬਾ ਬਕਾਲਾ ਤੋਂ ਆ ਕੇ ਇਥੇ ਇਕ ਪਿੱਪਲ ਦੇ ਦਰੱਖ਼ਤ ਹੇਠ ਬੈਠੇ ਸਨ। ਪਿੱਪਲ ਦਾ ਦਰੱਖ਼ਤ ਅੱਜ ਵੀ ਪ੍ਰਕਾਸ਼ ਅਸਥਾਨ ਦੇ ਪਿੱਛੇ ਸੁਰੱਖਿਅਤ ਹੈ। ਗੁਰਦੁਆਰਾ ਪਿੰਡ ਦੇ ਅੰਦਰ 1939 ਵਿੱਚ ਬਣਿਆ ਸੀ, ਜਿਸ ਵਿੱਚ ਦੋ ਮੰਜ਼ਲੀ ਡਿਉਢੀ ਰਾਹੀਂ ਅੰਦਰ ਜਾਇਆ ਜਾ ਸਕਦਾ ਹੈ। ਚਕੋਰ ਆਕਾਰ ਦਾ ਪ੍ਰਕਾਸ਼ ਅਸਥਾਨ ਸੰਗਮਰਮਰ ਹਾਲ ਦੇ ਅੰਦਰ ਹੈ ਅਤੇ ਉਪਰ ਚਿੱਟੀਆਂ ਗਾਗਰਾਂ ਦਿਲਕਸ਼ ਨਜ਼ਾਰਾ ਪੇਸ਼ ਕਰਦੀਆਂ ਹਨ।

**ਪੁਸਤਕ ਸੂਚੀ:-**

(1) ਫ਼ੌਜਾ ਸਿੰਘ- ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976
(2) ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998
(3) ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
(4) ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

01332 372 851
07966 388 388

## ਸਢੌਰਾ

ਸਢੌਰਾ, ਇਕ ਪੁਰਾਤਨ ਸ਼ਹਿਰ ਹੈ ਜੋ ਅੰਬਾਲਾ ਦੇ ਪੂਰਬ ਵੱਲ 43 ਕਿਲੋਮੀਟਰ ਦੂਰ ਹਰਿਆਣਾ ਵਿੱਚ ਆਉਂਦਾ ਹੈ। ਅੰਬਾਲਾ ਦਾ ਅਕਸ਼ਾਂਸ਼ 300-23 ਅਤੇ ਰੇਖਾਸ਼ ਦੇਸ਼ਾਤਰ 760-47 ਹੈ।

ਇਸ ਪਿੰਡ ਵਿੱਚ ਸਈਦ ਸ਼ਾਹ-ਬਦਰ-ਉ-ਦੀਨ ਜੋ ਸਿੱਖ ਇਤਿਹਾਸ ਵਿੱਚ ਪੀਰ ਬੁੱਧੂ ਸ਼ਾਹ ਕਰਕੇ ਮਕਬੂਲ ਹੈ, ਰਹਿੰਦਾ ਸੀ। ਇਹ ਇਕ ਮੁਸਲਮਾਨ ਫ਼ਕੀਰ ਸੀ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਾਦਕ ਸੀ। ਪੀਰ ਬੁੱਧੂ ਸ਼ਾਹ ਨੇ ਗੁਰੂ ਸਾਹਿਬ ਵੱਲ ਹੋ ਕੇ ਭੰਗਾਣੀ ਦਾ ਯੁੱਧ ਲੜਿਆ ਸੀ, ਜਿਸ ਵਿੱਚ ਉਸ ਦੇ ਦੋ ਬੇਟੇ ਅਤੇ ਕਈ ਮੁਰੀਦ ਸ਼ਹੀਦ ਹੋ ਗਏ ਸਨ। ਪਾਉਂਟਾ ਤੋਂ ਅਨੰਦਪੁਰ ਸਾਹਿਬ ਵੱਲ ਜਾਣ ਸਮੇਂ 1688 ਵਿੱਚ ਗੁਰੂ ਸਾਹਿਬ ਕਪਾਲ ਮੋਚਨ ਵਿੱਚ ਠਹਿਰਨ ਸਮੇਂ ਪੀਰ ਬੁੱਧੂ ਸ਼ਾਹ ਨੂੰ ਮਿਲੇ ਸਨ। ਪੀਰ ਬੁੱਧੂ ਸ਼ਾਹ ਨੂੰ ਬਾਅਦ ਵਿੱਚ ਮੁਕਾਮੀ ਫ਼ੌਜਦਾਰ ਉਸਮਾਨ ਖਾਨ ਨੇ ਆਜ਼ਾਦ ਖਿਆਲਾਂ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਮਦਦ ਦੇਣ ਕਾਰਨ ਸਜ਼ਾ ਦੇ ਕੇ ਮਾਰ ਦਿੱਤਾ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ 1710 ਈ: ਵਿੱਚ ਸਢੌਰਾ ਫ਼ਤਹਿ ਕੀਤਾ ਤਾਂ ਪੀਰ ਬੁੱਧੂ ਸ਼ਾਹ ਦੇ ਕਾਤਲਾਂ ਨੂੰ ਸਜ਼ਾ ਦੇ ਕੇ ਮਾਰ ਦਿੱਤਾ। ਗੜ੍ਹੀ ਨੂੰ ਚੰਗੀ ਤਰ੍ਹਾਂ ਨੇਸਤੋ-ਨਾਬੂਦ ਕਰ ਦਿੱਤਾ ਅਤੇ ਫ਼ੌਜਦਾਰ ਨੂੰ ਫ਼ਾਂਸੀ ਦੇ ਕੇ ਸਾਰਾ ਸ਼ਹਿਰ ਤਬਾਹ ਬਰਬਾਦ ਕਰ ਦਿੱਤਾ। ਤਬਾਹ ਹੋਏ ਕਿਲ੍ਹੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦਾ ਗੁਰਦੁਆਰਾ ਬਣਿਆ ਸੀ, ਜੋ ਖਸਤਾ ਹਾਲਤ ਹੋਣ ਕਾਰਨ ਢਹਿ-ਢੇਰੀ ਹੋ ਗਿਆ ਸੀ। ਹੁਣ ਨਵੀਂ ਗੁਰਦੁਆਰਾ ਸਾਹਿਬ ਦੀ ਇਮਾਰਤ ਕਿਲ੍ਹੇ ਦੀ ਦੀਵਾਰ ਕੋਲ ਬਣਾਈ ਗਈ ਹੈ। ਇਸ ਦਾ ਪੁਰਾਤਨ ਨਾਂ ਕਿਲ੍ਹਾ ਗੁਰਦੁਆਰਾ ਅਤੇ ਗੁਰਦੁਆਰਾ ਕਤਲਗੜ੍ਹ ਅੱਜ ਵੀ ਪ੍ਰਸਿੱਧ ਹੈ। ਦੂਸਰਾ ਗੁਰਦੁਆਰਾ ਪਿੱਛੇ ਜਿਹੇ ਹੀ ਸਢੌਰਾ ਵਿੱਚ ਪੀਰ ਬੁੱਧੂ ਸ਼ਾਹ ਦੀ ਯਾਦ ਵਿੱਚ ਬਣਿਆ ਹੈ। ਜਿਸ ਦਾ ਨਾਂ ਗੁਰਦੁਆਰਾ ਪੀਰ ਬੁੱਧੂ ਸ਼ਾਹ ਰੱਖਿਆ ਗਿਆ ਹੈ। ਇਸ ਦਾ ਪ੍ਰਬੰਧ ਮੁਕਾ-ਮੀ ਸਿੰਘ ਸਭਾ ਕਰਦੀ ਹੈ ਜਦਕਿ ਗੁਰ-ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦਾ ਪ੍ਰਬੰਧ ਮੁਕਾਮੀ ਲੋਕ ਕਰਦੇ ਹਨ।

**ਪੁਸਤਕ ਸੂਚੀ:-**

1. ਗਿਆਨ ਸਿੰਘ ਗਿਆਨੀ- ਤਵਾਰੀਖ ਗੁਰੂ ਖ਼ਾਲਸਾ, ਪਟਿਆਲਾ, ਛਾਪ 1970
2. ਸੰਤੋਖ ਸਿੰਘ, ਭਾਈ- ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927-35
3. ਸੂਰੀ.ਵੀ.ਐਸ, ਗੁਰਚਰਨ ਸਿੰਘ- ਪੀਰ ਬੁੱਧੂ ਸ਼ਾਹ, ਚੰਡੀਗੜ੍ਹ, 1971

ਬਾਕੀ ਅਗਲੇ ਹਫ਼ਤੇ ਪੜ੍ਹੋ

# ਅਸੀਂ ਲਾਸ਼ਾਂ ਦੇ ਵਿਉਪਾਰੀ

ਅਸੀਂ ਹਾਂ ਲਾਸ਼ਾਂ ਦੇ ਵਿਉਪਾਰੀ,
ਕਮਾਈ ਦਿਨੇ ਰਾਤ ਹੈ ਭਾਰੀ,
ਸਾਨੂੰ ਮੌਕੇ ਰੱਬ ਹੈ ਦਿੰਦਾ,
ਉਸਦੀ ਸਾਡੀ ਪੱਕੀ ਯਾਰੀ।

ਕੌਤਕ ਕੀ ਉਸ ਨੇ ਰਚਾਇਆ,
ਕੋਰੋਨਾ ਦੁਨੀਆ ਉੱਤੇ ਘੁਮਾਇਆ,
ਸਾਰੀ ਖ਼ਲਕਤ ਚੱਕਰ ਵਿੱਚ ਪਾ ਕੇ,
ਸਾਡਾ ਬਣਿਆ ਪਰਉਪਕਾਰੀ।

ਗੋਹੇ ਮੂਤਰ ਵਰਗੀਆਂ ਚੀਜ਼ਾਂ,
ਸਾਡੀਆਂ ਸੋਨੇ ਦੇ ਭਾਅ ਵਿਕੀਆਂ,
ਲਾਸ਼ਾਂ ਢੋਅ ਸਾਡੀਆਂ ਗੱਡੀਆਂ ਨੇ,
ਕੀਤੀ ਖੂਬ ਕਮਾਈ ਭਾਰੀ।

ਉਜੜੇ ਘਰ ਕੌਡਾਂ ਭਾਅ ਲੈਕੇ,
ਕਰੋੜਾਂ ਅਸੀਂ ਕਮਾਏ ਵਾਹਵਾ,
ਜਸ਼ਨ ਮਨਾਏ ਅਸਾਂ ਨੇ ਰੱਜ ਕੇ,
ਸਾਡੀ ਸ਼ਾਨ ਬਣ ਗਈ ਨਿਆਰੀ।

ਲਾਸ਼ਾਂ ਲੱਦੀ ਗੰਗਾ ਦੇ ਵਿੱਚ,
ਅਸੀਂ ਹੱਥ ਧੋਤੇ ਮੁੜ ਮੁੜ ਕੇ,
ਸ਼ਾਇਦ ਮੁੜ ਕੇ ਕਦੀ ਨਾ ਆਵੇ,
ਸਾਡੀ ਮਨ ਭਾਉਂਦੀ ਮਹਾਂਮਾਰੀ।


ਕਰਮ, ਧਰਮ 'ਤੇ ਸ਼ਰਮ ਦੇ ਝੰਜਟ,
ਸਾਡੇ ਲਈ ਸਾਰੇ ਹੀ ਖੋਟੇ,
ਇਨ੍ਹਾਂ ਬਿਨਾ ਅੱਜ ਦੇ ਯੁਗ ਵਿੱਚ,
ਸਾਡੀ ਚੱਲਦੀ ਦੁਨੀਆਦਾਰੀ।

ਚੋਰਾਂ ਕੋਲੋਂ ਸੰਨ੍ਹ ਲਗਵਾ ਕੇ,
ਸੁੱਤੇ ਘਰ ਵਾਲੇ ਜਗਾ ਕੇ,
ਲੁੱਟ ਦਾ ਦੋਹਰਾ ਖੇਲ੍ਹ ਰਚਾਈਏ,
ਕਾਇਮ ਸਦਾ ਆਪਣੀ ਸਰਦਾਰੀ।

ਸਾਡੇ ਵਪਾਰ 'ਚ ਕਦੀ ਨ੍ਹੀਂ ਘਾਟਾ,
ਭਾਵੇਂ ਦੁਨੀਆ ਪਲਟੇ ਪਾਸਾ,
ਪਾਂਸਕੂ ਵਾਲੀ ਤੱਕੜੀ ਸਾਡੀ ਦਾ,
ਪੱਲੜਾ ਰਹਿਣਾ ਸਦਾ ਹੀ ਭਾਰੀ।

ਨਸ਼ੇ ਉਥੇ ਪਹੁੰਚਾ ਸਕਦੇ ਹਾਂ,
ਜਿੱਥੇ ਕਦੀ ਦਵਾਈ ਨਾ ਪਹੁੰਚੇ,
ਪਰਵਾਹ ਨਹੀਂ ਸਾਨੂੰ ਕਿਸੇ ਦੀ,
ਮਰ ਜਾਏ ਭਾਵੇਂ ਦੁਨੀਆ ਸਾਰੀ।

ਅਸੀਂ ਹਾਂ ਲਾਸ਼ਾਂ ਦੇ ਵਿਉਪਾਰੀ,
ਕਮਾਈ ਦਿਨੇ ਰਾਤ ਹੈ ਭਾਰੀ,
ਸਾਨੂੰ ਮੌਕੇ ਰੱਬ ਹੈ ਦਿੰਦਾ,
ਉਸਦੀ ਸਾਡੀ ਪੱਕੀ ਯਾਰੀ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ ਕੇ
* * * * * *

# ਕਾਵਿ ਕਿਆਰੀ



## ਗੁਰੂ ਨਾਨਕ ਦੇਵ ਜੀ

ਨਾਨਕ ਨੇ ਘੋਰ ਹਨ੍ਹੇਰੇ ਵਿੱਚ, ਚਾਨਣ ਦੀ ਕਿਰਨ ਜਗਾਈ ਸੀ॥

ਮਜ਼੍ਹਬਾਂ ਦੇ ਧੁੰਦਲੇ ਸ਼ੀਸ਼ੇ ਵਿੱਚ, ਕੋਈ ਅਕਸ ਵਿਖਾਈ ਨਹੀਂ ਦਿੰਦਾ,
ਬਣ ਬਾਬਾ ਨਾਨਕ ਲਿਸ਼ਕੇ ਜੋ, ਕੋਈ ਸ਼ਖਸ਼ ਵਿਖਾਈ ਨਹੀਂ ਦਿੰਦਾ,
ਚਿਹਰੇ ਤੇ ਚਿਹਰਾ ਲਿਸ਼ਕੇ ਕੋਈ, ਉਹ ਨਕਸ਼ ਵਿਖਾਈ ਨਹੀਂ ਦਿੰਦਾ,
ਮੁਰਸ਼ਦ ਵਾਂਗ ਪੂਜਿਆ ਜਾਵੇ ਜੋ, ਉਹ ਲਕਸ਼ ਵਿਖਾਈ ਨਹੀਂ ਦਿੰਦਾ,
ਬਹੁਰੂਪੀਏ ਜਿਹੇ ਚਰਿੱਤਰਾਂ ਨੇ, ਪਖੰਡ ਦੀ ਛਹਿਬਰ ਲਾਈ ਸੀ।
ਨਾਨਕ ਨੇ ਘੋਰ ਹਨ੍ਹੇਰੇ ਵਿੱਚ, ਚਾਨਣ ਦੀ ਕਿਰਨ ਜਗਾਈ ਸੀ॥

ਅਕ੍ਰਿਤਘਣਾਂ ਦਾ ਭਾਰ ਜਦੋਂ, ਆਹ ਧਰਤ-ਲੋਕ ਨਾ ਝੱਲਦਾ ਏ,
ਫਿਰ ਨਾਨਕ ਜਿਹੇ ਅਵਤਾਰ ਤਾਂਈ, ਰੱਬ ਧਰਤੀ ਉੱਤੇ ਘੱਲਦਾ ਏ,
ਖ਼ੁਦ ਆਤਮਾਂ ਵਿੱਚ ਪ੍ਰਵੇਸ਼ ਕਰੇ, ਜਾ ਤਨ ਦਾ ਵਿਹੜਾ ਮੱਲਦਾ ਏ,
ਜਗਤ ਭਲਾਈ ਦਾ ਕਰ ਨਿਸ਼ਚਾ, ਰਾਹ ਪਰਉਪਕਾਰ ਦੇ ਚੱਲਦਾ ਏ,
ਸਦਾ ਸੱਚ ਦਾ ਹੋਕਾ ਦਿੱਤਾ ਤੈਂ, ਕ੍ਰਾਂਤੀ ਦੀ ਚਿਣਗ ਜਗਾਈ ਸੀ।
ਨਾਨਕ ਨੇ ਘੋਰ ਹਨ੍ਹੇਰੇ ਵਿੱਚ, ਚਾਨਣ ਦੀ ਕਿਰਨ ਜਗਾਈ ਸੀ॥

ਭੁੱਲਿਆਂ ਨੂੰ ਰਸਤੇ ਪਾ ਕੇ ਤੇ, ਦੁਖੀਆਂ ਦੇ ਦੁੱਖ ਵੰਡਾਉਂਦਾ ਰਿਹਾ,
ਨਫ਼ਰਤ ਦਾ 'ਨੇਰ੍ਹਾ ਦੂਰ ਕਰੇ, ਤੇ ਪ੍ਰੇਮ ਦੀ ਜੋਤ ਜਗਾਉਂਦਾ ਰਿਹਾ,
ਔਰਤ ਨੂੰ ਮੰਦਾ ਨਾ ਆਖੋ, ਸਭ ਦੁਨੀਆ ਨੂੰ ਸਮਝਾਉਂਦਾ ਰਿਹਾ,
ਕਿਰਤ ਕਰੋ ਤੇ ਵੰਡ ਛਕੋ, ਕੀਤੀ ਖੇਤੀ ਤੇ ਹਲ਼ ਵਾਹੁੰਦਾ ਰਿਹਾ,
ਭੈਣ ਨਾਨਕੀ, ਰਾਏ ਬੁਲਾਰ ਜਿਹਾਂ, ਨਿਰੰਕਾਰੀ ਜੋਤ ਸਲਾਹੀ ਸੀ।
ਨਾਨਕ ਨੇ ਘੋਰ ਹਨ੍ਹੇਰੇ ਵਿੱਚ, ਚਾਨਣ ਦੀ ਕਿਰਨ ਜਗਾਈ ਸੀ॥

ਮਾਣ ਤੋੜਿਆ ਬਲੀ-ਕੰਧਾਰੀ ਦਾ, ਪਰਬਤ ਨੂੰ ਪੰਜਾ ਲਾਇਆ ਸੀ,
ਠੱਗ ਤੋਂ ਸੱਜਣ ਬਣਾ ਬਾਬਾ, ਪਾਂਧੇ-ਮੌਲਵੀ ਤਾਂਈ ਪੜ੍ਹਾਇਆ ਸੀ,
ਕੌਡਾ ਰਾਖਸ਼ ਆਦਮਖੋਰ ਸੀ ਜੋ, ਭੂਮੀਏ ਨੂੰ ਸ਼ਿਸ਼ ਬਣਾਇਆ ਸੀ,
ਕਰ ਗੋਸ਼ਟੀਆਂ ਸਿਧਾਂ-ਨਾਥਾਂ ਨਾ, ਭੁੱਲਿਆਂ ਨੂੰ ਰਸਤੇ ਪਾਇਆ ਸੀ,
ਅੰਬਰ 'ਤੇ ਪਾਪ ਦੀ ਗਰਦ ਚੜ੍ਹੀ, ਤੇ ਜ਼ੁਲਮ ਦੀ ਬਦਲੀ ਛਾਈ ਸੀ।
ਨਾਨਕ ਨੇ ਘੋਰ ਹਨ੍ਹੇਰੇ ਵਿੱਚ, ਚਾਨਣ ਦੀ ਕਿਰਨ ਜਗਾਈ ਸੀ॥

ਰਬਾਬ ਸੁਰ ਕੀਤੀ ਮਰਦਾਨੇ ਨੇ, ਬਾਲੇ ਸੰਗ ਬਾਣੀ ਗਾਈ ਨਾਨਕ,
ਮਲਕ ਦੇ ਸ਼ਾਹੀ ਭੋਜਨ ਛੱਡ, ਘਰ ਲਾਲੋ ਰੋਟੀ ਖਾਈ ਨਾਨਕ,
ਭੰਡਿਆ ਜਾਤਾਂ-ਪਾਤਾਂ ਨੂੰ, ਤੈਨੂੰ ਕੁਰਾਹੀਆ ਕਹੇ ਲੁਕਾਈ ਨਾਨਕ,
ਰਾਜੇ ਸ਼ੀਂਹ ਮੁਕੱਦਮ ਕੁੱਤੇ ਕਹਿ, ਗੱਲ ਬਾਬਰ ਕੰਨੀਂ ਪਾਈ ਨਾਨਕ,
ਨਛੱਤਰ ਭੋਗਲ ਪਾਪ ਦੀ ਜੰਝ ਨਿੰਦੇ, ਜੋ ਕਾਬਲ ਵੱਲੋਂ ਧਾਈ ਸੀ।
ਨਾਨਕ ਨੇ ਘੋਰ ਹਨ੍ਹੇਰੇ ਵਿੱਚ, ਚਾਨਣ ਦੀ ਕਿਰਨ ਜਗਾਈ ਸੀ॥

ਲੇਖਕ:- ਨਛੱਤਰ ਸਿੰਘ ਭੋਗਲ
"ਭਾਖੜੀਆਣਾ" (U.K)






## ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ

ਕਸ਼ਮੀਰ ਤੋਂ ਚੱਲ ਕੇ ਪੰਡਤ ਪਹੁੰਚੇ ਗੁਰੂ ਤੇਗ ਬਹਾਦਰ ਪਾਸ।
ਕਹਿੰਦੇ,"ਗੁਰੂ ਜੀ,ਸਾਨੂੰ ਤੁਹਾਡੇ ਤੋਂ ਹੈ ਬਹੁਤ ਵੱਡੀ ਹੈ ਆਸ।
ਔਰੰਗਜ਼ੇਬ ਨੇ ਸਾਡਾ ਤਿਲਕ, ਜੰਜੂ ਖਤਰੇ ਵਿੱਚ ਹੈ ਪਾਇਆ।
ਸਾਰੇ ਹਿੰਦੂਆਂ ਨੂੰ ਉਸ ਨੇ ਮੁਸਲਮਾਨ ਬਣਾਉਣ ਦਾ ਮਨ ਹੈ ਬਣਾਇਆ।
ਉਸ ਨੂੰ ਜਾਨੋਂ ਮੁਕਾਇਆ, ਜਿਹੜਾ ਅੜਿਆ ਉਸ ਦੇ ਅੱਗੇ।
ਸਾਡੀ ਬਾਂਹ ਫੜਨ ਵਾਲਾ ਤੁਹਾਡੇ ਬਿਨਾਂ ਦਿਸੇ ਨਾ ਕੋਈ ਇੱਥੇ।"
ਕੁੱਝ ਸਮਾਂ ਸੋਚਣ ਪਿੱਛੋਂ ਗੁਰੂ ਜੀ ਨੇ ਦਿੱਤਾ ਇਹ ਜਵਾਬ,
"ਜੇ ਕੋਈ ਮਹਾਂਪੁਰਖ ਅੱਗੇ ਆ ਕੇ ਦੇਵੇ ਆਪਣਾ ਬਲੀਦਾਨ,
ਤਾਂ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਲੱਗ ਸਕਦੀ ਹੈ ਲਗਾਮ।"
ਕੋਲ ਆ ਕੇ ਨੌਂ ਸਾਲ ਦੇ ਗੋਬਿੰਦ ਰਾਏ ਬੋਲੇ ਸਤਿਕਾਰ ਦੇ ਨਾਲ,
"ਆਪ ਤੋਂ ਵੱਡਾ ਮਹਾਂਪੁਰਖ ਇੱਥੇ ਕੌਣ ਹੈ?ਦੱਸੋ ਮਹਾਰਾਜ।"
ਗੋਬਿੰਦ ਰਾਏ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੂੰ ਹੋ ਗਿਆ ਯਕੀਨ,
ਆਣ ਵਾਲੇ ਔਖੇ ਸਮੇਂ ਦਾ ਇਹ ਬਾਲਕ ਕਰੇਗਾ ਟਾਕਰਾ ਯਕੀਨਨ।
ਗੋਬਿੰਦ ਰਾਏ ਨੂੰ ਗੁਰੂ ਨਾਨਕ ਦੇਵ ਦੀ ਗੁਰਗੱਦੀ ਸੌਂਪ ਕੇ,
ਕੁੱਝ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਦਿੱਲੀ ਵੱਲ ਚੱਲ ਪਏ।
ਜਦ ਗੁਰੂ ਜੀ ਨੂੰ ਔਰੰਗਜ਼ੇਬ ਦੇ ਸਾਮ੍ਹਣੇ ਲਿਆਂਦਾ ਗਿਆ,
ਉਸ ਨੇ ਇਸਲਾਮ ਕਬੂਲਣ ਲਈ ਗੁਰੂ ਜੀ ਤੇ ਜ਼ੋਰ ਪਾਇਆ।
ਗੁਰੂ ਜੀ ਦੇ ਕੋਰੀ ਨਾਂਹ ਕਰਨ ਤੇ ਉਸ ਨੂੰ ਗੁੱਸਾ ਚੜ੍ਹ ਗਿਆ।
ਉਸ ਨੇ ਸਭ ਨੂੰ ਸਖਤ ਸਜਾਵਾਂ ਦੇਣ ਦਾ ਹੁਕਮ ਸੁਣਾ ਦਿੱਤਾ।
ਪਹਿਲਾਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿੱਤਾ ਗਿਆ।
ਫਿਰ ਭਾਈ ਦਿਆਲੇ ਨੂੰ ਉਬਲਦੀ ਦੇਗ ਵਿੱਚ ਸੁੱਟ ਦਿੱਤਾ ਗਿਆ।
ਫਿਰ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜ ਦਿੱਤਾ ਗਿਆ।
ਆਪਣੇ ਸਿੱਖਾਂ ਦੀ ਸ਼ਹੀਦੀ ਪਿੱਛੋਂ ਵੀ ਗੁਰੂ ਜੀ ਨੇ ਦਿਲ ਨਾ ਛੱਡਿਆ।
ਅੰਤ ਵਿੱਚ ਗੁਰੂ ਜੀ ਦਾ ਸੀਸ, ਧੜ ਤੋਂ ਵੱਖ ਕਰ ਦਿੱਤਾ ਗਿਆ।
ਇੰਜ ਤਿਲਕ, ਜੰਜੂ ਦੀ ਰਾਖੀ ਲਈ ਗੁਰੂ ਜੀ ਨੇ ਆਪਾ ਵਾਰ ਦਿੱਤਾ।


ਮਹਿੰਦਰ ਸਿੰਘ ਮਾਨ



ਕਾਵਿ-ਵਿਅੰਗ

## ਆਈਸ ਮਾਰੇ ਸੇਕ ?

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਲੱਗੀ ਹੋਈ ਸੀ 'ਦੇਸ' ਤੋਂ ਰੇਸ ਜਿਹੜੀ
ਲਾ'ਤੀ ਟਰੰਪ ਨੇ ਖਿੱਚ ਬਰੇਕ ਮੀਆਂ।
ਸਾਹ ਸੁੱਕੇ ਗਏ ਬਹੁਤ ਡਰਾਈਵਰਾਂ ਦੇ
ਲਾਉਂਦੇ ਰਹੇ ਜੋ ਮਾਣਕ ਦੀ ਹੇਕ ਮੀਆਂ।
ਸੁਣਕੇ ਖਬਰ 'ਡਿਟੇਨ-ਡਿਪੋਰਟਾਂ' ਦੀ
'ਪਿੱਛੇ' ਪੈਣ ਕਲ਼ੇਜੇ ਨੂੰ 'ਛੇਕ' ਮੀਆਂ।
ਫਿਰਦੀ ਲੱਭਦੀ ਉਨ੍ਹਾਂ ਪਰਦੇਸੀਆਂ ਨੂੰ
ਘੜਕੇ ਆਏ ਕਹਾਣੀਆਂ ਫੇਕ ਮੀਆਂ।
ਕਹਿੰਦੀ ਕੁੱਝ ਨਾ ਉਨ੍ਹਾਂ ਪ੍ਰਵਾਸੀਆਂ ਨੂੰ
ਆਉਂਦੇ ਵਰਤ ਕੇ ਢੰਗ ਜੋ ਨੇਕ ਮੀਆਂ।
ਹੈ 'ਏਜੰਸੀ' ਅਮਰੀਕਾ ਦੀ ਖਾਸ ਯਾਰੋ
ਨਾਂ 'ਆਈਸ' ਪਰ ਮਾਰਦੀ ਸੇਕ ਮੀਆਂ।
-ਤਰਲੋਚਨ ਸਿੰਘ ਦੁਪਾਲ ਪੁਰ

# ਮੋਗੇ ਦੀਆਂ ਧੀਆਂ ਹਰਮਨਪ੍ਰੀਤ ਅਤੇ ਪਰਮ ਨੇ ਚਮਕਾਇਆ ਪੰਜਾਬ ਦਾ ਨਾਮ

## ✪ ਇੱਕ ਨੇ ਆਪਣੀ ਹਿੰਮਤ ਬੱਲੇ ਨਾਲ ਦਿਖਾਈ ਅਤੇ ਦੂਜੀ ਨੇ ਆਪਣੇ ਗੀਤਾਂ ਨਾਲ





ਚੰਡੀਗੜ੍ਹ-ਪੰਜਾਬ ਦੇ ਮਾਲਵਾ ਖੇਤਰ ਵਿੱਚ ਸਥਿਤ ਛੋਟੇ ਜਿਹੇ ਸ਼ਹਿਰ ਮੋਗਾ ਦੀਆਂ ਦੋ ਧੀਆਂ, ਭਾਰਤੀ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਅਤੇ ਨਵੀਂ ਸੰਗੀਤ ਸਨਸਨੀ ਪਰਮਜੀਤ ਕੌਰ 'That Girl' ਨੇ ਆਪਣੇ ਖਾਸ ਪ੍ਰਦਰਸ਼ਨ ਨਾਲ ਨਾ ਸਿਰਫ਼ ਪੰਜਾਬ ਸਗੋਂ ਸਮੁੱਚੇ ਭਾਰਤ ਨੂੰ ਵਿਸ਼ਵ ਪੱਧਰ 'ਤੇ ਮਾਣ ਦਿਵਾਇਆ ਹੈ। ਭਾਵੇਂ ਇੱਕ ਨੇ ਆਪਣੀ ਹਿੰਮਤ ਬੱਲੇ ਨਾਲ ਦਿਖਾਈ ਅਤੇ ਦੂਜੀ ਨੇ ਆਪਣੇ ਗੀਤਾਂ ਨਾਲ, ਪਰ ਦੋਵਾਂ ਦੀਆਂ ਕਹਾਣੀਆਂ ਅਟੁੱਟ ਹਿੰਮਤ ਅਤੇ ਦ੍ਰਿੜ੍ਹਤਾ ਨੂੰ ਦਰਸਾਉਂਦੀਆਂ ਹਨ, ਇਹ ਸਾਬਤ ਕਰਦੀਆਂ ਹਨ ਕਿ ਵੱਡੀਆਂ ਪ੍ਰਾਪਤੀਆਂ ਲਈ ਸਾਧਨਾਂ ਦੀ ਨਹੀਂ, ਸਗੋਂ ਜਨੂੰਨ ਦੀ ਲੋੜ ਹੁੰਦੀ ਹੈ।

### ਕ੍ਰਿਕਟ ਮੈਦਾਨਾਂ ਦੀ ਰਾਣੀ: ਹਰਮਨਪ੍ਰੀਤ ਕੌਰ

ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਦਾ ਨਾਂ ਇੱਕ ਮਾਹਿਰ ਬੱਲੇਬਾਜ਼ ਵਜੋਂ ਜਾਣਿਆ ਜਾਂਦਾ ਹੈ। ਮੋਗਾ ਦੀ ਰਹਿਣ ਵਾਲੀ ਇਹ ਖਿਡਾਰਨ ਉਦੋਂ ਹੋਰ ਵੀ ਚਰਚਾ ਵਿੱਚ ਆਈ ਜਦੋਂ ਉਸ ਦੀ ਕਪਤਾਨੀ ਹੇਠ ਟੀਮ ਮਹਿਲਾ ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿੱਚ ਪਹੁੰਚੀ ਅਤੇ ਜਿੱਤ ਹਾਸਲ ਕੀਤੀ। ਹਰਮਨਪ੍ਰੀਤ ਦਾ ਸਫ਼ਰ ਕੁਰਬਾਨੀਆਂ ਭਰਿਆ ਰਿਹਾ ਹੈ। ਉਸ ਨੇ ਆਪਣੇ ਬਚਪਨ ਵਿੱਚ ਮੋਗਾ ਦੇ ਗੁਰੂ ਨਾਨਕ ਕਾਲਜ ਦੇ ਮੈਦਾਨ ਵਿੱਚ ਕ੍ਰਿਕਟ ਖੇਡਣਾ ਸ਼ੁਰੂ ਕੀਤਾ ਸੀ। ਸਥਾਨਕ ਲੋਕ ਦੱਸਦੇ ਹਨ ਕਿ ਉਹ ਅਕਸਰ ਮੁੰਡਿਆਂ ਨਾਲ ਖੇਡਦੀ ਸੀ ਅਤੇ ਸੀਮਤ ਬੁਨਿਆਦੀ ਢਾਂਚੇ ਦੇ ਬਾਵਜੂਦ ਕ੍ਰਿਕਟ ਕੋਚਿੰਗ ਲਈ ਮੀਲਾਂ ਦਾ ਸਫ਼ਰ ਤੈਅ ਕਰਦੀ ਸੀ।

ਉਸ ਦੇ ਪਿਤਾ ਹਰਮਿੰਦਰ ਸਿੰਘ, ਜੋ ਕਿ ਇੱਕ ਉਤਸ਼ਾਹੀ ਖੇਡ ਪ੍ਰੇਮੀ ਸਨ ਅਤੇ ਮਾਤਾ ਸਤਵਿੰਦਰ ਕੌਰ ਨੇ ਉਸ ਦੇ ਸੁਪਨੇ ਨੂੰ ਜਿਉਂਦਾ ਰੱਖਣ ਲਈ ਅਟੁੱਟ ਸਮਰਥਨ ਦਿੱਤਾ। ਹਰਮਨਪ੍ਰੀਤ ਸੱਜੇ ਹੱਥ ਦੀ ਬੱਲੇਬਾਜ਼ ਅਤੇ ਇੱਕ ਕਾਰਗਰ ਆਫ-ਸਪਿਨ ਗੇਂਦਬਾਜ਼ ਹੈ। ਉਹ ਭਾਰਤੀ ਮਹਿਲਾ ਕ੍ਰਿਕਟ ਦੇ ਇਤਿਹਾਸ ਵਿੱਚ ਮਹੱਤਵਪੂਰਨ ਰਿਕਾਰਡ ਦਰਜ ਕਰ ਚੁੱਕੀ ਹੈ, ਜਿਨ੍ਹਾਂ ਵਿੱਚ 2017 ਵਿਸ਼ਵ ਕੱਪ ਸੈਮੀਫਾਈਨਲ ਵਿੱਚ ਆਸਟਰੇਲੀਆ ਵਿਰੁੱਧ 115 ਗੇਂਦਾਂ ਵਿੱਚ ਨਾਬਾਦ 171 ਦੌੜਾਂ ਬਣਾਉਣਾ ਸ਼ਾਮਲ ਹੈ।

ਉਹ ਵਿਦੇਸ਼ੀ ਟੀ-20 ਫਰੈਂਚਾਇਜ਼ੀ (WBBL) ਵੱਲੋਂ ਸਾਈਨ ਕੀਤੀ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਵੀ ਸੀ, ਅਤੇ ਟੀ-20 ਅੰਤਰਰਾਸ਼ਟਰੀ ਸੈਂਕੜਾ ਬਣਾਉਣ ਵਾਲੀ ਪਹਿਲੀ ਭਾਰਤੀ ਮਹਿਲਾ ਵੀ ਹੈ। ਉਹ ਸਾਰੇ ਫਾਰਮੈਟਾਂ ਵਿੱਚ 8,000 ਤੋਂ ਵੱਧ ਅੰਤਰਰਾਸ਼ਟਰੀ ਦੌੜਾਂ ਬਣਾਉਣ ਵਾਲੀ ਇਕਲੌਤੀ ਭਾਰਤੀ ਮਹਿਲਾ ਕ੍ਰਿਕਟਰ ਬਣੀ ਹੋਈ ਹੈ।

ਹਰਮਨਪ੍ਰੀਤ ਕੌਰ ਭਾਰਤ ਵਿੱਚ ਸਭ ਤੋਂ ਵੱਧ ਤਨਖਾਹ ਲੈਣ ਵਾਲੀਆਂ ਮਹਿਲਾ ਕ੍ਰਿਕਟਰਾਂ ਵਿੱਚੋਂ ਇੱਕ ਹੈ। ਉਹ ਭਡਛੀ ਦੇ ਕੇਂਦਰੀ ਕਰਾਰ ਤਹਿਤ 'ਗਰੇਡ ਏ' ਦੀ ਖਿਡਾਰਨ ਹੈ, ਜਿਸ ਤਹਿਤ ਉਸ ਨੂੰ ਸਾਲਾਨਾ 50 ਲੱਖ ਰੁਪਏ ਦਾ ਰਿਟੇਨਰ ਮਿਲਦਾ ਹੈ। ਭਡਛੀ ਦੀ ਸਮਾਨ ਤਨਖਾਹ ਨੀਤੀ ਕਾਰਨ, ਉਸ ਨੂੰ ਪੁਰਸ਼ ਟੀਮ ਦੇ ਖਿਡਾਰੀਆਂ ਦੇ ਬਰਾਬਰ ਮੈਚ ਫੀਸ ਮਿਲਦੀ ਹੈ (ਟੈਸਟ ਮੈਚ ਲਈ 15 ਲੱਖ, ਇੱਕ ਰੋਜ਼ਾ ਲਈ 6 ਲੱਖ, ਅਤੇ ਟੀ-20 ਲਈ 3 ਲੱਖ ਰੁਪਏ)। ਇਸ ਤੋਂ ਇਲਾਵਾ, ਉਹ BCCI ਵਿੱਚ ਮੁੰਬਈ ਇੰਡੀਅਨਜ਼ ਦੀ ਕਪਤਾਨ ਹੈ ਅਤੇ ਪ੍ਰਤੀ ਸੀਜ਼ਨ ਲਗਭਗ 1.80 ਕਰੋੜ ਰੁਪਏ ਕਮਾਉਂਦੀ ਹੈ। ਮੋਗਾ ਦੇ ਖੇਡ ਪ੍ਰੇਮੀਆਂ ਵੱਲੋਂ ਉਸ ਦੀ ਜਿੱਤ ਨੂੰ ਨੌਜਵਾਨ ਕੁੜੀਆਂ ਲਈ ਇੱਕ ਵੱਡੀ ਪ੍ਰੇਰਨਾ ਵਜੋਂ ਦੇਖਿਆ ਜਾਂਦਾ ਹੈ।

### ਸੰਗੀਤ ਜਗਤ ਦੀ 'That Girl': ਪਰਮਜੀਤ ਕੌਰ

ਦੂਜੇ ਪਾਸੇ 19 ਸਾਲਾ ਪਰਮਜੀਤ ਕੌਰ, ਜਿਸ ਨੂੰ ਉਸ ਦੇ ਆਨਲਾਈਨ ਨਾਂ 'That Girl' ਨਾਲ ਜਾਣਿਆ ਜਾਂਦਾ ਹੈ, ਪੰਜਾਬੀ ਸੰਗੀਤ ਅਤੇ ਡਿਜੀਟਲ ਮੀਡੀਆ ਵਿੱਚ ਇੱਕ ਤੇਜ਼ੀ ਨਾਲ ਉੱਭਰਦੀ ਸ਼ਖ਼ਸੀਅਤ ਹੈ। ਮੋਗਾ ਜ਼ਿਲ੍ਹੇ ਦੇ ਦੁੱਨੇਕੇ ਪਿੰਡ ਦੀ ਰਹਿਣ ਵਾਲੀ ਪਰਮ ਦਾ ਪਿਛੋਕੜ ਬਹੁਤ ਹੀ ਸਾਧਾਰਨ ਹੈ। ਉਸ ਦੇ ਪਿਤਾ ਸੁਰਜੀਤ ਸਿੰਘ ਦਿਹਾੜੀਦਾਰ ਮਜ਼ਦੂਰ ਹਨ, ਜਦੋਂ ਕਿ ਉਸ ਦੀ ਮਾਤਾ ਜਸਪਾਲ ਕੌਰ ਘਰੇਲੂ ਸਹਾਇਕ ਵਜੋਂ ਕੰਮ ਕਰਦੀ ਹੈ।

ਪਰਮ ਨੇ ਮੋਗਾ ਵਿੱਚ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ ਅਤੇ ਵਰਤਮਾਨ ਵਿੱਚ ਡੀਐਮ ਕਾਲਜ, ਮੋਗਾ ਵਿੱਚ ਪੜ੍ਹ ਰਹੀ ਹੈ। ਉਸ ਨੇ ਲਗਪਗ ਇੱਕ ਸਾਲ ਪਹਿਲਾਂ ਛੋਟੀਆਂ ਸੰਗੀਤ ਰੀਲਾਂ ਬਣਾਉਣੀ ਸ਼ੁਰੂ ਕੀਤੀ ਸੀ। ਉਸਦਾ ਡੈਬਿਊ ਸਿੰਗਲ 'That Girl' ਰਿਲੀਜ਼ ਤੋਂ ਬਾਅਦ ਤੁਰੰਤ ਵਾਇਰਲ ਹੋ ਗਿਆ। ਇਸ ਗੀਤ ਨੇ ਇੱਕ ਹਫ਼ਤੇ ਦੇ ਅੰਦਰ 35 ਲੱਖ ਤੋਂ ਵੱਧ ਵਿਊਜ਼ ਪ੍ਰਾਪਤ ਕੀਤੇ। ਇਹ ਗੀਤ ਔਰਤਾਂ ਦੀ ਆਜ਼ਾਦੀ ਅਤੇ ਸਵੈ-ਵਿਸ਼ਵਾਸ ਦੇ ਸਸ਼ਕਤੀਕਰਨ ਸੰਦੇਸ਼ ਲਈ ਮਕਬੂਲ ਹੋਇਆ।

ਪਰਮ ਨੇ ਇੱਕ ਇਤਿਹਾਸਕ ਪ੍ਰਾਪਤੀ ਦਰਜ ਕਰਦੇ ਹੋਏ ਸਪੌਟੀਫਾਈ ਦੇ ਗਲੋਬਲ ਵਾਇਰਲ 50 ਚਾਰਟ 'ਤੇ ਨੰਬਰ 1 ਸਥਾਨ 'ਤੇ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਕਲਾਕਾਰ ਬਣ ਗਈ ਹੈ। ਇਹ ਪ੍ਰਾਪਤੀ ਸਤੰਬਰ ਵਿੱਚ ਰਿਲੀਜ਼ ਹੋਣ ਦੇ ਸਿਰਫ਼ ਦੋ ਹਫ਼ਤਿਆਂ ਬਾਅਦ ਹੋਈ। ਪਰਮ ਦੀ ਗਾਇਕੀ ਸ਼ੈਲੀ ਦੀ ਤੁਲਨਾ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨਾਲ ਕੀਤੀ ਜਾਂਦੀ ਹੈ ਅਤੇ ਉਸਨੂੰ 'ਲੇਡੀ ਮੂਸੇਵਾਲਾ' ਦਾ ਖਿਤਾਬ ਦਿੱਤਾ ਗਿਆ ਹੈ।

ਉਸ ਦੀਆਂ ਪ੍ਰਾਪਤੀਆਂ ਲਈ ਮੋਗਾ ਦੀ ਵਿਧਾਇਕਾ ਅਮਨਦੀਪ ਕੌਰ ਅਰੋੜਾ ਨੇ ਉਸ ਨੂੰ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਆਗੂ ਮਨੀਸ਼ ਸਿਸੋਦੀਆ ਨੇ ਵੀ ਪਰਮ ਦੇ ਗੀਤ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਦੇ ਹੋਏ, ਉਸ ਨੂੰ 'ਪੰਜਾਬ ਦੀ ਨਵੀਂ ਆਵਾਜ਼' ਕਿਹਾ ਅਤੇ ਉਸ ਦੀ ਸੰਘਰਸ਼ ਦੀ ਕਹਾਣੀ ਨੂੰ ਉਜਾਗਰ ਕੀਤਾ ਸੀ।

### ਉਮੀਦ ਅਤੇ ਪ੍ਰੇਰਨਾ ਦੀਆਂ ਮਿਸਾਲਾਂ

ਹਰਮਨਪ੍ਰੀਤ ਕੌਰ ਅਤੇ ਪਰਮਜੀਤ ਕੌਰ ਦੋਵੇਂ ਹੀ ਮੋਗੇ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਤੋਂ ਨਿਕਲ ਕੇ ਵਿਸ਼ਵ ਪੱਧਰ 'ਤੇ ਪ੍ਰਭਾਵ ਪਾ ਰਹੀਆਂ ਹਨ। ਹਰਮਨਪ੍ਰੀਤ ਦਾ ਕ੍ਰਿਕਟ ਸਫ਼ਰ ਦ੍ਰਿੜ੍ਹਤਾ ਅਤੇ ਜਨੂੰਨ ਦਾ ਪ੍ਰਤੀਕ ਹੈ, ਜਦੋਂ ਕਿ ਪੈਰਾਮ ਦਾ ਤੇਜ਼ੀ ਨਾਲ ਉੱਭਰਨਾ ਸੱਚੀ ਪ੍ਰਤਿਭਾ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ, ਖਾਸ ਕਰਕੇ ਪੇਂਡੂ ਭਾਈਚਾਰਿਆਂ ਦੀਆਂ ਨੌਜਵਾਨ ਔਰਤ ਕਲਾਕਾਰਾਂ ਲਈ। ਦੋਵੇਂ ਕੁੜੀਆਂ ਇਸ ਗੱਲ ਦਾ ਜਿਉਂਦਾ ਸਬੂਤ ਹਨ ਕਿ ਹਾਲਾਤ ਭਾਵੇਂ ਕਿੰਨੇ ਵੀ ਸਾਧਾਰਨ ਕਿਉਂ ਨਾ ਹੋਣ, ਅਟੱਲ ਵਿਸ਼ਵਾਸ ਅਤੇ ਸਖ਼ਤ ਮਿਹਨਤ ਨਾਲ ਭਾਰਤ ਦਾ ਨਾਮ ਦੁਨੀਆ ਭਰ ਵਿੱਚ ਚਮਕਾਇਆ ਜਾ ਸਕਦਾ ਹੈ। ਇਹ ਸੱਚਮੁੱਚ ਮੋਗਾ ਪੰਜਾਬ ਅਤੇ ਦੇਸ਼ ਲਈ ਇੱਕ ਮਾਣ ਵਾਲੀ ਗੱਲ ਹੈ।

## ਅੰਮ੍ਰਿਤਸਰ ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਨ 'ਤੇ ਕਬਜ਼ਾ ਕਰਨ ਆਪ ਦੇ ਲੀਡਰ ਦੀ ਕੋਸ਼ਿਸ਼, ਸ਼੍ਰੋਮਣੀ ਕਮੇਟੀ ਵਲੋਂ ਤਾੜਨਾ

ਮਜੀਠਾ-ਅੰਮ੍ਰਿਤਸਰ ਸਥਿਤ ਹਲਕਾ ਮਜੀਠਾ ਦੇ ਪਿੰਡ ਰੁਮਾਣਾ ਚੱਕ ਵਿੱਚ ਇੱਕ ਗੁਰਦੁਆਰਾ ਸਾਹਿਬ ਦੇ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਇਲਜ਼ਾਮ ਲਾਇਆ ਕਿ ਪਿੰਡ ਦੇ ਸਰਪੰਚ ਵੱਲੋਂ ਸਰਕਾਰੀ ਸ਼ਹਿ 'ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਧਾਮੀ ਨੇ ਕਿਹਾ ਕਿ ਇਸ ਗੁਰਦੁਆਰੇ ਦਾ ਪ੍ਰਬੰਧ ਬਾਬਾ ਸਤਿੰਦਰ ਸਿੰਘ ਮੁਕੇਰੀਆਂ ਵਾਲਿਆਂ ਦੀ ਅਗਵਾਈ ਹੇਠ, ਸਥਾਨਕ ਸੰਗਤ ਦੇ ਸਹਿਯੋਗ ਨਾਲ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ। ਇਸ ਦੇ ਬਾਵਜੂਦ, ਸਰਕਾਰ ਆਪਣੇ ਲੋਕਾਂ ਰਾਹੀਂ ਜ਼ਬਰਦਸਤੀ ਕਬਜ਼ੇ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਧਾਰਮਿਕ ਆਜ਼ਾਦੀ 'ਤੇ ਸਿੱਧਾ ਹਮਲਾ ਹੈ।

ਪ੍ਰਸ਼ਾਸਨ 'ਤੇ ਦਬੰਗਈ ਨੂੰ ਸਮਰਥਨ ਦੇਣ ਦੇ ਇਲਜ਼ਾਮ-ਐਸ.ਜੀ.ਪੀ.ਸੀ. ਪ੍ਰਧਾਨ ਨੇ ਕਿਹਾ ਕਿ ਪਿੰਡ ਵਾਸੀਆਂ ਦੇ ਵਿਰੋਧ ਦੇ ਬਾਵਜੂਦ, ਪੁਲਿਸ ਪ੍ਰਸ਼ਾਸਨ ਦਾ ਸੰਗਤ ਦਾ ਸਾਥ ਨਾ ਦੇਣਾ, ਆਮ ਆਦਮੀ ਪਾਰਟੀ ਦੇ ਸਰਪੰਚ ਦੀ ਦਬੰਗਈ ਨੂੰ ਸਮਰਥਨ ਦੇਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਪੂਰੀ ਤਾਕਤ ਨਾਲ ਜ਼ਬਰਦਸਤੀ ਕਬਜ਼ਾ ਕਰਵਾਉਣ ਦੀ ਕੋਸ਼ਿਸ਼ ਕਾਰਨ ਸਿੱਖ ਸੰਗਤਾਂ ਵਿੱਚ ਗਹਿਰਾ ਰੋਸ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸਿੱਖ ਕੌਮ ਅਜਿਹੇ ਕਿਸੇ ਵੀ ਸਰਕਾਰੀ ਦਖ਼ਲ ਨੂੰ ਕਦੇ ਵੀ ਸਵੀਕਾਰ ਨਹੀਂ ਕਰੇਗੀ ਅਤੇ ਸਰਕਾਰ ਦੀ ਇਹ ਕਾਰਵਾਈ ਧਾਰਮਿਕ ਸੰਸਥਾਵਾਂ ਦੇ ਅਧਿਕਾਰਾਂ 'ਤੇ ਹਮਲਾ ਹੈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਗੰਭੀਰ ਮਾਮਲੇ ਦੀ ਜਾਂਚ ਅਤੇ ਪੈਰਵੀ ਕਰਨ ਲਈ ਸ਼੍ਰੋਮਣੀ ਕਮੇਟੀ ਮੈਂਬਰ ਸਰਦਾਰ ਜੋਧ ਸਿੰਘ ਸਮਰਾ ਨੂੰ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ।

# ਨਵੰਬਰ ਮਹੀਨੇ ਮੁੜ ਕੁਰੇਦੇ ਜਾਂਦੇ ਹਨ ਸਿੱਖਾਂ ਦੇ ਦਹਾਕਿਆਂ ਤੋਂ ਰਿਸਦੇ ਜ਼ਖ਼ਮ

**ਬਘੇਲ ਸਿੰਘ ਧਾਲੀਵਾਲ**
99142-58142



ਜਦੋਂ ਨਵੰਬਰ ਦੇ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ ਤਾਂ ਸਿੱਖਾਂ ਦੇ 40 ਸਾਲ ਪੁਰਾਣੇ ਜ਼ਖ਼ਮ ਮੁੜ ਤਾਜ਼ਾ ਹੋ ਜਾਂਦੇ ਹਨ। ਸਿੱਖਾਂ ਨੂੰ ਉਹ ਖੌਫਨਾਕ ਵਰਤਾਰਾ ਅੱਖਾਂ ਮੂਹਰੇ ਵਾਪਰਦਾ ਦਿਖਾਈ ਦੇਣ ਲੱਗਦਾ ਹੈ ਜਿਸ ਨੇ ਹਜ਼ਾਰਾਂ ਸਿੱਖ ਪਰਿਵਾਰਾਂ ਨੂੰ ਉਜਾੜਿਆ, ਮਾਰਿਆ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਰੁਲਵਾਈਆਂ, ਗਲਾਂ ਵਿੱਚ ਟਾਇਰ ਪਾ ਕੇ, ਡੀਜ਼ਲ-ਪੈਟਰੋਲ ਪਾ ਕੇ ਬੇਰਹਿਮੀ ਨਾਲ ਸਾੜਿਆ, ਘਰ-ਬਾਰ, ਫੈਕਟਰੀਆਂ, ਕੰਮ-ਕਾਰ ਸਭ ਤਬਾਹ ਕੀਤੇ ਗਏ। ਇਹ ਭਿਆਨਕ ਮੰਜ਼ਰ ਲਗਾਤਾਰ ਹਫ਼ਤਾ ਭਰ ਵਾਪਰਦਾ ਰਿਹਾ ਪਰ ਸਰਕਾਰੀ ਤੰਤਰ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਕਰਨ ਦੀ ਬਜਾਏ ਕਾਤਲਾਂ ਦੇ ਨਾਲ ਖੜ੍ਹ ਕੇ ਉਹਨਾਂ ਨੂੰ ਉਤਸ਼ਾਹਿਤ ਕਰਦਾ ਰਿਹਾ। ਨਸ਼ੇ ਚ ਧੁੱਤ ਉਹਨਾਂ ਭੀੜਾਂ ਨੂੰ ਉਹ ਹਰ ਸਹੂਲਤ ਮੁਹੱਈਆ ਕਰਵਾਉਂਦਾ ਰਿਹਾ, ਜਿਸ ਦੀ ਉਹ ਥੋੜ੍ਹੀ-ਬਹੁਤੀ ਵਿੱਚ ਜ਼ਰੂਰਤ ਮਹਿਸੂਸ ਕਰਦੇ ਸਨ। ਇਹ ਕਿੰਨੀ ਹੈਰਾਨ ਕਰਨ ਵਾਲੀ ਸੱਚਾਈ ਹੈ ਕਿ ਭਾਰਤ ਦੀ ਸਰਵ ਉੱਚ ਅਦਾਲਤ ਦੇ ਬਿਲਕੁਲ ਨੱਕ ਹੇਠ ਲਗਾਤਾਰ ਹਫ਼ਤਾ ਭਰ ਹੁੰਦੇ ਰਹੇ ਸਿੱਖਾਂ ਦੇ ਕਤਲੇਆਮ ਦੀਆਂ ਚੀਕਾਂ, ਹਾਲ-ਦੁਹਾਈਆਂ ਕਿਸੇ ਵੀ ਜੱਜ, ਵਕੀਲ ਦੇ ਕੰਨਾਂ ਤੱਕ ਨਹੀਂ ਪਹੁੰਚੀਆਂ ਅਤੇ ਨਾਂ ਹੀ ਸ਼ਰਾਬੀ ਹੋਏ ਹਜੂਮ ਦੇ ਲਲਕਾਰੇ ਅਦਾਲਤ ਨੂੰ ਸੁਣਾਈ ਦਿੱਤੇ। ਇਹ ਕਿਹੋ ਜਿਹਾ ਲੋਕਤੰਤਰ ਹੈ ਕਿ ਜਿੱਥੇ ਘੱਟ ਗਿਣਤੀਆਂ ਦੇ ਮਾਮਲਿਆਂ ਵਿੱਚ ਕਾਨੂੰਨ ਵੀ ਪੱਖਪਾਤ ਵਾਲਾ ਰਾਹ ਅਖ਼ਤਿਆਰ ਕਰਦਾ ਹੈ ਅਤੇ ਅੰਨ੍ਹਾ-ਬੋਲਾ ਹੋ ਜਾਂਦਾ ਹੈ। ਇਹੋ ਕਾਰਨ ਹੈ ਕਿ ਦਿੱਲੀ ਵਿੱਚ ਹਫ਼ਤਾ ਭਰ ਮੱਚਦੇ ਰਹੇ ਕੋਹਰਾਮ ਨੂੰ ਦੇਸ਼ ਦੀ ਸਰਬ ਉੱਚ ਅਦਾਲਤ ਨੇ ਮਹਿਸੂਸ ਹੀ ਨਹੀਂ ਕੀਤਾ।

ਕਾਨੂੰਨ ਵੀ ਝੱਟ ਸਮਝ ਜਾਂਦਾ ਹੈ ਕਿ ਘੱਟ ਗਿਣਤੀ ਤਬਕੇ ਦੇ ਲੋਕਾਂ ਨਾਲ ਕਿਸ ਤਰ੍ਹਾਂ ਨਜਿੱਠਣਾ ਹੈ। ਇਸੇ ਕਰਕੇ ਹੀ ਤਾਂ ਪਿਛਲੇ 41 ਸਾਲਾਂ ਤੋਂ ਸਿੱਖ ਪੀੜਤ ਮਰਦ-ਔਰਤਾਂ ਇਨਸਾਫ਼ ਲਈ ਅਦਾਲਤਾਂ ਦੇ ਚੱਕਰ ਕੱਟਦਿਆਂ ਕੱਟਦਿਆਂ ਇਸ ਜਹਾਨ ਤੋਂ ਕੂਚ ਕਰ ਗਏ, ਪਰ ਇਨਸਾਫ਼ ਨੇ ਕੋਈ ਬਾਂਹ ਨਹੀਂ ਫੜਾਈ, ਬਲਕਿ ਕਾਨੂੰਨ ਉਹਨਾਂ ਅਭਾਗੇ ਲੋਕਾਂ ਦਾ ਲਗਾਤਾਰ ਮਜ਼ਾਕ ਉਡਾਉਂਦਾ ਆ ਰਿਹਾ ਹੈ ਜਿਨ੍ਹਾਂ ਨੇ ਨਵੰਬਰ 1984 ਦੇ ਵਿੱਚ ਆਪਣੇ ਹੱਸਦੇ-ਵੱਸਦੇ ਪਰਿਵਾਰ ਗਵਾਏ ਹਨ, ਆਪਣੇ ਵੱਡੇ-ਵੱਡੇ ਕਾਰੋਬਾਰ ਤਬਾਹ ਕਰਵਾਏ ਹਨ, ਸੈਂਕੜੇ-ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦੇਣ ਵਾਲੇ ਖੁਦ ਸੜਕਾਂ ਤੇ ਭੀਖ ਮੰਗਣ ਲਈ ਮਜਬੂਰ ਹੋਏ ਹਨ, ਪਰ ਇਨਸਾਫ਼ ਦੀ ਤੱਕੜੀ ਦਾ ਪਲੜਾ ਹਮੇਸ਼ਾ ਕਾਤਲਾਂ ਦੇ ਪੱਖ ਵਿੱਚ ਹੀ ਝੁੱਕਦਾ ਰਿਹਾ ਹੈ। ਇਹ ਸਿੱਖਾਂ ਨਾਲ ਕੇਹਾ ਕੋਝਾ ਮਜ਼ਾਕ ਹੈ ਕਿ ਦਿੱਲੀ ਦੀਆਂ ਸੜਕਾਂ ਤੇ ਹਫ਼ਤਾ ਭਰ ਸਰੇਆਮ




ਹੋਏ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਸਬੂਤਾਂ ਦੀ ਘਾਟ ਕਾਰਨ ਬਰੀ ਹੁੰਦੇ ਰਹੇ। ਦਿੱਲੀ ਪੁਲਿਸ ਵੱਲੋਂ ਕੁੱਲ ਦਰਜ ਕੀਤੀਆਂ 587 ਐਫ.ਆਈ.ਆਰਾਂ ਵਿੱਚ ਲਗਭਗ 25 ਹਜ਼ਾਰ ਲੋਕ ਦੋਸ਼ੀ ਦਰਜ ਹੋਏ, ਪਰ ਜ਼ਿਆਦਾਤਰ ਨੂੰ ਜਿਵੇਂ ਉੱਪਰ ਲਿਖਿਆ ਜਾ ਚੁੱਕਾ ਹੈ, ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਗਿਆ। ਬਹੁਤ ਸਾਰੇ ਕੇਸ ਤਾਂ ਸਾਲਾਂ ਤੱਕ ਅਦਾਲਤਾਂ ਵਿੱਚ ਚੱਲੇ ਹੀ ਨਹੀਂ। ਇਸ ਤੋਂ ਉਪਰੰਤ ਸਿੱਖਾਂ ਨੂੰ ਜਾਂਚ ਕਮੇਟੀਆਂ ਅਤੇ ਕਮਿਸ਼ਨਾਂ ਦੇ ਦੰਭੀ ਜਾਲ ਚ ਉਲਝਾ ਕੇ ਰੱਖਿਆ ਗਿਆ।

1985 ਵਿੱਚ ਰਾਜੀਵ ਗਾਂਧੀ ਸਰਕਾਰ ਨੇ ਜਸਟਿਸ ਰੰਗਨਾਥ ਮਿਸ਼ਰਾ ਦੀ ਅਗਵਾਈ ਹੇਠ ਜਾਂਚ ਕਮੇਟੀ ਬਣਾਈ। ਇਸ ਕਮੇਟੀ ਨੇ ਹਿੰਸਾ ਦੀ ਜਾਂਚ ਕੀਤੀ ਪਰ ਕਿਸੇ ਵੱਡੇ ਨੇਤਾ ਖ਼ਿਲਾਫ਼ ਸਿੱਧੀ ਕਾਰਵਾਈ ਦੀ ਸਿਫ਼ਾਰਸ਼ ਨਹੀਂ ਕੀਤੀ। ਇਸੇ ਕਰਕੇ ਪੀੜਤ ਪਰਿਵਾਰਾਂ ਨੇ ਇਸ ਕਮੇਟੀ ਨੂੰ "ਇਨਸਾਫ਼ ਤੋਂ ਇਨਕਾਰ" ਦਾ ਪ੍ਰਤੀਕ ਕਿਹਾ। ਇਸ ਤੋਂ ਬਾਅਦ ਜੈਨ-ਬੈਨਰਜੀ ਕਮੇਟੀ ਬਣੀ (1987-1990), ਜਿਸ ਨੇ ਪਹਿਲਾਂ ਬੰਦ ਹੋਏ ਕੁਝ ਕੇਸ ਮੁੜ ਖੋਲ੍ਹਣ ਦੀ ਸਿਫ਼ਾਰਸ਼ ਕੀਤੀ। ਕੁਝ ਗ੍ਰਿਫ਼ਤਾਰੀਆਂ ਵੀ ਹੋਈਆਂ, ਪਰ ਅਦਾਲਤੀ ਕਾਰਵਾਈ ਨਾਂਹ ਬਰਾਬਰ ਹੀ ਰਹੀ। ਫਿਰ ਸਨ 2000 ਵਿੱਚ ਅਟਲ ਬਿਹਾਰੀ ਵਾਜਪੇਈ ਸਰਕਾਰ ਵੱਲੋਂ ਜਸਟਿਸ ਜੀ.ਟੀ. ਨਾਨਾਵਤੀ ਕਮੇਟੀ (2000-2005) ਬਣਾਈ ਗਈ। ਇਸ ਕਮੇਟੀ ਨੇ 2,733 ਹਤਿਆਵਾਂ ਦੀ ਜਾਂਚ ਕੀਤੀ ਅਤੇ ਸੱਜਣ ਕੁਮਾਰ, ਜਗਦੀਸ਼ ਟਾਇਟਲਰ, ਐਚ.ਕੇ.ਐਲ. ਭਗਤ ਵਰਗੇ ਕਾਂਗਰਸੀ ਨੇਤਾਵਾਂ ਖ਼ਿਲਾਫ਼ ਸਿਫ਼ਾਰਸ਼ਾਂ ਕੀਤੀਆਂ। ਪਰ ਫਿਰ ਵੀ ਜ਼ਿਆਦਾਤਰ ਦੋਸ਼ੀ ਬਰੀ ਰਹੇ।

ਸਨ 2015 ਵਿੱਚ ਸਰਬ ਉੱਚ ਅਦਾਲਤ ਦੇ ਹੁਕਮਾਂ ਤੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਮੁੜ ਗਠਿਤ ਕੀਤੀ ਗਈ, ਇਸ ਟੀਮ ਨੇ 186 ਪੁਰਾਣੇ ਕੇਸ ਦੁਬਾਰਾ ਖੋਲ੍ਹੇ ਅਤੇ ਚਾਰ ਸੌ ਦੇ ਕਰੀਬ ਗ੍ਰਿਫ਼ਤਾਰੀਆਂ ਵੀ ਹੋਈਆਂ, ਪਰੰਤੂ ਸੱਜਣ ਕੁਮਾਰ ਸਮੇਤ ਕੁੱਝ ਕੁ ਨੂੰ ਹੀ ਸਜ਼ਾਵਾਂ ਹੋਈਆਂ। ਪਰੰਤੂ ਇੱਥੇ ਸਵਾਲ ਤਾਂ ਇਹ ਉੱਠਦਾ ਹੈ ਕਿ 25,000 ਨਾਮਜ਼ਦ ਦੋਸ਼ੀਆਂ ਵਿੱਚੋਂ ਸਜ਼ਾਵਾਂ ਕੁੱਝ ਕੁ ਗਿਣਤੀ ਦੇ ਲੋਕਾਂ ਨੂੰ ਹੀ ਕਿਉਂ ? ਉਹ ਵੀ ਤਿੰਨ ਦਹਾਕਿਆਂ ਤੋਂ ਬਾਅਦ। ਕਿਸੇ ਵੀ ਦੋਸ਼ੀ ਨੂੰ ਮੌਤ ਦੀ ਸਜ਼ਾ ਨਹੀਂ ਹੋਈ।

ਅਦਾਲਤ ਵੱਲੋਂ ਸਿੱਖ ਕਤਲੇਆਮ ਵਿੱਚ ਉਮਰ ਕੈਦ ਨੂੰ ਹੀ ਸਭ ਤੋਂ ਵੱਡੀ ਸਜ਼ਾ ਮੰਨਿਆ ਗਿਆ, ਜਦਕਿ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ੀ ਪਾਏ ਗਏ ਸ਼ਹੀਦ ਭਾਈ ਬੇਅੰਤ ਸਿੰਘ ਨੂੰ ਮੌਕੇ ਤੇ ਹੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਭਾਈ ਸਤਵੰਤ ਸਿੰਘ ਜਿਹੜੇ ਮੌਕੇ ਤੇ ਗੋਲੀਆਂ ਲੱਗਣ ਦੇ ਬਾਵਜੂਦ ਵੀ ਬਚ ਗਏ ਸਨ, ਉਹਨਾਂ ਨੂੰ ਅਤੇ ਭਾਈ ਕੇਹਰ ਸਿੰਘ ਫਾਂਸੀ ਦੇ ਦਿੱਤੀ ਗਈ। ਜਿਸ ਦਾ ਕਤਲ ਹੋਇਆ, ਉਸ ਦੇ ਦੋਸ਼ ਵਿੱਚ ਸਿੱਖਾਂ ਨੂੰ ਅਦਾਲਤ ਨੇ ਬਹੁਤ ਸੀਮਤ ਸਮੇਂ ਵਿੱਚ ਹੀ ਫਾਂਸੀ ਦੀ ਸਜ਼ਾ ਸੁਣਾ ਕੇ ਬਹੁਤ ਜਲਦੀ ਸ਼ਹੀਦ ਵੀ ਕਰ ਦਿੱਤਾ, ਪਰ ਦਿੱਲੀ ਸਮੇਤ ਪੂਰੇ ਭਾਰਤ ਵਿੱਚ ਗਿਣੀ-ਮਿਥੀ ਸਾਜ਼ਿਸ਼ ਨਾਲ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਅਦਾਲਤਾਂ ਵੱਲੋਂ ਕੋਈ ਮਿਸਾਲੀ ਸਜ਼ਾ ਨਹੀਂ ਦਿੱਤੀ ਗਈ, ਸਗੋਂ ਜੇ ਕਿਸੇ ਨੂੰ ਸਜ਼ਾ ਸੁਣਾਈ ਵੀ ਹੈ ਤਾਂ ਉਸ ਮੌਕੇ ਜਦੋਂ ਇਨਸਾਫ਼ ਲੈਣ ਵਾਲਾ ਕੋਈ ਟਾਂਵਾਂ ਹੀ ਬਚਿਆ ਹੈ।

ਦੂਜੇ ਪਾਸੇ ਉਹ ਸਿੱਖ ਨੌਜਵਾਨ, ਜਿਨ੍ਹਾਂ ਨੇ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਰੋਸ ਵਜੋਂ ਹਥਿਆਰਬੰਦ ਜੱਦੋਜਹਿਦ ਕਰਨ ਦਾ ਅਹਿਦ ਕੀਤਾ ਤਾਂ ਉਸ ਸੰਘਰਸ਼ ਨੂੰ ਬੜੀ ਬੇਰਹਿਮੀ ਦੇ ਨਾਲ ਕੁਚਲ ਦਿੱਤਾ ਗਿਆ। ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਕੇ ਉਹਨਾਂ ਦਾ ਮੁੱਦਾ ਹੀ ਖ਼ਤਮ ਕਰ ਦਿੱਤਾ। ਕੋਹ-ਕੋਹ ਕੇ ਮਾਰਨ ਤੋਂ ਬਾਅਦ ਅਣਪਛਾਤੇ ਕਹਿ ਕੇ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਸਾੜ ਦਿੱਤਾ ਗਿਆ, ਜਾਂ ਦਰਿਆਵਾਂ ਵਿੱਚ ਰੋੜ ਦਿੱਤਾ ਗਿਆ, ਤਾਂ ਕਿ ਅਦਾਲਤੀ ਝੰਜਟ ਤੋਂ ਬਚਿਆ ਜਾ ਸਕੇ। ਕੁੱਝ ਬਚ ਗਏ ਸਿੱਖ ਨੌਜਵਾਨਾਂ ਨੂੰ ਅਦਾਲਤਾਂ ਵੱਲੋਂ ਉਮਰ ਕੈਦ ਅਤੇ ਫਾਂਸੀ ਤੱਕ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ, ਪਰ ਉਹਨਾਂ ਨੂੰ ਮੌਤ ਦੇ ਖ਼ੌਫ਼ ਵਿੱਚ ਪਲ-ਪਲ ਮਰਦੇ ਦੇਖਣ ਲਈ 30-30, 35-35 ਸਾਲਾਂ ਤੋਂ ਭਾਰਤ ਦਾ ਦੋਹਰੇ ਮਾਪਦੰਡ ਵਾਲਾ ਕਾਨੂੰਨ ਜੇਲਾਂ ਵਿੱਚ ਸੜਨ ਲਈ ਮਜਬੂਰ ਕਰ ਰਿਹਾ ਹੈ। ਇੱਥੋਂ ਸਪੱਸ਼ਟ ਹੁੰਦਾ ਹੈ ਕਿ ਸਥਾਪਤੀ ਨੇ ਆਪਣੇ ਹਿਤਾਂ ਲਈ ਕਿੰਨੀ ਲਚਕੀਲੀ ਬਣਾ ਕੇ ਰੱਖਿਆ ਹੈ ਭਾਰਤੀ ਨਿਆਂ ਪ੍ਰਣਾਲੀ ਨੂੰ, ਜਿਸ ਨੂੰ ਸੱਤਾ ਆਪਣੀ ਮਰਜ਼ੀ ਨਾਲ ਜਿੱਧਰ ਨੂੰ ਦਿਲ ਕਰੇ ਮੋੜ ਸਕਦੀ ਹੈ। ਘੱਟ ਗਿਣਤੀਆਂ ਦੇ ਮਾਮਲੇ ਵਿੱਚ ਕਿੰਨੀ ਪੱਥਰ-ਦਿਲ ਬਣਾ ਦਿੰਦੀ ਹੈ ਕਿ 40-40 ਸਾਲ ਤੱਕ ਸਿੱਖਾਂ ਦੀ ਗੱਲ ਤੱਕ ਸੁਣਨ ਨੂੰ ਵੀ ਤਿਆਰ ਨਹੀਂ ਹੁੰਦੀ।

ਇੱਕ ਪਾਸੇ ਬਲਾਤਕਾਰ ਅਤੇ ਕਤਲਾਂ ਦੇ ਦੋਸ਼ੀ ਡੇਰੇਦਾਰਾਂ ਨੂੰ ਸਾਲ ਵਿੱਚ ਦੋ-ਦੋ ਤਿੰਨ-ਤਿੰਨ ਵਾਰੀ ਪੈਰੋਲ ਤੇ ਭੇਜਿਆ ਜਾਂਦਾ ਹੈ, ਉਹਨਾਂ ਦੀ ਖ਼ਾਤਰਦਾਰੀ ਦੇ ਇੰਤਜ਼ਾਮ ਕੀਤੇ ਜਾਂਦੇ ਹਨ, ਜਦਕਿ ਆਪਣੇ ਹੱਕਾਂ ਦੀ ਖ਼ਾਤਰ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਨੌਜਵਾਨ ਜਿਹੜੇ ਜੇਲਾਂ ਦੇ ਵਿੱਚ ਬੈਠੇ ਹੀ ਉਮਰਾਂ ਗਾਲ੍ਹ ਕੇ ਬੁੱਢੇ ਹੋ ਚੁੱਕੇ ਹਨ ਉਹਨਾਂ ਨੂੰ ਉਹਨਾਂ ਦੀਆਂ ਆਖ਼ਰੀ ਸਾਹਾਂ ਤੇ ਪਈਆਂ ਬਜ਼ੁਰਗ ਮਾਵਾਂ ਨਾਲ ਵੀ ਮਿਲਣ ਨਹੀਂ ਦਿੱਤਾ ਜਾਂਦਾ।

ਸਵਾਲ ਇਹ ਉੱਠਦਾ ਹੈ ਕਿ ਜੇਕਰ ਸਾਬਕਾ ਪ੍ਰਧਾਨ ਮੰਤਰੀ ਰਜੀਵ ਗਾਂਧੀ ਦੇ ਕਾਤਲ ਰਿਹਾਅ ਹੋ ਸਕਦੇ ਹਨ, ਤਾਂ ਫਿਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿੱਚ ਸਜ਼ਾਵਾਂ ਕੱਟ ਚੁੱਕੇ ਸਿੱਖ ਨੌਜਵਾਨਾਂ ਨੂੰ ਰਿਹਾਈਆਂ ਕਿਉਂ ਨਹੀਂ ? ਜੇਕਰ ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੱਕ ਵਿੱਚ ਜਹਾਜ਼ ਅਗਵਾ ਕਰਨ ਵਾਲੇ ਬਾਅਦ ਵਿੱਚ ਮੈਂਬਰ ਪਾਰਲੀਮੈਂਟ ਜਾਂ ਵਜ਼ੀਰ ਬਣ ਕੇ ਨਿਵਾਜੇ ਜਾ ਸਕਦੇ ਹਨ ਫਿਰ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਹੱਕ ਵਿੱਚ ਜਹਾਜ਼ ਅਗਵਾ ਕਰਨ ਵਾਲਿਆਂ ਨੂੰ ਸਾਰੀ ਉਮਰ ਜਲਾਵਤਨੀ ਹੰਢਾਕੇ ਕਿਉਂ ਮਰਨਾ ਪਿਆ ਅਤੇ ਕਿਉਂ ਬਾਕੀ ਦੇ ਸਿੱਖ ਹਾਈਜੈਕਰਾਂ ਨੂੰ ਮੁੜ ਤੋਂ ਅਦਾਲਤਾਂ ਵਿੱਚ ਘਸੀਟਿਆ ਜਾ ਰਿਹਾ ਹੈ ? ਸਿੱਖਾਂ ਤੋਂ ਉਹਨਾਂ ਦੇ ਹੱਕ ਕਿਉਂ ਖੋਹੇ ਗਏ ਹਨ, ਕਿਉਂ ਬੰਦੀ ਸਿੱਖਾਂ ਨੂੰ ਜੇਲਾਂ ਵਿੱਚੋਂ ਬਾਹਰ ਆਉਣ ਦੀ ਆਗਿਆ ਨਹੀਂ ਮਿਲ ਰਹੀ ? ਕਿਉਂ ਦੇਸ਼ ਦੀ ਸਰਵ ਉੱਚ ਅਦਾਲਤ 45 ਸਾਲ ਬੀਤ ਜਾਣ ਦੇ ਬਾਵਜੂਦ ਵੀ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਿੱਚ ਅਸਫਲ ਰਹੀ ਹੈ ? ਅਜਿਹੇ ਅਨੇਕਾਂ ਸਵਾਲ ਸਿੱਖ ਮਨਾਂ ਵਿੱਚ ਹਮੇਸ਼ਾ ਹੀ ਪਨਪਦੇ ਰਹਿੰਦੇ ਹਨ ਜਿਹੜੇ ਉਹਨਾਂ ਨੂੰ ਇਸ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਕਰਵਾਉਂਦੇ ਰਹਿੰਦੇ ਹਨ। ਪ੍ਰੰਤੂ ਜੂਨ ਅਤੇ ਨਵੰਬਰ ਮਹੀਨੇ ਦੇ ਵਿੱਚ ਇਹ ਜ਼ਖ਼ਮ ਮੁੜ ਤੋਂ ਇਸ ਕਰਕੇ ਫਿਰ ਤਾਜ਼ਾ ਹੋ ਜਾਂਦੇ ਹਨ ਕਿਉਂਕਿ ਭਾਰਤੀ ਨਿਜ਼ਾਮ ਘੱਟ ਗਿਣਤੀ ਸਿੱਖ ਕੌਮ ਨੂੰ ਇਨਸਾਫ਼ ਦੇਣ ਦੀ ਬਜਾਏ ਉਹਨਾਂ ਦੇ ਜਜ਼ਬਾਤਾਂ ਦੀ ਖਿਲੀ ਉਡਾਉਂਦਾ ਹੈ। ਭਾਵੇਂ ਰਾਜਨੀਤਕ ਲੋਕਾਂ ਲਈ ਇਹ ਮਹਿਜ਼ ਸਿਆਸੀ ਰੋਟੀਆਂ ਸੇਕਣ ਦਾ, ਕਦੇ ਵੀ ਹੱਲ ਨਾਂ ਹੋਣ ਵਾਲਾ ਮੁੱਦਾ ਹੈ, ਪਰੰਤੂ ਸਿੱਖਾਂ ਲਈ ਇਹ ਅਜਿਹੀ ਆਤਮਿਕ ਪੀੜਾ ਹੈ, ਜਿਹੜੀ ਰਹਿੰਦੀ ਦੁਨੀਆਂ ਤੱਕ ਸਿੱਖਾਂ ਨੂੰ ਇਸ ਅਣਹੋਣੀ ਦਾ ਅਹਿਸਾਸ ਕਰਵਾਉਂਦੀ ਰਹੇਗੀ।

# ਦਲਜੀਤ ਦੁਸਾਂਝ ਵਿਰੁੱਧ ਆਲੋਚਨਾ - ਪੇਤਲੀ ਸੋਚ ਦਾ ਨਤੀਜਾ

**ਸ਼ਿੰਗਾਰਾ ਸਿੰਘ ਢਿੱਲੋਂ**



ਬਿਨਾ ਵਜ੍ਹਾ ਨੁਕਤਾਚੀਨੀ ਕਰ ਰਹੇ ਹਨ ਪੇਤਲੀ ਸੋਚ ਵਾਲੇ ਵੱਡਿਆਂ ਦਾ ਸਤਿਕਾਰ ਕਰਨਾ ਬੁਰੀ ਗੱਲ ਨਹੀਂ, ਅਮਿਤਾਭ ਬੱਚਨ ਆਪਣੇ ਗੁਨਾਹ ਲਈ ਆਪ ਜਿੰਮੇਵਾਰ ਹੈ। ਪਿੱਛੇ ਜਿਹੇ ਪੰਜਾਬ ਵਿਚ ਆਏ ਹੜ੍ਹਾਂ ਕਾਰਨ ਮਚੀ ਤਬਾਹੀ, ਜਿਸ ਨੇ ਪੰਜਾਬ ਤੇ ਪੰਜਾਬੀਆਂ ਨੂੰ ਬੁਰੀ ਤਰਾਂ ਤਬਾਹ ਕਰਕੇ ਰੱਖ ਦਿੱਤਾ ਹੈ, ਨੂੰ ਪੈਰੀਂ ਖੜਾ ਕਰਨ ਵਾਸਤੇ ਬੇਸ਼ਕ ਸਮੁੱਚੇ ਪੰਜਾਬੀ ਭਾਈਚਾਰੇ ਨੇ ਮੋਢੇ ਨਾਲ ਮੋਢਾ ਤੇ ਸਿਰ ਨਾਲ ਸਿਰ ਜੋੜਕੇ ਉਸ ਮੁਸੀਬਤ ਨਾਲ ਟੱਕਰ ਲਈ ਹੈ, ਹਰ ਇਕ ਨੇ ਆਪੋ ਆਪਣੇ ਵਿਤ ਮੁਜਬ ਯੋਗਦਾਨ ਪਾਇਆ ਤੇ ਉਸ ਔਖੀ ਘੜੀ ਵੇਲੇ ਇਕ ਬਹੁਤ ਵੱਡੀ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ। ਨੁਕਸਾਨ ਬਹੁਤ ਜਿਆਦਾ ਹੋਣ ਕਰਕੇ ਇਸ ਦੀ ਭਰਪਾਈ ਕਰਨ ਲਈ ਬਹੁਤ ਵੱਡੀ ਮਾਲੀ ਸਹਾਇਤਾ ਦੀ ਲੋੜ ਹੈ, ਜਿਸ ਵਾਸਤੇ ਉੱਦਮ ਉਪਰਾਲੇ ਅਜੇ ਵੀ ਜਾਰੀ ਹਨ। ਉਹਨਾਂ ਉੱਦਮਾਂ ਵਿਚੋਂ ਦਲਜੀਤ ਦੁਸਾਂਝ ਵਲੋਂ ਵੀ ਯਤਨ ਕੀਤੇ ਜਾ ਰਹੇ ਹਨ। ਦਲਜੀਤ ਦੁਸਾਂਝ ਨੇ ਪਹਿਲਾਂ ਆਪਣੇ ਵਲੋਂ ਹੜ੍ਹ ਮਹਾਂਮਾਰੀ ਲਈ ਕਰੋੜਾਂ ਰੁਪਏ ਦਾਨ ਕੀਤੇ, ਕਿਸਾਨ ਸ਼ੰਘਰਸ਼ ਵੇਲੇ ਹਿੱਕ ਤਾਣਕੇ ਖੜ੍ਹਿਆ ਤੇ ਹੁਣ ਉਸ ਨੇ ਸੋਨੀ ਟੈਲੀਵੀਜਨ ਚੈਨਲ 'ਤੇ ਚੱਲ ਰਹੇ ਲੜੀਵਾਰ ਪਰੋਗਰਾਮ "ਕੌਣ ਬਣੇਗਾ ਕਰੋੜਪਤੀ" ਵਿਚ ਹਾਜਰੀ ਲਗਾ ਕੇ ਜਿੱਤੀ ਹੋਈ ਧਨ ਰਾਸ਼ੀ ਨੂੰ ਪੰਜਾਬ ਦੇ ਹੜ੍ਹਪੀੜਤਾਂ ਵਾਸਤੇ ਦਾਨ ਕਰਨ ਦਾ ਇਕ ਹੋਰ ਹੰਭਲਾ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਦਾ ਇਹ ਪਰੋਗਰਾਮ ਅੱਜ ਰਾਤ (31/10/2025 @ 9.00pm) ਸੋਨੀ ਟੈਲੀਵੀਜਨ ਉੱਤੇ ਦਿਖਾਇਆ ਜਾ ਰਿਹਾ ਹੈ।

ਪਰ ਪਰੋਗਰਾਮ ਦੇ ਨਸ਼ਰ ਹੋਣ ਤੋਂ ਪਹਿਲਾਂ ਹੀ ਦਲਜੀਤ ਵਲੋਂ ਇਸ ਪਰੋਗਰਾਮ ਵਿਚ ਹਾਜਰੀ ਦੌਰਾਨ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਉਣ ਨੂੰ ਲੈ ਕੇ ਸ਼ੋਸ਼ਲ ਮੀਡੀਏ ਉੱਤੇ ਵੱਡੀ ਨੁਕਤਾਚੀਨੀ ਕੀਤੀ ਜਾ ਰਹੀ ਹੈ। ਉਸ ਨੂੰ ਕੁੱਝ ਕੱਟੜਵਾਦੀਆਂ ਵਲੋਂ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ, ਉਸ ਦੁਆਰਾ ਕੀਤੇ ਜਾਣ ਵਾਲੇ ਅਗਲੇਰੇ ਸ਼ੋਆਂ ਵਿਚ ਖਲਲ ਪੈਦਾ ਕਰਨ ਦੀਆਂ ਗੱਲਾਂ ਵੀ ਸਾਹਮਣੇ ਆ ਰਹੀਆਂ ਹਨ।

ਆਪਾਂ ਸਭਨਾਂ ਨੂੰ ਪਤਾਂ ਹੈ ਕਿ ਦਲਜੀਤ ਦੁਸਾਂਝ ਹੁਣ ਸਿਰਫ ਪੰਜਾਬੀਆਂ ਦਾ ਹੀ ਨਹੀਂ ਬਲਕਿ ਉਹ ਇਸ ਵਕਤ ਪੂਰੇ ਵਿਸ਼ਵ ਦਾ ਚਹੇਤਾ ਤੇ ਨਾਮਚੀਨ ਕਲਾਕਾਰ ਬਣ ਚੁੱਕਾ ਹੈ। ਉਸ ਦੀ ਗੁੱਡੀ ਸੱਤਵੇਂ ਅਸਮਾਨ 'ਤੇ ਚੜ੍ਹ ਚੁੱਕੀ ਹੈ, ਪਰ ਉਸ ਦੇ ਪੈਰ ਅੱਜ ਵੀ ਜਮੀਨ ਨਾਲ ਜੁੜੇ ਹੋਏ ਹਨ। ਉਹ ਅੱਜ ਵੀ ਆਪਣੇ ਵਿਰਸੇ ਨਾਲ ਜੁੜਿਆ ਹੋਇਆ ਹੈ, ਵਿਰਸੇ ਦੀ ਗੱਲ ਕਰਦਾ ਹੈ ਤੇ ਪੰਜਾਬੀਆਂ ਦਾ ਮਾਣ ਉੱਚਾ ਕਰਨ ਵਾਸਤੇ "ਪੰਜਾਬੀ ਆ ਗਏ ਓਏ" ਦਾ ਹੋਕਾ ਦੇ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੇ ਆਪਣੀ ਕਲਾ ਦਾ ਸਿੱਕਾ ਆਪਣੇ ਬਲਬੂਤੇ ਮਨਵਾਇਆ ਹੈ। ਪੰਜਾਬੀ ਬੋਲੀ ਤੇ ਸੱਭਿਆਚਾਰ ਨੂੰ ਬਿਨਾ ਸ਼ੱਕ ਪੰਜਾਬੀ ਦੇ ਹੋਰਨਾਂ ਕਲਾਕਾਰਾਂ ਨੇ ਵੀ ਬਹੁਤ ਪਰਮੋਟ ਕੀਤਾ ਹੈ, ਪਰ ਜਿੰਨਾ ਦਲਜੀਤ ਦੁਸਾਂਝ ਨੇ ਕੀਤਾ ਹੈ ਤੇ ਕਰ ਰਿਹਾ ਹੈ, ਉਹ ਸਿਰਫ ਉਸ ਦੇ ਹੀ ਹਿੱਸੇ ਆਇਆ ਹੈ।



ਇਥੇ ਹੀ ਬੱਸ ਨਹੀਂ ਦਲਜੀਤ ਦੁਸਾਂਝ ਨੇ ਸਾਰਾਗੜ੍ਹੀ, ਪੰਜਾਬ 1995 (ਅਜੇ ਰਿਲੀਜ ਹੋਣੀ ਬਾਕੀ ਹੈ ), ਸਰਦਾਰ ਜੀ -3 ਅਤੇ ਹੋਰ ਬਹੁਤ ਸਾਰੀਆਂ ਫਿਲਮਾਂ ਬਣਾ ਕੇ ਆਪਣੇ ਪੰਜਾਬੀ ਵਿਰਸੇ ਨੂੰ ਸਾਂਭਣ ਦੇ ਵੱਡਾ ਕਾਰਜ ਕੀਤਾ ਹੈ। ਏਹੀ ਕਾਰਨ ਕਿ ਪੰਜਾਬੀਆਂ ਨੂੰ ਹਿੰਦੀ ਫਿਲਮਾਂ ਵਿਚ ਮਜ਼ਾਕ ਦੇ ਪਾਤਰ ਵਜੋਂ ਪੇਸ਼ ਕਰਨ ਦੇ ਮਾਮਲੇ ਨੂੰ ਅੱਜ ਵੱਡੀ ਠੱਲ੍ਹ ਪਈ ਹੈ, ਪੰਜਾਬੀ ਬੋਲੀ ਤੇ ਸੰਗੀਤ ਦਾ ਡੰਕਾ ਪੂਰੀ ਦੁਨੀਆਂ ਚ ਵੱਜਿਆ ਹੈ।

ਦੂਜੇ ਪਾਸੇ ਸੱਚ ਇਹ ਵੀ ਹੈ ਕਿ ਦਲਜੀਤ ਦੁਸਾਂਝ ਨੂੰ ਵਾਰ ਵਾਰ ਕਿਸੇ ਨ ਕਿਸੇ ਮਸਲੇ ਵਿਚ ਘਸੀਟਿਆ ਜਾਂ ਉਲਝਾਇਆ ਜਾ ਰਿਹਾ ਹੈ। ਸ਼ਾਇਦ ਇਹ ਉਸ ਦੇ ਹੇਟਰਾਂ ਦੀ ਸਾਜ਼ਿਸ਼ ਹੋਵੇ ਜਾਂ ਕੁੱਝ ਹੋਰ, ਪਰ ਉਸ ਦੇ ਵਿਰੁੱਧ ਕੋਈ ਨ ਕੋਈ ਮਸਲਾ ਖੜ੍ਹਾ ਕਰ ਲਿਆ ਜਾਂਦਾ ਹੈ , ਸਰਦਾਰ ਜੀ - 3 ਵਿਚ ਪਾਕਿਸਤਾਨੀ ਕਲਾਕਾਰ ਕੰਮ ਕਰਦੀ ਹੋਣ ਕਰਕੇ ਰਿਲੀਜ ਹੋਣ ਤੋਂ ਰੋਕ ਦਿੱਤੀ ਗਈ, ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜੇ 'ਤੇ ਬਣੀ ਪੰਜਾਬ 1995 ਅਜੇ ਤੱਕ ਡੱਬਾ ਬੰਦ ਹੈ, ਮਰਹੂਮ ਅਮਰ ਸਿੰਘ ਚਮਕੀਲੇ ਦੇ ਜੀਵਨ ਬਿਰਤਾਂਤ 'ਤੇ ਬਣੀ ਉਸ ਦੀ ਫਿਲਮ ਬਾਰੇ ਵੀ ਕਾਫੀ ਹੋ ਹੱਲਾ ਹੋਇਆ ਸੀ। ਹੁਣ ਕੌਣ ਬਣੇਗਾ ਕਰੋੜਪਤੀ ਪਰੋਗਰਾਮ ਵਿਚ ਅਮਿਤਾਭ ਬੱਚਨ ਦੇ ਗੋਡੀ ਹੱਥ ਲਾਉਣ ਨੂੰ ਮੁੱਦਾ ਬਣਾ ਕੇ ਉਸ ਦੀ ਆਲੋਚਨਾ ਕੀਤੀ ਜਾ ਰਹੀ ਹੈ।

ਆਪਾਂ ਮੰਨਦੇ ਹਾਂ ਕਿ ਅਮਿਤਾਭ ਬੱਚਨ ਇਕ ਵੱਡਾ ਕਲਾਕਾਰ ਹੈ, ਉਹ ਵੀਹਵੀਂ ਸਦੀ ਦਾ ਨਾਇਕ ਹੈ ਤੇ ਬਾਲੀਵੁੱਡ ਵਿਚ ਅੱਜ ਵੀ ਉਸ ਦਾ ਡੰਕਾ ਵੱਜਦਾ ਹੈ। ਹਰ ਕਲਾਕਾਰ ਦਾ ਨਿੱਜੀ ਤੇ ਸਮਾਜਿਕ ਜੀਵਨ ਦੋ ਅਲੱਗ ਪਹਿਲੂ ਹੁੰਦੇ ਹਨ। ਕੋਈ ਵਿਅਕਤੀ ਆਪਣੇ ਨਿੱਜੀ ਜੀਵਨ ਵਿਚ ਏਨਾ ਚੰਗਾ ਨਹੀਂ ਹੁੰਦਾ ਜਿੰਨਾ ਚੰਗਾ ਉਹ ਆਪਣੀ ਕਲਾ ਦੇ ਨਾਲ ਲੋਕ ਜੀਵਨ ਵਿਚ ਪਰਵਾਨ ਚੜ੍ਹ ਜਾਂਦਾ ਹੈ। ਇਹ ਠੀਕ ਹੈ ਕਿ ਸਿੱਖਾਂ ਵਲੋਂ ਅਮਿਤਾਭ ਬੱਚਨ ਨੂੰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਵਿੱਚ ਫਿਰਕੂ ਕਤਲੇਆਮ ਨੂੰ ਉਕਸਾਉਣ ਦਾ ਦੋਸ਼ੀ ਮੰਨਿਆ ਜਾਂਦਾ ਹੈ, ਪਰ ਉਸ ਉੱਤੇ ਇਸ ਸਬੰਧੀ ਨਾ ਹੀ ਕੋਈ ਮੁਕੱਦਮਾ ਦਰਜ ਹੈ ਤੇ ਨਾ ਹੀ ਦੋਸ਼ ਕਦੇ ਸਾਬਤ ਹੋਏ ਹਨ। ਖੁਦ ਅਮਿਤਾਭ ਬੱਚਨ ਵੀ ਇਹ ਕਹਿੰਦਾ ਹੈ ਕਿ ਉਸ ਉੱਤੇ ਲਗਾਏ ਗਏ ਦੋਸ਼ ਝੂਠੇ ਤੇ ਨਿਰਾਧਾਰ ਹਨ, ਉਹ ਅਜਿਹਾ ਕਰਨਾ ਕਦੇ ਸੁਪਨੇ ਵਿਚ ਵੀ ਸੋਚ ਨਹੀ ਸਕਦਾ ਕਿਉਂਕਿ ਉਹਨਾਂ ਦੇ ਮਾਤਾ ਜੀ ਪੰਜਾਬੀ ਹਨ ਜਿਹਨਾਂ ਦੀ ਪੰਜਾਬੀ ਸਿੱਖ ਧਰਮ ਵਿਚ ਬਹੁਤ ਡੂੰਘੀ ਆਸਥਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਉਹ ਆਪ ਵੀ ਸਿੱਖ ਧਰਮ ਦੇ ਫਲਸਫੇ ਦਾ ਬਹੁਤ ਸਤਿਕਾਰ ਕਰਦੇ ਹਨ। ਰਹੀ ਗੱਲ ਦਲਜੀਤ ਦੁਸਾਂਝ ਵਲੋਂ ਅਮਿਤਾਭ ਬੱਚਨ ਦੇ ਗੋਡੀ ਹੱਥ ਲਾਉਣ ਦੀ, ਵੱਡਿਆਂ ਦਾ ਸਤਿਕਾਰ ਕਰਨਾ ਪੰਜਾਬੀਆਂ ਦੀ ਪਰੰਪਰਾ ਹੈ। ਸੋ ਗੋਡੀ ਹੱਥ ਲਗਾ ਕੇ ਉਸ ਨੇ ਆਪਣੇ ਪਰੰਪਰਾ ਨਾਲ ਜੁੜੇ ਰਹਿਣ ਦਾ ਪ੍ਰਗਟਾਵਾ ਕਰਕੇ ਕੋਈ ਅਲੋਕਾਰੀ ਗੱਲ ਨਹੀਂ ਕੀਤੀ।

ਅਮਿਤਾਭ ਬੱਚਨ ਆਪਣੇ ਨਿੱਜੀ ਜੀਵਨ ਵਿਚ ਚੰਗਾ ਹੈ ਜਾਂ ਮਾੜਾ, ਇਸ ਬਾਰੇ ਉਹ ਜਵਾਬ ਦੇਹ ਹੈ, ਹਾਂ ! ਇਕ ਨੌਜਵਾਨ ਕਲਾਕਾਰ ਇਕ ਵੱਡੇ ਕਲਾਕਾਰ ਨੂੰ ਇਕ ਬਹੁਤ ਵੱਡੇ ਭਲੇ ਕਾਰਜ ਦੇ ਉਦੇਸ਼ ਦੀ ਪੂਰਤੀ ਵਾਸਤੇ ਉਸ ਦੇ ਟੈਲੀਵੀਜਨ ਪਰੋਗਰਾਮ ਵਿਚ ਮਿਲਿਆ ਤੇ ਉਸ ਨੇ ਸਤਿਕਾਰ ਵਜੋਂ ਗੋਡੀਂ ਹੱਥ ਲਾਇਆ ਤਾਂ ਇਸ ਕਰਨ ਨਾਲ ਕੋਈ ਅਸਮਾਨ ਹੇਠਾਂ ਨਹੀਂ ਡਿਗ ਪਿਆ।

ਅਗਲੀ ਗੱਲ ਇਹ ਹੈ ਕਿ ਦਲਜੀਤ ਸਿੰਘ ਦੁਸਾਂਝ ਹੁਣ ਕੋਈ ਦੁੱਧ ਚੁੰਘਦਾ ਬੱਚਾ ਨਹੀਂ, ਉਸ ਨੇ ਹੁਣ ਤੱਕ ਬਹੁਤ ਦੁਨੀਆ ਦੇਖ ਲਈ ਹੈ, ਉਸ ਨੂੰ ਪਤਾ ਹੈ ਕਿ ਕਿਹਦੇ ਨਾਲ ਕਿਵੇਂ ਮਿਲਣਾ ਹੈ। ਆਪਣੇ ਨਿੱਜੀ ਤੇ ਸਮਾਜਕ ਮਾਮਲਿਆਂ ਵਿਚ ਅੱਜ ਦੇ ਜਮਾਨੇ ਕੋਈ ਕਿਸੇ ਦੀਆਂ ਹਿਦਾਇਤਾਂ ਲੈ ਕੇ ਨਹੀਂ ਚੱਲਦਾ ਨਾ ਹੀ ਇਸ ਤਰਾਂ ਦੀ ਦਖਲ ਅੰਦਾਜੀ ਬਰਦਾਸ਼ਤ ਕਰਦਾ ਹੈ। ਇਸ ਤਰਾਂ ਦੀਆਂ ਪਰਪਾਟੀਆਂ ਦਾ ਵੀਹਵੀਂ ਸਦੀ ਦੇ ਅੰਤ ਵਿਚ ਬਹੁਤ ਪਹਿਲਾਂ ਹੀ ਭੋਗ ਪੈ ਚੁੱਕਾ ਹੈ।

ਜੇਕਰ ਇਹ ਸਮਝਿਆ ਜਾ ਰਿਹਾ ਕਿ ਦਲਜੀਤ ਦੁਆਰਾ ਅਮਿਤਾਭ ਬੱਚਨ ਦੇ ਗੋਡੀਂ ਹੱਥ ਲਾਉਣ ਨਾਲ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪਹੁੰਚੀ ਹੈ ਤਾਂ ਇਹ ਧਾਰਨਾ ਵੀ ਗਲਤ ਹੈ ਕਿਉਂਕਿ ਦਲਜੀਤ ਦੁਸਾਂਝ ਕੋਈ ਕਕਾਰਧਾਰੀ ਸਿੱਖ ਨਹੀਂ, ਉਹ ਸਿੱਖ ਖਾਨਦਾਨ ਵਿਚ ਪੈਦਾ ਜਰੂਰ ਹੋਇਆ ਹੈ, ਸਿੱਖ ਧਰਮ ਨੂੰ ਮੰਨਦਾ ਹੈ ਤੇ ਸਿਰੋਂ ਮੋਨਾ ਹੋਣ ਦੇ ਬਾਵਜੂਦ ਪੱਗੜੀ ਬੰਨ੍ਹਦਾ ਹੈ ਅਤੇ ਪੱਗੜੀ ਸਿੱਖਾਂ ਦਾ ਪਹਿਰਾਵਾ ਹੋਣ ਦੇ ਨਾਲ ਨਾਲ ਪੰਜਾਬੀਆਂ ਦਾ ਸੱਭਿਆਚਾਰਕ ਪਹਿਰਾਵਾ ਵੀ ਹੈ। ਸੋ ਕਹਿਣ ਦਾ ਭਾਵ ਇਹ ਹੈ ਕਿ ਦਲਜੀਤ ਸਿੰਘ ਦੁਸਾਂਝ ਬੇਸ਼ੱਕ ਸਿੱਖ ਧਰਮ ਵਿਚ ਅਨਨ ਆਸਥਾ ਰੱਖਦਾ ਹੈ, ਪਰ ਅਸਲ ਰੂਪ ਵਿਚ ਉਹ ਪੰਜਾਬੀ ਭਾਈਚਾਰੇ ਦੀ ਪ੍ਰਤੀਨਿੱਧਤਾ ਕਰਦਾ ਹੈ ਤੇ ਏਹੀ ਕਾਰਨ ਹੈ ਕਿ ਉਹ ਆਪਣੀਆ ਸਟੇਜਾਂ ਉੱਤੇ ਆਮ ਹੀ ਕਹਿੰਦਾ ਹੈ ਕਿ "ਪੰਜਾਬੀ ਆ ਗਏ ਓਏ"।

ਸੋ ਉਸ ਨੂੰ ਮੱਲੋਜੋਰੀ ਮੱਜ੍ਹਬੀ ਕੱਟੜਤਾ ਦੇ ਤੰਗ ਦਾਇਰੇ ਨਾਲ ਜੋੜਕੇ, ਉਸ ਦੀ ਨਿੰਦਿਆ ਜਾਂ ਨੁਕਤੇਚੀਨੀ ਕਰਨਾ ਕਿਸੇ ਵੀ ਤਰਾਂ ਜਾਇਜ ਨਹੀਂ ਬਲਕਿ ਮੇਰੀ ਜਾਚੇ, ਉਸ ਬਾਰੇ ਅਜਿਹਾ ਕਰਨਾ ਉਸ ਦੀ ਸਖਸ਼ੀਅਤ ਨੂੰ ਤੰਗ ਦਾਇਰੇ ਵਿਚ ਬੰਨ੍ਹਣ ਦੇ ਬਰਾਬਰ ਹੈ ਜੋ ਕਿ ਦਲਜੀਤ ਦੁਸਾਂਝ ਨਾਲ ਸਰਾਸਰ ਧੱਕਾ ਹੈ। ਸਾਨੂੰ ਪੰਜਾਬੀਆਂ ਨੂੰ ਮਾਣ ਹੋਣਾ ਚਾਹੀਦਾ ਕਿ ਦਲਜੀਤ ਦੁਸਾਂਝ ਇਸ ਵੇਲੇ ਸਾਡਾ ਵੱਡਾ ਸਿਤਾਰਾ ਹੈ। ਉਹ ਜੋ ਵੀ ਕਰ ਰਿਹਾ ਹੈ, ਪੰਜਾਬੀਆਂ ਦੇ ਭਲੇ ਵਾਸਤੇ ਕਰ ਰਿਹਾ ਹੈ। ਅੱਜ ਤੱਕ ਉਸ ਨੇ ਜੋ ਵੀ ਕੀਤਾ ਹੈ ਉਹ ਚੰਗਾ ਹੀ ਕੀਤਾ ਹੈ, ਪੰਜਾਬੀਆਂ ਉਤੇ ਭਾਰੀ ਪਈ ਹੈ ਤਾਂ ਉਹ ਸਭ ਤੋਂ ਅੱਗੇ ਹੋ ਕੇ ਖੜ੍ਹਿਆ ਹੈ ਤੇ ਅੱਜ ਵੀ ਖੜ੍ਹਾ ਹੈ। ਐਵੇਂ ਖਾਹਮੁਖਾਹ ਬਿਨਾ ਸੋਚੇ ਸਮਝੇ ਅਕਾਰਨੇ ਹੀ ਸ਼ੋਸ਼ਲ ਮੀਡੀਏ ਉੱਤੇ ਬੈਠਕੇ ਉਸ ਦੀ ਆਲੋਚਨਾ ਕਰਨਾ ਬਿਲਕੁਲ ਵੀ ਤਰਕਸੰਗਤ ਨਹੀਂ, ਦਰਅਸਲ ਇਸ ਤਰਾਂ ਕਰਨ ਵਾਲੇ ਜਾਂ ਤਾਂ ਬਹੁਤ ਹੀ ਸੰਕੀਰਨ ਕੇ ਕੱਟੜਵਾਦੀ ਸੋਚ ਦੇ ਧਾਰਨੀ ਹਨ ਜਾਂ ਫਿਰ ਉਹ ਹਨ ਜੋ ਅਸਲ ਵਿਚ ਮਸਲੇ ਦੀ ਤਹਿ ਤੋਂ ਅਨਜਾਣ ਆਪਣੀ ਪੇਤਲੀ ਬੁੱਧ ਕਾਰਨ ਆਪਣਾ ਹੀ ਟਿੰਡ ਚ ਕਾਨਾ ਪਾ ਕੇ ਵਜਾਈ ਜਾ ਰਹੇ ਹਨ।

ਮੁਕਦੀ ਗੱਲ ਇਹ ਕਿ ਦਲਜੀਤ ਦੁਸਾਂਝ ਇਕ ਸਫਲ ਕਲਾਕਾਰ ਹੈ, ਉਹ ਆਪਣੇ ਵਿਰਸੇ ਨਾਲ ਜੁੜਕੇ ਜਿਥੇ ਵਿਰਸੇ ਨੂੰ ਪਰੋਮੋਟ ਕਰ ਰਿਹਾ ਹੈ, ਸਾਡਾ ਵਧੀਆ ਮਨੋਰੰਜਨ ਕਰ ਰਿਹਾ ਹੈ, ਉਥੇ ਮਨੁੱਖਤਾ ਦੇ ਭਲੇ ਹਿਤ ਕਾਰਜ ਵੀ ਕਰ ਰਿਹਾ ਹੈ। ਜੋ ਲੋਕ ਉਸ ਦੀ ਨੁਕਤਾਚੀਨੀ ਕਰ ਰਹੇ ਹਨ, ਉਹਨਾਂ ਨੂੰ ਇਸ ਤਰਾਂ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਕਰਕੇ ਅਸਲੋਂ ਉਹ ਆਪਣੀ ਸਖਸ਼ੀਅਤ ਨੂੰ ਹੀ ਬੌਨਾ ਕਰ ਰਹੇ ਹਨ। ਇਹ ਸਿਰਫ ਬਾਤ ਦਾ ਬਤੰਗੜ ਬਣਾਉਣ ਵਾਲੀ ਗੱਲ ਹੈ ਜਾਂ ਇੰਜ ਕਹਿ ਲਓ ਕਿ ਅਜਿਹੇ ਲੋਕਾਂ ਨੂੰ ਅਜੇ ਕੋਈ ਹੋਰ ਮੁੱਦਾ ਨਹੀਂ ਲੱਭਾ ਤਾਂ ਉਹਨਾਂ ਕਿਹਾ ਚਲੋ ਦਲਜੀਤ ਦੁਸਾਂਝ ਵਲੋਂ ਅਮਿਤਾਭ ਬੱਚਨ ਦੇ ਗੋਡੀਂ ਹੱਥ ਲਾਉਣ ਨੂੰ ਹੀ ਚੁੱਕ ਲਓ, ਇਹ ਨਿਰਾ ਹੋਸ਼ਾਪਨ ਹੈ।

ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨ ਜਾਂ ਨਾ ਕਰਨ ਵਾਸਤੇ ਸਭ ਦੇ ਆਪੋ ਆਪਣੇ ਪੈਰਾਮੀਟਰ ਹੋ ਸਕਦੇ ਹਨ, ਪਰ ਉਹਨਾਂ ਨੂੰ ਦੂਜਿਆਂ ਉੱਤੇ ਨਹੀਂ ਥੋਪਿਆ ਜਾ ਸਕਦਾ। ਦਲਜੀਤ ਸਿੰਘ ਦੁਸਾਂਝ ਸਾਡੇ ਭਾਈਚਾਰੇ ਦਾ ਵੱਡਾ ਕਲਾਕਾਰ ਹੈ, ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਅਸੀਂ ਉਸ ਨੂੰ ਡੱਬੀ ਵਿਚ ਪਾ ਕੇ ਰੱਖੀਏ ਤੇ ਆਪਣੀ ਮਰਜੀ ਮੁਤਾਬਿਕ ਵਰਤੀਏ। ਦਲਜੀਤ ਦੁਸਾਂਝ ਵਾਸਤੇ ਇਹ ਸ਼ਬਦ ਕਹਿਕੇ ਮੈਂ ਆਪਣੀ ਗੱਲ ਸਮਾਪਤ ਕਰਾਂਗਾ ਕਿ, ਐ ਓਕਾਬ ! ਇਸ ਆਂਧੀ ਸੇ ਮੱਤ ਘਬਰਾਅ, ਯਹ ਤੋ ਆ ਰਹੀ ਹੈ, ਤੁਮਹੇ ਔਰ ਉਚਾ ਉਡਾਨੇ ਕੇ ਲੀਏ।

# The Ninth Guru: Life Leadership Sacrifice and the Lesson

**P.Dr. Sujinder Singh Sangha OBE FRSA**



This article marks the 350th anniversary of the Martyrdom of Sri Guru Tegh Bahadur Sahib. He was the ninth of ten Gurus, who founded the Sikh religion. India, noted as Hindustan in Gurbani (Guru Nanak's composition), was ruled by the Mughals for much of the Gurus' period of 239 years between 1469 and 1708; one of their intentions was to spread and consolidate the supremacy of Islam. This posed a challenge for the Sikh Gurus, who were teaching and promoting egalitarian principles, freedom of faith and human rights.

The ninth Guru was born in Amritsar in 1621 and he was martyred in Delhi in 1675 for upholding and standing for the freedom of religion as a basic human right. He opposed the persecution of Kashmiri Hindus. Emperor Aurangzeb's regime closely watched the succession of the ninth Guru and monitored his socio-spiritual work for eleven years (1664-1675). Aurangzeb did not only order the Guru's execution but also ordered the extinction of his successor son Guru Gobind Singh and his family.

Tiag Mall (Guru Tegh Bahadur's early name) spent his formative years in Amritsar. He was introduced to the teachings of the Gurus, mediated by a congregation of scholars and instructors led by Bhai Buddha and Bhai Gurdas. They provided social and spiritual education from religious texts, training in arts of poetry, music, archery and horse-riding. Teg Mall was married to Gujar Kaur (daughter of Lal Chand and Bishan Kaur) and the family settled in Kartarpur. The growing following of the Sikh faith in north India was seen as a barrier to the Mughal scheme for expanding Islam by conversion. Guru Arjan Dev (the grandfather of Guru Tegh Bahadur) was executed by emperor Jahangir in Lahore in 1608 for resisting religious oppression. The martyred Guru's son, Guru Hargobind, then established the Akal Takhat at Harmandir Sahib, Amritsar (the Golden Temple) as the highest seat of Sikhism combining spiritual and temporal authority to resist Mughal persecution. The regime targeted Guru Hargobind Sahib and intensified the harassment and intimidation of Sikhs. Mughal forces led by Paindey Khan laid seige to Kartarpur to arrest or eliminate the Guru, but in the ensuing battel Khan was killed and his army was defeated by the Sikh resistance movement. Tiag Mall took part in the battle of Kartarpur in 1635 with Skills and valour; he enhanced his training, experience and assumed the name of Tegh Bahadur.

The family then moved with the sixth Guru to stay in Anandpur Sahib at the foothills of Shivalik Hills. Guru Tegh Bahadur spent a valuable period of nine years there with his father Guru Hargobind Sahib till his passing in 1644. This gave him the opportunity to gain a deeper insight into his father's knowledge, experience and socio-spiritual values and vision. Tegh Bahadur returned to Baba Bakala near Amritsar and engaged himself in meditation and reflection for ten years. He re-visited Kartarpur in 1656 then set out for prolonged travel towards the east, on a similar mission to that of Guru Nanak refreshing connections and to hold congregations.

The Guru reached Delhi in 1664, this year was significant as it marked the passing away of the seventh, then eighth Guru. Tegh Bahadur was anointed as the ninth Guru at Baba Bakala in tense and polarised circumstances due to some hostility of the rival nephew Dhir Mall over the succession. However, Guru Teg Bahadur commenced his new role and responsibility with the message of forgiveness, asserting that in forgiveness lies liberation and opportunity for progress. He embarked on providing social and spiritual solace to the congregations, to strengthen their morale and resolve. Having completed his extensive travels through Punjab and Delhi, the Guru acquired some land to develop Chakk Nanki, Anandpur Sahib, in 1664-5 as a Centre.

Guru Tegh Bahadur's guiding philosophy can be understood from his 116 hymns in Sri Guru Granth Sahib (The Sikh Scripture). The Guru holds human life as a unique opportunity not to be wasted by indulgence and attachments to greed and falsehood; the life he asserts will pass us by like a dream without doing good deeds. He calls upon his listeners, readers and followers to wake up, and realise that it is never too late to learn and act on the true purpose of human life. He guides against being engrossed in sinful corruption because at the end no possessions, wealth or even the beloved spouse will accompany us on the ultimate journey. The Guru asserts that no one will feel vulnerable, insecure or unprotected so long as one makes an honest living, concentrates on naam (recites and meditates on God - Waheguru) who is omnipresent and is with us at all times. Much pain is suffered for the sake of futile pleasures and the delusion of maya (entanglement with lust of bodily desires, anger, greed, emotional attachments and ego) this is a barrier to achieving nirvana, a sublime state of mind, body and spirit. No human remains in life for ever, what we see and experience will pass us by like the shadow of a cloud.

The Guru recommends we seek knowledge, self-awareness and meditate, adopt good values and deliver good deeds. That adds to personal strengths which provide stability in pain and pleasure, praise and blame, honour and dishonour. Maturity of mind, spiritual strength and love for others fulfils and sustains life, overcomes insecurities and prepares one for challenges no matter how terrifying. The Guru's hymns show his deep concern for people's physical, social and psychological wellbeing - no doubt, against the backdrop of Mughal oppression. His messages were inspiring and encouraging, reinforcing bravery, eradicating fear and advising against intimidation of others.

The 1660s-70s was a trying period for followers of India's indigenous beliefs and faiths. After his succession to the Mughal throne, Aurangzeb unleashed aggressive religio-political persecution. History notes that he ordered the destruction of some important Hindu temples, places of worship and learning, stopped grants to non-Muslims and re-imposed the jizya (tax) which was abolished by emperor Akbar. This provoked many revolts and uprisings involving peasants, zamindars and traders.

Guru Tegh Bahadur continued his mission travelling from village to village, town to town and district to district across the northern region providing confidence, reassurance and support. The Guru also disseminated his hukamnamas (edicts) to the congregations which Guru Nanak and other mediaeval spiritual saints had instituted. He relied on followers and volunteers whilst the Mughals had state power, resources and forces at their disposal. Beyond the Punjab and Delhi regions, the Guru travelled on to Mathura, Agra, Kanpur, Allahabad, Banaras, Bodh Gaya and Patna, where he settled his family. The Guru then reached out to congregations in many remote areas of Assam and Bengal right up to Dhaka in the east. He crossed river Brahmputra to reach Dhubri which was also visited by Guru Nanak. He also brought about peace between the warring rulers of Dhaka and Assam, caused by the interference of Aurangzeb from Delhi.

Guru Tegh Bahadur returned to Patna, joined the family and saw his son Gobind Rai (early name of Guru Gobind Singh) who was born on 22nd December 1666. After a short stay, he commenced his journey to Delhi holding congregations on the way and arriving in 1670. In 1672 the family settled back in Anandpur Sahib. On 25 May 1675, a deputation of Kashmiri Hindu Pundits arrived to discuss their desperation due to the bigoted policy and practices of religious persecution and forced conversions to Islam by Mughal governor Iftikar Khan who was enforcing the orders of Aurangzeb from Delhi.

The Pundits sought the Guru's support to deal with the challenge faced by Hindus in Kashmir. This was a significant crisis of historical proportion and Guru Tegh Bahadur seriously considered their concerns. He reflected and contemplated options. History notes that his final decision was inspired by the encouraging observation of his nine-year-old son Gobind Rai – he asked, who else is better suited than yourself, father, to make the ultimate sacrifice to defend the freedom of faith? On 11 July 1675 Guru Tegh Bahadur nominated his son as his spiritual successor and set out on mission to resist the Mughals' imperialist drive of forced conversions into Islam. To suppress this resistive move, Aurangzeb ordered the arrest of the Guru and his companions and asked for them to be brought to Delhi. There, they were imprisoned, tortured and executed. At least three Sikhs were executed in front of Guru Tegh Bahadur, to intimidate him. The Guru was then asked to perform a miracle to prove his spiritual closeness to God, or convert to Islam. The Guru refused the options and asserted that religious freedom is a basic human right and must be upheld. For this, the Guru was beheaded in Chandni Chowk market square in front of the Red Fort on 11 November, 1675.

Guru Tegh Bahadur's sacrifice symbolised the teachings and practices of his predecessor Sikh Gurus. This public martyrdom in Delhi articulated the principles of Sikh faith and philosophy and laid the foundation of an egalitarian, plural and liberal culture, based on the principle of freedom of faith in India. The Sikh reform and resistance movement contributed to ending Mughal persecution and rule. The contemporary secular Constitution of India stands on the pillars of this history, underpinned by huge sacrifices. However, the politics and governance of successive governments have fallen short in delivering the ideals of equality, diversity, plurality and federalism.

The lesson of history in marking the 350th anniversary of the Martyrdom of Guru Tegh Bahadur Sahib is to realise and relish the rich heritage of diverse religio-cultural fabric of India on which, its formation and integrity depends.

# 1984 ਦਾ ਕਾਲਾ ਅਧਿਆਏ: ਅਧੂਰਾ ਇਨਸਾਫ਼, ਤਾਜ਼ੇ ਜ਼ਖ਼ਮ ਸਿਖ ਜਗਤ ਨੂੰ ਦਿੰਦੇ ਨੇ ਪੀੜਾ

## ✪ ਅਮਿਤਾਭ ਬੱਚਨ ਦੇ ਲਗੇ ਦੋਸ਼ 'ਖ਼ੂਨ ਕਾ ਬਦਲਾ ਖ਼ੂਨ' ਵਾਲਾ ਨਾਰਾ: ਸੱਚ ਜਾਂ ਝੂਠ ? ✪ ਦਿਲਜੀਤ ਵਲੋਂ ਅਮਿਤਾਭ ਦੇ ਪੈਰ ਛੂਹਣ ਕਾਰਣ ਕਿਉਂ ਹੋਇਆ ਵਿਰੋਧ ✪ ਕੀ ਦਿਲਜੀਤ ਨੂੰ ਧਮਕੀਆਂ ਦੇਣੀਆਂ ਜਾਇਜ ਹਨ ✪ ਅਕਾਲ ਤਖ਼ਤ ਦਾ ਸੁਨੇਹਾ: 1984 ਦੇ ਦੋਸ਼ੀਆਂ ਨਾਲ ਨਾ ਮਿਲੋ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਸਿੱਖ ਇਤਿਹਾਸ ਦੇ ਪੰਨਿਆਂ ਵਿੱਚ 1984 ਦਾ ਸਾਲ ਇੱਕ ਅਜਿਹਾ ਕਾਲਾ ਅਧਿਆਏ ਹੈ ਜੋ ਨਾ ਸਿਰਫ਼ ਸਿੱਖ ਕੌਮ ਦੇ ਜਖ਼ਮਾਂ ਨੂੰ ਤਾਜ਼ਾ ਕਰਦਾ ਹੈ, ਸਗੋਂ ਪੂਰੇ ਭਾਰਤੀ ਲੋਕਤੰਤਰ ਦੇ ਅਕਸ ਉੱਤੇ ਸਵਾਲ ਉਠਾਉਂਦਾ ਹੈ। 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਬਾਅਦ ਕਾਂਗਰਸ ਸਰਕਾਰ ਨੇ ਇੱਕ ਸੰਗਠਿਤ ਨਸਲਕੁਸ਼ੀ ਨੂੰ ਜਨਮ ਦਿੱਤਾ। ਨਾਨਾਵਤੀ ਕਮਿਸ਼ਨ (2000-2005) ਨੇ ਕਾਂਗਰਸੀ ਆਗੂਆਂ ਜਿਵੇਂ ਜਗਦੀਸ਼ ਟਾਇਟਲਰ, ਸੱਜਨ ਕੁਮਾਰ, ਐਚ.ਕੇ.ਐਲ. ਭਗਤ ਅਤੇ ਹੋਰਾਂ ਨੂੰ ਦੋਸ਼ੀ ਠਹਿਰਾਇਆ। ਪਰ ਅੱਜ ਤੱਕ ਸਿਰਫ਼ ਸੱਜਨ ਕੁਮਾਰ ਵਰਗੇ ਕੁਝ ਹੀ ਸਜ਼ਾ ਭੁਗਤ ਰਹੇ ਹਨ। ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਅਤੇ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਦੀਆਂ ਰਿਪੋਰਟਾਂ ਇਸ ਨੂੰ "ਸੰਗਠਿਤ ਨਸਲਕੁਸ਼ੀ" ਕਹਿੰਦੀਆਂ ਹਨ। ਇਸ ਬਾਰੇ ਇਨਸਾਫ਼ ਅਧੂਰਾ ਹੈ - ਕਈ ਦੋਸ਼ੀ ਖੁੱਲ੍ਹੇ ਘੁੰਮ ਰਹੇ ਹਨ, ਅਦਾਲਤਾਂ ਵਿੱਚ ਕੇਸ ਲੰਬੇ ਚੱਲ ਰਹੇ ਹਨ। ਇਹ ਜ਼ਖ਼ਮ ਨਹੀਂ ਭੁਲਾਇਆ ਜਾ ਸਕਦਾ।

ਹਾਲ ਹੀ ਵਿੱਚ ਇਸ ਜ਼ਖ਼ਮ ਨੂੰ ਤਾਜ਼ਾ ਕਰਨ ਵਾਲੀ ਘਟਨਾ 31 ਅਕਤੂਬਰ 2025 ਨੂੰ ਕੌਣ ਬਣੇਗਾ ਕਰੋੜਪਤੀ ਰੀਅਲਟੀ ਸ਼ੋਅ ਵਿੱਚ ਵਾਪਰੀ। ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਸਿੰਘ ਦੋਸਾਂਝ ਨੇ ਸ਼ੋਅ ਦੇ ਮੇਜ਼ਬਾਨ ਅਮਿਤਾਭ ਬੱਚਨ ਦੇ ਪੈਰ ਛੂਹ ਕੇ ਸਤਿਕਾਰ ਪ੍ਰਗਟ ਕੀਤਾ। ਪਰ 1984 ਦੇ ਸੰਦਰਭ ਵਿੱਚ ਇਸ ਨੇ ਸਿੱਖ ਜਗਤ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ। ਅਮਿਤਾਭ ਬੱਚਨ ਉੱਤੇ 1984 ਦੀ ਨਸਲਕੁਸ਼ੀ ਨੂੰ ਉਕਸਾਉਣ ਦੇ ਗੰਭੀਰ ਦੋਸ਼ ਹਨ ਕਿ ਉਹਨਾਂ ਨੇ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੇ ਅੰਤਿਮ ਸਸਕਾਰ ਦੌਰਾਨ ਦੂਰਦਰਸ਼ਨ (ਡੀ.ਡੀ.) ਉੱਤੇ ਲਾਈਵ ਰਿਲੇਅ ਵਿੱਚ "ਖ਼ੂਨ ਕਾ ਬਦਲਾ ਖ਼ੂਨ ਸੇ ਲੈਂਗੇ" ਵਾਲਾ ਨਾਰਾ ਲਗਾ ਕੇ ਹਿੰਸਕ ਲੋਕਾਂ ਨੂੰ ਉਕਸਾਇਆ। ਇਹ ਨਾਰਾ ਭੀੜਾਂ ਨੇ ਅਪਣਾ ਲਿਆ ਅਤੇ ਸਿੱਖਾਂ ਵਿਰੁੱਧ ਵਰਤਿਆ। ਮੁੱਖ ਗਵਾਹ ਜਗਦੀਸ਼ ਕੌਰ ਹਨ, ਜੋ ਖੁਦ ਪੀੜਤਾ ਹਨ - ਉਹਨਾਂ ਦੇ ਪਤੀ, ਪੁੱਤਰ ਤੇ ਭਰਾ ਮਾਰੇ ਗਏ। ਟਾਈਮਜ਼ ਆਫ਼ ਇੰਡੀਆ (20 ਅਕਤੂਬਰ 2011) ਵਿੱਚ ਉਹਨਾਂ ਨੂੰ "ਪ੍ਰਾਈਮ ਵਿਟਨੈੱਸ" ਕਿਹਾ ਗਿਆ। ਉਹਨਾਂ ਨੇ ਕਿਹਾ: "ਮੈਂ ਟੀ.ਵੀ. ਉੱਤੇ ਲਾਈਵ ਵੇਖਿਆ, ਅਮਿਤਾਭ ਬਾਂਹ ਚੁੱਕ ਕੇ ਦੋ ਵਾਰ ਚੀਕੇ - 'ਖ਼ੂਨ ਕਾ ਬਦਲਾ ਖ਼ੂਨ ਸੇ ਲੈਂਗੇ'। ਇਸ ਤੋਂ ਬਾਅਦ ਹਿੰਸਾ ਤੇਜ਼ ਹੋ ਗਈ।" 29 ਅਕਤੂਬਰ 2014 ਦੇ ਇੱਕ ਹੋਰ ਨਿਊਜ ਵਿੱਚ ਜਗਦੀਸ਼ ਕੌਰ ਨੇ ਅਮਿਤਾਭ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ।

ਇੱਕ ਹੋਰ ਗਵਾਹ ਮਨਜੀਤ ਸਿੰਘ ਸੈਣੀ ਹਨ, ਜਿਨ੍ਹਾਂ ਨੇ ਵੀ ਇਸੇ ਨਾਰੇ ਦਾ ਦਾਅਵਾ ਕੀਤਾ। ਪਰ ਅਮਿਤਾਭ ਨੇ ਇਸ ਨੂੰ ਪੂਰੀ ਤਰ੍ਹਾਂ ਨਕਾਰਿਆ। ਉਹਨਾਂ ਨੇ ਕਿਹਾ ਕਿ ਉਹ ਅੰਤਿਮ ਸਸਕਾਰ ਵਿੱਚ ਸ਼ਾਮਲ ਨਹੀਂ ਸਨ, ਨਾ ਹੀ ਡੀ.ਡੀ. ਉੱਤੇ ਬੋਲੇ।





**ਸਿੱਖ ਕੌਮ ਨੂੰ 1984 ਦੇ ਇਨਸਾਫ਼ ਲਈ ਸੰਗਠਿਤ ਰਣਨੀਤੀ ਅਪਣਾਉਣੀ ਚਾਹੀਦੀ ਹੈ। ਅਮਿਤਾਭ ਵਰਗੇ ਦੋਸ਼ਾਂ ਉੱਤੇ ਸੁਤੰਤਰ ਜਾਂਚ ਦੀ ਮੰਗ ਕਰਨੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਨੂੰ ਅਗਵਾਈ ਕਰਨੀ ਚਾਹੀਦੀ ਹੈ। ਅੰਤਰਰਾਸ਼ਟਰੀ ਕੈਂਪੇਨਾਂ ਚਲਾਉਣ ਦੀ ਲੋੜ ਹੈ। ਦਿਲਜੀਤ ਵਰਗੇ ਕਲਾਕਾਰਾਂ ਨੂੰ ਇਸ ਮੁਹਿੰਮ ਨਾਲ ਜੋੜਨ ਦੀ ਲੋੜ ਹੈ। ਨਾ ਕਿ ਅਜਿਹੇ ਕਲਾਕਾਰਾਂ ਨੂੰ ਪੰਜਾਬ ਤੇ ਸਿੱਖਾਂ ਤੋਂ ਦੂਰ ਕਰਨਾ ਚਾਹੀਦਾ।**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵੀ ਅਮਿਤਾਭ ਵਿਰੁਧ ਰਾਏ ਜ਼ਾਹਿਰ ਕਰਦਿਆਂ ਕਿਹਾ ਕਿ ਭਾਵੇਂ ਅਮਿਤਾਭ ਬੱਚਨ ਨੇ ਅਕਾਲ ਤਖ਼ਤ ਵਿਖੇ ਭੇਜੇ ਆਪਣੇ ਪੱਤਰ ਰਾਹੀਂ ਖੁਦ ਨੂੰ ਬੇਗੁਨਾਹ ਦੱਸਿਆ ਸੀ ਪਰ ਉਸ ਵਿਰੁੱਧ ਮਨਜੀਤ ਸਿੰਘ ਸੈਣੀ ਦੀ ਗਵਾਹੀ ਦੀ ਜਾਂਚ ਸਰਕਾਰ ਤੇ ਏਜੰਸੀਆਂ ਵੱਲੋਂ ਨਹੀਂ ਕੀਤੀ ਗਈ। ਇਸ ਲਈ ਸਿੱਖ ਚੇਤਨਾ ਅੰਦਰ ਹਾਲੇ ਤੱਕ ਅਮਿਤਾਭ ਸੁਰਖਰੂ ਨਹੀਂ ਹਨ।ਉਹਨਾਂ ਕਿਹਾ ਕਿ ਇਸ ਲਈ ਜਿਹੜੇ ਵੀ ਲੋਕਾਂ ਤੇ ਕਾਂਗਰਸ ਦੇ ਆਗੂਆਂ ਦਾ ਸਿੱਖ ਨਸਲਕੁਸ਼ੀ ਵਿੱਚ ਨਾਮ ਆਇਆ ਹੈ ਸਿੱਖਾਂ ਤੇ ਸਿੱਖ ਅਦਾਕਾਰਾਂ ਨੂੰ ਉਨ੍ਹਾਂ ਨਾਲ ਮੇਲ ਮਿਲਾਪ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਨਹੀਂ ਤਾ ਇਹ ਸਿੱਖ ਕੌਮ ਦੇ ਅੱਲ੍ਹੇ ਜਖਮਾਂ ਉੱਤੇ ਲੂਣ ਛਿੜਕਣ ਵਾਲੀ ਗੱਲ ਹੋਵੇਗੀ।

ਇਸ ਘਟਨਾ ਨੇ ਨਾ ਸਿਰਫ਼ ਦਿਲਜੀਤ ਨੂੰ ਵਿਵਾਦ ਵਿੱਚ ਪਾ ਦਿੱਤਾ, ਸਗੋਂ ਕੁਝ ਸਿੱਖ ਆਗੂਆਂ ਵੱਲੋਂ ਧਮਕੀਆਂ ਦਿੱਤੀਆਂ ਹਨ ਕਿ ਵਿਦੇਸ਼ਾਂ ਵਿਚ ਉਸਦੇ ਸਮਾਗਮ ਨਹੀਂ ਹੋਣ ਦਿੱਤੇ ਜਾਣਗੇ, ਨੇ ਮਸਲੇ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ। ਸੋਸ਼ਲ ਮੀਡੀਆ ਉੱਤੇ ਵੀਡੀਓ, ਪੋਸਟਾਂ ਵਿੱਚ ਉਹਨਾਂ ਨੂੰ "ਗੱਦਾਰ" ਕਿਹਾ ਗਿਆ। ਧਮਕੀਆਂ ਦਾ ਜਵਾਬ ਦਿੰਦੇ ਹੋਏ, ਦਿਲਜੀਤ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕੀਤੀ ਜਿਸ ਵਿੱਚ ਸਪੱਸ਼ਟ ਕੀਤਾ ਗਿਆ ਕਿ ਕੇਬੀਸੀ ਵਿੱਚ ਉਸਦੀ ਮੌਜੂਦਗੀ ਕਿਸੇ ਫਿਲਮ ਜਾਂ ਗਾਣੇ ਦਾ ਪ੍ਰਚਾਰ ਕਰਨ ਲਈ ਨਹੀਂ ਸੀ। ਉਸਨੇ ਲਿਖਿਆ, ""ਮੈਂ ਕੇਬੀਸੀ ਵਿੱਚ ਕਿਸੇ ਗਾਣੇ ਜਾਂ ਫਿਲਮ ਦਾ ਪ੍ਰਚਾਰ ਕਰਨ ਲਈ ਨਹੀਂ ਗਿਆ ਸੀ। ਮੈਂ ਪੰਜਾਬ ਦੇ ਹੜ੍ਹਾਂ ਦੇ ਮੁੱਦੇ ਨੂੰ ਰਾਸ਼ਟਰੀ ਪੱਧਰ 'ਤੇ ਚੁੱਕਣ ਅਤੇ ਲੋਕਾਂ ਨੂੰ ਦਾਨ ਦੀ ਅਪੀਲ ਕਰਨ ਗਿਆ ਸੀ।"

ਦਿਲਜੀਤ ਨੇ ਇਹ ਵੀ ਸੰਕੇਤ ਦਿੱਤਾ ਕਿ ਉਸਦਾ ਇਰਾਦਾ ਸਿਰਫ਼ ਮਾਨਵਤਾਵਾਦੀ ਅਤੇ ਸਮਾਜਿਕ ਸੀ, ਜਿਸਦਾ ਗਲਤ ਅਰਥ ਕੱਢਿਆ ਗਿਆ ਅਤੇ ਵਿਵਾਦ ਪੈਦਾ ਕਰ ਦਿੱਤਾ ਗਿਆ।

ਕੁਝ ਸਹਿਰਦ ਚਿੰਤਕਾਂ ਸੀਨੀਅਰ ਪੱਤਰਕਾਰ ਸਤਨਾਮ ਮਾਣਕ ,ਪ੍ਰੋਫੈਸਰ ਸ਼ਿੰਗਾਰਾ ਸਿੰਘ ਢਿਲੋਂ ਨੇ ਕਿਹਾ ਕਿ ਇਹ ਬਿਲਕੁਲ ਗਲਤ ਹੈ। ਇਹ ਧਮਕੀਆਂ ਸਿੱਖ ਇਮੇਜ ਨੂੰ ਖਰਾਬ ਕਰਦੀਆਂ ਹਨ। ਧਮਕੀਆਂ ਨਾਲ ਮਸਲੇ ਹੱਲ ਨਹੀਂ ਹੁੰਦੇ, ਸਗੋਂ ਹਮਦਰਦਾਂ ਨੂੰ ਦੂਰ ਕਰਦੇ ਹਨ। ਦਿਲਜੀਤ ਵਰਗੇ ਕਲਾਕਾਰ ਸਿੱਖ ਕੌਮ ਦੇ ਅਸੈੱਟ ਹਨ - ਉਹ ਪੰਜਾਬੀ ਭਾਸ਼ਾ, ਸਭਿਆਚਾਰ ਨੂੰ ਵਿਸ਼ਵ ਵਿੱਚ ਫੈਲਾ ਰਹੇ ਹਨ। ਧਮਕਾਉਣ ਨਾਲ ਅਸੀਂ ਆਪਣੇ ਹੀ ਲੋਕਾਂ ਨੂੰ ਵਿਰੋਧੀ ਬਣਾ ਲੈਂਦੇ ਹਾਂ। ਇਸ ਦੀ ਥਾਂ ਸਕਾਰਾਤਮਕ ਆਲੋਚਨਾ: ਸੋਸ਼ਲ ਮੀਡੀਆ, ਲੇਖ, ਬਹਿਸ ਰਾਹੀਂ ਸਮਝਾਓ।

ਸ਼ੋਸ਼ਲ ਮੀਡੀਆ ਫੇਸਬੁੱਕ ਉਪਰ ਸਰਬਜੀਤ ਸਿੰਘ ਬਾਸੀ,ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਅਮਿਤਾਭ ਬਾਰੇ ਸੁਤੰਤਰ ਜਾਂਚ ਦੀ ਲੋੜ ਹੈ - ਸਰਕਾਰ ਜਾਂ ਅਦਾਲਤ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਹ ਵਿਵਾਦ ਅੱਜ ਵੀ ਜਿਉਂ ਦਾ ਤਿਉਂ ਹੈ, ਜੋ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ।

### ਦਿਲਜੀਤ ਦੋਸਾਂਝ ਦੀ ਕਾਰਵਾਈ: ਸਤਿਕਾਰ ਜਾਂ ਅਣਦੇਖੀ ?

31 ਅਕਤੂਬਰ 2025 ਨੂੰ ਖਭਛ ਦਾ ਐਪੀਸੋਡ ਭਾਵੁਕ ਸੀ। ਦਿਲਜੀਤ ਨੇ ਪੰਜਾਬ ਵਿੱਚ ਅਗਸਤ 2025 ਦੇ ਹੜ੍ਹਾਂ ਦੀ ਤਬਾਹੀ ਨੂੰ ਵਿਸ਼ਵ ਪੱਧਰ ਉੱਤੇ ਉਜਾਗਰ ਕੀਤਾ। ਵੀਡੀਓ ਫੁੱਟੇਜ, ਪੀੜਤਾਂ ਦੀਆਂ ਕਹਾਣੀਆਂ ਨੇ ਦਰਸ਼ਕਾਂ ਨੂੰ ਰੁਆ ਦਿੱਤਾ। ਦਿਲਜੀਤ ਨੇ ਕਿਹਾ ਕਿ ਉਹ ਪਿੰਡਾਂ ਨੂੰ ਗੋਦ ਨਹੀਂ ਲੈ ਰਹੇ, ਸਗੋਂ ਪੰਜਾਬ ਨੇ ਉਹਨਾਂ ਨੂੰ ਗੋਦ ਲਿਆ ਹੈ। ਉਹਨਾਂ ਨੇ ਲੱਖਾਂ ਰੁਪਏ ਦਾਨ ਕੀਤੇ, ਪੰਜਾਬੀ ਕਲਚਰ ਨੂੰ ਪ੍ਰਮੋਟ ਕੀਤਾ। ਪਰੋਗਰਾਮ ਦੇ ਅੰਤ ਵਿੱਚ ਪੈਰ ਛੂਹਣਾ ਪੰਜਾਬੀ ਸਭਿਆਚਾਰ ਅਨੁਸਾਰ ਸੀ - ਵੱਡੇ ਬਜ਼ੁਰਗਾਂ ਪ੍ਰਤੀ ਸਤਿਕਾਰ। ਪਰ 1984 ਦੇ ਸੰਦਰਭ ਵਿੱਚ ਇਹ ਗਲਤ ਸੰਦੇਸ਼ ਗਿਆ। ਦਿਲਜੀਤ ਇੱਕ ਪੰਜਾਬੀ ਆਈਕਨ ਹਨ - ਆਪਣੇ ਗੀਤਾਂ ਤੇ ਭੰਗੜੇ ਨਾਲ ਵਿਸ਼ਵ ਪੱਧਰ ਉੱਤੇ ਪੰਜਾਬੀ ਗਾਇਕੀ ਪਹੁੰਚਾਈ ਹੈ। ਕਿਸਾਨ ਅੰਦੋਲਨ ਦੇ ਹੱਕ ਵਿੱਚ ਬੋਲੇ, ਹੜ੍ਹਾਂ ਵਿੱਚ ਮਦਦ ਕੀਤੀ। ਫਿਰ ਵੀ, ਅਮਿਤਾਭ ਉੱਤੇ ਦੋਸ਼ਾਂ ਨੂੰ ਨਜ਼ਰਅੰਦਾਜ਼ ਕਰਨਾ ਗਲਤੀ ਸੀ। ਇਹ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ, ਖਾਸ ਕਰਕੇ ਜਦੋਂ ਪੀੜਤ ਪਰਿਵਾਰ ਅੱਜ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਦਿਲਜੀਤ ਨੇ ਸ਼ਾਇਦ ਇਤਿਹਾਸਕ ਸੰਦਰਭ ਨੂੰ ਅਣਦੇਖਿਆ ਕੀਤਾ, ਪਰ ਇਹ ਜਾਣਬੁੱਝ ਕੇ ਨਹੀਂ ਸੀ ਜਾਪਦਾ। ਉਹਨਾਂ ਦਾ ਮੁੱਖ ਮਕਸਦ ਹੜ੍ਹ ਪੀੜਤਾਂ ਲਈ ਜਾਗਰੂਕਤਾ ਸੀ, ਜਿਸ ਵਿੱਚ ਉਹ ਕਾਮਯਾਬ ਰਹੇ।

## ਪੰਜਾਬ ਪੁਲੀਸ ਵੱਲੋਂ ਟਾਰਗੈੱਟ ਕਿਲਿੰਗ ਦੀ ਸਾਜ਼ਿਸ਼ ਦਾ ਪਰਦਾਫਾਸ਼

### ✪ ਤਿੰਨ ਪਿਸਤੌਲਾਂ ਤੇ ਜ਼ਿੰਦਾ ਕਾਰਤੂਸਾਂ ਸਣੇ ਦੋ ਗ੍ਰਿਫਤਾਰ

ਚੰਡੀਗੜ੍ਹ-ਪੰਜਾਬ ਪੁਲੀਸ ਨੇ ਦੋ ਵਿਅਕਤੀਆਂ ਨੂੰ ਗ੍ਰਿ.ਫਤਾਰ ਕੀਤਾ ਹੈ ਜਿਨ੍ਹਾਂ ਨੂੰ ਵਿਦੇਸ਼ਾਂ ਵਿੱਚ ਬੈਠੇ ਉਨ੍ਹਾਂ ਦੇ ਹੈਂਡਲਰਾਂ ਨੇ ਸੂਬੇ ਵਿੱਚ ਵਿਰੋਧੀ ਗਰੋਹ ਦੇ ਮੈਂਬਰਾਂ ਦੀਆਂ ਨਿਸ਼ਾਨਾ ਬਣਾ ਕੇ ਹੱਤਿਆਵਾਂ ਕਰਨ ਦਾ ਕੰਮ ਸੌਂਪਿਆ ਸੀ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੁਲੀਸ ਨੇ ਮੁਲਜ਼ਮਾਂ ਕੋਲੋਂ ਤਿੰਨ ਪਿਸਤੌਲ ਤੇ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ। ਯਾਦਵ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਗੁਰਦਾਸਪੁਰ ਪੁਲੀਸ ਨੇ ਦੋ ਮੁਲਜ਼ਮਾਂ- ਲਵਦੀਪ ਸਿੰਘ ਉਰ.ਫ ਲਵ ਅਤੇ ਟੇਕ ਚੰਦ ਉਰ.ਫ ਟਿੰਕੂ- ਨੂੰ ਗ੍ਰਿ.ਫਤਾਰ ਕਰਕੇ ਵੱਡੀ ਸ.ਫਲਤਾ ਪ੍ਰਾਪਤ ਕੀਤੀ ਹੈ। ਇਹ ਦੋਵੇਂ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਸੰਗਠਨ ਨਾਲ ਜੁੜੇ ਵਿਦੇਸ਼-ਅਧਾਰਿਤ ਕੱਟੜਪੰਥੀ ਗੈਂਗਸਟਰ ਗੁਰਦੇਵ ਜੱਸਲ ਅਤੇ ਗੁਰਲਾਲ ਉਰ.ਫ ਗੁੱਲੂ ਲਈ ਕੰਮ ਕਰ ਰਹੇ ਸਨ।"

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨਸ਼ੇ ਦੇ ਦੋਸ਼ਾਂ 'ਚੋਂ ਬਰੀ



ਨਿਊਯਾਰਕ: ਅਮਰੀਕਾ ਦੇ ਕੈਲੀਫੋਰਨੀਆ ਵਿੱਚ ਪਿਛਲੇ ਮਹੀਨੇ ਹੋਏ ਘਾਤਕ ਸੜਕ ਹਾਦਸੇ ਦੇ ਮਾਮਲੇ ਵਿੱਚ ਨਵੀਂ ਜਾਣਕਾਰੀ ਸਾਹਮਣੇ ਆਈ ਹੈ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਭਾਰਤੀ ਮੂਲ ਦਾ ਟਰੱਕ ਡਰਾਈਵਰ ਹਾਦਸੇ ਦੇ ਸਮੇਂ ਨਸ਼ੇ ਵਿੱਚ ਨਹੀਂ ਸੀ, ਜਿਵੇਂ ਕਿ ਸ਼ੁਰੂਆਤੀ ਰਿਪੋਰਟਾਂ ਵਿੱਚ ਕਿਹਾ ਗਿਆ ਸੀ। ਹਾਲਾਂਕਿ, ਲਾਪਰਵਾਹੀ ਨਾਲ ਕਤਲ ਦਾ ਮਾਮਲਾ ਅਜੇ ਵੀ ਵਿਚਾਰ ਅਧੀਨ ਹੈ। ਯੂਬਾ ਸਿਟੀ ਦੇ 21 ਸਾਲਾ ਨਿਵਾਸੀ ਜਸ਼ਨਪ੍ਰੀਤ ਸਿੰਘ ਨੂੰ 21 ਅਕਤੂਬਰ ਨੂੰ ਨਸ਼ੇ ਵਿੱਚ ਗੱਡੀ ਚਲਾਉਣ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ ਲਾਪਰਵਾਹੀ ਨਾਲ ਗੱਡੀ ਚਲਾਉਣ ਦਾ ਦੋਸ਼ ਹੈ, ਜਿਸ ਦੇ ਨਤੀਜੇ ਵਜੋਂ ਇਹ ਹਾਦਸਾ ਹੋਇਆ ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਜਾਂਚ ਰਿਪੋਰਟ ਦੇ ਅਨੁਸਾਰ, ਪਿਛਲੇ ਹਫ਼ਤੇ ਦਾਇਰ ਕੀਤੀ ਗਈ ਨਵੀਂ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਜਸ਼ਨਪ੍ਰੀਤ ਸਿੰਘ ਦੇ ਖੂਨ ਵਿੱਚ ਕੋਈ ਨਸ਼ੀਲਾ ਪਦਾਰਥ ਨਹੀਂ ਮਿਲਿਆ। ਸੈਨ ਬਰਨਾਰਡੀਨੋ ਕਾਉਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ, "ਹਾਲਾਂਕਿ, ਇਹ ਮਾਮਲਾ ਲਾਪਰਵਾਹੀ ਨਾਲ ਕਤਲ ਦਾ ਬਣਿਆ ਹੋਇਆ ਹੈ।"

# ਸੰਤ ਭਿੰਡਰਾਂਵਾਲਿਆਂ ਦੇ ਵੱਡੇ ਭਰਾਤਾ ਕੈਪਟਨ ਰੋਡੇ ਚਲ ਵਸੇ



ਸਮਾਲਸਰ (ਮੋਗਾ)-20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਵੱਡੇ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ ਦਾ ਬੀਤੇ ਦਿਨੀਂ ਉਨ੍ਹਾਂ ਦੇ ਪਿੰਡ ਗੁਰੂਪੁਰਾ ਵਿਖੇ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਹਰਪਾਲ ਸਿੰਘ ਨੇ ਵਿਖਾਈ। ਕੈਪਟਨ ਹਰਚਰਨ ਸਿੰਘ ਦੀ 1 ਨਵੰਬਰ ਨੂੰ ਮੌਤ ਹੋ ਗਈ ਸੀ। ਉਹ ਫ਼ੌਜ ਵਿਚੋਂ ਬਤੌਰ ਕੈਪਟਨ ਰਿਟਾਇਰ ਹੋਏ ਸਨ। ਉਨ੍ਹਾਂ ਦੇ ਦੋ ਬੇਟੇ ਹਰਪਾਲ ਸਿੰਘ, ਤਰਲੋਚਨ ਸਿੰਘ ਅਤੇ ਤਿੰਨ ਬੇਟੀਆਂ ਹਨ। ਕੈਪਟਨ ਹਰਚਰਨ ਸਿੰਘ ਸਿੱਖ ਸਿਆਸਤ ਤੇ ਸਿੱਖ ਸੰਘਰਸ਼ ਵਿਚ ਪੂਰੀ ਤਰ੍ਹਾਂ ਸਰਗਰਮ ਰਹੇ। ਇਸ ਸਸਕਾਰ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜਸਵੀਰ ਸਿੰਘ ਖ਼ਾਲਸਾ ਰੋਡੇ, ਭਾਈ ਜਗਤਾਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਸੁਖਹਰਪ੍ਰੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਬਾਬਾ ਚਰਨਜੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਅਜੈਬ ਸਿੰਘ ਅਭਿਆਸੀ ਮੈਂਬਰ ਧਰਮ ਪ੍ਰਚਾਰ ਕਮੇਟੀ, ਸੰਸਦ ਮੈਂਬਰ ਸਰਬਜੀਤ ਸਿੰਘ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਭਾਈ ਸਵਰਨਜੀਤ ਸਿੰਘ, ਗੁਰਦੀਪ ਸਿੰਘ ਬਠਿੰਡਾ, ਜਥੇਦਾਰ ਬੂਟਾ ਸਿੰਘ ਰਣਸੀਂਹ ਕੇ ਕਲਾਂ, ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਜਥੇਦਾਰ ਤਰਸੇਮ ਸਿੰਘ, ਸ਼ਹੀਦ ਭਾਈ ਅਵਤਾਰ ਸਿੰਘ ਖੰਡੇ ਦੀ ਮਾਤਾ ਬੀਬੀ ਚਰਨਜੀਤ ਕੌਰ ਆਦਿ ਹਾਜ਼ਰ ਸਨ।

# ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਦਿੱਲੀ ਸਿਖ ਕਤਲੇਆਮ ਨੂੰ ਦੰਗੇ ਕਿਹਾ


## ○ ਦਿੱਲੀ ਵਿਚ ਦੰਗਿਆਂ ਵੇਲੇ ਮੈਨੂੰ ਵੀ ਆਪਣੇ ਮਾਪਿਆਂ ਦੀ ਜਾਨ ਦਾ ਡਰ ਸੀ: ਪੁਰੀ

ਨਵੀਂ ਦਿੱਲੀ-ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਸਿੱਖ ਕਤਲੇਆਮ ਦੀ ਬਰਸੀ ਮੌਕੇ 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਭੜਕੀ ਭੀੜ ਹੱਥੋਂ ਸਿੱਖ ਭਾਈਚਾਰੇ ਨੂੰ ਦਰਪੇਸ਼ ਭਿਆਨਕਤਾ ਤੇ ਦਿਲ ਦਹਿਲਾਉਣ ਵਾਲੇ ਦ੍ਰਿਸ਼ਾਂ ਨੂੰ ਯਾਦ ਕੀਤਾ। ਪੁਰੀ, ਜੋ ਉਦੋਂ ਜੇਨੇਵਾ ਵਿੱਚ ਪਹਿਲੇ ਸਕੱਤਰ ਵਜੋਂ ਤਾਇਨਾਤ ਸਨ, ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਦੀ ਜਾਨ ਦਾ ਡਰ ਸਤਾ ਰਿਹਾ ਸੀ ਜੋ ਉਸ ਵੇਲੇ ਦਿੱਲੀ ਵਿੱਚ ਰਹਿੰਦੇ ਸਨ। ਮੰਤਰੀ ਨੇ ਉਸ ਦਿਨ ਨੂੰ ਯਾਦ ਕਰਦਿਆਂ ਕਿਹਾ, "ਹੋਰਨਾਂ ਸਿੱਖਾਂ ਵਾਂਗ ਇਹ ਹਿੰਸਾ ਮੇਰੇ ਘਰ ਦੇ ਨੇੜੇ ਵੀ ਪਹੁੰਚੀ। ਮੈਂ ਉਦੋਂ ਜੇਨੇਵਾ ਵਿੱਚ ਤਾਇਨਾਤ ਪਹਿਲਾ ਸਕੱਤਰ ਸੀ ਅਤੇ ਆਪਣੇ ਮਾਪਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਬਾਰੇ ਬਹੁਤ ਫ਼ਿਕਰਮੰਦ ਸੀ। ਮੇਰੇ ਮਾਪੇ ਹੌਜ਼ ਖਾਸ ਦੇ ਐਸਐਫਐਸ ਵਿੱਚ ਇੱਕ ਡੀਡੀਏ ਫਲੈਟ ਵਿੱਚ ਰਹਿੰਦੇ ਸਨ। ਉਨ੍ਹਾਂ ਨੂੰ ਮੇਰੇ ਇਕ ਹਿੰਦੂ ਦੋਸਤ ਨੇ ਸਮੇਂ ਸਿਰ ਬਚਾ ਲਿਆ ਅਤੇ ਖਾਨ ਮਾਰਕੀਟ ਵਿੱਚ ਮੇਰੇ ਦਾਦਾ-ਦਾਦੀ ਦੇ ਪਹਿਲੀ ਮੰਜ਼ਿਲ ਵਾਲੇ ਘਰ ਵਿੱਚ ਲੈ ਗਏ। ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿੱਚ ਅਣਕਿਆਸੀ ਹਿੰਸਾ ਫੈਲੀ ਹੋਈ ਸੀ।"



84 ਦੇ ਕਤਲੇਆਮ ਲਈ ਕਾਂਗਰਸ ਨੂੰ ਲੰਮੇ ਹੱਥੀਂ ਲੈਂਦਿਆਂ ਪੁਰੀ ਨੇ ਕਿਹਾ ਕਿ ਅੱਜ ਹਿੰਸਾ ਦੇ ਉਨ੍ਹਾਂ ਕਾਲੇ ਦਿਨਾਂ ਨੂੰ ਗੁੱਸੇ ਨਾਲ ਯਾਦ ਕਰਨ ਦਾ ਵੇਲਾ ਹੈ। ਅਸੀਂ ਦੰਗਾ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ ਅਤੇ ਉਨ੍ਹਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਦੇ ਦੁੱਖ ਅਤੇ ਦਰਦ ਨਾਲ ਹਮਦਰਦੀ ਰੱਖਦੇ ਹਾਂ। ਉਨ੍ਹਾਂ ਕਿਹਾ, "ਸਮਾਂ ਆ ਗਿਆ ਹੈ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਮਾਵੇਸ਼ੀ ਵਿਕਾਸ ਅਤੇ ਸ਼ਾਂਤੀ ਦੇ ਯੁੱਗ ਦੀ ਕਦਰ ਕਰੀਏ। ਅੱਜ ਭਾਰਤ ਨਾ ਸਿਰਫ਼ ਆਪਣੀਆਂ ਘੱਟਗਿਣਤੀਆਂ ਨੂੰ ਸੁਰੱਖਿਅਤ ਰੱਖਦਾ ਹੈ ਬਲਕਿ ਬਿਨਾਂ ਕਿਸੇ ਪੱਖਪਾਤ ਜਾਂ ਭੇਦਭਾਵ ਦੇ 'ਸਭਕਾ ਸਾਥ, ਸਭਕਾ ਵਿਕਾਸ' ਯਕੀਨੀ ਬਣਾਉਂਦਾ ਹੈ।" ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ 1984 ਦੇ ਦੰਗਿਆਂ ਨੂੰ ਕਦੇ ਨਾ ਭੁੱਲਣ। ਪੁਰੀ ਨੇ ਸਿੱਖ ਵਿਰੋਧੀ ਦੰਗਿਆਂ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਕਾਲੇ ਧੱਬਿਆਂ ਵਿੱਚੋਂ ਇੱਕ ਦੱਸਿਆ।

# ਕੈਨੇਡਾ ਵਿਚ ਭਾਰਤੀ ਮੂਲ ਦੇ ਵਪਾਰੀ ਦਾ ਕਤਲ, ਦੋਸ਼ੀ ਗ੍ਰਿਫ਼ਤਾਰ



ਨਵੀਂ ਦਿੱਲੀ-ਕੈਨੇਡਾ ਦੇ ਐਡਮਿੰਟਨ ਵਿੱਚ 55 ਸਾਲਾ ਭਾਰਤੀ ਮੂਲ ਦੇ ਵਪਾਰੀ ਅਰਵੀ ਸਿੰਘ ਸੱਗੂ ਦਾ ਕਤਲ ਹੋ ਗਿਆ। 19 ਅਕਤੂਬਰ ਨੂੰ ਰਾਤ ਦੇ ਖਾਣੇ ਤੋਂ ਵਾਪਸ ਆਉਂਦਿਆਂ ਉਸ ਨੇ ਇੱਕ ਅਜਨਬੀ ਨੂੰ ਆਪਣੀ ਕਾਰ 'ਤੇ ਪਿਸ਼ਾਬ ਕਰਦੇ ਦੇਖਿਆ ਤੇ ਰੋਕਿਆ। ਅਜਨਬੀ ਨੇ ਬਿਨਾਂ ਭੜਕੇ ਸਿਰ ਵਿਚ ਮੁੱਕਾ ਮਾਰਿਆ, ਸੱਗੂ ਡਿੱਗ ਪਿਆ। ਪ੍ਰੇਮਿਕਾ ਨੇ 911 'ਤੇ ਕਾਲ ਕੀਤੀ। ਪੈਰਾਮੈਡਿਕਸ ਨੇ ਹਸਪਤਾਲ ਲਿਜਾਇਆ ਪਰ ਪੰਜ ਦਿਨ ਬਾਅਦ ਮੌਤ ਹੋ ਗਈ। ਸੱਗੂ ਦੇ ਭਰਾ ਨੇ ਦੱਸਿਆ ਕਿ ਸੱਗੂ ਨੇ ਪੁੱਛਿਆ, "ਤੂੰ ਕੀ ਕਰ ਰਿਹਾ ਹੈਂ?" ਤਾਂ ਜਵਾਬ ਮਿਲਿਆ, "ਜੋ ਮੈਂ ਚਾਹੁੰਦਾ ਹਾਂ।" ਫਿਰ ਹਮਲਾ ਹੋਇਆ। ਐਡਮਿੰਟਨ ਪੁਲਿਸ ਨੇ ਦੋਸ਼ੀ ਕਾਇਲ ਪੈਪਿਨ ਨੂੰ ਗ੍ਰਿਫ਼ਤਾਰ ਕਰ ਗੰਭੀਰ ਹਮਲੇ ਦਾ ਦੋਸ਼ ਲਾਇਆ। ਸੱਗੂ ਦੇ ਦੋਸਤ ਵਿਨਸੈਂਟ ਰਾਮ ਨੇ ਬੱਚਿਆਂ ਦੀ ਮਦਦ, ਅੰਤਿਮ ਸਸਕਾਰ ਤੇ ਰਹਿਣ ਖਰਚ ਲਈ ਫੰਡ ਮੁਹਿੰਮ ਸ਼ੁਰੂ ਕੀਤੀ। ਪੁਲਿਸ ਜਾਂਚ ਜਾਰੀ ਹੈ। ਪੰਜਾਬ ਟਾਈਮਜ ਅਨੁਸਾਰ ਇਹ ਨਸਲਵਾਦੀ ਘਟਨਾ ਹੈ।


# CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, KIRAN MAYEE D/O MAGESH KILPAUK CHANDRASEKARAN WHOSE PERMANENT ADDRESS IN INDIA IS GAGAN MURTHY APARTMENTS FLAT NO 302, 1ST MAIN ROAD, V NAGENAHALLI, R T NAGAR BENGALURU, KARNATAKA PIN: 560032 AND NOW LIVING AT 51 TRINDER ROAD, SMETHWICK, WEST MIDLANDS B67 5NX, UK HEREBY GIVE NOTICE OF MY INTENTION TO CHANGE MY NAME TO KIRAN MAYEE (GIVEN NAME) MAGESH (SURNAME). (U/I)

I, MRS. PERMINDER KAUR W/O MR. DALJIT SINGH DHALIWAL WHOSE PERMANENT ADDRESS IN INDIA IS VILL: KANDHALA-JATTAN, DISTT: HOSHIARPUR, PUNJAB AND NOW LIVING AT 295 BEECHINGS WAY, RAINHAM, GILLINGHAM, KENT ME8 7BP, UK HEREBY GIVE NOTICE OF MY INTENTION TO CHANGE MY NAME TO MRS. PERMINDER KAUR DHALIWAL. (U)

I, MR. NIRMAL LAL S/O MR. BALDEV WHOSE PERMANENT ADDRESS IN INDIA IS VILL: MASITAN, P.O. TIBBA, DISTT: KAPURTHALA, PUNJAB AND NOW LIVING AT 93 RINGWAY ROAD, SOUTHALL, UB2 5SR, UK HEREBY GIVE NOTICE OF MY INTENTION TO CHANGE MY NAME TO MR. NIRMAL SINGH GHARU. (U)

# ਬਰਤਾਨੀਆਂ ਦੇ ਸਭ ਤੋਂ ਅਮਰੀ ਵਿਅਕਤੀ ਜੀ ਪੀ ਹਿੰਦੂਜਾ ਦਾ ਲੰਡਨ ਵਿੱਚ ਦੇਹਾਂਤ


ਗੋਪੀ ਚੰਦ ਹਿੰਦੂਜਾ ਲੰਡਨ ਵਿੱਚ ਇੱਕ ਸਮਾਗਮ ਦੌਰਾਨ ਗੱਲ ਕਰਦੇ ਹੋਏ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਜੀ ਪੀ ਹਿੰਦੂਜਾ ਦਾ ਅੱਜ ਲੰਡਨ ਵਿੱਚ ਦੇਹਾਂਤ ਹੋ ਗਿਆ। ਉਹ 85 ਵਰ੍ਹਿਆਂ ਦੇ ਸਨ। ਪ੍ਰੀਵਾਰਕ ਸੂਤਰਾਂ ਅਨੁਸਾਰ ਉਹ ਕਾਫੀ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ। ਗੋਪੀਚੰਦ ਪਰਮਾਨੰਦ ਹਿੰਦੂਜਾ ਦੇ ਦੇਹਾਂਤ ਤੇ ਭਾਰਤੀ ਭਾਈਚਾਰੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਜੀ ਪੀ ਹਿੰਦੂਜਾ ਲੰਡਨ ਵਿੱਚ ਹੋਣ ਵਾਲੀਆਂ ਭਾਰਤੀ ਭਾਈਚਾਰਕ ਗਤੀਵਿਧੀਆਂ ਵਿੱਚ ਹਮੇਸ਼ਾਂ ਨਿੱਜੀ ਤੌਰ ਤੇ ਸ਼ਮੂਲੀਅਤ ਕਰਦੇ ਸਨ। ਲਾਰਡ ਰੰਮੀ ਰੇਂਜਰ ਨੇ ਕਿਹਾ ਕਿ ਬ੍ਰਿਟਿਸ਼ ਭਾਰਤੀਆਂ ਲਈ ਇੱਹ ਵੱਡਾ ਸਦਮਾਂ ਹੈ। ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਨੇ ਕਿਹਾ ਕਿ ਜੀ ਪੀ ਹਿੰਦੂਜਾ ਨਵੀਂ ਪੀੜੀ ਲਈ ਪ੍ਰੇਰਣਾ ਸਰੋਤ ਸਨ।*

ਜਿਕਰਯੋਗ ਹੈ ਕਿ ਜੀ ਪੀ ਹਿੰਦੂਜਾ ਅਤੇ ਉਹਨਾਂ ਦੇ ਵੱਡੇ ਭਰਾ ਸ੍ਰੀਚੰਦ ਹਿੰਦੂਜਾ 1980 ਵਿੱਚ ਭਾਰਤ ਤੋਂ ਲੰਡਨ ਵਿਚ ਆ ਕੇ ਰਹਿਣ ਲੱਗ ਗਏ ਸਨ। ਇਸ ਸਮੇਂ ਉਹਨਾਂ ਦੀ ਕੁੱਲ ਸੰਪਤੀ 35.3 ਅਰਬ ਪੌਂਡ (ਲੱਗਭੱਗ 4075 ਅਰਬ ਰੁਪਏ) ਹੈ। ਗੋਪੀਚੰਦ ਨੇ 1959 ਵਿੱਚ ਪ੍ਰੀਵਾਰਕ ਕਾਰੋਬਾਰ ਵਿੱਚ ਸ਼ਾਮਿਲ ਹੋਏ। 20ਵੀਂ ਸਦੀ ਦੇ ਸ਼ੁਰੂ ਤੱਕ ਹਿੰਦੂਜਾ ਗਰੁੱਪ ਦਾ ਕਾਰੋਬਾਰ ਸਿਰਫ ਭਾਰਤ ਅਤੇ ਇਰਾਨ ਵਿੱਚ ਸੀ, ਬਾਅਦ ਵਿੱਚ ਉਹਨਾਂ ਇਸ ਨੂੰ ਵੱਡੇ ਪੱਧਰ ਤੇ ਫੈਲਾਇਆ।

2023 ਵਿੱਚ ਹਿੰਦੂਜਾ ਗਰੁੱਪ ਉਸ ਸਮੇਂ ਵੀ ਵੱਡੀ ਚਰਚਾ ਵਿੱਚ ਆਇਆ ਜਦੋਂ ਉਹਨਾਂ ਲੰਡਨ ਵਿੱਚ ਵਿਸ਼ਵ ਯੁੱਧ ਦਾ ਕੇਂਦਰ ਰਹੇ ਵਾਈਟਹਾਲ ਨੂੰ ਖਰੀਦ ਕੇ ਹੋਟਲ ਵਿੱਚ ਤਬਦੀਲ ਕੀਤਾ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਦੋ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 21

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਚ, ਛ, ਜ, ਝ, ਞ

ਚਲ ਚਰ ਚਤ ਛਲ ਛਕ
ਜਲ ਜਸ ਜਮ ਜਪ ਜਟ
ਝਟ ਝਲ ਝਗ ਝਤ ਛਜ

Class Exercise : Make two letter words which at least use one of the letters - ਚ, ਛ, ਜ, ਝ, ਞ

Note: Certain words above require the use of adhak; for the purpose of this activity we are leaving these words in mukta form

UK Government

ਹਿਜ਼ ਮੈਜਿਸਟੀ ਮਾਨਯੋਗ ਸਰਕਾਰ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ

# ਨਵਾਂ ਸੋਸ਼ਲ ਹਾਊਸਿੰਗ ਕਨੂੰਨ ਆ ਗਿਆ ਹੈ

Make things right

**ਇੱਕ ਨਵੇਂ ਸੋਸ਼ਲ ਹਾਊਸਿੰਗ ਕਨੂੰਨ ਦੇ ਤਹਿਤ ਮਾਲਕਾਂ ਨੂੰ ਐਮਰਜੈਂਸੀ ਖਤਰੇ ਅਤੇ ਖ਼ਤਰਨਾਕ ਨਮੀ ਅਤੇ ਉੱਲੀ, ਜੋ ਨੁਕਸਾਨ ਪਹੁੰਚਾਉਣ ਦਾ ਖ਼ਤਰਾ ਬਣਾਉਂਦੇ ਹਨ, ਨਿਰਧਾਰਤ ਸਮੇਂ ਦੇ ਅੰਦਰ ਜਾਂਚਣ ਅਤੇ ਸੁਰੱਖਿਅਤ ਬਣਾਉਣ ਦੀ ਲੋੜ ਹੈ।**

ਨਵਾਂ ਕਨੂੰਨ ਕੀ ਕੁਝ ਕਵਰ ਕਰਦਾ ਹੈ, ਇਹ ਜਾਣਨ ਲਈ gov.uk/socialhousing ਵੈਬਸਾਈਟ 'ਤੇ ਜਾਓ।

## ਨਵਾਂ ਸੋਸ਼ਲ ਹਾਊਸਿੰਗ ਕਨੂੰਨ ਆ ਗਿਆ ਹੈ – ਜਾਣੋ ਇਸਦਾ ਕੀ ਅਰਥ ਹੈ

**ਇਹ ਕਨੂੰਨ ਘਰਾਂ ਵਿੱਚ ਗੰਭੀਰ ਖਤਰਿਆਂ ਦੀ ਤਫ਼ਤੀਸ਼ ਕਰਨ ਅਤੇ ਉਹਨਾਂ ਨੂੰ ਠੀਕ ਕਰਨ ਲਈ ਮਕਾਨ-ਮਾਲਕਾਂ ਲਈ ਨਵੀਆਂ ਸਮਾਂ-ਸੀਮਾਵਾਂ ਨਿਰਧਾਰਤ ਕਰਦਾ ਹੈ।**

ਹਰ ਕੋਈ ਸੁਰੱਖਿਅਤ, ਮਜ਼ਬੂਤ ਅਤੇ ਠੀਕ ਤਰੀਕੇ ਨਾਲ ਸੰਭਾਲੇ ਹੋਏ ਘਰ ਦਾ ਹੱਕਦਾਰ ਹੈ। ਖਤਰਨਾਕ ਹਾਲਤਾਂ ਵਿੱਚ ਰਹਿਣ ਨਾਲ ਤੁਹਾਡੀ ਸਿਹਤ ਅਤੇ ਭਲਾਈ 'ਤੇ ਵੱਡਾ ਅਸਰ ਪੈ ਸਕਦਾ ਹੈ। ਅਵਾਬ ਦਾ ਕਨੂੰਨ (Awaab's Law) ਇਕ ਨਵਾਂ ਕਨੂੰਨ ਹੈ ਜੋ ਚੀਜ਼ਾਂ ਨੂੰ ਜਲਦੀ ਠੀਕ ਕਰਨ ਵਿੱਚ ਮਦਦ ਕਰਦਾ ਹੈ, ਕਿਉਂਕਿ ਇਹ ਮਾਲਕਾਂ ਲਈ ਸਮੇਂ ਦੀਆਂ ਹੱਦਾਂ ਨਿਰਧਾਰਤ ਕਰਦਾ ਹੈ ਕਿ ਉਹ ਘਰਾਂ ਵਿੱਚ ਖ਼ਤਰਨਾਕ ਹਾਲਤਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਠੀਕ ਕਰਨ।

### ਅਵਾਬ ਦਾ ਕਨੂੰਨ ਕੀ ਹੈ?

'ਅਵਾਬ' – ਕਨੂੰਨ ਦਾ ਨਾਂ ਦੋ ਸਾਲਾ ਅਵਾਬ ਇਸ਼ਾਕ ਦੀ ਯਾਦ ਵਿੱਚ ਰੱਖਿਆ ਗਿਆ ਹੈ, ਜਿਸ ਦੀ ਘਰ ਵਿੱਚ ਲੰਮੇ ਸਮੇਂ ਤੱਕ ਉੱਲੀ ਦੇ ਅਸਰ ਕਾਰਨ ਦਰਦਨਾਕ ਮੌਤ ਹੋ ਗਈ ਸੀ। ਇਸ ਨਵੇਂ ਕਨੂੰਨ ਦਾ ਪਹਿਲਾ ਪੜਾਅ **27 ਅਕਤੂਬਰ 2025** ਤੋਂ ਲਾਗੂ ਹੋ ਗਿਆ ਹੈ, ਤਾਂ ਜੋ ਸੋਸ਼ਲ ਹਾਊਸਿੰਗ ਕਿਰਾਏਦਾਰਾਂ ਨੂੰ ਵਧੇਰੇ ਸੁਰੱਖਿਆ ਮਿਲ ਸਕੇ।

### ਇਸ ਦਾ ਕੀ ਅਰਥ ਹੈ?

ਕਿਰਾਏਦਾਰਾਂ ਲਈ ਮਹੱਤਵਪੂਰਨ ਤਬ-ਦੀਲੀ ਇਹ ਹੈ ਕਿ ਮਕਾਨ ਮਾਲਕਾਂ ਨੂੰ ਹੁਣ ਕਿਰਾਏਦਾਰਾਂ ਵੱਲੋਂ ਕਿਸੇ ਮੁੱਦੇ ਦੀ ਰਿ-ਪੋਰਟ ਕੀਤੇ ਜਾਣ 'ਤੇ ਜਵਾਬ ਦੇਣ ਲਈ ਸਖ਼ਤ ਸਮਾਂ-ਸੀਮਾਵਾਂ ਦੀ ਪਾਲਣਾ ਕਰਨੀ ਪਵੇਗੀ।

- ਐਮਰਜੈਂਸੀ ਖਤਰਿਆਂ (ਜਿਵੇਂ ਟੁੱਟੇ ਬੋਇਲਰ, ਬਿਜਲੀ ਦੇ ਖ਼ਤਰਨਾਕ ਨੁਕਸ, ਟੁੱਟੇ ਹੋਏ ਬਾਹਰੀ ਦਰਵਾਜ਼ੇ ਜਾਂ ਖਿੜਕੀਆਂ, ਗੰਭੀਰ ਲੀਕੇਜ) ਨੂੰ **24 ਘੰਟਿਆਂ** ਦੇ ਅੰਦਰ ਜਾਂਚ ਕੇ ਸੁਰੱਖਿਅਤ ਬਣਾਇਆ ਜਾਣਾ ਚਾਹੀਦਾ ਹੈ।
- ਗੰਭੀਰ ਸਲ੍ਹਾਬਾ ਅਤੇ ਉੱਲੀ ਦੇ ਖਤਰਿਆਂ ਦੀ ਜਾਂਚ **10 ਕੰਮਕਾਜ ਦੇ ਦਿਨਾਂ** ਦੇ ਅੰਦਰ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ ਤੋਂ ਬਾਅਦ ਹੋਰ **5 ਕੰਮ ਕਾਜ ਦੇ ਦਿਨਾਂ** ਵਿੱਚ ਸੁਰੱਖਿਅਤ ਬਣਾਇਆ ਜਾਣਾ ਚਾਹੀਦਾ ਹੈ।

ਅਕਤੂਬਰ ਤੋਂ ਅਵਾਬ ਕਨੂੰਨ ਸਾਰੇ ਐਮਰਜੈਂਸੀ ਖ਼ਤਰਿਆਂ ਅਤੇ ਸਾਰੇ ਸਲ੍ਹਾਬੇ ਤੇ ਉੱਲੀ ਨੂੰ ਕਵਰ ਕਰੇਗਾ, ਜੋ ਕਿਰਾਏਦਾਰਾਂ ਲਈ ਗੰਭੀਰ ਖ਼ਤਰਾ ਬਣਦੀ ਹੈ। 2026 ਅਤੇ 2027 ਵਿੱਚ ਹੋਰ ਕਈ ਖ਼ਤਰਿਆਂ ਨੂੰ ਵੀ ਇਸ ਕਨੂੰਨ ਦੇ ਅਧੀਨ ਲਿਆਂਦਾ ਜਾਵੇਗਾ।

### ਆਪਣੇ ਮਾਲਕ ਤੋਂ ਕੀ ਉਮੀਦ ਰੱਖੋ:

ਜੇ ਤੁਹਾਡੇ ਘਰ ਵਿੱਚ ਕੋਈ ਸਮੱਸਿਆ ਹੈ, ਖ਼ਾਸਕਰ ਜੇ ਤੁਸੀਂ ਸਮਝਦੇ ਹੋ ਕਿ ਇਹ ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਖ਼ਤਰਾ ਬਣ ਸਕਦੀ ਹੈ, ਤਾਂ ਇਸ ਨੂੰ ਤੁਰੰਤ ਆਪਣੇ ਮਾਲਕ ਨੂੰ ਦੱਸੋ। ਇਹ ਰਿਪੋਰਟ ਕਰਨ ਦੇ ਕਈ ਤਰੀਕੇ ਹਨ, ਉਦਾਹਰਨ ਵਜੋਂ ਸਿੱਧੇ ਮਾਲਕ ਦੀ ਵੈਬਸਾਈਟ ਤੋਂ, ਈਮੇਲ ਰਾਹੀਂ, ਫੋਨ ਰਾਹੀਂ ਜਾਂ ਸਿੱਧੇ ਮਿਲ ਕੇ।

ਮਾਲਕ ਸਮੱਸਿਆ ਨੂੰ ਵੇਖਣਗੇ ਅਤੇ ਨਿ-ਰਧਾਰਤ ਕਰਨਗੇ ਕਿ ਕੀ ਇਹ ਅਵਾਬ ਕਨੂੰਨ ਦੇ ਅਧੀਨ ਆਉਂਦੀ ਹੈ। ਜੇ ਆਉਂਦੀ ਹੈ, ਤਾਂ ਉਨ੍ਹਾਂ ਨੂੰ ਸਮੇਂ ਦੀਆਂ ਨਵੀਆਂ ਹੱਦਾਂ ਵਿੱਚ ਜਵਾਬ ਦੇਣਾ ਪਵੇਗਾ।

ਐਮਰਜੈਂਸੀ ਖਤਰੇ, ਜੋ ਤੁਰੰਤ ਅਤੇ ਗੰਭੀਰ ਨੁਕਸਾਨ ਪਹੁੰਚਾ ਸਕਦੇ ਹਨ, **24 ਘੰਟਿਆਂ** ਦੇ ਅੰਦਰ ਜਾਂਚ ਕੇ ਸੁਰੱਖਿਅਤ ਬਣਾਏ ਜਾਣੇ ਚਾਹੀਦੇ ਹਨ। ਗੰਭੀਰ ਸਲ੍ਹਾਬੇ ਤੇ ਉੱਲੀ ਨੂੰ **10 ਕੰਮ ਕਾਜ ਦੇ ਦਿਨਾਂ** ਵਿੱਚ ਜਾਂਚਿਆ ਜਾਣਾ ਚਾਹੀਦਾ ਹੈ ਅਤੇ ਅਗਲੇ ਫਿਰ **5 ਕੰਮ ਕਾਜ ਦੇ ਦਿਨਾਂ** ਵਿੱਚ ਘਰ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ।

ਮਾਲਕ ਨੂੰ ਸਮੱਸਿਆ ਦੇ ਖਤਰੇ ਦਾ ਜਾਇਜ਼ਾ ਲੈਣ ਸਮੇਂ ਕਿਰਾਏਦਾਰ ਦੇ ਹਾਲ-ਤਾਂ ਨੂੰ ਵੀ ਧਿਆਨ ਵਿੱਚ ਰੱਖਣਾ ਪਵੇਗਾ। ਕਿਰਾਏਦਾਰਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਮੱਸਿਆ ਉਹਨਾਂ ਦੇ ਪਰਿਵਾਰ 'ਤੇ ਕਿਵੇਂ ਅਸਰ ਪਾ ਰਹੀ ਹੈ, ਇਹ ਵੀ ਰਿਪੋਰਟ ਵਿੱਚ ਦਰਜ ਕਰਨ।

### ਜੇਕਰ ਕਿਰਾਏਦਾਰ ਮਾਲਕ ਦੇ ਜਵਾਬ ਤੋਂ ਸੰਤੁਸ਼ਟ ਨਾ ਹੋਣ?

ਜੇ ਤੁਸੀਂ ਕੋਈ ਸਮੱਸਿਆ ਰਿਪੋਰਟ ਕੀਤੀ ਹੈ ਅਤੇ ਇਹ ਹੱਲ ਨਹੀਂ ਹੋਈ ਜਾਂ ਤੁਸੀਂ ਸੰਤੁਸ਼ਟ ਨਹੀਂ ਹੋ, ਤਾਂ ਸ਼ਿਕਾਇਤ ਪ੍ਰਕਿਰਿਆ ਰਾਹੀਂ ਆਪਣੇ ਮਕਾਨ ਮਾਲਕ ਦੀ ਸ਼ਿਕਾਇਤ ਕਰੋ। ਜੇ ਤੁਸੀਂ ਆਪਣੇ ਮਾਲਕ ਦੇ ਅੰਤਿਮ ਜਵਾਬ ਨਾਲ ਵੀ ਖੁਸ਼ ਨਹੀਂ ਹੋ, ਤਾਂ ਇਸ ਨੂੰ ਹਾਊਸਿੰਗ ਓਂਬਡਸਮੈਨ ਕੋਲ ਲੈ ਕੇ ਜਾ ਸਕਦੇ ਹੋ। ਇਹ ਮੁਫ਼ਤ ਹੈ, ਨਿਰਪੱਖ ਹੈ ਅਤੇ ਇਨਸਾਫ਼ ਪੂਰਨ ਜਾਂਚ ਕਰੇਗਾ।

ਹੋਰ ਜਾਣਕਾਰੀ ਲਈ ਕਿ ਅਵਾਬ ਦਾ ਕਨੂੰਨ ਕੀ ਹੈ, ਐਮਰਜੈਂਸੀ ਗੰਭੀਰ ਖ਼ਤਰੇ ਕੀ ਹਨ ਅਤੇ ਸਮੇਂ ਦੀਆਂ ਹੱਦਾਂ ਬਾਰੇ ਵਿਸਥਾਰ ਨਾਲ ਜਾਣਨ ਲਈ, ਕਿਰਪਾ ਕਰਕੇ **gov.uk/socialhousing** 'ਤੇ ਜਾਓ।

**ਚੀਜ਼ਾਂ ਨੂੰ ਤੇਜ਼ੀ ਨਾਲ ਠੀਕ ਕਰਨਾ।**




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਭਾਰਤ-ਚੀਨ ਸੀਮਾ ਵਿਵਾਦ ਦੌਰਾਨ ਤਾਜ਼ਾ ਗੱਲਬਾਤਾਂ ਦਾ ਦੌਰ ਸ਼ੁਰੂ

ਖਾਸ ਖਬਰ

## ✪ ਪੀਐੱਮ ਮੋਦੀ ਤੇ ਸ਼ੀ ਜਿਨਪਿੰਗ ਦੀ ਹੋਈ ਮੁਲਾਕਾਤ ✪ ਚੀਨ ਦੀਆਂ ਭਾਰਤ ਵਿਰੁੱਧ ਗਤੀਵਿਧੀਆਂ ਜਾਰੀ, ਪੈਂਗੋਂਗ ਝੀਲ ਤੇ ਬਣਾਇਆ ਜਾ ਰਿਹਾ ਚੀਨ ਵਲੋਂ ਏਅਰ ਡਿਫੈਂਸ ਕੰਪਲੈਕਸ

ਭਾਰਤ ਅਤੇ ਚੀਨ ਵਿਚਕਾਰ ਸੀਮਾ ਵਿਵਾਦ ਇੱਕ ਅਜਿਹਾ ਸੰਕਟ ਹੈ ਜੋ ਦਹਾਕਿਆਂ ਤੋਂ ਜਾਰੀ ਹੈ। 1962 ਦੀ ਜੰਗ ਤੋਂ ਲੈ ਕੇ 2020 ਦੇ ਗਲਵਾਨ ਟੱਕਰ ਤੱਕ, ਇਹ ਵਿਵਾਦ ਨਾ ਸਿਰਫ਼ ਦੋ ਪ੍ਰਮੁੱਖ ਦੇਸ਼ਾਂ ਵਿਚਾਲੇ ਅਸ਼ਾਂਤੀ ਦਾ ਜ਼ਿੰਮੇਵਾਰ ਰਿਹਾ ਹੈ, ਸਗੋਂ ਖੇਤਰੀ ਸੁਰੱਖਿਆ ਨੂੰ ਵੀ ਖ਼ਤਰੇ ਵਿੱਚ ਪਾ ਰਿਹਾ ਹੈ। ਪਰ ਅੱਜਕੱਲ੍ਹ, ਇੱਕ ਪਾਸੇ ਗੱਲਬਾਤਾਂ ਦਾ ਦੌਰ ਚੱਲ ਰਿਹਾ ਹੈ ਅਤੇ ਆਪਸੀ ਸਬੰਧ ਸੁਧਰਨ ਦੇ ਸੰਕੇਤ ਮਿਲ ਰਹੇ ਹਨ, ਉੱਧਰ ਚੀਨ ਦੀਆਂ ਇਤਰਾਜ਼ਯੋਗ ਗਤੀਵਿਧੀਆਂ ਵੀ ਜਾਰੀ ਹਨ। ਪੈਂਗੋਂਗ ਝੀਲ ਦੇ ਕੰਢੇ ਤੇ ਚੀਨ ਵੱਲੋਂ ਬਣਾਇਆ ਜਾ ਰਿਹਾ ਵਿਸ਼ਾਲ ਏਅਰ ਡਿਫੈਂਸ ਕੰਪਲੈਕਸ ਇੱਕ ਨਵੀਂ ਮਿਸਾਲ ਹੈ ਜੋ ਭਾਰਤੀ ਫੌਜ ਲਈ ਚੈਲਿੰਜ ਹੈ।

### ਸੀਮਾ ਵਿਵਾਦ ਦਾ ਇਤਿਹਾਸ: ਇੱਕ ਲੰਮੀ ਚੱਲ ਰਹੀ ਲੜਾਈ

ਭਾਰਤ ਅਤੇ ਚੀਨ ਵਿਚਕਾਰ 3,488 ਕਿਲੋਮੀਟਰ ਲੰਮੀ ਵਾਸਤਵਿਕ ਨਿਯੰਤਰਣ ਰੇਖਾ (ਲ੍ਹਅਛ) ਹੈ, ਜੋ ਪੂਰਬੀ ਲੱਦਾਖ ਤੋਂ ਲੈ ਕੇ ਅਰੁਣਾਚਲ ਪ੍ਰਦੇਸ਼ ਤੱਕ ਫੈਲੀ ਹੋਈ ਹੈ। ਇਹ ਵਿਵਾਦ 1950ਵਿਆਂ ਵਿੱਚ ਸ਼ੁਰੂ ਹੋਇਆ, ਜਦੋਂ ਚੀਨ ਨੇ ਤਿੱਬਤ ਨੂੰ ਆਪਣੇ ਵਿੱਚ ਮਿਲਾ ਲਿਆ ਅਤੇ ਅਕਸਾਈ ਚਿਨ ਨੂੰ ਆਪਣਾ ਹਿੱਸਾ ਬਣਾ ਲਿਆ। 1962 ਵਿੱਚ ਚੀਨ ਨੇ ਹਮਲਾ ਕੀਤਾ, ਜਿਸ ਵਿੱਚ ਹਜ਼ਾਰਾਂ ਭਾਰਤੀ ਸਿਪਾਹੀ ਸ਼ਹੀਦ ਹੋਏ। ਉਸ ਤੋਂ ਬਾਅਦ, ਡੋਕਲਾਮ (2017) ਅਤੇ ਗਲਵਾਨ (2020) ਵਰਗੀਆਂ ਘਟਨਾਵਾਂ ਨੇ ਤਣਾਅ ਨੂੰ ਵਧਾ ਦਿੱਤਾ। ਗਲਵਾਨ ਵਿੱਚ 20 ਭਾਰਤੀ ਅਤੇ 4 ਚੀਨੀ ਸਿਪਾਹੀਆਂ ਦੀ ਮੌਤ ਹੋਈ, ਜਿਸ ਕਾਰਣ ਦੋਹਾਂ ਦੇਸ਼ਾਂ ਦੇ ਸਬੰਧ ਵਿਗੜੇ।

2020 ਤੋਂ ਬਾਅਦ, ਭਾਰਤ ਨੇ ਚੀਨੀ ਐਪਸ ਬੈਨ ਕੀਤੀਆਂ, ਵਪਾਰਕ ਪਾਬੰਦੀਆਂ ਲਗਾਈਆਂ ਅਤੇ ਲੱਦਾਖ ਵਿੱਚ 50,000 ਤੋਂ ਵੱਧ ਸਿਪਾਹੀ ਤਾਇਨਾਤ ਕੀਤੇ। ਚੀਨ ਵੀ ਆਪਣੀ ਫੌਜ ਵਧਾ ਰਿਹਾ ਹੈ। ਪਰ 2024 ਵਿੱਚ ਫੌਜ ਪਿੱਛੇ ਹਟਣ ਕਾਰਣ ਕੁਝ ਰਾਹਤ ਮਿਲੀ ਸੀ। ਹੁਣ, 2025 ਵਿੱਚ, ਗੱਲਬਾਤਾਂ ਨੇ ਨਵੀਂ ਰੌਸ਼ਨੀ ਪਾਈ ਹੈ।

ਚੀਨੀ ਰੱਖਿਆ ਮੰਤਰਾਲੇ ਨੇ 29 ਅਕਤੂਬਰ ਨੂੰ ਦੱਸਿਆ ਕਿ 25 ਅਕਤੂਬਰ ਨੂੰ ਮੋਲਡੋ-ਚੁਸ਼ੁਲ ਸਰਹੱਦੀ ਮੁਲਾਕਾਤ ਸਥਾਨ ਤੇ ਭਾਰਤ ਅਤੇ ਚੀਨ ਦੀਆਂ ਫੌਜਾਂ ਵਿਚਕਾਰ ਬੈਠਕ ਹੋਈ। ਇਸ ਬੈਠਕ ਵਿੱਚ ਦੋਹਾਂ ਚੀਨ ਤੇ ਭਾਰਤ ਨੇ ਸੀਮਾ ਦੇ ਪੱਛਮੀ ਹਿੱਸੇ (ਜਿਵੇਂ ਲੱਦਾਖ ਵਾਲਾ ਖੇਤਰ) ਨੂੰ ਸਹੀ ਤਰੀਕੇ ਨਾਲ ਨਿਭਾਉਣ ਬਾਰੇ ਪੂਰੀ ਦਿਲਚਸਪੀ ਅਤੇ ਬੜੀ ਡੂੰਘਾਈ ਨਾਲ ਗੱਲਬਾਤ ਕੀਤੀ ਤਾਂ ਜੋ ਸਰਹੱਦ ਤੇ ਤਣਾਅ ਘੱਟ ਹੋਵੇ ਅਤੇ ਸ਼ਾਂਤੀ ਬਣੀ ਰਹੇ।

ਇਹ ਕੋਰ ਕਮਾਂਡਰ ਲੈਵਲ ਦੀ 23ਵੀਂ ਗਲਬਾਤ ਦਾ ਦੌਰ ਸੀ ਜੋ 2020 ਤੋਂ ਚੱਲ ਰਹੀ ਹੈ। ਪਿਛਲੀ ਗੱਲਬਾਤ ਅਕਤੂਬਰ 2024 ਵਿੱਚ ਹੋਈ ਸੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਗੱਲਬਾਤ 'ਦੋਸਤਾਨਾ ਅਤੇ ਆਪਸੀ ਭਰੋਸੇ ਵਾਲੇ ਮਾਹੌਲ' ਵਿੱਚ ਹੋਈ ਸੀ। ਦੋਹਾਂ ਨੇ ਬੀਤੇ ਸਮੇਂ ਦੌਰਾਨ ਗਲਬਾਤਾਂ ਦੌਰਾਨ ਹੋਈ ਤਰੱਕੀ ਨੂੰ ਨੋਟ ਕੀਤਾ ਅਤੇ ਕਿਹਾ ਕਿ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਬਣੀ ਹੋਈ ਹੈ। ਇਹ ਗੱਲਬਾਤ ਚੁਸ਼ੁਲ-ਮੋਲਡੋ ਪੁਆਇੰਟ ਤੇ ਭਾਰਤ ਵਾਲੇ ਪਾਸੇ ਹੋਈ, ਜੋ ਲੱਦਾਖ ਦੇ ਪੱਛਮੀ ਹਿੱਸੇ ਨੂੰ ਛੂੰਹਦੀ ਹੈ।

### ਪੀਐੱਮ ਮੋਦੀ ਅਤੇ ਸ਼ੀ ਜਿਨਪਿੰਗ ਦੀ ਮੁਲਾਕਾਤ: ਇੱਕ ਸਕਾਰਾਤਮਕ ਵਿਕਾਸ

ਸੀਮਾ ਤੇ ਮਾਹੌਲ ਸੁਧਾਰਨ ਲਈ ਉੱਚ ਪੱਧਰੀ ਗੱਲਬਾਤ ਜ਼ਰੂਰੀ ਹੈ। ਇਸੇ ਦਿਸ਼ਾ ਵਿੱਚ, ਅਗਸਤ 2025 ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਤਿਆਨਜਿਨ ਵਿੱਚ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ ਸੰਮੇਲਨ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਕੀਤੀ। ਇਹ ਪ੍ਰਧਾਨ ਮੰਤਰੀ ਮੋਦੀ ਦੀ 7 ਸਾਲਾਂ ਵਿੱਚ ਚੀਨ ਦੀ ਪਹਿਲੀ ਯਾਤਰਾ ਸੀ। ਮੋਦੀ ਨੇ ਇਸ ਗਲਬਾਤ ਨੂੰ 'ਉਸਾਰੂ' ਕਿਹਾ ਅਤੇ ਦੋਹਾਂ ਨੇ ਸ਼ਾਂਤੀ ਬਣਾਈ ਰੱਖਣ ਦੀ ਜ਼ਰੂਰਤ ਤੇ ਜ਼ੋਰ ਦਿੱਤਾ। ਸ਼ੀ ਨੇ ਕਿਹਾ ਕਿ ਭਾਰਤ ਅਤੇ ਚੀਨ 'ਸਹਿਯੋਗੀ ਹਨ, ਨਾ ਕਿ ਦੁਸ਼ਮਣ'। ਉਹਨਾਂ ਨੇ ਵਪਾਰਕ ਸਬੰਧ ਮਜ਼ਬੂਤ ਕਰਨ ਅਤੇ ਟਰੰਪ ਦੇ ਟੈਰਿਫ਼ਾਂ ਵਿੱਚ ਵਧ ਰਹੇ ਗਲੋਬਲ ਅਸਥਿਰਤਾ ਵਿੱਚ ਆਪਸੀ ਸਨਮਾਨ ਤੇ ਭਰੋਸੇ ਦੇ ਆਧਾਰ ਤੇ ਅੱਗੇ ਵਧਣ ਬਾਰੇ ਗੱਲ ਕੀਤੀ।

ਇਹ ਮੁਲਾਕਾਤ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ ਸੰਮੇਲਨ ਦੇ ਸਮੇਂ ਹੋਈ, ਜਿਸ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਟਿਨ ਵੀ ਸ਼ਾਮਲ ਸਨ। ਭਾਰਤ ਨੇ ਇਸ ਨੂੰ 'ਮਲਟੀਪੋਲਰ ਵਿਸ਼ਵ ਅਤੇ ਏਸ਼ੀਆ' ਲਈ ਜ਼ਰੂਰੀ ਕਿਹਾ, ਜਦਕਿ ਚੀਨ ਨੇ 'ਅੰਤਰਰਾਸ਼ਟਰੀ ਲੋਕਸ਼ਾਹੀ' ਤੇ ਜ਼ੋਰ ਦਿੱਤਾ। ਇਸ ਨਾਲ ਡਾਇਰੈਕਟ ਫਲਾਈਟਾਂ ਫਿਰ ਤੋਂ ਸ਼ੁਰੂ ਹੋ ਗਈਆਂ ਅਤੇ ਵੀਜ਼ੇ ਜਾਰੀ ਕਰਨ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਪਰ ਇਹ ਸਭ ਹੋਣ ਦੇ ਬਾਵਜੂਦ ਵੀ, ਗੱਲਬਾਤਾਂ ਵਿੱਚ ਪ੍ਰਗਤੀ ਸੀਮਤ ਹੈ। ਜੁਲਾਈ 2025 ਵਿੱਚ ਵੀ ਐਲਏਸੀ ਤੇ ਗੱਲਬਾਤ ਹੋਈ, ਜਿਸ ਨੂੰ ਭਾਰਤ ਨੇ 'ਸੰਤੋਸ਼ਜਨਕ' ਅਤੇ ਚੀਨ ਨੇ 'ਤਸਲੀਪੂਰਨ' ਕਿਹਾ। ਚੀਨ ਨੇ ਕਿਹਾ ਕਿ ਗੱਲਬਾਤ ਦਾ ਅਗਲਾ ਦੌਰ ਇਸੇ ਸਾਲ ਹੋਵੇਗਾ। ਪਰ ਗ੍ਰਾਊਂਡ ਰਿਐਲਟੀ ਵੱਖਰੀ ਹੈ ਅਕਤੂਬਰ 2024 ਵਿੱਚ ਲੱਦਾਖ ਵਿੱਚ ਤਕਰਾਰ ਖਤਮ ਹੋਇਆ, ਪਰ ਫਰੰਟਲਾਈਨ ਸਿਪਾਹੀ ਪੂਰੀ ਤਰ੍ਹਾਂ ਪਿੱਛੇ ਨਹੀਂ ਹਟੇ। ਅੱਜ ਵੀ ਲੱਦਾਖ ਵਿੱਚ 50,000 ਤੋਂ 60,000



ਸਿਪਾਹੀ ਤਾਇਨਾਤ ਹਨ।

### ਚੀਨ ਦੀਆਂ ਭਾਰਤ ਵਿਰੁੱਧ ਗਤੀਵਿਧੀਆਂ: ਪੈਂਗੋਂਗ ਝੀਲ ਤੇ ਵਿਸ਼ਾਲ ਏਅਰ ਡਿਫੈਂਸ ਕੰਪਲੈਕਸ

ਇੱਕ ਪਾਸੇ ਗੱਲਬਾਤਾਂ ਹਨ, ਉੱਧਰ ਚੀਨ ਦੀਆਂ ਗਤੀਵਿਧੀਆਂ ਭਾਰਤ ਨੂੰ ਚੁਣੌਤੀ ਦੇ ਰਹੀਆਂ ਹਨ। ਅਕਤੂਬਰ 2025 ਵਿੱਚ ਸੈਟੇਲਾਈਟ ਤਸਵੀਰਾਂ ਨੇ ਖੁਲਾਸਾ ਕੀਤਾ ਕਿ ਚੀਨ ਨੇ ਪੈਂਗੋਂਗ ਝੀਲ ਦੇ ਪੂਰਬੀ ਕੰਢੇ ਤੇ ਤਿੱਬਤ ਵਿੱਚ ਇੱਕ ਨਵਾਂ ਏਅਰ ਡਿਫੈਂਸ ਕੰਪਲੈਕਸ ਲਗਭਗ ਤਿਆਰ ਕਰ ਲਿਆ ਹੈ। ਇਹ ਥਾਂ ਗਲਵਾਨ ਘਾਟੀ ਤੋਂ 110 ਕਿਲੋਮੀਟਰ ਦੂਰ ਹੈ, ਜਿੱਥੇ 2020 ਵਿੱਚ ਹਿੰਸਕ ਝੜਪ ਹੋਈ ਸੀ। ਇੰਡੀਆ ਟੂੱਡੇ ਦੀ ਰਿਪੋਰਟ ਮੁਤਾਬਕ, ਇਸ ਕੰਪਲੈਕਸ ਵਿੱਚ ਕਮਾਂਡ ਐਂਡ ਕੰਟਰੋਲ ਬਿਲਡਿੰਗ, ਬੈਰੈਕ, ਵਾਹਨ ਸ਼ੈੱਡ, ਹਥਿਆਰਾਂ ਦਾ ਭੰਡਾਰ ਅਤੇ ਰਾਡਾਰ ਲਈ ਜਗ੍ਹਾ ਬਣੀ ਹੈ।

ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇੱਥੇ ਕਵਰਡ ਮਿਸਾਈਲ ਲੌਂਚ ਪੋਜ਼ੀਸ਼ਨ ਬਣੀਆਂ ਹਨ, ਜਿਨ੍ਹਾਂ ਵਿੱਚ ਸਲਾਈਡਿੰਗ ਛੱਤ ਲੱਗੀ ਹੋ ਸਕਦੀ ਹੈ। ਇਹ ਟ੍ਰਾਂਸਪੋਰਟਰ ਇਰੈਕਟਰ ਲੌਂਚਰ ਵਾਹਨਾਂ ਲਈ ਹਨ, ਜੋ ਐਚਕਿਊ-9 ਸਰਫੇਸ-ਟੂ-ਏਅਰ ਮਿਸਾਈਲਾਂ ਨੂੰ ਲੁਕਾ ਕੇ ਰੱਖਣ ਅਤੇ ਫਾਇਰ ਕਰਨ ਵਿੱਚ ਮਦਦ ਕਰਦੀਆਂ ਹਨ।

ਅਮਰੀਕੀ ਜੀਓ-ਇੰਟੈਲੀਜੈਂਸ ਕੰਪਨੀ ਆਲਸੋਰਸ ਐਨਾਲਸਿਸ ਨੇ ਇਸ ਨੂੰ ਪਹਿਲਾਂ ਪਛਾਣਿਆ ਸੀ। ਇਹ ਕੰਪਲੈਕਸ ਭਾਰਤ ਦੇ ਨਿਆਮਾ ਹਵਾਈ ਅੱਡੇ ਦੇ ਬਿਲਕੁਲ ਸਾਹਮਣੇ ਹੈ, ਜਿਸ ਨੂੰ ਹਾਲ ਹੀ ਵਿੱਚ ਨਵਾਂ ਬਣਾਇਆ ਗਿਆ ਹੈ। ਇਹ ਵਾਸਤਵਿਕ ਨਿਯੰਤਰਣ ਰੇਖਾ ਤੋਂ 65 ਕਿਲੋਮੀਟਰ ਦੂਰ ਹੈ। ਗਾਰ ਕਾਊਂਟੀ ਵਿੱਚ ਵੀ ਇਸੇ ਤਰ੍ਹਾਂ ਦਾ ਕੰਪਲੈਕਸ ਹੈ।

ਚੀਨ ਦੀਆਂ ਹੋਰ ਗਤੀਵਿਧੀਆਂ ਵੀ ਚਿੰਤਾ ਵਧਾਉਣ ਵਾਲੀਆਂ ਹਨ। ਉਹ ਹੋਤਾਨ-ਸ਼ੀਗਾਤਸੇ ਰੇਲ ਰਸਤੇ ਨੂੰ ਵਧਾ ਰਿਹਾ ਹੈ, ਜੋ ਲੱਦਾਖ ਦੇ ਤਣਾਅ ਵਾਲੇ ਖੇਤਰਾਂ ਨੂੰ ਛੂੰਹਦਾ ਹੈ। ਯਾਰਲੰਗ ਜ਼ੰਗਬੋ ਡੈਮ ਬਣਾ ਰਿਹਾ ਹੈ, ਜੋ ਭਾਰਤ ਲਈ ਪਾਣੀ ਦੀ ਸਮੱਸਿਆ ਪੈਦਾ ਕਰ ਸਕਦਾ ਹੈ। ਚੀਨ ਪਾਕਿਸਤਾਨ ਨੂੰ ਹਥਿਆਰ ਦੇ ਰਿਹਾ ਹੈ ਅਤੇ ਸੀਪੀਈਸੀ ਨੂੰ ਅੱਗੇ ਵਧਾ ਰਿਹਾ ਹੈ, ਜੋ ਭਾਰਤੀ ਖੇਤਰ ਤੋਂ ਲੰਘਦਾ ਹੈ। ਇਹ ਸਭ ਗੱਲਬਾਤ ਦੇ ਬਾਵਜੂਦ ਚੀਨ ਭਾਰਤ ਵਿਰੋਧੀ ਕਾਰਵਾਈਆਂ ਕਰ ਰਿਹਾ ਹੈ।

### ਚੀਨ ਅਜਿਹਾ ਕਿਉਂ ਕਰ ਰਿਹਾ ਹੈ ?

ਚੀਨ ਦੀਆਂ ਇਹ ਹਰਕਤਾਂ ਰਣਨੀਤਕ ਹਨ। ਉਹ ਭਾਰਤ ਨੂੰ ਆਪਣੇ ਪ੍ਰਭਾਵ ਵਿੱਚ ਰੱਖਣਾ ਚਾਹੁੰਦਾ ਹੈ। ਗਲੋਬਲ ਟੈਰਿਫ਼ਾਂ ਵਿੱਚ ਵਾਧੇ (ਖਾਸ ਕਰ ਟਰੰਪ ਦੇ ਕਾਰਨ) ਨੇ ਚੀਨ ਨੂੰ ਭਾਰਤ ਨਾਲ ਵਪਾਰ ਵਧਾਉਣ ਲਈ ਮਜਬੂਰ ਕੀਤਾ ਹੈ। ਪਰ ਸਰਹਦ ਉਪਰ ਉਹ ਆਪਣੀ ਫੌਜੀ ਤਾਕਤ ਵਧਾ ਰਿਹਾ ਹੈ ਤਾਂ ਜੋ ਭਾਰਤ ਨੂੰ ਧਮਕੀ ਦੇ ਸਕੇ। ਐਕਸਪਰਟਸ ਕਹਿੰਦੇ ਹਨ ਕਿ ਚੀਨ ਨੂੰ ਲੱਗਦਾ ਹੈ ਕਿ ਭਾਰਤ ਅਮਰੀਕਾ ਨਾਲ ਜੁੜਿਆ ਹੋਇਆ ਹੈ, ਇਸ ਲਈ ਉਹ ਆਪਣੇ ਹਿੱਸੇ ਨੂੰ ਮਜ਼ਬੂਤ ਕਰ ਰਿਹਾ ਹੈ।

### ਭਾਰਤ ਦਾ ਪ੍ਰਤੀਕਰਮ: ਡੂੰਘੀ ਰਣਨੀਤੀ ਅਤੇ ਤਿਆਰੀ

ਭਾਰਤ ਚੀਨ ਦੀਆਂ ਹਰਕਤਾਂ ਨੂੰ ਹਲਕੇ ਵਿੱਚ ਨਹੀਂ ਲੈ ਰਿਹਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਜੂਨ 2025 ਵਿੱਚ ਚੀਨੀ ਕਾਊਂਟਰਪਾਰਟ ਨੂੰ ਕਿਹਾ ਕਿ ਵਿਵਾਦ ਦਾ 'ਸਥਾਈ ਹੱਲ ਹੋਣਾ' ਚਾਹੀਦਾ ਹੈ। ਭਾਰਤ ਨੇ ਲੱਦਾਖ ਵਿੱਚ ਸੜਕਾਂ, ਪੁਲ ਅਤੇ ਏਅਰਫੀਲਡ ਬਣਾਏ ਹਨ। ਨਿਆਮਾ ਏਅਰਫੀਲਡ ਅਪਗ੍ਰੇਡ ਹੋਇਆ ਹੈ ਅਤੇ ਰਾਫੇਲ ਜਹਾਜ਼ ਤਾਇਨਾਤ ਕੀਤੇ ਗਏ ਹਨ। ਭਾਰਤ ਨੇ ਕਵਾਡ (ਕੁਆਡ) ਨਾਲ ਗਠਜੋੜ ਮਜ਼ਬੂਤ ਕੀਤਾ ਅਤੇ ਅਮਰੀਕਾ ਨਾਲ ਖੁੱਲ੍ਹੇ ਵਪਾਰ ਨੂੰ ਅੱਗੇ ਵਧਾਇਆ ਹੈ।

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਕਿ ਭਾਰਤ 'ਡੂਅਲ ਟਰੈਕ' ਅਪਣਾ ਰਿਹਾ ਹੈ: ਇੱਕ ਪਾਸੇ ਆਰਥਿਕ ਸਹਿਯੋਗ, ਉੱਧਰ ਸੀਮਾ ਤੇ ਸੁਰੱਖਿਆ। ਭਾਰਤ ਨੇ ਚੀਨ ਨਾਲ ਵਪਾਰ ਵਧਾਇਆ (2025 ਵਿੱਚ 100 ਅਰਬ ਡਾਲਰ ਤੋਂ ਵੱਧ), ਪਰ ਫੌਜੀ ਤਿਆਰੀ ਵੀ ਨਹੀਂ ਛੱਡੀ।

ਚੀਨ ਦੀਆਂ ਗਤੀਵਿਧੀਆਂ ਭਾਰਤ ਦਾ ਭਰੋਸਾ ਤੋੜਦੀਆਂ ਹਨ। ਟਰੰਪ ਦੇ ਟੈਰਿਫ਼ ਭਾਰਤ ਨੂੰ ਚੀਨ ਵੱਲ ਧੱਕ ਰਹੇ ਹਨ, ਪਰ ਭਾਰਤ ਨੂੰ ਆਪਣੀ ਰਣਨੀਤਕ ਆਜ਼ਾਦੀ ਬਚਾਉਣਾ ਚਾਹੁੰਦਾ ਹੈ। ਜੇ ਚੀਨ ਨੇ ਸੀਮਾ ਨੂੰ ਨਿਰਧਾਰਿਤ ਕਰਨ ਵਿੱਚ ਵਾਅਦਾ ਨਿਭਾਇਆ, ਤਾਂ ਰਿਸ਼ਤੇ ਨਵੀਂ ਉਚਾਈਆਂ ਛੂਹ ਸਕਦੇ ਹਨ। ਨਹੀਂ ਤਾਂ, ਇਹ ਵਿਵਾਦ ਜਾਰੀ ਰਹੇਗਾ।

# ਕੀ ਸਿਆਸੀ ਭਵਿੱਖ ਹੈ ਭਾਜਪਾ ਦਾ ਪੰਜਾਬ ਵਿਚ ?

**✪ ਕੀ ਕੈਪਟਨ ਦੀ ਸਰਗਰਮੀ ਨਾਲ ਪੰਜਾਬ ਭਾਜਪਾ ਵਿੱਚ ਨਵੀਂ ਉਮੀਦ ਜਾਗੇਗੀ ✪ ਕੀ 2027 ਚੋਣਾਂ ਵਿਚ ਭਾਜਪਾ ਅਕਾਲੀ ਦਲ ਨਾਲ ਗਠਜੋੜ ਕਰੇਗੀ ? ✪ ਪੰਜਾਬ ਭਾਜਪਾ ਵਿਚ ਸਿੱਖ ਲੀਡਰ ਕਿਉਂ ਕਾਮਯਾਬ ਨਾ ਹੋਏ ?**



ਕੁਛ ਅਰਸੇ ਤੋਂ ਸਿਹਤ ਸਮੱਸਿਆਵਾਂ ਕਾਰਨ ਦੂਰ ਰਹੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬੀਤੇ ਦਿਨੀਂ ਫ਼ਰੀਦਕੋਟ ਦੇ ਆਫ਼ਿਸਰਜ਼ ਕਲੱਬ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਆਪਣੇ ਸਾਬਕਾ ਓਐੱਸਡੀ ਸੰਦੀਪ ਸਿੰਘ ਸੰਨੀ ਬਰਾੜ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਇਆ। ਸੰਨੀ ਬਰਾੜ, ਜੋ ਕਾਂਗਰਸ ਸਰਕਾਰ ਵਿੱਚ ਕੈਪਟਨ ਦੇ ਨਜ਼ਦੀਕੀ ਸਨ, ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਚਲੇ ਗਏ ਸਨ ਅਤੇ ਸੁਖਬੀਰ ਸਿੰਘ ਬਾਦਲ ਵੱਲੋਂ ਓਐੱਸਡੀ ਨਿਯੁਕਤ ਕੀਤੇ ਗਏ ਸਨ। ਪਰ ਹੁਣ ਉਹ ਮੁੜ ਕੈਪਟਨ ਅਮਰਿੰਦਰ ਸਿੰਘ ਨਾਲ ਜੁੜ ਗਏ ਹਨ।

ਕੈਪਟਨ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ "ਪੰਜਾਬ ਨੂੰ ਅੱਜ ਭਾਜਪਾ ਦੀ ਅਗਵਾਈ ਦੀ ਜ਼ਰੂਰਤ ਹੈ। ਪੰਜਾਬੀ ਆਪ ਪਾਰਟੀ ਦੀ ਬਦਲਾਅ ਦੀ ਅਸਲੀਅਤ ਸਮਝ ਚੁਕੇ ਹਨ। ਲੋਕ ਬਦਲਾਅ ਲਈ ਸੋਚਣ ਲੱਗ ਪਏ ਹਨ।" ਇਸ ਤੋਂ ਇਲਾਵਾ, ਉਨ੍ਹਾਂ ਨੇ ਪੰਡਿਤ ਨਹਿਰੂ ਤੋਂ ਲੈ ਕੇ ਨਰਿੰਦਰ ਮੋਦੀ ਤੱਕ ਦੇ ਪ੍ਰਧਾਨ ਮੰਤਰੀਆਂ ਵਿੱਚ ਮੋਦੀ ਨੂੰ ਬੈਸਟ ਆਖਿਆ। ਉਨ੍ਹਾਂ ਕਿਹਾ ਕਿ ਕੇਂਦਰੀ ਆਰਥਿਕ ਨੀਤੀਆਂ ਕਾਰਨ ਦੇਸ਼ ਵਿਕਾਸ ਦੇ ਰਾਹ ਤੇ ਹੈ। 2027 ਵਿਧਾਨ ਸਭਾ ਚੋਣਾਂ ਬਾਰੇ ਉਨ੍ਹਾਂ ਨੇ ਕਿਹਾ ਕਿ ਭਾਜਪਾ ਦਾ ਮੁੱਦਾ ਸਿਰਫ਼ ਰੁਜ਼ਗਾਰ ਤੇ ਵਿਕਾਸ ਹੋਵੇਗਾ। ਪਾਰਟੀ ਨਸ਼ਾ ਤੇ ਗੈਂਗਸਟਰਵਾਦ ਖ਼ਤਮ ਕਰਕੇ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਚਾਹੁੰਦੀ ਹੈ।

ਪਰ ਕੈਪਟਨ ਦੀ ਇਸ ਸਿਆਸੀ ਵਾਪਸੀ ਨੇ ਪੰਜਾਬ ਦੀ ਸਿਆਸਤ ਵਿੱਚ ਕਈ ਸਵਾਲ ਖੜ੍ਹੇ ਕਰ ਦਿੱਤੇ ਨੇ। ਕੀ ਭਾਜਪਾ ਹਾਈਕਮਾਂਡ ਨੇ ਉਨ੍ਹਾਂ ਨੂੰ ਫਿਰ ਤੋਂ ਸਰਗਰਮ ਕੀਤਾ ਹੈ ? ਇਹਨਾਂ ਸਵਾਲਾਂ ਨਾਲ ਹੀ ਭਾਜਪਾ ਦੀ ਰਣਨੀਤੀ ਵੱਲ ਨਜ਼ਰਾਂ ਟਿਕੀਆਂ ਹਨ। ਫ਼ਰੀਦਕੋਟ ਵਿੱਚ ਹੋਏ ਇਸ ਸਮਾਗਮ ਨੂੰ ਭਾਜਪਾ ਨੇ ਇੱਕ ਵੱਡੇ ਪ੍ਰੋਗਰਾਮ ਵਜੋਂ ਪੇਸ਼ ਕੀਤਾ, ਜਿੱਥੇ ਅਸ਼ਵਨੀ ਸ਼ਰਮਾ ਵੀ ਮੌਜੂਦ ਸਨ। ਸ਼ਰਮਾ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਲਾਅ ਐਂਡ ਆਰਡਰ ਖ਼ਤਮ ਹੋ ਗਿਆ ਹੈ। ਫਿਰੌਤੀਆਂ ਚੱਲ ਰਹੀਆਂ ਨੇ, ਧੀਆਂ-ਭੈਣਾਂ ਸੁਰੱਖਿਅਤ ਨਹੀਂ। ਉਨ੍ਹਾਂ ਨੇ ਕਿਹਾ, "ਗੱਲਾਂ ਨਾਲ ਕੁਝ ਨਹੀਂ ਬਣਦਾ। ਪੰਜਾਬ ਆਪਣੀ ਲਾਈਨ ਤੋਂ ਉਤਰ ਗਿਆ ਹੈ। ਵਪਾਰੀ ਤੋਂ ਇਲਾਵਾ ਕੋਈ ਵੀ ਬਾਸ਼ਿੰਦਾ ਸੁਰੱਖਿਅਤ ਨਹੀਂ,ਗੈਂਗਸਟਰਵਾਦ ਦਾ ਰਾਜ ਹੈ।" ਇਹ ਬਿਆਨ ਆਮ ਆਦਮੀ ਪਾਰਟੀ (ਆਪ) ਸਰਕਾਰ ਵਿਰੁੱਧ ਭਾਜਪਾ ਦੀ ਨਵੀਂ ਰਣਨੀਤੀ ਨੂੰ ਦਰਸਾਉਂਦੇ ਨੇ।

ਹਾਈਕਮਾਂਡ ਭਾਜਪਾ ਨੇ ਕੈਪਟਨ ਨੂੰ ਪੰਜਾਬ ਵਿਚ ਸਰਗਰਮ ਨਹੀਂ ਕੀਤਾ, ਨਾ ਹੀ ਉਨ੍ਹਾਂ ਦਾ ਤਰਨਤਾਰਨ ਦੀਆਂ ਚੋਣਾਂ ਵਿਚ ਸਟਾਰ ਪ੍ਰਚਾਰਕ ਵਜੋਂ ਨਾਮ ਹੈ। ਭਾਵੇਂ ਕੈਪਟਨ ਬੀਤੇ ਸਮੇਂ ਅਕਾਲੀ ਤੇ ਭਾਜਪਾ ਗੱਠਜੋੜ ਦੇ ਹੱਕ ਵਿਚ ਰਹੇ ਹਨ, ਪਰ ਹੁਣ ਹਾਈਕਮਾਂਡ ਦੇ ਰੌਂਅ ਨੂੰ ਪਛਾਣਦਿਆਂ ਬਾਦਲ ਦਲ ਪ੍ਰਤੀ ਆਪਣੇ ਤੇਵਰ ਤਿਖੇ ਕਰ ਦਿਤੇ ਹਨ। ਕੈਪਟਨ ਨੇ ਕਿਹਾ ਕਿ ਭਾਜਪਾ ਜਿਵੇਂ ਪੰਜਾਬ ਵਿੱਚ ਅੱਗੇ ਵਧ ਰਹੀ ਹੈ, ਉਸ ਨੂੰ ਗਠਜੋੜ ਦੀ ਜ਼ਰੂਰਤ ਨਹੀਂ। ਪਾਰਟੀ ਇਕੱਲੀਆਂ ਚੋਣਾਂ ਲੜ ਸਕਦੀ ਹੈ। ਇਹ ਬਿਆਨ ਅਕਾਲੀ ਦਲ ਲਈ ਝਟਕਾ ਹੈ, ਜੋ ਪਹਿਲਾਂ ਤੋਂ ਹੀ ਆਪ ਅਤੇ ਕਾਂਗਰਸ ਨਾਲ ਤਕਰਾਰ ਵਿੱਚ ਫਸੀ ਹੋਈ ਹੈ ਤੇ ਪੰਥ ਵਿਚ ਬਾਦਲ ਦਲ ਦੀ ਇਮੇਜ ਨਸ਼ਿਆਂ ਤੇ ਬੇਅਦਬੀ ਕਾਰਣ ਨੁਕਸਾਨੀ ਗਈ ਹੈ।

ਯਾਦ ਰਹੇ ਕਿ ਅਕਾਲੀ-ਭਾਜਪਾ ਗਠਜੋੜ 1996 ਤੋਂ ਚੱਲ ਰਿਹਾ ਸੀ, ਪਰ 2020 ਵਿੱਚ ਕਿਸਾਨ ਅੰਦੋਲਨ ਕਾਰਨ ਟੁੱਟ ਗਿਆ ਸੀ। ਉਸ ਵੇਲੇ ਅਕਾਲੀਆਂ ਨੇ ਐੱਮਪੀ ਹਰਸਿਮਰਤ ਬਾਦਲ ਦੇ ਅਸਤੀਫੇ ਤੋਂ ਬਾਅਦ ਐਨਡੀਏ ਛੱਡ ਦਿੱਤਾ ਸੀ। ਹੁਣ 2027 ਨੇੜੇ ਆ ਰਹੀਆਂ ਚੋਣਾਂ ਨਾਲ ਚਰਚਾਵਾਂ ਫਿਰ ਸ਼ੁਰੂ ਹੋ ਚੁਕੀਆਂ ਹਨ। ਰਾਜਨੀਤਕ ਵਿਸ਼ਲੇਸ਼ਕ ਕਹਿੰਦੇ ਨੇ ਕਿ ਭਾਜਪਾ ਹੁਣ ਪੰਜਾਬ ਵਿੱਚ ਇਕੱਲੀ ਖੜ੍ਹੀ ਹੋਣਾ ਚਾਹੁੰਦੀ ਹੈ। ਅਕਾਲੀ ਦਲ ਦਾ ਵੋਟ ਬੈਂਕ ਘੱਟ ਰਿਹਾ ਹੈ, ਜਦਕਿ ਭਾਜਪਾ ਸ਼ਹਿਰੀ ਹਿੰਦੂ ਅਤੇ ਦਲਿਤ ਵੋਟਾਂ ਨੂੰ ਟਾਰਗੈਟ ਕਰ ਰਹੀ ਹੈ। ਇਸ ਕਾਰਣ ਬਾਦਲ ਦਲ ਨੂੰ ਇਕੱਲਿਆਂ ਚੋਣਾਂ ਲੜਨੀਆਂ ਪੈ ਸਕਦੀਆਂ ਹਨ, ਜੋ ਉਨ੍ਹਾਂ ਦੀ ਸਿਆਸੀ ਹੋਂਦ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਸਿਆਸੀ ਵਿਸ਼ਲੇਸ਼ਕ ਆਖਦੇ ਹਨ ਕਿ ਕੈਪਟਨ ਦਾ ਪੰਜਾਬ ਰਾਜਨੀਤੀ ਵਿਚ ਕਾਮਯਾਬ ਹੋਣਾ ਸੌਖਾ ਨਹੀਂ, ਕਿਉਂਕਿ ਉਹ ਲੰਬੇ ਸਮੇਂ ਤੋਂ ਸਿਆਸਤ ਵਿਚ ਸਰਗਰਮ ਨਹੀਂ ਤੇ ਦੂਸਰਾ ਉਹਨਾਂ ਦਾ ਆਪਣੇ ਰਾਜ ਕਾਲ ਦੌਰਾਨ ਪੰਜਾਬੀਆਂ ਨਾਲ ਨਸ਼ਿਆਂ ਤੇ ਬੇਅਦਬੀ ਮਸਲੇ ਬਾਰੇ ਵਾਅਦਾ ਨਾ ਨਿਭਾਉਣ ਕਾਰਣ ਉਨ੍ਹਾਂ ਦਾ ਅਕਸ ਪੰਜਾਬੀਆਂ ਵਿਚ ਧੁੰਦਲਾ ਪਿਆ ਹੈ। ਹਾਲਾਂਕਿ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਨਸ਼ੇ ਨੂੰ ਖ਼ਤਮ ਕਰਨ ਦਾ ਵਾਅਦਾ ਨਹੀਂ ਕੀਤਾ ਸੀ, ਸਗੋਂ ਉਸ ਦੀ ਪਿਠ ਤੋੜਨ ਦਾ ਵਾਅਦਾ ਕੀਤਾ ਸੀ। ਪਰ ਕੈਪਟਨ ਦੇ ਰਾਜ ਦੌਰਾਨ ਪੰਜਾਬ ਵਿਚ ਨਸ਼ੇ ਵੀ ਵਧੇ, ਬੇਅਦਬੀਆਂ ਵੀ ਹੋਈਆਂ, ਪਰ ਦੋਸ਼ੀਆਂ ਉਪਰ ਕਾਰਵਾਈ ਨਹੀਂ ਹੋਈ। ਇਸ ਕਾਰਨ ਸਿੱਖ ਭਾਈਚਾਰੇ ਵਿੱਚ ਕੈਪਟਨ ਪ੍ਰਤੀ ਰੋਸ ਹੈ।

ਸਿਆਸੀ ਮਾਹਿਰਾਂ ਅਨੁਸਾਰ ਪੰਜਾਬ ਭਾਜਪਾ ਨੇ ਹਾਲੇ ਤਕ ਸਿਖ ਨੇਤਾ ਕਾਮਯਾਬ ਨਹੀਂ ਹੋਣ ਦਿਤਾ ਤੇ ਨਾ ਹੀ ਸੁਨੀਲ ਜਾਖੜ ਵਰਗਾ ਪੰਜਾਬ ਹਿਤੂ ਚਿਹਰਾ। ਨਵਜੋਤ ਸਿੰਘ ਸਿਧੂ ਤੇ ਇਕਬਾਲ ਸਿੰਘ ਲਾਲਪੁਰਾ ਵੀ ਪੰਜਾਬ ਭਾਜਪਾ ਕਾਰਣ ਕਾਮਯਾਬ ਨਹੀਂ ਹੋ ਸਕੇ। ਕਿਹਾ ਜਾਂਦਾ ਕਿ ਹਾਈਕਮਾਂਡ ਦੇ ਨੇੜੇ ਰਹੇ ਭਾਜਪਾ ਨੇਤਾ ਤਰਨਜੀਤ ਸਿੰਘ ਸੰਧੂ ਅੰਮ੍ਰਿਤਸਰ ਵਿਚ ਆਪਣੀ ਹਾਰ ਬਾਅਦ ਸਰਗਰਮ ਨਹੀਂ ਰਹਿ ਸਕੇ।

ਸੁਆਲ ਇਹ ਹੈ ਕਿ ਭਾਜਪਾ 2027 ਚੋਣਾਂ ਲਈ 117 ਸੀਟਾਂ ਤੇ ਤਿਆਰੀ ਕਰ ਰਹੀ ਹੈ। ਕੀ ਉਹ ਪੁਰਾਣੇ ਕੇਡਰ ਨਾਲ ਚੋਣ ਲੜੇਗੀ ਜਾਂ ਪੰਜਾਬ ਪਖੀ ਨਵੇਂ ਬਦਲਾਅ ਕਰੇਗੀ। ਕੀ ਪੰਜਾਬ ਤੇ ਪੰਥਕ ਮਸਲਿਆਂ ਨੂੰ ਹਲ ਕੀਤੇ ਬਿਨਾਂ, ਪੰਜਾਬ ਪਖੀ ਨਵੇਂ ਸਿੱਖ ਚਿਹਰਿਆਂ ਨੂੰ ਲਿਆਏ ਬਿਨਾਂ ਪੰਜਾਬ ਵਿਚ ਭਾਜਪਾ ਕਾਮਯਾਬ ਹੋ ਸਕੇਗੀ, ਇਹ ਅਹਿਮ ਸੁਆਲ ਹੈ। ਕੀ ਭਾਜਪਾ ਪੰਜਾਬ ਤੇ ਸਿੱਖ ਮੁਦੇ ਹੱਲ ਕੀਤੇ ਬਿਨਾਂ ਤੇ ਪੰਥਕ ਪਾਰਟੀਆਂ ਨਾਲ ਗਠਜੋੜ ਕੀਤੇ ਬਿਨਾਂ ਪੰਜਾਬ ਦਾ ਦਿਲ ਜਿਤ ਸਕਦੀ ਹੈ ? ਤਰਨਤਾਰਨ ਭਾਜਪਾ ਟੈਸਟ ਕੇਸ ਬਣੇਗਾ। ਇਸ ਤੋਂ ਅੰਦਾਜ਼ਾ ਹੋ ਜਾਵੇਗਾ ਪੰਜਾਬ ਵਿਚ ਭਾਜਪਾ ਦੀ ਅਸਲ ਸਥਿਤੀ ਕੀ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਹਾਈਕਮਾਂਡ ਨੂੰ ਪੰਜਾਬ ਤੇ ਸਿੱਖਾਂ ਦੀ ਸਥਿਤੀ ਨੂੰ ਸਮਝਕੇ ਪੰਜਾਬ ਪਖੀ ਨਵੀਂ ਰਣਨੀਤੀ ਅਪਨਾਉਂਣੀ ਪਵੇਗੀ।

## ਖਾੜੀ ਤੋਂ ਅੱਗੇ ਰੂਸ-ਗ੍ਰੀਸ-ਜਾਪਾਨ ਵੱਲ ਭਾਰਤੀ ਮਜ਼ਦੂਰਾਂ ਦਾ ਵਧਿਆ ਰੁਝਾਨ

**✪ ਵੱਧ ਵੇਤਨ, ਘੱਟ ਸਖ਼ਤੀ ਤੇ ਰੁਜਗਾਰ ਦੇ ਮੌਕੇ ਵਧ ✪ ਭਾਸ਼ਾ-ਕੁਸ਼ਲਤਾ-ਡਿਜੀਟਲ ਸਿਖਲਾਈ: ਭਰਤੀ ਸੰਸਥਾਵਾਂ ਮਜ਼ਦੂਰਾਂ ਨੂੰ ਕਰ ਰਹੀਆਂ ਤਿਆਰ ✪ ਚਮਕਦਾਰ ਵਿਗਿਆਪਨਾਂ ਵਿੱਚ ਧੋਖਾ: ਲਾਇਸੈਂਸ ਵਾਲੇ ਰਾਹ ਨਾਲ ਹੀ ਜਾਣ ਭਾਰਤੀ**

ਭਾਰਤੀ ਮਜ਼ਦੂਰ ਹੁਣ ਖਾੜੀ ਦੇਸ਼ਾਂ ਤੋਂ ਅੱਗੇ ਵਧ ਕੇ ਰੂਸ, ਗ੍ਰੀਸ ਤੇ ਜਾਪਾਨ ਵਿੱਚ ਨਵਾਂ ਭਵਿੱਖ ਬਣਾ ਰਹੇ ਹਨ। ਇਹ ਦੇਸ਼ ਵਿਚ ਆਬਾਦੀ ਘਟਣ ਤੇ ਕੰਮ ਵਾਲੀ ਉਮਰ ਦੇ ਲੋਕਾਂ ਦੀ ਘਾਟ ਕਾਰਨ ਭਾਰਤੀ ਮਜ਼ਦੂਰਾਂ ਨੂੰ ਬੁਲਾ ਰਹੇ ਹਨ। ਸਰਕਾਰੀ ਸਮਝੌਤੇ ਤੇ ਭਰਤੀ ਵਾਲੀਆਂ ਸੰਸਥਾਵਾਂ ਨੇ ਇਸ ਨੂੰ ਸੌਖਾ ਬਣਾ ਦਿੱਤਾ ਹੈ। ਪਿਛਲੇ ਸਾਲਾਂ ਵਿੱਚ ਲੱਖਾਂ ਮਜ਼ਦੂਰ ਨਵੇਂ ਦੇਸ਼ਾਂ ਵਿੱਚ ਪਹੁੰਚੇ ਹਨ, ਜਿਥੇ ਵੇਤਨ ਖਾੜੀ ਦੇਸਾਂ ਨਾਲੋਂ ਵੱਧ, ਸਖ਼ਤੀ ਘੱਟ ਤੇ ਰੁਜ਼ਗਾਰ ਦੇ ਮੌਕੇ ਵਧ ਹਨ। ਇਹ ਬਦਲਾਅ ਵਿਸ਼ਵ ਬਾਜ਼ਾਰ ਦੀ ਮੰਗ ਨਾਲ ਜੁੜਿਆ ਹੈ, ਜਿਸ ਵਿੱਚ ਨਿਰਮਾਣ, ਖੇਤੀ ਤੇ ਉਦਯੋਗ ਵਾਲੇ ਕੰਮਾਂ ਦੀ ਭਾਰੀ ਲੋੜ ਹੈ। ਰੂਸ ਨੇ 2025 ਵਿੱਚ ਵਿਦੇਸ਼ੀ ਕਾਮਿਆਂ ਦੇ ਕੋਟੇ ਵਿੱਚੋਂ 71,817 ਥਾਵਾਂ ਭਾਰਤੀਆਂ ਲਈ ਰਾਖਵੀਆਂ ਰੱਖੀਆਂ ਹਨ। ਗ੍ਰੀਸ ਨਿਰਮਾਣ, ਖੇਤੀ ਤੇ ਮਹਿਮਾਨਖ਼ਾਨੇ ਵਾਲੇ ਖੇਤਰਾਂ ਵੇਟਰ, ਬਾਵਰਚੀ, ਸਫ਼ਾਈ ਕਰਮਚਾਰੀ, ਰਿਸੈਪਸ਼ਨਿਸਟ ਲਈ ਮਜ਼ਦੂਰ ਬੁਲਾ ਰਿਹਾ ਹੈ। ਜਾਪਾਨ ਨੇ ਅਗਲੇ ਪੰਜ ਸਾਲਾਂ ਵਿੱਚ 50,000 ਕੁਸ਼ਲ ਭਾਰਤੀਆਂ ਨੂੰ ਸਿਖਲਾਈ ਤੇ ਰੁਜ਼ਗਾਰ ਦੇਣ ਦੀ ਯੋਜਨਾ ਬਣਾਈ ਹੈ। ਭਾਰਤ ਸਰਕਾਰ ਨੇ ਇਟਲੀ, ਸਪੇਨ, ਆਸਟ੍ਰੀਆ, ਗ੍ਰੀਸ, ਇਜ਼ਰਾਈਲ, ਤਾਈਵਾਨ, ਮਲੇਸ਼ੀਆ, ਡੈਨਮਾਰਕ ਤੇ ਬਰਤਾਨੀਆ ਨਾਲ ਪਰਵਾਸ ਬਾਰੇ ਸਮਝੌਤੇ ਕੀਤੇ ਹਨ। ਕਰੋਏਸ਼ੀਆ, ਫਿਨਲੈਂਡ, ਗੁਆਨਾ, ਰੂਸ ਤੇ ਸਵਿੱਟਜ਼ਰਲੈਂਡ ਨਾਲ ਗੱਲਬਾਤ ਅੱਗੇ ਵਧ ਰਹੀ ਹੈ। ਜਨਵਰੀ 2020 ਤੋਂ ਜੂਨ 2025 ਤੱਕ ਨਿਰਮਾਣ ਤੇ ਕਿਰਤ ਵਾਲੇ ਕੰਮਾਂ ਲਈ 16 ਲੱਖ ਤੋਂ ਵੱਧ ਭਾਰਤੀਆਂ ਨੂੰ ਵਿਦੇਸ਼ ਜਾਣ ਦੀ ਮਨਜ਼ੂਰੀ ਮਿਲੀ। 2025 ਵਿੱਚ ਭਾਰਤ ਨੂੰ ਵਿਦੇਸ਼ਾਂ ਤੋਂ ਭੇਜੇ ਪੈਸੇ 135 ਅਰਬ ਡਾਲਰ ਮਿਲੇ ਸਨ।

ਭਰਤੀ ਸੰਸਥਾਵਾਂ ਜਿਵੇਂ ਡਾਇਨੈਮਿਕ ਸਟਾਫਿੰਗ ਸਰਵਿਸਿਜ਼ ਤੇ ਬੀਸੀਐੱਮ ਗਰੁੱਪ ਮਜ਼ਦੂਰਾਂ ਨੂੰ ਭਾਸ਼ਾ, ਕੁਸ਼ਲਤਾ ਤੇ ਡਿਜੀਟਲ ਜਾਣਕਾਰੀ ਦਿੰਦੀਆਂ ਹਨ। ਗ੍ਰੀਕ, ਰੂਸੀ ਜਾਂ ਜਾਪਾਨੀ ਬੋਲੀ ਸਿਖਾਈ ਜਾਂਦੀ ਹੈ। ਕੰਮ ਵਾਲੀਆਂ ਥਾਵਾਂ ਤੇ ਜਾਂਚ, ਇੰਟਰਵਿਊ ਤੇ ਵੀਜ਼ਾ ਪ੍ਰਕਿਰਿਆ ਪੂਰੀ ਕੀਤੀ ਜਾਂਦੀ ਹੈ। ਪਰ ਭਾਰਤੀਆਂ ਨੂੰ ਠੱਗ ਏਜੰਟਾਂ ਤੋਂ ਬਚਣ ਦੀ ਲੋੜ ਹੈ। ਸੋਸ਼ਲ ਮੀਡੀਆ ਤੇ ਚਮਕਦਾਰ ਵਿਗਿਆਪਨ ਅਕਸਰ ਧੋਖੇ ਵਾਲੇ ਹੁੰਦੇ ਹਨ। ਬਿਨਾਂ ਲਾਇਸੈਂਸ ਵਾਲੇ ਏਜੰਟ ਪੈਸੇ ਲੈ ਕੇ ਗ਼ਾਇਬ ਹੋ ਜਾਂਦੇ ਹਨ। ਵਿਦੇਸ਼ ਮੰਤਰਾਲੇ ਦੇ ਪੋਰਟਲ ਤੇ 3,500 ਤੋਂ ਵੱਧ ਗ਼ੈਰਕਾਨੂੰਨੀ ਏਜੰਟਾਂ ਦੀ ਸੂਚੀ ਹੈ। ਭਾਰਤ ਦੇ ਠੱਗ ਏਜੰਟਾਂ ਵਲੋਂ ਰੂਸ ਵਿੱਚ ਕੁਝ ਮਜ਼ਦੂਰਾਂ ਨੂੰ ਯੁੱਧ ਵਿੱਚ ਧੱਕ ਦਿੱਤਾ ਗਿਆ। ਲਾਇਸੈਂਸ ਵਾਲੀਆਂ ਸੰਸਥਾਵਾਂ 2014 ਵਿੱਚ 1,347 ਸਨ, ਹੁਣ 1,988 ਹੋ ਗਈਆਂ ਹਨ। ਇਹ ਪਾਰਦਰਸ਼ੀ ਹਨ ਤੇ ਮਜ਼ਦੂਰਾਂ ਦੀ ਸੁਰੱਖਿਆ ਕਰਦੀਆਂ ਹਨ। ਮਾਹਿਰਾਂ ਮੁਤਾਬਕ ਭਾਰਤੀਆਂ ਨੂੰ ਕਾਨੂੰਨੀ ਰਾਹ ਅਪਣਾਉਣ ਦੀ ਲੋੜ ਹੈ। ਪਾਕਿਸਤਾਨ, ਬੰਗਲਾਦੇਸ਼ ਤੇ ਫਿਲੀਪੀਨਜ਼ ਵਾਲੇ ਮਜ਼ਦੂਰ ਵੀ ਮੁਕਾਬਲੇ ਵਿੱਚ ਹਨ, ਪਰ ਭਾਰਤੀ ਮਿਹਨਤ ਤੇ ਸਿਖਲਾਈ ਨਾਲ ਅੱਗੇ ਹਨ। ਨਵੇਂ ਦੇਸ਼ਾਂ ਵਿੱਚ ਮੌਕੇ ਵਧ ਰਹੇ ਹਨ, ਪਰ ਸਹੀ ਪਹੁੰਚ ਤੇ ਨੀਤੀ ਅਪਨਾਉਣੀ ਜ਼ਰੂਰੀ ਹੈ।

ਗੁਰਮੀਤ ਸਿੰਘ ਪਲਾਹੀ
-9815802070

# ਆਰ. ਟੀ. ਆਈ. ਕਾਨੂੰਨ ਦੀ ਘੱਟ ਰਹੀ ਰੌਸ਼ਨੀ



**ਸੂਚਨਾ ਦਾ ਅਧਿਕਾਰ ਕਾਨੂੰਨ ਆਰ. ਟੀ. ਆਈ. ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਦੋ ਦਹਾਕੇ ਪਹਿਲਾਂ ਲਾਗੂ ਕੀਤਾ ਗਿਆ ਸੀ। ਇਹ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਇੱਕ ਉਮੀਦ ਸੀ। ਜਦੋਂ ਇਹ ਕਾਨੂੰਨ ਲਾਗੂ ਹੋਇਆ, ਉਸ ਵੇਲੇ ਆਮ ਜਨਤਾ ਸ਼ਾਸਨ, ਪ੍ਰਸ਼ਾਸਨ ਤੋਂ ਸਵਾਲ ਪੁੱਛਣ ਦੇ ਹੱਕ ਤੋਂ ਵਿਰਵੀ ਸੀ।ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਮਨਮਾਨੀ ਖ਼ਿਲਾਫ਼ ਕੋਈ ਠੋਸ ਸੰਦ (ਔਜ਼ਾਰ) ਆਮ ਨਾਗਰਿਕਾਂ ਕੋਲ ਨਹੀਂ ਸੀ ।**

ਜਿਵੇਂ ਵੀ ਅਤੇ ਜਿੱਥੇ ਵੀ ਦੇਸ਼ ਦੇ ਹਾਕਮਾਂ ਦਾ ਦਾਅ ਲੱਗਦਾ ਹੈ, ਉੱਥੇ ਹੀ ਲੋਕਾਂ ਦੇ ਹੱਕਾਂ 'ਚ ਬਣੇ ਕਾਨੂੰਨਾਂ, ਸੰਵਿਧਾਨਿਕ ਹੱਕਾਂ ਉੱਤੇ ਕੁਹਾੜੀ ਚਲਾਉਣ ਤੋਂ ਉਹ ਦਰੇਗ ਨਹੀਂ ਕਰਦੇ। ਲੋਕਤੰਤਰਿਕ ਵਿਵਸਥਾ ਨੂੰ ਢਾਹ ਲਗਾਉਣਾ, ਸਿੱਧੇ-ਅਸਿੱਧੇ ਢੰਗ ਨਾਲ ਲੋਕ-ਹਿਤੈਸ਼ੀ ਕਾਨੂੰਨਾਂ ਨੂੰ ਖੋਰਾ ਲਗਾਉਣਾ, ਸੰਘੀ ਢਾਂਚੇ ਦਾ ਸੰਘ ਘੁੱਟਣਾ ਕੇਂਦਰ ਸਰਕਾਰ ਦੀ ਫ਼ਿਤਰਤ ਬਣ ਚੁੱਕੀ ਹੈ ।

ਮੌਕਾ ਮਿਲਦਿਆਂ ਹੀ ਹਰ ਹੀਲਾ-ਵਸੀਲਾ ਵਰਤ ਕੇ ਪਹਿਲਾਂ ਕੇਂਦਰ ਸਰਕਾਰ ਵੱਲੋਂ ਸੀ. ਬੀ. ਆਈ., ਆਈ. ਡੀ. ਦੀ ਵਰਤੋਂ ਤਤਕਾਲੀ ਕਾਂਗਰਸ ਸਰਕਾਰਾਂ ਵਾਂਗਰ ਇਹਨਾਂ ਖ਼ੁਦਮੁਖਤਾਰ ਏਜੰਸੀਆਂ ਨੂੰ ਪਿੰਜਰਾ ਬੰਦ ਕੀਤਾ। ਫਿਰ ਭਾਰਤੀ ਰਿਜ਼ਰਵ ਬੈਂਕ, ਭਾਰਤੀ ਚੋਣ ਕਮਿਸ਼ਨ ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਕੰਮਾਂ-ਕਾਰਾਂ ਨੂੰ ਆਪਣੇ ਹਿੱਤ 'ਚ ਵਰਤਣ ਲਈ ਹੱਥ-ਕੰਢੇ ਵਰਤੇ।

ਸਿੱਟੇ ਵਜੋਂ ਹਾਕਮ ਧਿਰ ਵਿਰੋਧੀ ਪਾਰਟੀਆਂ ਵਾਲੇ ਰਾਜਾਂ ਦੀਆਂ ਸਰਕਾਰਾਂ ਨੂੰ ਖੁੱਡੇ ਲਾ ਕੇ, ਹਰ ਉਸ ਕੰਮ ਲਈ ਆਪਣੀ ਤਾਕਤ ਦੀ ਵਰਤੋਂ ਕਰਨ ਦੇ ਰਾਹ ਹੈ, ਜਿੱਥੇ ਉਸਨੂੰ ਸਿਆਸੀ ਲਾਭ ਮਿਲਦਾ ਹੈ ਅਤੇ ਜਿੱਥੇ ਉਸਦੀ ਆਪਣੀ ਕੁਰਸੀ ਪੱਕੀ ਹੁੰਦੀ ਹੈ।

ਦੇਸ਼ 'ਚ ਸਥਿਤੀ ਇਹ ਹੈ ਕਿ ਖ਼ੁਦਮੁਖਤਾਰ ਸੰਸਥਾਵਾਂ ਦੀ ਭਰੋਸੇਯੋਗਤਾ ਲਗਭਗ ਖ਼ਤਮ ਹੈ ਅਤੇ ਸੰਸਥਾਵਾਂ ਦੀ ਭਰੋਸੇਯੋਗਤਾ ਕਾਇਮ ਰੱਖਣ ਲਈ ਗ਼ਲਤ ਰੁਝਾਨ ਖ਼ਿਲਾਫ਼ ਹੋਕਾ ਦੇਣ ਵਾਲਿਆਂ ਦੀ ਨਿਰੰਤਰ ਕਮੀ ਵੇਖਣ ਨੂੰ ਮਿਲ ਰਹੀ ਹੈ।

ਸਤਰਕ ਨਾਗਰਿਕ ਸੰਗਠਨ (ਐਸ. ਐਨ. ਐਸ., ਸੁਸਾਇਟੀ ਫਾਰ ਸਿਟੀਜ਼ਨ ਵਿਜੀਲੈਂਸ ਇਨੀਸ਼ੀਏਟਿਵਜ਼) ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਦੇ 29 ਸੂਚਨਾ ਕਮਿਸ਼ਨਰਾਂ (ਆਰ. ਟੀ. ਆਈ ਕਮਿਸ਼ਨਰ) ਵਿੱਚੋਂ ਕਈ ਕਮਿਸ਼ਨ ਲਗਭਗ ਖ਼ਾਤਮੇ ਦੇ ਕੰਢੇ 'ਤੇ ਹਨ। ਝਾਰਖੰਡ, ਤ੍ਰਿਪੁਰਾ ਅਤੇ ਤੇਲੰਗਾਨਾ ਦੇ ਸੂਚਨਾ ਕਮਿਸ਼ਨ ਬੰਦ ਪਏ ਹਨ। ਕੇਂਦਰੀ ਸੂਚਨਾ ਕਮਿਸ਼ਨ ਵਿੱਚ ਵੀ ਵਧੇਰੇ ਅਸਾਮੀਆਂ ਖਾਲੀ ਹਨ। ਇਸ ਦਾ ਸਿੱਧਾ ਅਸਰ ਇਹ ਹੋਇਆ ਹੈ ਕਿ ਲੱਖਾਂ ਦੀ ਗਿਣਤੀ 'ਚ ਸੂਚਨਾ ਕਮਿਸ਼ਨ ਵਿੱਚ ਅਪੀਲਾਂ ਅਤੇ ਸ਼ਿਕਾਇਤਾਂ ਪੈਂਡਿੰਗ ਹਨ। ਕਈ ਸੂਬਿਆਂ ਵਿੱਚ ਤਾਂ ਇਹ ਮਾਮਲੇ ਦਾ ਨਿਪਟਾਰਾ ਹੋਣ ਲਈ ਸਾਲਾਂ ਲੱਗ ਜਾਂਦੇ ਹਨ। ਕੀ ਇਹ ਵਿਡੰਬਨਾ ਨਹੀਂ ਹੈ? ਕੀ ਇਹ ਲੋਕ-ਹਿਤੈਸ਼ੀ ਕਾਨੂੰਨ ਨਾਲ ਖਿਲਵਾੜ ਨਹੀਂ ਹੈ? ਕੀ ਆਰ.ਟੀ.ਆਈ. ਵਰਗੇ ਕਮਿਸ਼ਨ ਨੂੰ ਵੱਟੇ-ਖਾਤੇ ਪਾ ਦਿੱਤੇ ਗਿਆ ਹੈ।

ਸੂਚਨਾ ਐਕਟ ਸਮਾਂਬੱਧ ਸੂਚਨਾ ਦੇਣ ਦੀ ਗਰੰਟੀ ਦਿੰਦਾ ਹੈ। ਸਾਲ 2023-24 ਵਿੱਚ ਕੇਂਦਰੀ ਸੂਚਨਾ ਕਮਿਸ਼ਨ ਵਿੱਚ ਪਿਛਲੇ 10 ਸਾਲਾਂ ਦੇ ਮੁਕਾਬਲੇ ਦੁਗਣੇ ਤੋਂ ਵੀ ਜ਼ਿਆਦਾ ਆਰਜ਼ੀਆਂ ਦਾਇਰ ਹੋਈਆਂ, ਲੇਕਿਨ ਵੱਡੀ ਸੰਖਿਆ 'ਚ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ।

20 ਵਰ੍ਹੇ ਪਹਿਲਾਂ ਜਦੋਂ ਆਰ. ਟੀ. ਆਈ. ਕਾਨੂੰਨ ਆਇਆ ਸੀ, ਤਦ ਇਹ ਲੋਕਾਂ ਦੇ ਹੱਥਾਂ 'ਚ ਇੱਕ ਮਿਸ਼ਾਲ ਦੀ ਤਰ੍ਹਾਂ ਸੀ, ਜਿਸਨੇ ਹਨ੍ਹੇਰੇ ਚ ਰੌਸ਼ਨੀ ਫੈਲਾਈ। ਪਰ ਅੱਜ ਇਹ ਮਿਸ਼ਾਲ ਦੀ ਜੋ ਹਾਲਤ ਹੈ, ਉਸ ਸੰਬੰਧੀ ਵਿਚਾਰ ਕਰਨਾ ਤਾਂ ਬਣਦਾ ਹੀ ਹੈ।

ਜਿਵੇਂ ਮਗਨਰੇਗਾ ਕਾਨੂੰਨ ਦਾ (ਜਿਸ ਵਿੱਚ ਪੇਂਡੂ ਮਜ਼ਦੂਰਾਂ, ਕਿਸਾਨਾਂ ਲਈ 100 ਦਿਨਾਂ ਦਾ ਗਰੰਟੀ ਕੰਮ ਨਿਰਧਾਰਿਤ ਦਿਹਾੜੀ 'ਤੇ ਦੇਣ ਦਾ ਪ੍ਰਾਵਧਾਨ ਹੈ), ਮੌਜੂਦਾ ਕੇਂਦਰੀ ਸਰਕਾਰ ਨੇ ਭੱਠਾ ਬਿਠਾ ਦਿੱਤਾ ਹੈ। ਅਤੇ ਹਰ ਵਰ੍ਹੇ ਕੇਂਦਰੀ ਬਜ਼ਟ ਵਿੱਚ ਮਗਨਰੇਗਾ ਲਈ ਧਨ ਰਾਸ਼ੀ ਘਟਾਈ ਜਾ ਰਹੀ ਹੈ, ਉਵੇਂ ਹੀ ਸਿਹਤ, ਸਿੱਖਿਆ ਲਈ ਬਣਾਏ ਕਾਨੂੰਨਾਂ ਨੂੰ ਆਪਣੇ ਅਧਿਕਾਰ 'ਚ ਕਰਕੇ, ਕੇਂਦਰੀਕਰਨ ਰਾਹੀਂ ਯੂਨੀਵਰਸਿਟੀਆਂ, ਸਿੱਖਿਆ ਸੰਸਥਾਵਾਂ, ਸਿਹਤ ਸੰਸਥਾਵਾਂ 'ਚ ਆਪਣਾ ਖ਼ੂਨੀ ਪੰਜਾ ਕੱਸਿਆ ਹੈ। ਤਾਂ ਕਿ ਭਾਜਪਾ-ਆਰ. ਐੱਸ. ਐੱਸ. ਦੇ ਭਗਵਾਕਰਨ ਦੇ ਅਜੰਡੇ ਨੂੰ ਬਿਨਾਂ ਰੋਕ-ਟੋਕ ਲਾਗੂ ਕੀਤਾ ਜਾ ਸਕੇ ਅਤੇ ਕੋਈ ਵੀ ਸੂਝਵਾਨ ਵਿਅਕਤੀ, ਕੋਈ ਲੋਕ-ਹਿਤੈਸ਼ੀ ਸੂਚਨਾ ਨਾ ਮੰਗੇ, ਨਾ ਹੀ ਉਹਨਾਂ ਦੀ ਡਿਕਟੇਟਰਾਨਾ ਸੋਚ ਉੱਤੇ ਕਿੰਤੂ-ਪਰੰਤੂ ਕਰੇ।

ਦਰਜ਼ਨਾਂ ਨਹੀਂ ਸੈਂਕੜੇ ਉਦਾਹਰਨਾਂ ਹਨ ਕਿ ਵਿਰੋਧੀ ਰਾਜਾਂ ਦੇ ਗਵਰਨਰਾਂ (ਆਪਣੇ ਸੂਬੇਦਾਰਾਂ) ਰਾਹੀਂ ਕੇਂਦਰ ਸਰਕਾਰ ਵੱਲੋਂ ਚੁਣੀਆਂ ਸਰਕਾਰਾਂ ਲਈ ਪਰੇਸ਼ਾਨੀ ਖੜੀ ਕੀਤੀ ਜਾ ਰਹੀ ਹੈ ਅਤੇ ਕੇਂਦਰ ਆਪਣੇ ਹੱਥ ਹਰ ਖੇਤਰ 'ਚ ਮਜ਼ਬੂਤ ਕਰ ਰਿਹਾ ਹੈ ਅਤੇ ਰਾਜ ਸਰਕਾਰਾਂ ਨੂੰ ਪੰਗੂ ਬਣਾ ਕੇ ਸਿਰਫ਼ ਇੱਕ ਮਿਊਂਸੀਪੈਲਟੀ ਬਣਾਉਣ ਦੇ ਰਾਹ ਹੈ।

ਇਸ ਦੀ ਇੱਕ ਵੱਡੀ ਉਦਾਹਰਨ ਸੂਬੇ ਪੰਜਾਬ ਦੇ 59 ਵਰ੍ਹੇ ਸਥਾਪਨਾ ਦਿਵਸ ਦੇ ਪਹਿਲੇ ਦਿਨ ਪਹਿਲੀ ਨਵੰਬਰ 2025 ਨੂੰ ਭਾਰਤ ਸਰਕਾਰ ਨੇ ਪੰਜਾਬ ਦੀ ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਹਥਿਆਉਣ ਲਈ ਪੰਜਾਬ ਯੂਨੀਵਰਸਿਟੀ ਦੀ ਸੈਨਟ ਅਤੇ ਸਿੰਡੀਕੇਟ ਭੰਗ ਕਰ ਦਿੱਤੀ ਅਤੇ ਜਿਹੜੇ ਪਹਿਲਾਂ 15 ਮੈਂਬਰ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਵਿੱਚੋਂ ਚੁਣੇ ਜਾਂਦੇ ਸਨ। ਉਹ ਵਿਵਸਥਾ ਖ਼ਤਮ ਕਰ ਦਿੱਤੀ ਗਈ, ਜਿਸ ਦਾ ਸਿੱਧਾ ਅਰਥ ਯੂਨੀਵਰਸਟੀ ਦਾ ਕੰਟਰੋਲ ਕੇਂਦਰ ਸਰਕਾਰ ਵੱਲੋਂ ਆਪਣੇ ਹੱਥ 'ਚ ਲੈਣਾ ਹੈ।

ਸੂਚਨਾ ਦਾ ਅਧਿਕਾਰ ਕਾਨੂੰਨ ਆਰ. ਟੀ. ਆਈ. ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਦੋ ਦਹਾਕੇ ਪਹਿਲਾਂ ਲਾਗੂ ਕੀਤਾ ਗਿਆ ਸੀ। ਇਹ ਭਾਰਤੀ ਲੋਕਤੰਤਰ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਇੱਕ ਉਮੀਦ ਸੀ। ਜਦੋਂ ਇਹ ਕਾਨੂੰਨ ਲਾਗੂ ਹੋਇਆ, ਉਸ ਵੇਲੇ ਆਮ ਜਨਤਾ ਸ਼ਾਸਨ, ਪ੍ਰਸ਼ਾਸਨ ਤੋਂ ਸਵਾਲ ਪੁੱਛਣ ਦੇ ਹੱਕ ਤੋਂ ਵਿਰਵੀ ਸੀ। ਭ੍ਰਿਸ਼ਟਾਚਾਰ, ਕੁਸ਼ਾਸਨ ਅਤੇ ਮਨਮਾਨੀ ਖ਼ਿਲਾਫ਼ ਕੋਈ ਠੋਸ ਸੰਦ (ਔਜ਼ਾਰ) ਆਮ ਨਾਗਰਿਕਾਂ ਕੋਲ ਨਹੀਂ ਸੀ ।

ਸਾਲ 2005 ਵਿੱਚ ਇਹ ਕਾਨੂੰਨ ਸੰਸਦ ਵਿੱਚ ਪਾਸ ਹੋਇਆ। ਇਸ ਕਾਨੂੰਨ ਅਧੀਨ ਕੋਈ ਵੀ ਨਾਗਰਿਕ ਸਰਕਾਰੀ ਦਫ਼ਤਰ, ਵਿਭਾਗ ਜਾਂ ਸੰਸਥਾ ਤੋਂ ਪੁੱਛ ਸਕਦਾ ਹੈ ਕਿ ਉਸ ਕੋਲ ਜੋ ਸਰਕਾਰੀ ਧਨ ਹੈ, ਉਹ ਕਿੱਥੇ ਆਇਆ? ਕਿੱਥੇ ਖ਼ਰਚਿਆ ਗਿਆ? ਇਹ ਹੱਕ ਸਿਰਫ਼ ਦਸਤਾਵੇਜ ਵੇਖਣ ਤੱਕ ਸੀਮਤ ਨਹੀਂ ਸੀ ਬਲਕਿ ਸਰਕਾਰ ਤੋਂ ਜਵਾਬਦੇਹੀ ਲੈਣ ਦਾ ਇੱਕ ਵੱਡਾ ਔਜ਼ਾਰ ਸੀ।

ਭਾਵੇਂ ਕਿ ਇਸ ਕਾਨੂੰਨ ਨੇ ਸ਼ੁਰੂ 'ਚ ਕਾਫ਼ੀ ਅਸਰ ਵਿਖਾਇਆ। ਅਫ਼ਸਰਸ਼ਾਹੀ ਇਸ ਤੋਂ ਕਾਫ਼ੀ ਭੈ-ਭੀਤ ਹੋਈ। ਇਸ ਕਾਨੂੰਨ ਨਾਲ ਕਈ ਇਤਿਹਾਸਿਕ ਖ਼ੁਲਾਸੇ ਹੋਏ। ਵੱਖੋ-ਵੱਖਰੀਆਂ ਸਕੀਮਾਂ 'ਚ ਖ਼ਰਚਿਆ ਗਿਆ ਪੈਸਾ ਲੋਕਾਂ ਦੇ ਸਾਹਮਣੇ ਆਇਆ, ਜਿਸ ਨਾਲ ਕਈ ਮੁਕੱਦਮੇ ਦਰਜ ਹੋਏ ਅਤੇ ਇਸ ਐਕਟ ਦੇ ਰਾਹੀਂ ਪ੍ਰਾਪਤ ਸੂਚਨਾ ਨੇ ਸਿਆਸਤਦਾਨਾਂ, ਅਫ਼ਸਰਾਂ, ਦਲਾਲਾਂ ਦੀ ਤਿਕੜੀ ਦੇ ਕਈ ਖ਼ੁਲਾਸੇ ਕੀਤੇ। ਮੁੰਬਈ 'ਚ ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲੇ ਦਾ ਖ਼ੁਲਾਸਾ ਇਸੇ ਕਾਨੂੰਨ ਤਹਿਤ ਹੋਇਆ।

ਇਹ ਉਹ ਇਮਾਰਤ ਸੀ ਜੋ ਕਾਰਗਿਲ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਲਈ ਬਣਾਈ ਗਈ, ਪਰ ਉਸ ਵਿੱਚ ਨੌਕਰਸ਼ਾਹਾਂ, ਸਿਆਸਤਦਾਨਾਂ, ਸੈਨਾ ਦੇ ਉੱਚ ਅਧਿਕਾਰੀਆਂ ਨੂੰ ਸਸਤੇ ਭਾਅ ਪਲਾਟ ਦਿੱਤੇ ਗਏ। ਸਿੱਟੇ ਵਜੋਂ ਸੂਬੇ ਦੇ ਤਤਕਾਲੀ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ। ਰਾਸ਼ਟਰ ਮੰਡਲ ਖੇਡਾਂ ਦੇ ਆਯੋਜਨ ਸਮੇਂ ਸਰਵਜਨਕ ਘੁਟਾਲਾ, ਮਗਨਰੇਗਾ ਅਤੇ ਅਨਾਜ ਵੰਡ ਘੁਟਾਲੇ ਵੀ ਇਸ ਕਾਨੂੰਨ ਤਹਿਤ ਸੂਚਨਾ ਲੈਕੇ ਖੁੱਲ੍ਹੇ। ਚੋਣ ਬਾਂਡ ਨਾਲ ਜੁੜੀਆਂ ਗੁਪਤ ਸੂਚਨਾਵਾਂ ਵੀ ਇਸੇ ਕਾਨੂੰਨ ਤਹਿਤ ਲੋਕ ਕਚਹਿਰੀ 'ਚ ਖੁੱਲੀਆਂ।

ਅਸਲ 'ਚ ਇਹ ਕਾਨੂੰਨ ਪਿੰਡਾਂ ਦੇ ਲੋਕਾਂ ਲਈ ਰਾਸ਼ਨ, ਪੈਨਸ਼ਨ, ਮਜ਼ਦੂਰੀ 'ਚ ਬਕਾਇਆ ਆਦਿ ਦੇ ਲਈ ਵੱਡਾ ਆਸਰਾ ਬਣਿਆ। ਅਸਲ 'ਚ ਇਸ ਕਾਨੂੰਨ ਨੇ ਲੋਕਤੰਤਰ ਨੂੰ ਕੇਵਲ ਸੰਸਦੀ ਦਾਇਰੇ 'ਚ ਹੀ ਨਹੀਂ ਰੱਖਿਆ, ਸਗੋਂ ਲੋਕਾਂ ਦੀ ਆਮ ਜ਼ਿੰਦਗੀ ਤੱਕ ਵੀ ਇਸਦੀ ਪਹੁੰਚ ਬਣੀ।

ਪਰ ਸਫ਼ਲਤਾ ਦੀ ਪੌੜੀ ਚੜ੍ਹਕੇ ਇਹ ਕਾਨੂੰਨ ਧੜੰਮ ਕਰਕੇ (ਮੌਜੂਦਾ ਸਰਕਾਰ ਦੇ ਸਮੇਂ ਖ਼ਾਸ ਕਰਕੇ) ਡਿਗਿਆ ਹੈ। ਅੱਜ ਪਾਰਦਰਸ਼ਤਾ ਲੁਕਾਈ ਜਾ ਰਹੀ ਹੈ। ਅਫ਼ਸਰਸ਼ਾਹੀ ਨੇ ਇਸ ਕਾਨੂੰਨ ਨੂੰ ਸਿਆਸਤਦਾਨਾਂ ਦੀ ਸ਼ਹਿ 'ਤੇ ਛਿੱਕੇ ਟੰਗ ਦਿੱਤਾ ਹੈ। ਜਿਵੇਂ ਦੇਸ਼ 'ਚ ਲੋਕਤੰਤਰ ਗਾਇਬ ਹੋ ਰਿਹਾ ਹੈ, ਡਿਕਟੇਟਰਾਨਾ ਸੋਚ ਵਾਲੇ ਹਾਕਮ ਫੰਨ ਫੈਲਾਅ ਰਹੇ ਹਨ, ਉਵੇਂ ਹੀ ਲੋਕ-ਹਿੱਤੂ ਕਾਨੂੰਨ ਖ਼ਾਮੋਸ਼ ਕੀਤੇ ਜਾ ਰਹੇ ਹਨ।

ਇਹ ਗਹਿਰੀ ਖਾਮੋਸ਼ੀ ਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਅਧਿਕਾਰੀ ਜਾਣ-ਬੁਝ ਕੇ ਸੂਚਨਾ ਦੇਣ 'ਚ ਦੇਰੀ ਕਰਦੇ ਹਨ, ਉਹਨਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ, ਕਿਉਂਕਿ ਸੂਬਾਈ ਤੇ ਕੇਂਦਰੀ ਕਮਿਸ਼ਨ ਲਗਭਗ ਚੁੱਪੀ ਧਾਰੀ ਬੈਠੇ ਰਹਿੰਦੇ ਹਨ। ਅਸਲ 'ਚ ਜਵਾਬਦੇਹੀ ਦਾ ਦੌਰ ਜਿਵੇਂ-ਜਿਵੇਂ ਸਿਆਸਤ ਵਿੱਚੋਂ ਗਾਇਬ ਹੋ ਰਿਹਾ ਹੈ, ਉਵੇਂ ਹੀ ਕਾਨੂੰਨ ਬਣਾਉਣ, ਉਸ ਨੂੰ ਲਾਗੂ ਕਰਨ ਦੀ ਜਵਾਬਦੇਹੀ ਖ਼ਤਮ ਹੋ ਰਹੀ ਹੈ। "ਬੁਲਡੋਜ਼ਰ ਸਿਆਸਤ" ਸਮਾਜ ਅਤੇ ਸਿਆਸਤ ਵਿੱਚ ਭਾਰੂ ਹੋ ਰਹੀ ਹੈ, ਜਿੱਥੇ ਕਾਨੂੰਨ ਲੁਪਤ ਹੋ ਰਿਹਾ ਹੈ ਅਤੇ ਸਿਆਸੀ ਹਾਕਮ ਤੇ ਪੁਲਿਸ ਪ੍ਰਸ਼ਾਸਨ ਸਿੱਧਾ ਆਪੇ ਇਨਸਾਫ਼ ਕਰਦੇ ਤੇ ਆਪਣਾ ਜੰਗਲੀ ਕਾਨੂੰਨ ਲਾਗੂ ਕਰਦੇ ਹਨ।

ਸਾਲ 2005 ਤੋਂ ਹੁਣ ਤੱਕ ਆਰ. ਟੀ. ਆਈ. ਦੇ ਕਈ ਕਾਰਕੁਨਾਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਹੜੇ ਕਾਰਕੁਨ ਮਹਾਰਾਸ਼ਟਰ, ਕਰਨਾਟਕ, ਉੜੀਸਾ ਅਤੇ ਰਾਜਸਥਾਨ 'ਚ ਸਾਹਮਣੇ ਆਏ ਉਹਨਾਂ 'ਤੇ ਹਮਲੇ ਹੋਏ। ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ ਆਰ.ਟੀ.ਆਈ. ਕਾਰਕੁਨਾਂ ਨੂੰ ਸਰਕਾਰੀ ਸੁਰੱਖਿਆ ਨਹੀਂ ਹੈ। ਇਸੇ ਕਰਕੇ ਆਰ. ਟੀ. ਆਈ. ਅਧੀਨ ਸੂਚਨਾ ਲੈਣਾ ਔਖਾ ਹੋ ਗਿਆ ਹੈ।

ਭਾਵੇਂ ਕਿ ਸੂਚਨਾ ਅਧਿਕਾਰ ਲਾਗੂ ਹੋਣ ਨਾਲ ਲੋਕਾਂ ਦੇ ਹੌਂਸਲੇ ਵਧੇ। ਇਸ ਕਾਨੂੰਨ ਤਹਿਤ ਕੋਈ ਵੀ ਵਿਅਕਤੀ ਪ੍ਰਧਾਨ ਮੰਤਰੀ ਦਫ਼ਤਰ, ਸਿਆਸੀ ਪਾਰਟੀ ਅਤੇ ਭਾਰਤੀ ਰਿਜ਼ਰਵ ਬੈਂਕ ਤੱਕ ਦੀ ਜਵਾਬਦੇਹੀ ਬਣਾਉਂਦਾ ਹੈ ਪਰ ਵਿਡੰਬਨਾ ਇਹ ਹੈ ਕਿ ਉਹ ਪ੍ਰਸ਼ਾਸਨ ਪਾਰਦਰਸ਼ਤਾ ਨੂੰ ਲੁਕੋ ਲੈਂਦਾ ਹੈ ਅਤੇ ਸੂਚਨਾ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਇਸੇ ਕਰਕੇ ਸੂਚਨਾ ਦਾ ਅਧਿਕਾਰ ਕਾਨੂੰਨ ਕਮਜ਼ੋਰ ਹੋ ਗਿਆ ਹੈ ਤੇ ਹੋ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਜਦੋਂ ਬੇਰੁਜ਼ਗਾਰਾਂ ਦਾ ਡਾਟਾ ਇਸ ਕਾਨੂੰਨ ਤਹਿਤ ਮੰਗਿਆ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ। ਜਦੋਂ ਕੋਵਿਡ 'ਚ ਹੋਈਆਂ ਮੌਤਾਂ ਦੀ ਜਾਣਕਾਰੀ ਮੰਗੀ ਜਾਂਦੀ ਹੈ ਤਾਂ ਜਵਾਬ ਸਿੱਧਾ ਮਿਲਦਾ ਹੈ 'ਡਾਟਾ' ਉਪਲੱਬਧ ਨਹੀਂ।

ਅਸਲ 'ਚ ਹੁਣ ਅਧਿਕਾਰੀ ਇਸ ਕਾਨੂੰਨ ਤੋਂ ਨਹੀਂ ਡਰਦੇ। ਹੁਣ ਜਦੋਂ ਲੋਕ ਉਮੀਦ ਨਾਲ ਅਰਜ਼ੀ ਦਿੰਦੇ ਹਨ ਤਾਂ ਉਹਨਾਂ ਪੱਲੇ ਨਿਰਾਸ਼ਾ ਪੈਂਦੀ ਹੈ। ਜਿਸ ਢੰਗ ਨਾਲ ਦੇਸ਼ 'ਚ ਗ਼ੈਰ-ਲੋਕਤੰਤਰਿਕ ਸਥਿਤੀ ਪੈਦਾ ਹੋ ਗਈ ਹੈ, ਤਿਕੜੀ -ਰਾਜ ਪੂਰੇ ਦੇਸ਼ 'ਚ ਛਾਇਆ ਹੈ। ਰਾਜਨੀਤੀ ਦਾ ਅਪਰਾਧੀਕਰਨ ਹੋ ਗਿਆ ਹੈ। ਕਾਰਪੋਰੇਟ ਘਰਾਨਿਆਂ ਦੇਸ਼ 'ਤੇ ਜਕੜ ਪੀਡੀ ਕਰ ਲਈ ਹੈ। ਨਿੱਜੀਕਰਨ ਦੇਸ਼ 'ਚ ਵੱਧ ਰਿਹਾ ਹੈ ਅਤੇ ਸਿਆਸੀ ਲੋਕ, ਕਾਰਪੋਰੇਟਾਂ ਨੇ ਆਪਣੇ ਹੱਥਾਂ 'ਚ ਕਰ ਲਏ ਹਨ।

ਸਿਆਸੀ ਲੋਕਾਂ ਵੱਲੋਂ ਲੋਕ ਦਿਖਾਵੇ ਹਿੱਤ ਲੋਕਤੰਤਰ ਦਾ ਪਾਠ ਪੜਾਇਆ ਜਾ ਰਿਹਾ ਹੈ, ਪਰ ਲੋਕ-ਹਿਤੈਸ਼ੀ ਸਾਰੇ ਕਾਰਜਾਂ ਨੂੰ ਖ਼ਤਮ ਕਰਨ ਦਾ ਕਾਰਜ ਆਰੰਭਿਆ ਹੋਇਆ ਹੈ। ਇਸ ਤਹਿਤ ਖ਼ੁਦਮੁਖਤਿਆਰ ਸੰਸਥਾਵਾਂ ਨੂੰ ਖ਼ਤਮ ਤਾਂ ਨਹੀਂ ਕੀਤਾ ਜਾ ਰਿਹਾ ਹੈ ਪਰ ਇਹਨਾਂ ਨੂੰ ਅੰਦਰੋਂ ਖੋਰਾ ਲਾਇਆ ਜਾ ਰਿਹਾ ਹੈ।

ਇਸ ਕਾਨੂੰਨ ਨੇ ਲੋਕਤੰਤਰ ਵਿੱਚ ਇੱਕ ਨਵੀਂ ਰੂਹ ਫੂਕੀ ਸੀ। ਜਾਗਰੂਕਤਾ ਦੀ ਇੱਕ ਨਵੀਂ ਮਿਸ਼ਾਲ ਬਲੀ ਸੀ। ਸੂਚਨਾ ਦਾ ਕਾਨੂੰਨ ਅਧਿਕਾਰ ਸਾਨੂੰ ਦਰਸਾਉਂਦਾ ਹੈ ਕਿ ਲੋਕਤੰਤਰ ਸਿਰਫ਼ ਵੋਟ ਪਾਉਣ ਦਾ ਹੱਕ ਹੀ ਨਹੀਂ, ਸਗੋਂ ਸੱਤਾ ਵਿੱਚ ਜਵਾਬ ਮੰਗਣ ਦਾ ਹੱਕ ਵੀ ਹੈ।

ਕੀ ਅੱਜ ਦੀ ਸਥਿਤੀ ਵਿੱਚ ਇਹ ਸਮਾਂ ਨਹੀਂ ਆ ਰਿਹਾ ਕਿ ਨਾਗਰਿਕ ਸਮਾਜ, ਨਿਆਪਾਲਿਕਾ ਅਤੇ ਇਮਾਨਦਾਰ ਨੌਕਰਸ਼ਾਹੀ ਮਿਲ ਕੇ ਪਾਰਦਰਸ਼ਤਾ ਦੀ ਇਸ ਭਾਵਨਾ ਨੂੰ ਪੁਨਰ ਸੁਰਜੀਤ ਕਰੇ?

ਯਾਦ ਰੱਖਣਾ ਬਣਦਾ ਹੈ ਕਿ ਲੋਕਤੰਤਰ ਸਿਰਫ਼ ਕਾਨੂੰਨਾਂ ਨਾਲ ਨਹੀਂ ਚੱਲਦਾ। ਇਹ ਨਾਗਰਿਕਾਂ ਦੀ ਜਾਗਰੂਕਤਾ, ਸਤਰਕਤਾ ਅਤੇ ਰਾਜ ਭਾਗ ਦੀ ਜਵਾਬਦੇਹੀ ਨਾਲ ਜਿਉਂਦਾ ਰਹਿੰਦਾ ਹੈ। ਲੋਕ ਸਵਾਲ ਪੁੱਛਣਗੇ, ਲੋਕਤੰਤਰ ਦੀ ਰੌਸ਼ਨੀ ਬਲਦੀ ਰਹੇਗੀ ਅਤੇ ਕਦੇ ਵੀ ਬੁਝ ਨਹੀਂ ਸਕੇਗੀ।

ਸਿੱਖ ਨਸਲਕੁਸ਼ੀ ਦੇ 41ਵੇਂ ਵਰ੍ਹੇ 'ਤੇ ਵਿਸ਼ੇਸ਼

# ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਭੂਮਿਕਾ

## “ਉਹ ਖ਼ੂਨ ਡੋਲ ਕੇ ਜਾਨਾਂ ਲੈ ਰਹੇ ਸਨ, ਅਸੀਂ ਖ਼ੂਨ ਦਾਨ ਕਰ ਕੇ ਜਾਨਾਂ ਬਚਾ ਰਹੇ ਹਾਂ”

ਡਾ. ਗੁਰਵਿੰਦਰ ਸਿੰਘ
604-825-1550

ਕੈਨੇਡਾ ਦੇ ਕੋਨੇ-ਕੋਨੇ 'ਚ ਇਨੀਂ-ਦਿਨੀਂ ਮਾਨਵਵਾਦ ਨੂੰ ਸਮਰਪਿਤ ਮਹਾਨ ਮੁਹਿੰਮ 'ਸਿੱਖ ਕੌਮ ਵੱਲੋਂ ਖ਼ੂਨਦਾਨ ' ਜ਼ੋਰਾਂ 'ਤੇ ਹੈ। ਦੇਸ਼ ਦੇ ਹਰੇਕ ਵੱਡੇ ਸ਼ਹਿਰ 'ਚ ਸੈਂਕੜੇ ਸਿੱਖ ਇਸਤਰੀਆਂ ਅਤੇ ਆਦਮੀ ਖ਼ੂਨਦਾਨ ਕਰਕੇ ਲੋਕਾਂ ਦੀਆਂ ਜਾਨਾਂ ਬਚਾ ਰਹੇ ਹਨ। ਕੈਨੇਡੀਅਨ ਬਲੱਡ ਸਰਵਿਸਜ਼ ਵਲੋਂ ਇਸ ਕਾਰਜ ਨੂੰ 'ਦੇਸ਼ 'ਚ ਸਭ ਤੋਂ ਵੱਡੀ ਖ਼ੂਨਦਾਨ ਲਹਿਰ' ਕਰਾਰ ਦਿੰਦਿਆਂ ਸਨਮਾਨਿਤ ਕੀਤਾ ਗਿਆ ਹੈ। ਇਸ ਉਪਰਾਲੇ ਦਾ ਜ਼ਿਕਰ ਕੈਨੇਡਾ ਦੀ ਪਾਰਲੀਮੈਂਟ ਤੋਂ ਲੈ ਕੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੱਕ, ਮਨੁੱਖੀ ਹੱਕਾਂ ਨਾਲ ਜੁੜੇ ਲੋਕਾਂ ਦੇ ਪ੍ਰਤੀਨਿਧ ਅਕਸਰ ਕਰਦੇ ਹਨ। ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਨੂੰ ਯਾਦ ਕਰਦਿਆਂ ਕੈਨੇਡਾ ਵਿਚ ਸਿੱਖਾਂ ਵੱਲੋਂ ਖ਼ੂਨਦਾਨ ਲਹਿਰ ਰਾਹੀਂ ਇਤਿਹਾਸਕ ਸੇਵਾ 27ਵੇਂ ਵਰ੍ਹੇ ਦੀਆਂ ਬਰੂਹਾਂ 'ਤੇ ਪਹੁੰਚ ਚੁੱਕੀ ਹੈ। ਇਸ ਮੁਹਿੰਮ ਨਾਲ ਕੈਨੇਡਾ ਦੀ ਧਰਤੀ 'ਤੇ ਹੁਣ ਤੱਕ ਖ਼ੂਨਦਾਨ ਰਾਹੀਂ 2 ਲੱਖ ਤੋਂ ਵੱਧ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ!

ਦਰਅਸਲ ਕੈਨੇਡਾ ਭਰ 'ਚ ਇਹ ਉਪਰਾਲਾ 1999 'ਚ ਅਰੰਭ ਹੋਇਆ ਸੀ ਅਤੇ 31 ਅਕਤੂਬਰ 202 ਤੱਕ, 2 ਲੱਖ ਤੋਂ ਵੱਧ ਜਾਨਾਂ ਸਿੱਖ ਕੌਮ ਵਲੋਂ ਕੀਤੇ ਖ਼ੂਨਦਾਨ ਰਾਹੀਂ ਬਚਾਈਆਂ ਜਾ ਚੁੱਕੀਆਂ ਹਨ। ਵੈਨਕੂਵਰ, ਟਰਾਂਟੋ, ਮਾਂਟਰੀਅਲ, ਐਡਮਿੰਟਨ, ਕੈਲਗਰੀ, ਵਿਨੀਪੈੱਗ, ਸਰੀ, ਐਬਸਫੋਰਡ, ਕਲੋਨਾ, ਕੈਮਲੂਪਸ, ਵਿਲੀਅਮਸ ਲੇਕ, ਸਸਕੈਚਵਿਨ, ਵਿਕਟੋਰੀਆ ਅਤੇ ਕੈਨੇਡਾ ਦੀ ਰਾਜਧਾਨੀ ਔਟਵਾ ਤੱਕ ਇਸ ਲਹਿਰ 'ਚ ਲੋਕਾਂ ਨੇ ਬੇਮਿਸਾਲ ਉਤਸ਼ਾਹ ਵਿਖਾਇਆ ਹੈ। ਸੰਸਾਰ ਪੱਧਰ 'ਤੇ ਕੌਮੀ ਅਕਸ ਮਹਾਨ ਰੂਪ 'ਚ ਉਜਾਗਰ ਕਰਨ ਲਈ ਜਿਥੇ ਇਹ ਉਪਰਾਲਾ ਇਤਿਹਾਸਕ ਹੈ, ਉਥੇ 41 ਸਾਲ ਪਹਿਲਾਂ ਹੋਈ ਸਿੱਖ ਨਸਲਕੁਸ਼ੀ ਦੀ ਪੀੜਾ ਨੂੰ ਵੀ ਸੰਸਾਰ ਸਾਹਮਣੇ ਰੱਖਣ ਦਾ ਬਿਹਤਰੀਨ ਤਰੀਕਾ ਹੈ।

ਅੱਜ ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ 350ਸਾਲਾਸ਼ਹੀਦੀ ਦਿਹਾੜਾ ਮਨਾਉਂਦਿਆਂ, ਜ਼ੁਲਮ ਖਿਲਾਫ ਗੁਰੂ ਸਾਹਿਬ ਵੱਲੋਂ ਉਠਾਈ ਆਵਾਜ਼ ਅਤਿ ਧਾਰਮਿਕ ਆਜ਼ਾਦੀ ਲਈ ਦਿੱਤੀ ਸ਼ਹਾਦਤ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਰਹੀ ਹੈ, ਉਦੋਂ ਸਾਰਿਆਂ ਨੂੰ ਮਿਲ ਕੇ ਭਾਰਤੀ ਹੁਕਮਰਾਨਾਂ ਦੇ ਜਬਰ-ਜ਼ੁਲਮ ਦੇ ਏਜੰਡੇ ਖ਼ਿਲਾਫ਼ ਲੜਨ ਦੀ ਲੋੜ ਹੈ। ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ।




ਕੈਨੇਡੀਅਨ ਲੋਕ ਜਦੋਂ ਦੇਸ਼ 'ਚ ਥਾਂ-ਥਾਂ 'ਤੇ ਲੱਗੇ ਖ਼ੂਨਦਾਨ ਕੈਂਪਾਂ 'ਚ ਸਿੱਖਾਂ ਦੇ ਵਲੰਟੀਅਰ ਪਰਿਵਾਰਾਂ, ਯੂਨੀਵਰਸਿਟੀ 'ਚ ਪੜ੍ਹਦੇ ਨੌਜਵਾਨ ਲੜਕੇ-ਲੜਕੀਆਂ ਅਤੇ ਬੁੱਧੀਜੀਵੀਆਂ ਤੋਂ ਏਨੇ ਵੱਡੇ ਹੁੰਗਾਰੇ ਦਾ ਕਾਰਨ ਪੁਛਦੇ ਹਨ, ਤਾਂ ਸਭ ਨੂੰ ਇੱਕੋ ਹੀ ਜਵਾਬ ਮਿਲਦਾ ਹੈ ਕਿ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਖ਼ੂਨ ਲੈਣ 'ਚ ਨਹੀਂ, ਖ਼ੂਨ ਦੇਣ 'ਚ ਵਿਸ਼ਵਾਸ ਰੱਖਦੀ ਹੈ। ਇਸ ਲਹਿਰ ਨੇ ਕੈਨੇਡਾ ਭਰ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਿਸ ਦੌਰਾਨ ਸਿੱਖਾਂ ਨੇ ਵੱਡੀ ਗਿਣਤੀ 'ਚ ਖ਼ੂਨਦਾਨ ਕਰਦਿਆਂ ਨਾ ਸਿਰਫ਼ ਜਾਨਾਂ ਹੀ ਬਚਾਈਆਂ ਹਨ, ਸਗੋਂ ਭਾਈ ਘਨ੍ਹਈਆ ਅਤੇ ਭਗਤ ਪੂਰਨ ਸਿੰਘ ਦੇ ਮਾਨਵੀ ਸੇਵਾ ਦੇ ਸੁਨੇਹੇ ਨੂੰ ਹੋਰਨਾਂ ਕੌਮਾਂ ਤੱਕ ਵੀ ਪਹੁੰਚਾਇਆ ਹੈ।

ਅਜਿਹੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਦੌਰਾਨ ਜਿੱਥੇ ਵੀ ਮਨੁੱਖਤਾ ਨੂੰ ਖ਼ੂਨ ਦੀ ਲੋੜ ਪਈ, ਤਾਂ ਸਿੱਖ ਕੌਮ ਨੇ ਸਭ ਤੋਂ ਅੱਗੇ ਹੋ ਕੇ ਹੱਦਾਂ-ਸਰਹੱਦਾਂ, ਰੰਗ-ਨਸਲ, ਜਾਤ-ਫ਼ਿਰਕੇ ਨੂੰ ਇਕ ਪਾਸੇ ਰੱਖਦਿਆਂ ਖ਼ੂਨਦਾਨ ਦੀ ਲਹਿਰ ਚਲਾਉਂਦਿਆਂ ਹੋਇਆਂ ਅਣਗਿਣਤ ਜਾਨਾਂ ਬਚਾਈਆਂ। ਕੈਨੇਡਾ ਦੇ ਕਈ ਹਾਈਵੇਅ ਅਤੇ ਰਾਸ਼ਟਰੀ ਮਾਰਗਾਂ 'ਤੇ ਨਵੰਬਰ ਮਹੀਨੇ ਖ਼ੂਨਦਾਨ ਕਰਕੇ ਜਾਨਾਂ ਬਚਾਉਣ ਦਾ ਸੁਨੇਹਾ ਦੇਣ ਦੀ ਪਿਰਤ ਕਾਫ਼ੀ ਸਮੇਂ ਤੋਂ ਜਾਰੀ ਹੈ। ਖ਼ੂਨ ਡੋਲ੍ਹ ਕੇ ਅਤੇ ਜਾਨਾਂ ਲੈ ਕੇ ਜ਼ੁਲਮ ਕਰਨ ਵਾਲਿਆਂ ਦੀ ਕੋਹਜੀ ਅਸਲੀਅਤ ਦੁਨੀਆ ਅੱਗੇ ਰੱਖਣ ਦਾ ਇਸ ਤੋਂ ਬਿਹਤਰੀਨ ਢੰਗ ਕੀ ਹੋ ਸਕਦਾ ਹੈ ਕਿ ਨਸਲਕੁਸ਼ੀ ਦੀ ਪੀੜ੍ਹਤ ਸਿੱਖ ਕੌਮ ਨਾਲ ਸਬੰਧਤ ਲੋਕ, ਅੱਜ ਵੀ ਜਦੋ-ਜਹਿਦ ਕਰਦੇ ਖ਼ੂਨਦਾਨ ਦੇ ਕੇ ਲੱਖਾਂ ਜਾਨਾਂ ਬਚਾ ਰਹੇ ਹਨ।

ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਣਾ ਕਰ ਰਿਹਾ ਹੋਵੇ। ਦੂਜੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰਐਸਐਸ ਦਾ ਵੱਡਾ ਆਗੂ ਨਾਨਾ ਜੀ ਦੇਸ਼ਮੁੱਖ ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜਦਾ ਹੋਇਆ, ਸਿੱਖ ਕੌਮ ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਜਾਇਜ਼ ਠਹਿਰਾ ਰਿਹਾ ਹੋਵੇ।

ਜੇਕਰ ਅਜਿਹੇ ਲੋਕ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ, ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ ਧਰੋਹੀ' ਹੀ ਕਹੇ ਜਾ ਸਕਦੇ ਹਨ।

ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ। ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ 'ਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ।

ਅੱਜ ਇਹ ਅਤਕਥਨੀ ਨਹੀਂ ਕਿ ਕੈਨੇਡਾ ਤੋਂ ਅਰੰਭ ਹੋਏ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਸੰਤਾਪ ਨੂੰ ਕੌਮਾਂਤਰੀ ਮੰਚ ਤੇ ਮਹਾਂ-ਦੁਖਾਂਤ ਦੇ ਰੂਪ ਵਿੱਚ ਪੇਸ਼ ਕਰਨ ਵਾਲੀ ਖ਼ੂਨਦਾਨ ਲਹਿਰ ਅਸਟ੍ਰੇਲੀਆ, ਅਮਰੀਕਾ, ਫਰਾਂਸ, ਇੰਗਲੈਂਡ ਅਤੇ ਦੁਨੀਆ ਦੇ ਕਰੀਬ 122 ਦੇਸ਼ਾਂ 'ਚ ਫੈਲ ਚੁੱਕੀ ਹੈ। ਉਹ ਦਿਨ ਦੂਰ ਨਹੀਂ ਜਦੋਂ ਯੂਨਾਇਟਡ ਨੇਸ਼ਨ 'ਚ ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕਾਰਜਾਂ ਦੀ ਸੂਚੀ 'ਚ ਸਿੱਖ ਕੌਮ ਦੀ ਖ਼ੂਨਦਾਨ ਲਹਿਰ ਦਾ ਜ਼ਿਕਰਯੋਗ ਥਾਂ ਹੋਵੇਗਾ।

ਸਯੰਕਤ ਰਾਸ਼ਟਰ 'ਚ ਜਦੋਂ ਕਿਤੇ ਮਾਨਵਵਾਦੀ ਸੇਵਾ ਦੇ ਮਹਾਨ ਕਾਰਜ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 41 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ। ਕੈਨੇਡਾ ਦੀ ਧਰਤੀ 'ਤੇ ਖ਼ੂਨਦਾਨ ਦੀ ਮੁਹਿੰਮ ਚਲਾਉਣ ਵਾਲੀ ਮਹਾਨ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ।

ਅੱਜ ਲੋੜ ਇਸ ਗੱਲ ਦੀ ਹੈ ਕਿ ਕੌਮ ਦੇ ਚਿੰਤਕ ਅਤੇ ਵਿਦਵਾਨ ਆਪਣਾ ਫਰਜ਼ ਪਛਾਣਦੇ ਹੋਏ ਮਹਾਨ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਅਤੇ ਸਥਾਪਤੀ ਦੀ ਧੱਕੇਸ਼ਾਹੀ ਖਿਲਾਫ਼ ਲਿਖਣ। ਸਿੱਖ ਕੌਮ ਦੇ ਅਕਸ ਨੂੰ ਜੇਕਰ ਸਾਡਾ ਮੀਡੀਆ ਦੁਨੀਆ ਸਾਹਮਣੇ ਸਹੀ ਰੂਪ ਵਿੱਚ ਪੇਸ਼ ਕਰੇਗਾ, ਤਾਂ ਕੌਮ ਦੀ ਪਨੀਰੀ ਇਸ ਪਾਸੇ ਵੱਲ ਹੋਰ ਵੀ ਰੁਚਿਤ ਹੋਵੇਗੀ। ਅਜਿਹੇ ਮੌਕੇ 'ਤੇ ਸਹਿਣ ਸ਼ਕਤੀ, ਪਰਉਪਕਾਰ ਅਤੇ ਮਾਨਵੀ ਹੱਕਾਂ ਪ੍ਰਤੀ ਚੇਤਨਾ ਮੂਲ ਸਰੋਕਾਰ ਬਣ ਕੇ ਕੌਮ ਦੀ ਸਰਬੱਤ ਦੇ ਭਲੇ ਦੀ ਅਰਦਾਸ ਮਨਜ਼ੂਰ ਕਰਵਾਉਣਗੇ।

ਸਿੱਖ ਨਸਲਕੁਸ਼ੀ ਖ਼ਿਲਾਫ਼ ਖ਼ੂਨਦਾਨ ਮੁਹਿੰਮ ਕੇਵਲ ਸਿੱਖਾਂ ਲਈ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੇਸ਼ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇੱਥੋਂ ਤੱਕ ਕਿ ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ।

ਆਓ, ਇਨਸਾਨੀਅਤ ਦਾ ਘਾਣ ਕਰਨ ਵਾਲੀਆਂ ਸਰਕਾਰਾਂ ਅਤੇ ਨਸਲਕੁਸ਼ੀ ਦੇ ਦੋਸ਼ੀਆਂ ਖਿਲਾਫ਼, ਸਿੱਖ ਕੌਮ ਵੱਲੋਂ ਆਰੰਭੀ ਖ਼ੂਨਦਾਨ ਮੁਹਿੰਮ ਦਾ ਹਿੱਸਾ ਬਣੀਏ ਅਤੇ ਸੰਸਾਰ ਵਿੱਚ 'ਨਾ ਡਰੋ ਨਾ ਡਰਾਓ' ਅਤੇ 'ਜੀਓ ਅਤੇ ਜਿਓਣ ਦਿਓ' ਦੇ ਮਹਾਨ ਸੰਕਲਪ ਦੇ ਧਾਰਨੀ ਹੋ ਕੇ, 'ਸਰਬੱਤ' ਦੇ ਹੱਕਾਂ ਦੇ ਪਹਿਰੇਦਾਰ ਬਣੀਏ।

# ਖ਼ੁਫ਼ੀਆ ਜਾਣਕਾਰੀ ਲੀਕ ਕਰਨ ਦੇ ਦੋਸ਼ ਵਿੱਚ ਕਪੂਰਥਲਾ ਪੁਲੀਸ ਨੇ ਤਿੰਨ ਜਾਸੂਸ ਫੜੇ

## ✪ ਪਾਕਿਸਤਾਨ ਨੂੰ ਸੰਵੇਦਨਸ਼ੀਲ ਫੌਜ ਦੀ ਜਾਣਕਾਰੀ ਲੀਕ ਕਰਨ ਵਿੱਚ ਸ਼ਾਮਲ ਸਨ

ਕਪੂਰਥਲਾ-ਕਪੂਰਥਲਾ ਪੁਲੀਸ ਨੇ ਕੇਂਦਰੀ ਖੁਫੀਆ ਏਜੰਸੀਆਂ ਦੇ ਤਾਲਮੇਲ ਨਾਲ, ਇੱਕ ਜਾਸੂਸੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ, ਜੋ ਕਿ ਕਥਿਤ ਤੌਰ ’ਤੇ ਪਾਕਿਸਤਾਨ ਨੂੰ ਸੰਵੇਦਨਸ਼ੀਲ ਫੌਜ ਦੀ ਜਾਣਕਾਰੀ ਲੀਕ ਕਰਨ ਵਿੱਚ ਸ਼ਾਮਲ ਸੀ। ਕਪੂਰਥਲਾ ਦੇ ਸੀਨੀਅਰ ਪੁਲੀਸ ਸੁਪਰਡੈਂਟ ਗੌਰਵ ਤੂਰਾ ਨੇ ਦੱਸਿਆ ਕਿ ਤਿੰਨ ਵਿਅਕਤੀਆਂ ਨੂੰ ਪੈਸਿਆਂ ਦੇ ਬਦਲੇ ਆਰਮੀ ਛਾਉਣੀ ਖੇਤਰਾਂ ਦੀਆਂ ਗੁਪਤ ਫੋਟੋਆਂ ਖਿੱਚਣ ਅਤੇ ਸਰਹੱਦ ਪਾਰੋਂ ਗੁਪਤ ਫੌਜੀ ਵੇਰਵੇ ਸਾਂਝੇ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਕਪੂਰਥਲਾ ਦੇ ਰਾਜਾ, ਧਰਮਕੋਟ ਮੋਗਾ ਦੇ ਵਾਸੀ ਜਸਕਰਨ ਅਤੇ ਫਿਰੋਜ਼ਪੁਰ ਦੇ ਗੁਰਨਾਮ ਸਿੰਘ ਵਜੋਂ ਹੋਈ ਹੈ।

ਐਸਐਸਪੀ ਨੇ ਕਿਹਾ ਕਿ ਕਪੂਰਥਲਾ ਪੁਲੀਸ ਨੂੰ ਭਰੋਸੇਯੋਗ ਖੁਫੀਆ ਜਾਣਕਾਰੀ ਮਿਲਣ ਤੋਂ ਬਾਅਦ ਇਹ ਕਾਰਵਾਈ ਸ਼ੁਰੂ ਹੋਈ ਕਿ ਰਾਜਾ, ਜੋ ਕਪੂਰਥਲਾ ਆਰਮੀ ਛਾਉਣੀ ਦੇ ਅੰਦਰ ਨਿੱਜੀ ਤੌਰ ’ਤੇ ਸਫਾਈ ਸੇਵਕ ਵਜੋਂ ਕੰਮ ਕਰਦਾ ਸੀ, ਪਾਕਿਸਤਾਨੀ ਹੈਂਡਲਰਾਂ ਨਾਲ ਗੁਪਤ ਸੰਪਰਕ ਸਥਾਪਤ ਕਰ ਰਿਹਾ ਸੀ। ਆਪਣੇ ਮੋਬਾਈਲ ਫੋਨ ਦੀ ਵਰਤੋਂ ਕਰਕੇ,



ਉਸਨੇ ਕਥਿਤ ਤੌਰ ’ਤੇ ਪਾਬੰਦੀਸ਼ੁਦਾ ਫੌਜ ਦੇ ਅਦਾਰਿਆਂ ਦੀਆਂ ਫੋਟੋਆਂ ਖਿੱਚੀਆਂ ਅਤੇ ਸੰਵੇਦਨਸ਼ੀਲ ਜਾਣਕਾਰੀ ਦਿੱਤੀ।

ਐਸਪੀ (ਡੀ) ਪ੍ਰਭਜੋਤ ਸਿੰਘ ਵਿਰਕ ਨੇ ਕਿਹਾ ਕਿ ਖੁਫੀਆ ਜਾਣਕਾਰੀ ’ਤੇ ਕਾਰਵਾਈ ਕਰਦਿਆਂ, ਕੇਂਦਰੀ ਖੁਫੀਆ ਏਜੰਸੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ, ਜਿਸ ਤੋਂ ਬਾਅਦ ਇੱਕ ਗੁਪਤ ਸਾਂਝਾ ਆਪਰੇਸ਼ਨ ਸ਼ੁਰੂ ਕੀਤਾ ਗਿਆ।

ਰਾਜਾ ਨੂੰ ਉਸੇ ਦਿਨ ਗ੍ਰਿਫਤਾਰ ਕਰ ਲਿਆ ਗਿਆ ਅਤੇ ਪੁੱਛਗਿੱਛ ਲਈ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲੀਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਮੁੱਢਲੀ ਪੁੱਛਗਿੱਛ ਦੌਰਾਨ, ਰਾਜਾ ਨੇ ਪਾਕਿਸਤਾਨ ਨੂੰ ਗੁਪਤ ਜਾਣਕਾਰੀ ਭੇਜਣ ਦੀ ਗੱਲ ਕਬੂਲ ਕੀਤੀ।

ਉਸਨੇ ਅੱਗੇ ਖੁਲਾਸਾ ਕੀਤਾ ਕਿ ਉਹ ਇੱਕ ਜਸਕਰਨ ਸਿੰਘ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਿਹਾ ਸੀ, ਜਿਸਨੇ ਨਕਦੀ ਦੇ ਬਦਲੇ ਸੰਵੇਦਨਸ਼ੀਲ ਡੇਟਾ ਦੇ ਤਬਾਦਲੇ ਵਿੱਚ ਸਹਾਇਤਾ ਕੀਤੀ।

ਐਫਆਈਆਰ ਵਿੱਚ ਜਸਕਰਨ ਸਿੰਘ ਦਾ ਨਾਮ ਦਰਜ ਕੀਤਾ ਗਿਆ ਸੀ ਅਤੇ ਉਸਨੂੰ 29 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁੱਛਗਿੱਛ ਦੌਰਾਨ ਜਸਕਰਨ ਨੇ ਮੰਨਿਆ ਕਿ ਉਹ ਫਿਰੋਜ਼ਪੁਰ ਗਿਆ ਸੀ, ਜਿੱਥੇ ਉਸਦੀ ਮੁਲਾਕਾਤ ਗੁਰਨਾਮ ਸਿੰਘ ਨਾਲ ਹੋਈ। ਪੁਲੀਸ ਦੇ ਅਨੁਸਾਰ, ਗੁਰਨਾਮ ਨੇ ਉਨ੍ਹਾਂ ਨੂੰ ਫੌਜੀ ਛਾਉਣੀ ਤੋਂ ਪਾਕਿਸਤਾਨ ਨੂੰ ਖੁਫੀਆ ਜਾਣਕਾਰੀ ਇਕੱਠੀ ਕਰਨ ਅਤੇ ਭੇਜਣ ਲਈ ਕਿਹਾ ਸੀ।

ਗੁਰਨਾਮ ਨੂੰ ਵੀ ਇਸ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਸੀ ਅਤੇ 30 ਅਕਤੂਬਰ ਨੂੰ ਜ਼ਿਲ੍ਹਾ ਅਦਾਲਤ, ਫਿਰੋਜ਼ਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲੀਸ ਨੇ ਖੁਲਾਸਾ ਕੀਤਾ ਕਿ ਤਿੰਨੋਂ ਵਿਅਕਤੀ ਵਿੱਤੀ ਲਾਭ ਤੋਂ ਪ੍ਰੇਰਿਤ ਸਨ ਅਤੇ ਭਾਰਤ ਦੀ ਰੱਖਿਆ ਜਾਣਕਾਰੀ ਨਾਲ ਸਮਝੌਤਾ ਕਰਨ ਦੇ ਉਦੇਸ਼ ਨਾਲ ਇੱਕ ਜਾਸੂਸੀ ਲੜੀ ਦੇ ਹਿੱਸੇ ਵਜੋਂ ਕੰਮ ਕਰ ਰਹੇ ਸਨ।

ਮੁਲਜ਼ਮਾਂ ਤੋਂ ਮੋਬਾਈਲ ਫੋਨ ਅਤੇ ਡਿਜੀਟਲ ਡਿਵਾਈਸ ਬਰਾਮਦ ਕੀਤੇ ਗਏ ਹਨ ਅਤੇ ਜਾਂਚ ਲਈ ਫੋਰੈਂਸਿਕ ਸਾਇੰਸ ਲੈਬਾਰਟਰੀ ਭੇਜੇ ਗਏ ਹਨ।

# ਪੁਲਿਸ ਨੇ ਸਰਹੱਦ ਪਾਰ ਤੋਂ ਡਰੋਨ ਰਾਹੀਂ ਪੁੱਜੀ ਹਥਿਆਰਾਂ ਦੀ ਵੱਡੀ ਖੇਪ ਫੜੀ

## ✪ 15 ਆਧੁਨਿਕ ਵਿਦੇਸ਼ੀ ਪਿਸਤੌਲ ਬਰਾਮਦ ਨਾਬਾਲਗ ਸਮੇਤ 7 ਸਮਗਲਰ ਗ੍ਰਿਫ਼ਤਾਰ

ਅੰਮ੍ਰਿਤਸਰ-ਇਕ ਵੱਡੀ ਖ਼ੁਫ਼ੀਆ ਜਾਣਕਾਰੀ ਦੇ ਆਧਾਰ ’ਤੇ ਅੰਮਿਬਸਰ ਕਮਿਸ਼ਨਰੇਟ ਪੁਲਿਸ ਵਲੋਂ ਪਾਕਿਸਤਾਨ-ਅਧਾਰਿਤ ਤਸਕਰਾਂ ਨਾਲ ਜੁੜੇ ਇਕ ਸਰਹੱਦ ਪਾਰ ਹਥਿਆਰਾਂ ਦੀ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਇਕ ਨਾਬਾਲਗ ਸਮੇਤ 7 ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਕੌਮਾਂਤਰੀ ਹਥਿਆਰ ਤਸਕਰੀ ’ਚ ਸ਼ਾਮਿਲ ਹਨ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ’ਚੋਂ 15 ਅਤਿ-ਆਧੁਨਿਕ ਵਿਦੇਸ਼ੀ ਪਿਸਤੌਲ ਬਰਾਮਦ ਕੀਤੇ ਹਨ। ਇਹ ਪ੍ਰਗਟਾਵਾ ਇਥੇ ਪੁਲਿਸ ਲਾਈਨ ਵਿਖੇ ਕਰਵਾਏ ਗਏ ਪੱਤਰਕਾਰ ਸੰਮੇਲਨ ’ਚ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਰਦਿਆਂ ਦਸਿਆ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਸ਼ਮਸ਼ੇਰ ਸਿੰਘ ਉਰਫ਼ ਸੇਮਾ (30) ਅਤੇ ਅਮਨਦੀਪ ਸਿੰਘ ਉਰਫ਼ ਬੌਬੀ (23) ਦੋਵੇਂ ਵਾਸੀਆਂ ਫਕੀਰ ਸਿੰਘ ਕਾਲੋਨੀ, ਬਲਵਿੰਦਰ ਸਿੰਘ ਉਰਫ਼ ਕਾਕਾ (26), ਗੁਰਦੇਵ ਸਿੰਘ (40), ਕਰਨਪ੍ਰੀਤ ਸਿੰਘ (19) ਅਤੇ ਹਰਮਨ ਸਿੰਘ (19) ਸਾਰੇ ਵਾਸੀ ਪਿੰਡ ਕੱਕੜ ਜ਼ਿਲ੍ਹਾ ਅੰਮਿਬਸਰ ਸਮੇਤ ਇਕ 17 ਸਾਲਾ ਨਾਬਾਲਗ ਲੜਕੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਪਾਸੋਂ ਬਰਾਮਦ ਕੀਤੇ ਗਏ ਹਥਿਆਰਾਂ ਵਿਚ 9 ਐਮ.ਐਮ. ਗਲੋਕ ਪਿਸਤੌਲ ਅਤੇ ਛੇ .30 ਬੋਰ ਪਿਸਤੌਲ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਸਾਰੇ ਮੁਲਜ਼ਮ ਸੋਸ਼ਲ ਮੀਡੀਆ ਰਾਹੀਂ ਇਕ ਪਾਕਿਸਤਾਨੀ ਹੈਂਡਲਰ ਦੇ ਸੰਪਰਕ ਵਿਚ ਸਨ, ਜੋ ਰਾਜ ਭਰ ਵਿਚ ਗ਼ੈਰ-ਕਾਨੂੰਨੀ ਹਥਿਆਰ ਪ੍ਰਾਪਤ ਕਰਨ ਅਤੇ ਸਪਲਾਈ ਕਰਨ ਵਿਚ ਸਰਗਰਮੀ ਨਾਲ ਸ਼ਾਮਿਲ ਸਨ। ਪੁਲਿਸ ਕਮਿਸ਼ਨਰ ਭੁੱਲਰ ਨੇ ਦਸਿਆ ਕਿ ਇਕ ਨਾਬਾਲਗ ਜੋ ਪਾਕਿਸਤਾਨ-ਅਧਾਰਿਤ ਹੈਂਡਲਰਾਂ ਦੇ ਸੰਪਰਕ ਵਿਚ ਸੀ ਅਤੇ ਆਪਣੇ ਪਿੰਡ ਦੇ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਹੋਣ ਕਾਰਨ ਖੇਪ ਚੁੱਕ ਰਿਹਾ ਸੀ, ਨੂੰ ਪਹਿਲਾਂ 2 ਪਿਸਤੌਲਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸੇ ਨਾਬਾਲਗ ਦੀ ਪੁੱਛਗਿੱਛ ਦੇ ਆਧਾਰ ’ਤੇ ਸ਼ਮਸ਼ੇਰ ਸਿੰਘ ਅਤੇ ਅਮਨਦੀਪ ਸਿੰਘ ਨੂੰ ਇਕ ਗਲਾਕ ਸਮੇਤ ਤਿੰਨ ਪਿਸਤੌਲਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਦੋਵੇਂ ਨਾਬਾਲਗ ਨੂੰ ਹਥਿਆਰ ਪਹੁੰਚਾਉਣ ਵਿਚ ਸਹਾਇਤਾ ਕਰ ਰਹੇ ਸਨ।



ਤਕਨੀਕੀ ਅਤੇ ਫੋਰੈਂਸਿਕ ਲੀਡਾਂ ਤੋਂ ਬਾਅਦ ਦੋਸ਼ੀ ਬਲਵਿੰਦਰ ਸਿੰਘ ਨੂੰ ਦੋ ਗਲੌਕ ਪਿਸਤੌਲਾਂ ਅਤੇ ਇਕ .30 ਬੋਰ ਪਿਸਤੌਲ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਨਾਬਾਲਗ ਦੇ ਮੋਬਾਈਲ ਫੋਨ ਦੇ ਤਕਨੀਕੀ ਵਿਸ਼ਲੇਸ਼ਣ ਦੌਰਾਨ ਗੁਰਦੇਵ ਸਿੰਘ ਦੀ ਭੂਮਿਕਾ ਵੀ ਸਾਹਮਣੇ ਆਈ ਹੈ। ਦੋਵੇਂ ਇਕ-ਦੂਜੇ ਦੇ ਸੰਪਰਕ ਵਿਚ ਸਨ ਅਤੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਇਕ ਪਾਕਿਸਤਾਨ-ਅਧਾਰਤ ਹੈਂਡਲਰ ਨਾਲ ਜੁੜੇ ਹੋਏ ਸਨ। ਇਸ ਗਰੋਹ ਦੇ ਮੁੱਖ ਸੰਚਾਲਕ ਗੁਰਦੇਵ ਸਿੰਘ ਨੂੰ ਕਰਨਪ੍ਰੀਤ ਸਿੰਘ ਅਤੇ ਹਰਮਨ ਸਿੰਘ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਗੁਰਦੇਵ ਦੇ ਕਬਜ਼ੇ ’ਚੋਂ ਕੁੱਲ 6 ਗਲੌਕ ਪਿਸਤੌਲ ਅਤੇ ਇਕ .30 ਬੋਰ ਪਿਸਤੌਲ ਬਰਾਮਦ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ, ਕਿਉਂਕਿ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਡੀ.ਸੀ.ਪੀ. ਰਵਿੰਦਰਪਾਲ ਸਿੰਘ, ਏ.ਡੀ.ਸੀ.ਪੀ. ਜੇ.ਐੱਸ. ਸਿੱਧੂ ਤੇ ਇੰਸਪੈਕਟਰ ਅਮੋਲਕਦੀਪ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਵੀ ਹਾਜ਼ਰ ਸਨ।

# ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚੋਂ 27 ਮੋਬਾਇਲ ਫੋਨ ਤੇ ਨਸ਼ੀਲੇ ਪਦਾਰਥ ਬਰਾਮਦ

## ✪ ਜੇਲ੍ਹ ਅੰਦਰ ਤਸਕਰੀ ਦਾ ਵੱਡਾ ਭਾਂਡਾ ਭਜਿਆ ✪ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ


ਫਿਰੋਜ਼ਪੁਰ-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਵੱਡੀ ਤਲਾਸ਼ੀ ਮੁਹਿੰਮ ਦੌਰਾਨ 27 ਮੋਬਾਇਲ ਫੋਨ, 5 ਡਾਟਾ ਕੇਬਲ, 1 ਅਡੈਪਟਰ, 1 ਬੈਟਰੀ, 1 ਚਾਰਜਰ, 159 ਪੈਕੇਟ ਤੰਬਾਕੂ ਅਤੇ 2 ਪੈਕੇਟ ਸਿਗਰਟ ਬਰਾਮਦ ਕੀਤੇ ਗਏ। ਇਹ ਸਾਰਾ ਸਾਮਾਨ ਲਾਵਾਰਿਸ ਹਾਲਤ ਵਿੱਚ ਮਿਲਿਆ, ਜਿਸ ਤੋਂ ਜੇਲ੍ਹ ਅੰਦਰ ਤਸਕਰੀ ਦੀਆਂ ਗਤੀਵਿਧੀਆਂ ਦਾ ਪਤਾ ਲੱਗਾ। ਪੁਲਿਸ ਥਾਣਾ ਸਿਟੀ ਫਿਰੋਜ਼ਪੁਰ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਸਹਾਇਕ ਥਾਣੇਦਾਰ ਸ਼ਰਮਾ ਨੇ ਦੱਸਿਆ ਕਿ ਜੇਲ੍ਹ ਸੁਪਰਡੈਂਟ ਦੇ ਪੱਤਰਾਂ ਮੁਤਾਬਕ 19 ਤੋਂ 25 ਅਕਤੂਬਰ 2025 ਤੱਕ ਕਈ ਵਾਰ ਤਲਾਸ਼ੀ ਹੋਈ। ਪਹਿਲਾਂ 1 ਕੀਪੈਡ ਫੋਨ, ਫਿਰ 2 ਟੱਚ ਸਕਰੀਨ ਫੋਨ ਸਿਮ ਸਮੇਤ ਮਿਲੇ। 21-22 ਅਕਤੂਬਰ ਦੀ ਰਾਤ 5 ਕੀਪੈਡ ਫੋਨ, 3 ਡਾਟਾ ਕੇਬਲ ਤੇ ਚਾਰਜਰ ਬਰਾਮਦ ਹੋਏ। ਅੰਤ ਵਿੱਚ 15 ਹੋਰ ਫੋਨ ਤੇ ਨਸ਼ੀਲੇ ਪਦਾਰਥ ਮਿਲੇ। ਜੇਲ੍ਹ ਅਧਿਕਾਰੀਆਂ ਨੇ ਸਾਰੇ ਪੱਤਰ ਪੁਲਿਸ ਨੂੰ ਭੇਜੇ। ਪੁਲਿਸ ਜਾਂਚ ਕਰ ਰਹੀ ਹੈ ਕਿ ਇਹ ਸਾਮਾਨ ਕਿਵੇਂ ਅੰਦਰ ਪਹੁੰਚਿਆ। ਇਸ ਨਾਲ ਜੇਲ੍ਹ ਸੁਰੱਖਿਆ ’ਤੇ ਸਵਾਲ ਉੱਠੇ ਹਨ।

**ਪੰਜਾਬ ਟਾਈਮਜ਼ ਵਿਚ ਚਾਰ (4) ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ, 65 ਪੌਂਡ ਮੋਟੇ ਅੱਖਰਾਂ ਵਿੱਚ ਛਪਵਾਉਣ ਲਈ**



# MATRIMONIAL

**ਮੁੰਡਾ ਜਾਂ ਕੁੜੀ ਵਿਆਹੁਣ ਦਾ ਇਸ਼ਤਿਹਾਰ ਦੇਣ ਲਈ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ: 01332 372851**



**Matrimonial advert is only £60 for 4 weeks (£65 for Boxed)**

*NOTE: All replies should be sent in a stamped envelope and marked with the ref. No. in the top left hand corner.*

*Panjab Times, Bridle Gate Lane, Derby, DE24 0QW*

Respectable Sikh Kalsi family in England since 1952 seeks a suitable partner for their relative's beautiful daughter in India. she is 40 years old, Degree holder, 5'.1" tall, family-oriented, sincere, caring and fair. Belongs to Kundi family. I have managed to arrange her three sister's marriages in England. Their inlaws are very pleased to have such caring daughter inlaws. Ideal match should be a caring Sikh gentleman, good looking and holding a good job. Aged 40-45 years and at least 5' to 5'-6" tall. Divorcees may apply. Please reply with photo. Contact Mr. Kalsi on 07933-030903 or reply to ref: No. 840 (9016)

UK born Jatt Sikh boy, 24 years old, 5' 8" tall, working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details, email: kiran_kaur32@outlook.com or Tel: 07896-827339 or reply to ref: No. 839 (9014)

Respectable Jat Sikh family seek match for their daughter, 30 years old, 5'4" tall, graduate in criminology law, and employed as police officer in UK, The boy should be permanent British citizen, from Jat Sikh family, degree holder with good job. Please contact on mobile 07957-472477 or reply to ref. 838 (9013)

## 3 FOR 1 ADVERTISING

YOUR ADVERT WILL APPEAR IN

*SOLD EDITION *FREE EDITION *ONLINE

Tel: 01332-372851

## CHANGE OF NAME

I MR GAURAV SON OF MR SOHAN LAL, KAMLESH KUMARI WHOSE PERMANENT ADDRESS IN INDIA IS VPO KANG JAGIR, PS PHILLAUR, DISTT JALANDHAR, PUNJAB AND NOW LIVING AT FLAT 6, 157 HOLLY LANE, SMETHWICK, BIRMINGHAM, B67 7JD HEREBY GIVE NOTICE OF MY INTENTION TO CHANGE MY NAME TO GAURAV BHARDWAJ SUBJECT TO THE APPROVAL OF THE HIGH COMMISSIONER OF INDIA, LONDON. (U/I)

## CHANGE OF NAME

Please one tick box

- ☐ £25 Publication in U.K. only
- ☐ £25 Publication in India only
- ☐ £45 Publication in U.K. & India

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

SUBJECT TO THE APPROVAL OF THE HIGH COMMISSION OF INDIA, LONDON.

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

# ਅਕਾਲੀ ਦਲ ਪ੍ਰਕਾਸ਼ ਸਿੰਘ ਬਾਦਲ

69 ਸਫ਼ੇ ਦੀ ਬਾਕੀ



ਇਸਲਾਮ ਦੇ ਗੁਰੂ ਸਾਹਿਬ ਦੇ ਸਮੇਂ ਚਿੰਤੀਆਂ, ਕੀ ਇਹ ਪ੍ਰਚਾਰਕ ਸਿੱਖ ਧਰਮ ਨੂੰ ਨਹੀਂ ਸਮਝਦੇ ਜੋ ਪ੍ਰਚਾਰ ਕਰ ਸਕਦੇ ਝੂਠਿਆਂ ਨਾਲ ਤਰਕਾਂ ਲਾਉਂਦੇ ਨਾਲੋਂ ਫੇਰ ਕੌਮ ਕਰੋ। ਜਾਂਦਾ ਹੈ ਜੀਜੀ ਜੀ ਮੁੱਢ ਸਿੱਖ ਧਰਮ ਨੂੰ ਨਹੀਂ ਸਮਝਦੇ, ਕਿਉਂਕਿ ਸਿੱਖ ਧਰਮ ਅਨੁਸਾਰ ਪ੍ਰਮਾਤਮਾ ਦੇ ਨਾਮ ਅਨੇਕ ਤੇ ਅਸੀਮ ਹਨ। ਜੇ ਉਸ ਨੂੰ ਕੋਈ ਕ੍ਰਿਸ਼ਨ, ਵਿਸ਼ਨੂੰ ਜਾਂ ਸ਼ਿਵ ਦੇ ਨਾਮ ਨਾਲ ਯਾਦ ਕਰਦਾ ਹੈ ਤਾਂ ਕਿਸੇ ਨੂੰ ਇਸ 'ਤੇ ਕੀ ਇਤਰਾਜ਼ ਹੋ ਸਕਦਾ ਹੈ?

ਪਰ ਸ਼ਰਤ ਇਹ ਹੈ ਕਿ ਅਜਿਹੇ ਨਾਮ ਦੇ ਪਿੱਛੇ ਕੋਈ ਸੰਕਲਪ ਕਿਸੇ ਸਮੇਂ ਸਥਾਨ ਦੀ ਸੀਮਾ ਵਿੱਚ ਰਹੇ ਸਿਰਜਣਹਾਰ, ਸੀਮਤ ਸਮਰੱਥਾ ਤੇ ਗੁਣਾਂ ਦੇ ਧਾਰਨੀ ਕਿਸੇ ਕਲਪਿਤ ਦੇਵੀ ਦੇਵਤੇ ਦਾ ਨਹੀਂ ਹੋਣਾ ਚਾਹੀਦਾ ਸਗੋਂ ਅਜਿਹਾ ਨਾਮ ਕਿਸੇ ਅਵਿਨਾਸ਼ੀ, ਅਕਾਲ, ਅਮਰ, ਅਜੂਨੀ, ਸਰਬ ਵਿਆਪਕ ਅਤੇ ਸਰਬ ਸ਼ਕਤੀਮਾਨ, ਸਿਰਜਣਹਾਰ, ਪਾਰਬ੍ਰਹਮ ਪ੍ਰਮਾਤਮਾ ਦਾ ਲਖਾਇਕ ਹੋਣਾ ਚਾਹੀਦਾ ਹੈ। ਉਸ ਅਗਮ, ਅਗਾਧ, ਅਸੀਮ, ਅਬਿਨਾਸ਼ੀ ਪ੍ਰਮਾਤਮਾ ਦੇ ਦਰ ਉੱਤੇ ਇਹ ਕ੍ਰਿਸ਼ਨ, ਵਿਸ਼ਨੂੰ, ਸ਼ਿਵ ਆਦਿ ਦੇਵਤੇ ਸੇਵਾਦਾਰ ਬਣ ਕੇ ਖੜ੍ਹੇ ਹੋਏ ਹਨ, ਅਰਥਾਤ:

**"ਬ੍ਰਹਮਾ ਬਿਸਨੁ ਮਹੇਸੁ ਦੁਆਰੈ॥**
**ਊਭੇ ਸੇਵਹਿ ਅਲਖ ਅਪਾਰੈ॥**
**ਹੋਰ ਕੇਤੀ ਦਰਿ ਦੀਸੈ ਬਿਲਲਾਦੀ**
**ਮੈ ਗਣਤ ਨ ਆਵੈ ਕਾਈ ਹੇ॥"**

(ਗੁਰੂ ਗ੍ਰੰਥ ਸਾਹਿਬ ਪੰਨਾ 1022)

ਬ੍ਰਹਮਾ, ਬਿਸਨੁ ਤੇ ਮਹਾਦੇਵ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਰੋਗੀ ਲਿਖਿਆ ਹੈ ਅਰਥਾਤ

**"ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ**
**ਰੋਗੀ ਵਿਚਿ ਹਉਮੈ ਕਾਰ ਕਮਾਈ॥"**

(ਗੁਰੂ ਗ੍ਰੰਥ ਸਾਹਿਬ ਪੰਨਾ 735)

(ਕ੍ਰਿਸ਼ਨ ਭਾਵ ਵਿਸ਼ਨੂੰ) ਅਤੇ **"ਕੋਟੀ ਬ੍ਰਹਮ ਬਿਸਨੁ ਮਹੇਸੁ ਕੋਟੀ ਸਗਲ ਸੇਵਕਾ॥ ਜੀਅ ਪਹੁ ਚਹਿ ਕਰੇ ਸੇ ਪ੍ਰਭਤੇ ਗੁਰ ਕਾ ਸਬਦੁ ਵੀਚਾਰ॥"** (ਗੁਰੂ ਗ੍ਰੰਥ ਸਾਹਿਬ ਪੰਨਾ 1156) ਵਿਸ਼ਨੂੰ ਜੀ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਸਨ, ਜੇ ਰਾਮ ਚੰਦਰ ਜੀ ਮੁੱਢ ਅਕਾਲ ਪੁਰਖ ਹੁੰਦੇ ਤਾਂ ਉਸ ਵਿਚਾਰੇ ਨੂੰ ਸੀਤਾ ਦੇ ਸਮੇਂ ਇਸ ਤਰ੍ਹਾਂ ਰੋਣਾ ਤੇ ਵਿਰਲਾਪ ਕਰਨਾ ਕਿਉਂ ਪੈਂਦਾ ਸੀ, ਜਿਹਾ ਕਿ ਗੁਰਵਾਕ ਹੈ: **ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥** (ਗੁਰੂ ਗ੍ਰੰਥ ਸਾਹਿਬ ਪੰਨਾ 954) ਰੋਣਾ ਕਮਜ਼ੋਰੀ ਦਾ ਚਿੰਨ੍ਹ ਹੈ ਜਿਹੜਾ ਅਵਤਾਰ ਸਿਰਜਣਹਾਰ ਪ੍ਰਮਾਤਮਾ ਵੱਲੋਂ ਪਾਏ ਸੰਕਟ ਸਮੇਂ ਆਪ ਰੋਂਦਾ ਫਿਰਦਾ ਹੈ ਉਹ ਕਿਸੇ ਹੋਰ ਦੀ ਕੀ ਤੇ ਕਿਵੇਂ ਸਹਾਇਤਾ ਕਰ ਸਕਦਾ ਹੈ। ਹੋਰ ਜੋ ਜੀਜੀ ਜੀ ਲਿਖਦੇ ਹਨ ਕਿ "ਸੰਸਾਰ ਰੋਗੀ ਹੈ ਢੌਂਗ ਹੈ" ਰੋਗੀ ਸੰਸਾਰ ਦਾ ਦਾਰੂ ਕੇਵਲ ਨਾਮ ਹੀ ਹੈ ਅਰਥਾਤ:

**"ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥**
**ਗੁਰ ਵਾਕੁ ਨਿਰਮਲੁ ਸਦਾ ਚਾਨਣੁ**
**ਨਿਤ ਸਾਚੁ ਤੀਰਥੁ ਮਜਨਾ॥"**

(ਧਨਾਸਰੀ ਮਹਲਾ 1 ਪੰਨਾ 687)

ਇਸੇ ਇਹ ਵੀ ਚਿੰਤਾਜਨਕ ਹੈ ਕਿ ਅਕਲ ਸ਼ਾਸਤਰ ਦੀ ਤਿਵਾੜੀ ਨਾਲ ਗੁਰਬਾਣੀ ਦੀ ਸਮਝ ਨਹੀਂ ਆਉਂਦੀ ਪਿਛਲੇ ਹਫ਼ਤੇ ਦੇ 6-2-2020 ਪੰਜਾਬ ਟਾਈਮਜ਼ ਦੀ ਪੰਨਾ 5 ਉੱਤੇ ਇਕ ਖ਼ਬਰ ਛਪੀ ਹੈ ਕਿ "ਅਕਾਲੀ ਭਾਜਪਾ ਗੱਠਜੋੜ ਜਾਰੀ ਰਹੇਗਾ" ਖ਼ਬਰ ਦਾ ਸਾਰ ਅੰਸ਼ ਹੈ 'ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਤੇ ਸਾਬਕਾ ਡਿਪਟੀ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਦਿੱਲੀ ਤੇ ਪੰਜਾਬ ਵਿਰੋਧੀ ਕਾਰਵਾਈਆਂ ਕਿਹਾ ਕਿ ਅਕਾਲੀ-ਭਾਜਪਾ ਦਾ ਗੱਠਜੋੜ ਪੰਜਾਬ ਵਿੱਚ ਜਾਰੀ ਰਹੇਗਾ ਤੇ ਅਕਾਲੀ ਦਲ ਸਿੱਖਾਂ ਦੀ ਹਾਮੀ ਭਰਨ ਲਈ ਵਚਨਬੱਧ ਹੈ, ਸੁਖਬੀਰ ਸਿੰਘ ਬਾਦਲ ਨੇ ਹੋਰ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿਧਾਂਤਕ ਪਾਰਟੀ ਹੈ ਤੇ ਸਿਧਾਂਤ 'ਤੇ ਖੜ੍ਹੀ ਹੈ। ਪੰਜਾਬੀ ਪਾਰਟੀ (ਸਾਬਕਾ ਸ਼੍ਰੋਮਣੀ ਅਕਾਲੀ ਦਲ) ਦੇ ਪ੍ਰਧਾਨ ਸ. ਸੁਖਬੀਰ ਸਿੰਘ ਦਾ ਉਕਤ ਬਿਆਨ ਬਹੁਤ ਹਾਸੋਹੀਣਾ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਨੇ 1996 ਦੀ ਮੋਗਾ ਕਾਨਫਰੰਸ ਸਮੇਂ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬੀ ਪਾਰਟੀ ਦੇ ਸਿਧਾਂਤ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੀ ਨੁਮਾਇੰਦਾ ਰਾਜਨੀਤਕ ਪਾਰਟੀ ਹੈ, ਉਸ ਵਿੱਚ ਕੋਈ ਗੈਰ-ਸਿੱਖ ਮੈਂਬਰ ਨਹੀਂ ਬਣ ਸਕਦਾ ਪਰ ਪੰਜਾਬੀ ਪਾਰਟੀ ਵਿੱਚ ਗੈਰ-ਸਿੱਖ ਵੀ ਮੈਂਬਰ ਬਣ ਸਕਦਾ ਹੈ, ਪਰ ਉਹ ਅਕਾਲੀ ਅਖਵਾਉਣ ਦਾ ਹੱਕਦਾਰ ਨਹੀਂ ਹੈ।

ਇਨ੍ਹਾਂ ਹੀ ਦਿਨਾਂ ਵਿੱਚ ਇਹ ਖ਼ਬਰ ਨਸ਼ਰ ਹੋ ਰਹੀ ਹੈ ਕਿ: "ਕੇਂਦਰ ਸਰਕਾਰ ਵੱਲੋਂ ਬਣਾਈ ਨਸ਼ਿਆਂ ਵਿਰੁੱਧ ਕਮੇਟੀ, STF ਨੇ ਅਕਾਲੀ ਲੀਡਰ ਅਨਵਰ ਮਸੀਹ ਦੀ ਕੋਠੀ ਉੱਪਰ ਰੇਡ ਕਰਕੇ 1 ਹਜ਼ਾਰ ਕਰੋੜ ਦੀ 194 ਕਿੱਲੋ ਹੈਰੋਇਨ ਫੜੀ। ਅੰਮ੍ਰਿਤਸਰ ਦੀ ਰਹਿਣ ਵਾਲੀ ਲੜਕੀ ਤਮੰਨਾ ਸਮੇਤ 6 ਜਣੇ ਕੀਤੇ ਗ੍ਰਿਫ਼ਤਾਰ"। ਇਸ ਖ਼ਬਰ ਨਾਲ ਅਨਵਰ ਮਸੀਹ ਦੀ ਇਕ ਫੋਟੋ ਵੀ ਵਾਇਰਲ ਹੋ ਰਹੀ ਹੈ, ਇਸ ਫੋਟੋ ਦੇ ਹੇਠਾਂ ਅੰਗਰੇਜ਼ੀ ਦੀ ਵੀ ਫੋਟੋ ਹੈ ਤੇ ਲਿਖਿਆ ਹੋਇਆ ਹੈ "Proud to be Akali" (ਮਾਣ ਨਾਲ ਕਹਿ ਰਿਹਾ ਹਾਂ) ਸਨ 2017 ਵਿੱਚ ਸ. ਸੁਖਬੀਰ ਸਿੰਘ ਬਾਦਲ ਨੇ ਵੱਡੀ ਗਿਣਤੀ ਵਿੱਚ ਸਿੱਖ ਉਮੀਦਵਾਰਾਂ ਨੂੰ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦਿੱਤੀਆਂ ਸਨ। ਸ. ਸੁਖਬੀਰ ਸਿੰਘ ਬਾਦਲ ਆਪਣੇ ਵਿਰੋਧੀਆਂ ਨੂੰ 'ਪੰਥ' ਦੋਖੀ ਆਖਦੇ ਹਨ। ਪਰ ਇਸੇ ਸਵਾਲ ਪੈਦਾ ਹੁੰਦਾ ਹੈ ਪੰਥ ਤਾਂ ਪੰਜਾਬੀ ਪਾਰਟੀ ਦੀ ਨਹੀਂ ਹੈ ਜਿਸ ਦਾ ਸੁਖਬੀਰ ਸਿੰਘ ਪਾਰਟੀ ਪ੍ਰਧਾਨ ਹੈ।

ਪਿਛਲੇਰੇ ਹਫ਼ਤਿਆਂ ਵਿੱਚ ਦਾਸ ਨੇ ਬੀਬੀ ਜਗਦੀਸ਼ ਕੌਰ ਚਾਹਲ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਸੀ ਕਿ ਜੇ ਪੰਜਾਬੀ ਪਾਰਟੀ ਦੀ 'ਪੰਥ' ਵਜੋਂ ਵਿਆਖਿਆ ਕਰਨੀ ਹੈ ਤਾਂ ਤੁਸੀਂ ਦੇ ਆਧਾਰ 'ਤੇ ਕਰੋ ਬੀਬੀ ਜੀ ਨੇ ਮੇਰੀ ਬੇਨਤੀ ਨੂੰ ਪ੍ਰਵਾਨ ਕਰਨ ਦੀ ਥਾਂ ਗੁਰਦੁਆਰਿਆਂ ਦੀ ਕਮੇਟੀ ਮਰਿਯਾਦਾ ਬਾਰੇ ਚੱਲ ਰਹੇ ਵਾਦ-ਵਿਵਾਦ ਵਿੱਚ ਮੇਰਾ ਨਾਂ ਵੀ ਜੋੜ ਦਿੱਤਾ, ਜਦਕਿ ਮੇਰਾ ਕਿਸੇ ਵੀ ਗੁਰਦੁਆਰੇ ਦੇ ਟਰੱਸਟ ਜਾਂ ਪ੍ਰਬੰਧ ਨਾਲ ਕੋਈ ਵੀ ਸਰੋਕਾਰ ਨਹੀਂ ਹੈ। ਸ. ਸੁਖਬੀਰ ਸਿੰਘ ਬਾਦਲ ਅਤੇ ਬੀਬੀ ਜਗਦੀਸ਼ ਕੌਰ ਚਾਹਲ ਨੂੰ ਮੇਰਾ ਅੰਤ ਦੀ ਉਹੀ ਸਵਾਲ ਹੈ, ਕੀ ਸਰਬੱਤ ਪੰਥ ਪੰਜਾਬੀ ਪਾਰਟੀ (ਸਾਬਕਾ ਸ਼੍ਰੋਮਣੀ ਅਕਾਲੀ ਦਲ) ਨੂੰ ਪੰਥ ਵਜੋਂ ਮਾਨਤਾ ਦਿੰਦਾ ਹੈ ਅਤੇ ਕੀ ਗੈਰ-ਸਿੱਖ ਅਕਾਲੀ ਹੋ ਸਕਦਾ ਹੈ? "ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਿਸ਼ਾਹ ਨੇ ਸਿੱਖ ਧਰਮ ਦੇ ਨਾਲ ਜ਼ਿੰਮੇਵਾਰੀਆਂ ਦਾ ਨਿਰਮਲ ਪੰਥ ਵੀ ਚਲਾਇਆ, ਅੱਜ ਵਿਸ਼ਵ ਭਰ ਵਿੱਚ ਜੋ ਕੋਈ ਅਕਾਲ ਦੇ ਸਰਾਂ ਵਿੱਚ ਪੰਥ ਉਜਾਗਰ ਹੈ ਤਾਂ ਉਹ ਗੁਰੂ ਪੰਥ ਹੀ ਹੈ। ਹਰ ਪੰਜਾਬੀ ਗੁਰੂ ਪੰਥ ਦਾ ਅੰਗ ਨਹੀਂ ਹੋ ਸਕਦਾ।" ਬੀਬੀ ਜੀ ਰੋਸ ਨਾ ਕਰਿਓ ਉੱਤਰ ਦੀਜੀਏ।

**ਭਾਈ ਮਹਿੰਦਰ ਸਿੰਘ ਸਿਆਲਕੋਟੀਆ**

# ਐਚ-1ਬੀ ਵੀਜ਼ਾ ਬਾਰੇ ਟਰੰਪ ਦੀ ਨਵੀਂ ਪਰਮਿਟ ਨੀਤੀ

## ✪ ਭਾਰਤੀ ਆਈਟੀ ਪੇਸ਼ੇਵਰਾਂ ਨੂੰ ਦਿੱਤਾ ਡੂੰਘਾ ਝਟਕਾ ✪ ਹਜ਼ਾਰਾਂ ਨੌਕਰੀਆਂ ਖ਼ਤਰੇ ਵਿਚ, ਭਾਰਤੀ ਭਵਿੱਖ ਨੂੰ ਲੈਕੇ ਚਿੰਤਤ




ਵਾਸ਼ਿੰਗਟਨ-ਅਮਰੀਕਾ ਵਿੱਚ ਕੰਮ ਕਰ ਰਹੇ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਅਤੇ ਉਹਨਾਂ ਦੇ ਪਰਿਵਾਰਾਂ ਉੱਤੇ ਇੱਕ ਵੱਡਾ ਸੰਕਟ ਮੰਡਰਾ ਰਿਹਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀਐਚਐਸ) ਨੇ ਨਵੇਂ ਨਿਯਮਾਂ ਅਧੀਨ ਇੱਕ ਵੱਡਾ ਬਦਲਾਅ ਕੀਤਾ ਹੈ, ਜਿਸ ਨਾਲ ਵਰਕ ਪਰਮਿਟ (ਐਮਪਲਾਇਮੈਂਟ ਆਥਾਰਾਈਜ਼ੇਸ਼ਨ ਡਾਕੂਮੈਂਟ - ਈਏਡੀ) ਦੇ ਮਿਆਦ ਵਧਾਉਣ ਵਿੱਚ ਅਟੋਮੈਟਿਕ ਐਕਸਟੈਂਸ਼ਨ ਦੀ ਵਿਵਸਥਾ ਖ਼ਤਮ ਕਰ ਦਿੱਤੀ ਗਈ ਹੈ। ਇਹ ਨਿਯਮ 30 ਅਕਤੂਬਰ 2025 ਤੋਂ ਲਾਗੂ ਹੋ ਗਿਆ ਹੈ ਅਤੇ ਇਸ ਦਾ ਸਭ ਤੋਂ ਵੱਧ ਨੁਕਸਾਨ ਭਾਰਤੀ ਐਚ-1ਬੀ ਵੀਜ਼ਾ ਧਾਰਕਾਂ, ਉਹਨਾਂ ਦੀਆਂ ਪਤਨੀਆਂ (ਐਚ-4 ਵੀਜ਼ਾ ਵਾਲੀਆਂ) ਅਤੇ ਵਿਦਿਆਰਥੀਆਂ ਨੂੰ ਹੋਵੇਗਾ। ਇਸ ਨਾਲ ਨਾ ਸਿਰਫ਼ ਨੌਕਰੀਆਂ ਖ਼ਤਰੇ ਵਿੱਚ ਪੈ ਗਈਆਂ ਹਨ, ਸਗੋਂ ਪੂਰੀ ਭਾਰਤੀ ਡਾਇਸਪੋਰਾ ਵਿੱਚ ਡਰ ਪੈਦਾ ਹੋ ਗਿਆ ਹੈ।

ਇਹ ਨਿਯਮ ਟਰੰਪ ਪ੍ਰਸ਼ਾਸਨ ਦੇ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਹਿੱਸਾ ਹੈ, ਜਿਸ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਐਚ-1ਬੀ ਵੀਜ਼ਾ ਫੀਸ ਨੂੰ 1 ਲੱਖ ਡਾਲਰ ਤੱਕ ਵਧਾ ਦਿੱਤਾ ਸੀ ਅਤੇ ਫਲੋਰੀਡਾ ਵਰਗੇ ਰਾਜਾਂ ਵਿੱਚ ਵੀ ਵਿਦੇਸ਼ੀ ਕਰਮਚਾਰੀਆਂ ਉੱਤੇ ਪਾਬੰਦੀਆਂ ਲਗਾਈਆਂ ਹਨ। ਭਾਰਤੀ ਆਈਟੀ ਪੇਸ਼ੇਵਰ, ਜੋ ਅਮਰੀਕੀ ਤਕਨੀਕੀ ਉਦਯੋਗ ਦਾ ਮੁਖ ਆਧਾਰ ਹਨ, ਹੁਣ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

ਯਾਦ ਰਹੇ ਕਿ ਬਾਈਡਨ ਪ੍ਰਸ਼ਾਸਨ ਦੇ ਸਮੇਂ ਵਿੱਚ, ਜੇਕਰ ਕੋਈ ਵਿਦੇਸ਼ੀ ਨਾਗਰਿਕ ਆਪਣੇ ਈਏਡੀ ਦੇ ਰੀਨਿਊਅਲ ਲਈ ਤਾਰੀਖ ਤੋਂ 180 ਦਿਨ ਪਹਿਲਾਂ ਅਪਲਾਈ ਕਰਦਾ ਸੀ, ਤਾਂ ਉਸ ਨੂੰ 540 ਦਿਨਾਂ ਤੱਕ ਅਟੋਮੈਟਿਕ ਐਕਸਟੈਂਸ਼ਨ ਮਿਲ ਜਾਂਦਾ ਸੀ। ਇਸ ਨਾਲ ਉਹ ਆਪਣੀ ਨੌਕਰੀ ਜਾਰੀ ਰੱਖ ਸਕਦੇ ਸਨ, ਭਾਵੇਂ ਉਹਨਾਂ ਦਾ ਪੁਰਾਣਾ ਕਾਰਡ ਖ਼ਤਮ ਹੋ ਗਿਆ ਹੋਵੇ। ਪਰ ਹੁਣ ਡੀਐਚਐਸ ਨੇ ਇੱਕ ਇੰਟਰਿਮ ਫਾਈਨਲ ਰੂਲ ਜਾਰੀ ਕੀਤਾ ਹੈ, ਜਿਸ ਅਧੀਨ 30 ਅਕਤੂਬਰ 2025 ਤੋਂ ਬਾਅਦ ਰੀਨਿਊਅਲ ਅਪਲਾਈ ਕਰਨ ਵਾਲਿਆਂ ਨੂੰ ਕੋਈ ਅਟੋਮੈਟਿਕ ਐਕਸਟੈਂਸ਼ਨ ਨਹੀਂ ਮਿਲੇਗਾ।

ਇਸ ਨਾਲ ਜੇਕਰ ਕਿਸੇ ਦਾ ਈਏਡੀ ਖ਼ਤਮ ਹੋ ਜਾਂਦਾ ਹੈ ਅਤੇ ਨਵਾਂ ਅਪਰੂਵ ਨਹੀਂ ਹੁੰਦਾ, ਤਾਂ ਉਸ ਨੂੰ ਉਸੇ ਦਿਨ ਤੋਂ ਨੌਕਰੀ ਛੱਡਣੀ ਪਵੇਗੀ। ਯੂਐਸਸੀਆਈਐਸ (ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼) ਅਨੁਸਾਰ, ਰੀਨਿਊਅਲ ਪ੍ਰੋਸੈੱਸਿੰਗ 3 ਤੋਂ 12 ਮਹੀਨੇ ਲੈ ਸਕਦੀ ਹੈ, ਜਿਸ ਨਾਲ ਹਜ਼ਾਰਾਂ ਲੋਕ ਨੂੰ ਨੌਕਰੀ ਗੁਆਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਹ ਬਦਲਾਅ ਟਰੰਪ ਪ੍ਰਸ਼ਾਸਨ ਦੀ ਰਾਸ਼ਟਰੀ ਸੁਰੱਖਿਆ ਨਾਲ ਜੁੜੀ ਨੀਤੀ ਦਾ ਹਿੱਸਾ ਹੈ।

ਯੂਐਸਸੀਆਈਐਸ ਡਾਇਰੈਕਟਰ ਜੋਸਫ਼ ਐਡਲੋ ਨੇ ਬਿਆਨ ਵਿੱਚ ਕਿਹਾ: "ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਹਰ ਵਿਦੇਸ਼ੀ ਕਰਮਚਾਰੀ ਦੀ ਸਹੀ ਜਾਂਚ ਹੋਵੇ।" ਇਹ ਨਿਯਮ ਜੂਨ 2025 ਵਿੱਚ ਬੋਲਡਰ, ਕੋਲੋਰਾਡੋ ਵਾਲੀ ਘਟਨਾ ਤੋਂ ਬਾਅਦ ਲਿਆ ਗਿਆ, ਜਿੱਥੇ ਇੱਕ ਸ਼ੱਕੀ ਵਿਅਕਤੀ ਨੂੰ ਅਟੋਮੈਟਿਕ ਐਕਸਟੈਂਸ਼ਨ ਮਿਲ ਗਿਆ ਸੀ। ਪਰ ਇਸ ਨਾਲ ਭਾਰਤੀ ਪੇਸ਼ੇਵਰਾਂ ਉੱਤੇ ਵਿਸ਼ੇਸ਼ ਬੋਝ ਪਿਆ ਹੈ, ਜੋ ਪਹਿਲਾਂ ਹੀ ਗ੍ਰੀਨ ਕਾਰਡ ਲਈ 20 ਸਾਲਾਂ ਦਾ ਇੰਤਜ਼ਾਰ ਕਰ ਰਹੇ ਹਨ।

ਭਾਰਤੀ ਲੋਕਾਂ ਉੱਤੇ ਇਸ ਦਾ ਅਸਰ ਵਿਸ਼ੇਸ਼ ਤੌਰ ਤੇ ਭਾਰੀ ਪਵੇਗਾ। ਅਮਰੀਕਾ ਵਿੱਚ ਲਗਭਗ 48 ਲੱਖ ਭਾਰਤੀ ਅਮਰੀਕੀ ਰਹਿੰਦੇ ਹਨ, ਜਿਹਨਾਂ ਵਿੱਚੋਂ ਬਹੁਤੇ ਟੈਕ, ਹੈਲਥਕੇਅਰ ਅਤੇ ਰਿਸਰਚ ਸੈਕਟਰ ਵਿੱਚ ਕੰਮ ਕਰਦੇ ਹਨ। ਇਹ ਨਿਯਮ ਹਜ਼ਾਰਾਂ ਨੌਕਰੀਆਂ ਖ਼ਤਮ ਕਰ ਸਕਦਾ ਹੈ, ਕਿਉਂਕਿ ਰੀਨਿਊਅਲ ਵਿੱਚ ਦੇਰੀ ਹੋਣ ਤੇ ਲੋਕਾਂ ਨੂੰ ਤੁਰੰਤ ਨੌਕਰੀ ਛੱਡਣੀ ਪਵੇਗੀ।

ਇਸ ਨਾਲ ਨਾ ਸਿਰਫ਼ ਨੌਕਰੀਆਂ ਖ਼ਤਰੇ ਵਿੱਚ ਹਨ, ਸਗੋਂ ਪਰਿਵਾਰਕ ਜੀਵਨ ਵੀ ਪ੍ਰਭਾਵਿਤ ਹੋਵੇਗਾ। ਭਾਰਤੀ ਵਿਦੇਸ਼ੀ ਕਰਮਚਾਰੀਆਂ ਨੂੰ ਸਭ ਤੋਂ ਲੰਮਾ ਗ੍ਰੀਨ ਕਾਰਡ ਇੰਤਜ਼ਾਰ ਕਰਨਾ ਪੈਂਦਾ ਹੈ, ਜੋ ਕਈ ਵਾਰ 20 ਸਾਲਾਂ ਤੋਂ ਵੱਧ ਹੁੰਦਾ ਹੈ। ਇਸ ਨਵੇਂ ਨਿਯਮ ਨੇ ਉਹਨਾਂ ਦੇ ਸੁਪਨਿਆਂ ਨੂੰ ਹੋਰ ਚੁਣੌਤੀ ਦਿੱਤੀ ਹੈ।

ਡੀਐਚਐਸ ਨੇ ਕੁਝ ਸ਼੍ਰੇਣੀਆਂ ਨੂੰ ਛੋਟ ਦਿੱਤੀ ਹੈ, ਜਿਵੇਂ ਕਿ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀਪੀਐਸ) ਵਾਲੇ ਨਾਗਰਿਕ ਅਤੇ ਫੈਡਰਲ ਰਜਿਸਟਰ ਨੋਟਿਸ ਅਧੀਨ ਵਾਲੇ। ਗ੍ਰੀਨ ਕਾਰਡ ਹੋਲਡਰਾਂ, ਐਚ-1ਬੀ ਪ੍ਰਿੰਸੀਪਲ ਵੀਜ਼ਾ ਧਾਰਕਾਂ ਅਤੇ ਐੱਲ-1 ਟ੍ਰਾਂਸਫਰੀ ਵੀਜ਼ਾ ਵਾਲਿਆਂ ਨੂੰ ਵੀ ਈਏਡੀ ਦੀ ਲੋੜ ਨਹੀਂ, ਇਸ ਲਈ ਉਹਨਾਂ ਉਪਰ ਅਸਰ ਨਹੀਂ ਪਵੇਗਾ। ਪਰ ਬਾਕੀਆਂ ਲਈ ਯੂਐਸਸੀਆਈਐਸ ਨੇ ਸਲਾਹ ਦਿੱਤੀ ਹੈ ਕਿ ਈਏਡੀ ਖ਼ਤਮ ਹੋਣ ਤੋਂ 180 ਦਿਨ ਪਹਿਲਾਂ ਅਪਲਾਈ ਕਰੋ। ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ, ਇਹ ਨਿਯਮ ਭਾਰਤੀਆਂ ਲਈ ਵਿਸ਼ੇਸ਼ ਚੁਣੌਤੀ ਹੈ ਕਿਉਂਕਿ ਭਾਰਤੀ ਐਚ-1ਬੀ ਅਪਲਾਈਕੇਸ਼ਨਾਂ ਦੀ ਗਿਣਤੀ ਸਭ ਤੋਂ ਵੱਧ ਹੈ।

## ਅਮਰੀਕੀ ਸੰਸਦ ਮੈਂਬਰਾਂ ਨੇ ਟਰੰਪ ਨੂੰ ਐਚ1-ਬੀ ਵੀਜ਼ਾ ’ਤੇ ਮੁੜ ਵਿਚਾਰ ਕਰਨ ਦੀ ਕੀਤੀ ਅਪੀਲ

### ✪ ਅਮਰੀਕਾ-ਭਾਰਤ ਸੰਬੰਧਾਂ ’ਤੇ ਬੁਰੇ ਪ੍ਰਭਾਵ ਪੈਣ ਦਾ ਦਿੱਤਾ ਹਵਾਲਾ



ਅਮਰੀਕੀ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਐਚ1-ਬੀ ਵੀਜ਼ਾ ’ਤੇ ਆਪਣੇ ਐਲਾਨ ’ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ, ਜਿਸ ’ਚ 100,000 ਅਮਰੀਕੀ ਡਾਲਰ ਦੀ ਫੀਸ ਵੀ ਸ਼ਾਮਿਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤੀ ਨਾਗਰਿਕ ਆਈ.ਟੀ. ਅਤੇ ਏ.ਆਈ. ਵਿਚ ਅਮਰੀਕੀ ਲੀਡਰਸ਼ਿਪ ਲਈ ਅਹਿਮ ਹਨ ਅਤੇ ਪਾਬੰਦੀਆਂ ਅਮਰੀਕਾ-ਭਾਰਤ ਸੰਬੰਧਾਂ ’ਤੇ ਮਾੜਾ ਪ੍ਰਭਾਵ ਪਾਉਣਗੀਆਂ। ਅਮਰੀਕੀ ਪ੍ਰਤੀਨਿਧੀ ਜਿੰਮੀ ਪਨੇਟਾ ਨੇ ਕਾਂਗਰਸ ਦੇ ਮੈਂਬਰਾਂ ਐਮੀ ਬੇਰਾ, ਸਲੂਦ ਕਾਰਬਾਜਲ ਅਤੇ ਜੂਲੀ ਜੋਹਨਸਨ ਦੇ ਨਾਲ ਵੀਰਵਾਰ ਨੂੰ ਟਰੰਪ ਨੂੰ ਪੱਤਰ ਲਿਖਿਆ। ਸੰਸਦ ਮੈਂਬਰਾਂ ਨੇ ਟਰੰਪ ਦੇ ਐਚ1-ਬੀ ਵੀਜ਼ਾ ਪ੍ਰੋਗਰਾਮ ’ਤੇ ਕੁਝ ਗੈਰ-ਪ੍ਰਵਾਸੀ ਕਾਮਿਆਂ ਦੇ ਦਾਖ਼ਲੇ ’ਤੇ ਰੋਕ ਦੇ ਐਲਾਨ ’ਤੇ ਚਿੰਤਾ ਪ੍ਰਗਟ ਕੀਤੀ, ਜਿਸ ਵਿਚ ਹੋਰ ਪਾਬੰਦੀਆਂ ਦੇ ਨਾਲ ਨਵੀਆਂ ਅਰਜ਼ੀਆਂ ’ਤੇ 100,000 ਅਮਰੀਕੀ ਡਾਲਰ ਦੀ ਫੀਸ ਲਗਾਈ ਗਈ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਫ਼ੈਸਲੇ ਦੇ ਅਮਰੀਕਾ-ਭਾਰਤ ਸੰਬੰਧਾਂ ’ਤੇ ਸੰਭਾਵੀ ਪੈਣ ਵਾਲੇ ਬੁਰੇ ਪ੍ਰਭਾਵਾਂ ਦੇ ਮੱਦੇਨਜ਼ਰ 19 ਸਤੰਬਰ ਦੇ ਆਪਣੇ ਐਲਾਨ ’ਤੇ ਮੁੜ ਵਿਚਾਰ ਕਰਨ।

## ਅਮਰੀਕਾ ਵਿੱਚ ਭਾਰਤੀਆਂ ਨੂੰ ਆਰਥਿਕ ਅਤੇ ਸਮਾਜਿਕ ਝਟਕਾ



ਭਾਰਤੀ ਪੇਸ਼ੇਵਰ ਅਮਰੀਕੀ ਅਰਥਵਿਵਸਥਾ ਦਾ ਆਧਾਰ ਹਨ। ਬਿਜ਼ਨੈੱਸ ਸਟੈਂਡਰਡ ਅਤੇ ਬਿਜ਼ਨੈੱਸ ਟੂੱਡੇ ਅਨੁਸਾਰ, ਟੈਕ, ਹੈਲਥਕੇਅਰ ਅਤੇ ਰਿਸਰਚ ਵਿੱਚ ਭਾਰਤੀਆਂ ਦੀ ਭਾਰੀ ਗਿਣਤੀ ਹੈ। ਗੂਗਲ, ਮਾਈਕਰੋਸਾਫਟ ਅਤੇ ਐਮਾਜ਼ਾਨ ਵਰਗੀਆਂ ਕੰਪਨੀਆਂ ਵਿੱਚ ਭਾਰਤੀ ਸੀਈਓ ਅਤੇ ਇੰਜੀਨੀਅਰ ਹਨ, ਪਰ ਇਹ ਨਿਯਮ ਉਹਨਾਂ ਨੂੰ ਵੀ ਪ੍ਰਭਾਵਿਤ ਕਰਨਗੇ ਕਿਉਂਕਿ ਉਹਨਾਂ ਦੇ ਪਰਿਵਾਰ ਈਏਡੀ ਉੱਤੇ ਨਿਰਭਰ ਹਨ। ਇੰਡੀਆ ਵੈੱਸਟ ਅਤੇ ਨੈਸ਼ਨਲ ਹੈਰਲਡ ਅਨੁਸਾਰ, ਇਹ ਨਿਯਮ ਅਮਰੀਕੀ ਇਮੀਗ੍ਰੇਸ਼ਨ ਵਿਵਸਥਾ ਵਿੱਚ ਸਭ ਤੋਂ ਵੱਡਾ ਝਟਕਾ ਹੈ, ਖ਼ਾਸ ਕਰਕੇ ਭਾਰਤੀ ਭਾਈਚਾਰੇ ਲਈ। ਪਰ ਕੁਝ ਮਾਹਿਰ ਇਸ ਨੂੰ ਸਕਾਰਾਤਮਕ ਵੀ ਵੇਖਦੇ ਹਨ। ਉਹ ਕਹਿੰਦੇ ਹਨ ਕਿ ਇਹ ਨਿਯਮ ਅਮਰੀਕੀ ਨੌਕਰੀਆਂ ਨੂੰ ਬਚਾਏਗਾ ਅਤੇ ਸਿਰਫ਼ ‘ਅਤਿ ਨਿਪੁੰਨ’ ਵਿਦੇਸ਼ੀਆਂ ਨੂੰ ਮੌਕਾ ਦੇਵੇਗਾ। ਇਸ ਸੰਕਟ ਨਾਲ ਨਜਿੱਠਣ ਲਈ ਭਾਰਤੀ ਪੇਸ਼ੇਵਰਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਯੂਐਸਸੀਆਈਐਸ ਨੇ ਸਲਾਹ ਦਿੱਤੀ ਹੈ ਕਿ ਈਏਡੀ ਖ਼ਤਮ ਹੋਣ ਤੋਂ ਪਹਿਲਾਂ ਅਪਲਾਈ ਕਰੋ ਅਤੇ ਆਪਣੇ ਐਮਪਲਾਇਰ ਨਾਲ ਗੱਲ ਕਰੋ। ਭਾਰਤ ਸਰਕਾਰ ਨੇ ਵੀ ਅਮਰੀਕਾ ਵਿੱਚ ਆਪਣੇ ਰਾਜਦੂਤ ਨੂੰ ਇਸ ਲਈ ਗੱਲਬਾਤ ਕਰਨ ਦਾ ਹੁਕਮ ਦਿੱਤਾ ਹੈ। ਇਮੀਗ੍ਰੇਸ਼ਨ ਐਡਵੋਕੇਸੀ ਗਰੁੱਪਾਂ ਨੇ ਕਹਿੰਦੇ ਹਨ ਕਿ ਇਹ ਨਿਯਮ ਨੂੰ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ, ਪਰ ਇਹ ਲੰਮੀ ਪ੍ਰਕਿਰਿਆ ਹੈ ਭਵਿੱਖ ਵਿੱਚ, ਟਰੰਪ ਪ੍ਰਸ਼ਾਸਨ ਹੋਰ ਸਖ਼ਤ ਨਿਯਮ ਲਿਆ ਸਕਦਾ ਹੈ, ਜਿਵੇਂ ਐਚ-1ਬੀ ਕੈਪ ਘਟਾਉਣਾ ਜਾਂ ਵੀਜ਼ਾ ਰੀਨਿਊਅਲ ਵਿੱਚ ਵਧੇਰੇ ਜਾਂਚ। ਪਰ ਭਾਰਤੀਆਂ ਲਈ ਇਹ ਸਮਾਂ ਹੈ ਕਿ ਉਹ ਬਦਲ ਲੱਭਣ - ਜਿਵੇਂ ਕੈਨੇਡਾ ਜਾਂ ਯੂਰਪ ਵਿੱਚ ਮਾਈਗ੍ਰੇਟ ਕਰਨਾ। ਇੱਕ ਰਿਪੋਰਟ ਅਨੁਸਾਰ, ਪਿਛਲੇ ਸਾਲ 50,000 ਭਾਰਤੀ ਪੇਸ਼ੇਵਰਾਂ ਨੇ ਅਮਰੀਕਾ ਛੱਡ ਕੇ ਹੋਰ ਦੇਸ਼ਾਂ ਵੱਲ ਰੁਖ ਕੀਤਾ ਸੀ।

# ਅਮਰੀਕਾ ਨੇ ਪ੍ਰਮਾਣੂ ਟੈਸਟਿੰਗ ਸ਼ੁਰੂ ਕਰਨ ਦਾ ਐਲਾਨ ਕਰਕੇ ਰੂਸ-ਚੀਨ ਨੂੰ ਦਿੱਤੀ ਚੁਣੌਤੀ

**✪ ਪੁਤਿਨ ਨੇ ਅਟੱਲ ਹਥਿਆਰਾਂ ਨਾਲ ਟਰੰਪ ਨੂੰ ਦਿੱਤਾ ਜਵਾਬ ✪ ਚੀਨ ਨੇ ਟਰੰਪ ਨੂੰ ਲਲਕਾਰਿਆ: 'ਧਮਕੀਆਂ ਬੰਦ ਕਰੋ, ਨਹੀਂ ਤਾਂ ਅਸੀਂ ਵੀ ਤਿਆਰ ਹਾਂ' ✪ ਪਰਮਾਣੂ ਦੌੜ ਦਾ ਨਵਾਂ ਖ਼ਤਰਾ: ਅੰਤਰਰਾਸ਼ਟਰੀ ਅਖ਼ਬਾਰਾਂ ਚੇਤਾਵਨੀ ਦੇ ਰਹੀਆਂ - ਵਿਸ਼ਵ ਯੁੱਧ ਵੱਲ ਵਧ ਰਿਹਾ**



## ਦੁਨੀਆ ਦੇ 9 ਦੇਸ਼ਾਂ ਕੋਲ ਹਨ 12241 ਪ੍ਰਮਾਣੂ ਹਥਿਆਰ, ਪਾਕਿਸਤਾਨ ਭਾਰਤ ਤੋਂ ਪਛੜਿਆ

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੇ ਅਨੁਸਾਰ, ਜਨਵਰੀ 2025 ਤੱਕ, ਦੁਨੀਆ ਦੇ ਨੌਂ ਦੇਸ਼ਾਂ ਕੋਲ ਕੁੱਲ 12,241 ਪ੍ਰਮਾਣੂ ਹਥਿਆਰ ਹਨ। ਇਸ ਸੂਚੀ ਵਿੱਚ ਭਾਰਤ ਦਾ ਨਾਮ ਵੀ ਸ਼ਾਮਲ ਹੈ। ਸਿਪਰੀ ਨੇ ਆਪਣੀ ਯੀਅਰਬੁੱਕ 2025 ਜਾਰੀ ਕੀਤੀ ਹੈ, ਜੋ ਚਿੰਤਾਜਨਕ ਅੰਕੜੇ ਪ੍ਰਗਟ ਕਰਦੀ ਹੈ। ਸਿਪਰੀ ਰਿਪੋਰਟ ਦੇ ਅਨੁਸਾਰ, ਨੌਂ ਦੇਸ਼ਾਂ ਦੀ ਸੂਚੀ ਵਿੱਚ ਸੰਯੁਕਤ ਰਾਜ, ਰੂਸ, ਯੂਨਾਈਟਿਡ ਕਿੰਗਡਮ, ਫਰਾਂਸ, ਚੀਨ, ਪਾਕਿਸਤਾਨ, ਇਜ਼ਰਾਈਲ ਅਤੇ ਉੱਤਰੀ ਕੋਰੀਆ ਸ਼ਾਮਲ ਹਨ।

ਵੱਖ ਵੱਖ ਦੇਸਾਂ ਕੋਲ ਪ੍ਰਮਾਣੂ ਹਥਿਆਰਾਂ ਦੀ ਗਿਣਤੀ-ਅਮਰੀਕਾ ਕੋਲ 5,177, ਰੂਸ ਕੋਲ 5,459, ਚੀਨ ਕੋਲ 600, ਫਰਾਂਸ ਕੋਲ 290, ਯੂਕੇ ਕੋਲ 225,ਭਾਰਤ 180, ਪਾਕਿਸਤਾਨ ਕੋਲ 170, ਇਜ਼ਰਾਈਲ ਕੋਲ 90,ਉੱਤਰੀ ਕੋਰੀਆ ਕੋਲ 50 ਹਥਿਆਰ ਹਨ।

2,100 ਹਥਿਆਰ ਹਾਈ ਅਲਰਟ 'ਤੇ-ਸਿਪਰੀ ਦੀ ਯੀਅਰਬੁੱਕ 2025 ਦਾਅਵਾ ਕਰਦੀ ਹੈ ਕਿ ਇਹ ਸਾਰੇ ਦੇਸ਼ ਪ੍ਰਮਾਣੂ ਆਧੁਨਿਕੀਕਰਨ ਪ੍ਰੋਗਰਾਮ 2024 ਨੂੰ ਵੀ ਅਪਣਾ ਰਹੇ ਹਨ, ਜੋ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਹੇ ਹਨ। 12,241 ਪ੍ਰਮਾਣੂ ਹਥਿਆਰਾਂ ਵਿੱਚੋਂ, 3,912 ਮਿਜ਼ਾਈਲਾਂ ਅਤੇ ਹਵਾਈ ਜਹਾਜ਼ਾਂ 'ਤੇ ਤਾਇਨਾਤ ਹਨ।

ਇਸ ਦੌਰਾਨ, 2,100 ਹਥਿਆਰ ਬੈਲਿਸਟਿਕ ਮਿਜ਼ਾਈਲਾਂ 'ਤੇ ਹਾਈ ਅਲਰਟ 'ਤੇ ਹਨ। ਹਾਲਾਂਕਿ, ਸਿਪਰੀ ਰਿਪੋਰਟ ਦਾ ਦਾਅਵਾ ਹੈ ਕਿ ਦੁਨੀਆ ਵਿੱਚ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਘੱਟ ਗਈ ਹੈ। ਅਮਰੀਕਾ ਅਤੇ ਰੂਸ ਸਮੇਤ ਬਹੁਤ ਸਾਰੇ ਦੇਸ਼ ਪੁਰਾਣੇ ਹਥਿਆਰਾਂ ਨੂੰ ਖਤਮ ਕਰ ਰਹੇ ਹਨ। ਹਾਲਾਂਕਿ, ਹਰ ਸਾਲ ਨਸ਼ਟ ਕੀਤੇ ਗਏ ਹਥਿਆਰਾਂ ਦੀ ਗਿਣਤੀ ਦੀ ਥਾਂ ਨਵੇਂ ਹਥਿਆਰ ਲੈਂਦੇ ਹਨ।

**ਖਾਸ ਖਬਰ** ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ਉੱਤੇ ਇੱਕ ਪੋਸਟ ਕਰਕੇ ਦਾਅਵਾ ਕੀਤਾ ਸੀ ਕਿ ਅਮਰੀਕਾ ਕੋਲ ਦੁਨੀਆਂ ਵਿੱਚ ਸਭ ਤੋਂ ਵੱਧ ਪਰਮਾਣੂ ਹਥਿਆਰ ਹਨ ਅਤੇ ਹੁਣ ਉਹ ਰੱਖਿਆ ਵਿਭਾਗ ਨੂੰ ਇਨ੍ਹਾਂ ਹਥਿਆਰਾਂ ਦੇ ਟੈਸਟਿੰਗ ਨੂੰ ਤੁਰੰਤ ਸ਼ੁਰੂ ਕਰਨ ਦਾ ਹੁਕਮ ਦੇ ਦਿਤੇ ਹਨ। ਇਹ ਐਲਾਨ ਉਸ ਸਮੇਂ ਆਇਆ ਜਦੋਂ ਰੂਸ ਨੇ ਆਪਣੇ ਦੋ ਨਵੇਂ ਪਰਮਾਣੂ-ਸੰਚਾਲਿਤ ਹਥਿਆਰਾਂ - 9ਐੱਮ730 'ਬੁਰੇਵੇਸਟਨਿਕ' ਕਰੂਜ਼ ਮਿਸਾਈਲ ਅਤੇ 'ਪੋਸਾਈਡਨ' ਅੰਡਰਵਾਟਰ ਡਰੋਨ ਦੇ ਟੈਸਟਿੰਗ ਨੂੰ ਸਫਲ ਐਲਾਨਿਆ ਕੀਤਾ ਸੀ।

ਇਥੇ ਜ਼ਿਕਰਯੋਗ ਹੈ ਕਿ ਰੂਸ ਨੇ ਅਕਤੂਬਰ 2025 ਵਿੱਚ ਆਪਣੀ ਰਣਨੀਤਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਦੋ ਵੱਡੇ ਪਰਮਾਣੂ-ਸੰਚਾਲਿਤ ਹਥਿਆਰਾਂ ਦੇ ਟੈਸਟਿੰਗ ਨੂੰ ਬੀਤੇ ਦਿਨੀਂ ਅੰਜਾਮ ਦਿੱਤਾ ਸੀ। ਪਹਿਲਾਂ 21 ਅਕਤੂਬਰ ਨੂੰ 9ਐੱਮ730 'ਬੁਰੇਵੇਸਟਨਿਕ' ਕਰੂਜ਼ ਮਿਸਾਈਲ ਦਾ ਟੈਸਟ ਕੀਤਾ ਗਿਆ ਸੀ, ਜੋ ਕਿ ਇੱਕ ਨਿਊਕਲੀਅਰ ਪਾਵਰਡ ਮਿਸਾਈਲ ਹੈ ਅਤੇ ਇਸ ਦੀ ਰੇਂਜ 8000 ਮੀਲ ਤੋਂ ਵੱਧ ਹੈ। ਇਹ ਮਿਸਾਈਲ ਅਮਰੀਕੀ ਮਿਸਾਈਲ ਡਿਫੈਂਸ ਸਿਸਟਮ ਨੂੰ ਚੁਣੌਤੀ ਦੇ ਸਕਦੀ ਹੈ।

ਇਸ ਤੋਂ ਬਾਅਦ, 29 ਅਕਤੂਬਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ 'ਪੋਸਾਈਡਨ' ਅੰਡਰਵਾਟਰ ਡਰੋਨ ਦੇ ਟੈਸਟਿੰਗ ਨੂੰ ਸਫਲ ਐਲਾਨਿਆ ਸੀ। ਇਹ ਡਰੋਨ ਇੱਕ ਨਿਊਕਲੀਅਰ ਪਾਵਰ ਵਾਲਾ ਸੁਪਰ ਹਥਿਆਰ ਹੈ। ਪੁਤਿਨ ਨੇ ਕਿਹਾ ਕਿ "ਇਹ ਰੂਸ ਦੀ ਸੁਰੱਖਿਆ ਰਣਨੀਤੀ ਵਿੱਚ ਅਹਿਮ ਭੂਮਿਕਾ ਨਿਭਾਵੇਗਾ।"

ਪੁਤਿਨ ਅਨੁਸਾਰ ਪੋਸਾਈਡਨ ਦੀ ਰੇਂਜ 10,000 ਕਿਲੋਮੀਟਰ ਤੱਕ ਹੈ ਅਤੇ ਇਹ 185 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦਾ ਹੈ। ਰੂਸ ਨੇ ਇਨ੍ਹਾਂ ਟੈਸਟਾਂ ਨੂੰ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਧਮਕੀਆਂ ਦੇ ਜਵਾਬ ਵਿੱਚ ਆਯੋਜਿਤ ਕੀਤਾ ਹੈ।

ਟਰੰਪ ਨੇ ਰੂਸ ਦੇ ਇਨ੍ਹਾਂ ਟੈਸਟਾਂ ਤੇ ਸਖਤ ਪ੍ਰਤੀਕਰਮ ਪ੍ਰਗਟਾਇਆ ਸੀ। ਉਨ੍ਹਾਂ ਨੇ ਕਿਹਾ, "ਪੁਤਿਨ ਨੂੰ ਮਿਸਾਈਲਾਂ ਦੇ ਟੈਸਟਿੰਗ ਵੱਲ ਨਹੀਂ, ਬਲਕਿ ਯੂਕਰੇਨ ਯੁੱਧ ਨੂੰ ਖਤਮ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਯੁੱਧ ਜੋ ਇੱਕ ਹਫ਼ਤੇ ਵਿੱਚ ਖਤਮ ਹੋ ਜਾਣਾ ਚਾਹੀਦਾ ਸੀ, ਹੁਣ ਚੌਥੇ ਸਾਲ ਵਿੱਚ ਪਹੁੰਚ ਗਿਆ ਹੈ।" ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਕੋਲ ਰੂਸੀ ਕੰਢੇ ਤੇ ਇੱਕ ਸਭ ਤੋਂ ਸ਼ਕਤੀਸ਼ਾਲੀ ਨਿਊਕਲੀਅਰ ਸਬਮੈਰੀਨ ਹੈ, ਜੋ ਕਿ ਹਰ ਵੇਲੇ ਤਿਆਰ ਹੈ। ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, "ਅਮਰੀਕਾ ਕੋਲ ਕਿਸੇ ਵੀ ਦੇਸ਼ ਤੋਂ ਵੱਧ ਪਰਮਾਣੂ ਹਥਿਆਰ ਹਨ। ਇਹ ਕੰਮ ਮੇਰੇ ਪਹਿਲੇ ਟਰਮ ਵਿੱਚ ਹੋਇਆ, ਜਦੋਂ ਕਿ ਪੁਰਾਣੇ ਹਥਿਆਰਾਂ ਨੂੰ ਆਧੁਨਿਕ ਬਣਾ ਦਿੱਤਾ ਗਿਆ ਹੈ। ਉਨ੍ਹਾਂ ਨੇ ਰੂਸ ਨੂੰ ਦੂਜੇ ਅਤੇ ਚੀਨ ਨੂੰ ਤੀਜੇ ਨੰਬਰ ਤੇ ਰੱਖਦੇ ਹੋਏ ਕਿਹਾ ਸੀ ਕਿ ਚੀਨ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਅਤੇ ਰੂਸ ਦੇ ਨੇੜੇ ਪਹੁੰਚ ਜਾਵੇਗਾ। ਟਰੰਪ ਨੇ ਇਹ ਵੀ ਕਿਹਾ ਕਿ ਹੋਰ ਦੇਸ਼ਾਂ ਦੇ ਟੈਸਟਿੰਗ ਪ੍ਰੋਗਰਾਮਾਂ ਕਾਰਨ ਅਮਰੀਕਾ ਵੀ ਬਰਾਬਰੀ ਵਾਲੇ ਪੱਧਰ ਤੇ ਟੈਸਟਿੰਗ ਸ਼ੁਰੂ ਕਰੇਗਾ।"

ਟਰੰਪ ਦਾ ਇਹ ਐਲਾਨ ਬੁਸਾਨ, ਦੱਖਣੀ ਕੋਰੀਆ ਵਿੱਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੀਟਿੰਗ ਤੋਂ ਥੋੜ੍ਹੀ ਦੇਰ ਪਹਿਲਾਂ ਕੀਤਾ ਗਿਆ ਸੀ, ਜਿੱਥੇ ਵਪਾਰਕ ਯੁੱਧ ਨੂੰ ਖਤਮ ਕਰਨ ਬਾਰੇ ਗੱਲਬਾਤ ਹੋਣੀ ਸੀ। ਟਰੰਪ ਦੇ ਇਸ ਬਿਆਨ ਨੇ ਨਾ ਸਿਰਫ਼ ਚੀਨ ਨੂੰ ਪਰੇਸ਼ਾਨ ਕੀਤਾ ਬਲਕਿ ਵਿਸ਼ਵ ਨੂੰ ਇੱਕ ਨਵੇਂ ਠੰਢੀ ਜੰਗ ਵਾਲੇ ਯੁੱਗ ਵੱਲ ਲੈ ਜਾਣ ਵਾਲੀ ਚੇਤਾਵਨੀ ਵੀ ਦੇ ਦਿੱਤੀ। ਅੰਤਰਰਾਸ਼ਟਰੀ ਏਟਮਿਕ ਐਨਰਜੀ ਏਜੰਸੀ (ਆਈਏਈਏ) ਨੇ ਵੀ ਇਸ ਨੂੰ "ਚਿੰਤਾਜਨਕ" ਕਰਾਰ ਦਿੱਤਾ ਹੈ, ਕਿਉਂਕਿ ਅਮਰੀਕਾ ਨੇ 1992 ਤੋਂ ਪੂਰੀ ਤਰ੍ਹਾਂ ਨਾਲ ਪਰਮਾਣੂ ਟੈਸਟਿੰਗ ਤੇ ਪਾਬੰਦੀ ਲਗਾਈ ਹੋਈ ਸੀ।

ਇਸ ਘਟਨਾ ਨੇ ਨਾ ਸਿਰਫ਼ ਰਾਜਨੀਤਿਕ ਹਲਚਲ ਮਚਾਈ ਬਲਕਿ ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਵੱਡੀ ਚਰਚਾ ਪੈਦਾ ਕੀਤੀ। ਬੀਬੀਸੀ ਨੇ ਇਸ ਨੂੰ "ਪਰਮਾਣੂ ਧਮਕੀ ਦਾ ਨਵਾਂ ਅਧਿਆਏ" ਕਿਹਾ ਹੈ, ਜਦਕਿ ਰਾਇਟਰਜ਼ ਨੇ ਚੇਤਾਵਨੀ ਦਿੱਤੀ ਕਿ ਇਹ ਕਦਮ ਗਲੋਬਲ ਨਾਨ-ਪ੍ਰੋਲੀਫਰੇਸ਼ਨ ਟ੍ਰੀਟੀ ਨੂੰ ਤੋੜ ਸਕਦਾ ਹੈ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਟਰੰਪ ਦਾ ਇਹ ਐਲਾਨ ਚੀਨ ਨਾਲ ਮੀਟਿੰਗ ਤੋਂ ਠੀਕ ਪਹਿਲਾਂ ਕੀਤਾ ਗਿਆ, ਜੋ ਕਿ ਇੱਕ ਰਣਨੀਤਕ ਚਾਲ ਹੈ ਪਰ ਖ਼ਤਰਨਾਕ ਵੀ। ਗਾਰਡੀਅਨ ਨੇ ਇਸ ਨੂੰ "ਵਿਸ਼ਵ ਸ਼ਾਂਤੀ ਲਈ ਖ਼ਤਰਾ" ਕਰਾਰ ਦਿੱਤਾ, ਜਦਕਿ ਅਲ ਜਜ਼ੀਰਾ ਨੇ ਉਭਾਰਿਆ ਕਿ ਇਹ ਕਦਮ ਏਸ਼ੀਆ ਵਿੱਚ ਤਣਾਅ ਨੂੰ ਵਧਾਏਗਾ।

ਅੰਤਰਰਾਸ਼ਟਰੀ ਪੱਧਰ ਤੇ ਇਸ ਐਲਾਨ ਨੇ ਬਹੁਤ ਸਾਰੇ ਦੇਸ਼ਾਂ ਨੂੰ ਚਿੰਤਿਤ ਕੀਤਾ ਹੈ। ਕੈਨੇਡਾ ਨੇ ਇਸ ਨੂੰ "ਗੈਰ ਜਰੂਰੀ ਅਤੇ ਖ਼ਤਰਨਾਕ" ਕਿਹਾ ਹੈ, ਜਦਕਿ ਯੂਰਪੀਅਨ ਯੂਨੀਅਨ ਨੇ ਅਪੀਲ ਕੀਤੀ ਹੈ ਕਿ ਪਰਮਾਣੂ ਟੈਸਟਿੰਗ ਨੂੰ ਰੋਕਿਆ ਜਾਵੇ। ਇਸ ਤਰ੍ਹਾਂ, ਟਰੰਪ ਦਾ ਇਹ ਫ਼ੈਸਲਾ ਨਾ ਸਿਰਫ਼ ਰੂਸ ਅਤੇ ਚੀਨ ਨਾਲ ਸਬੰਧਾਂ ਨੂੰ ਪ੍ਰਭਾਵਿਤ ਕਰੇਗਾ ਬਲਕਿ ਵਿਸ਼ਵ ਸ਼ਾਂਤੀ ਲਈ ਵੀ ਇੱਕ ਵੱਡੀ ਚੁਣੌਤੀ ਬਣ ਜਾਵੇਗਾ।

### ਪੁਤਿਨ ਦਾ ਜਵਾਬ ਅਤੇ ਚੀਨ ਦੀ ਪ੍ਰਤੀਕਿਰਿਆ: ਅੰਤਰਰਾਸ਼ਟਰੀ ਅਖ਼ਬਾਰਾਂ ਵਿੱਚ ਵਿਸ਼ਵ ਵਿਆਪੀ ਚਰਚਾ

ਟਰੰਪ ਦੇ ਐਲਾਨ ਤੋਂ ਬਾਅਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਤੁਰੰਤ ਜਵਾਬ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪੋਸਾਈਡਨ ਡਰੋਨ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਹ ਰੂਸ ਦੀ ਸੁਰੱਖਿਆ ਰਣਨੀਤੀ ਵਿੱਚ ਅਹਿਮ ਹੈ। ਪੁਤਿਨ ਨੇ ਟਰੰਪ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਅਮਰੀਕਾ ਨੂੰ ਆਪਣੇ ਹਥਿਆਰਾਂ ਨੂੰ ਆਪਣੇ ਘਰ ਵਿੱਚ ਰੱਖਣਾ ਚਾਹੀਦਾ ਹੈ ਅਤੇ ਯੂਕਰੇਨ ਵਰਗੇ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਰੂਸ ਆਪਣੀ ਸੁਰੱਖਿਆ ਲਈ ਹਰ ਕਦਮ ਚੁੱਕੇਗਾ। ਪੁਤਿਨ ਨੇ ਇਹ ਵੀ ਕਿਹਾ ਕਿ ਬੁਰੇਵੇਸਟਨਿਕ ਮਿਸਾਈਲ ਅਮਰੀਕੀ ਡੋਮ ਵਰਗੀਆਂ ਡਿਫੈਂਸ ਸਿਸਟਮਾਂ ਨੂੰ ਨਾਕਾਮ ਕਰ ਸਕਦੀ ਹੈ।

ਚੀਨ ਨੇ ਵੀ ਟਰੰਪ ਦੇ ਐਲਾਨ ਤੇ ਸਖਤ ਪ੍ਰਤੀਕਰਮ ਦਿੱਤਾ। ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨੂੰ ਪਰਮਾਣੂ ਟੈਸਟਿੰਗ ਨਾਲ ਵਿਸ਼ਵ ਸ਼ਾਂਤੀ ਨੂੰ ਖ਼ਤਰੇ ਵਿੱਚ ਨਹੀਂ ਪਾਉਣਾ ਚਾਹੀਦਾ। ਚੀਨ ਨੇ ਆਪਣੇ ਪਰਮਾਣੂ ਹਥਿਆਰਾਂ ਨੂੰ "ਮਿਨੀਮਮ ਡਿਟਰੈਂਸ" ਨਾਲ ਜੋੜਿਆ ਹੈ ਅਤੇ ਕਿਹਾ ਕਿ ਉਹ ਸਿਰਫ਼ ਰੱਖਿਆ ਲਈ ਵਰਤਦੇ ਹਨ। ਪਰ ਰਿਪੋਰਟਾਂ ਅਨੁਸਾਰ, ਚੀਨ ਨੇ 2020 ਵਿੱਚ 300 ਤੋਂ ਵਧਾ ਕੇ 2025 ਵਿੱਚ 600 ਪਰਮਾਣੂ ਹਥਿਆਰ ਬਣਾ ਲਏ ਹਨ ਅਤੇ 2030 ਤੱਕ 1000 ਤੋਂ ਵੱਧ ਹੋ ਜਾਣਗੇ। ਚੀਨ ਨੇ ਟਰੰਪ ਨਾਲ ਵਪਾਰਕ ਗੱਲਬਾਤ ਵਿੱਚ ਵੀ ਇਸ ਮਸਲੇ ਨੂੰ ਚੁੱਕਿਆ ਸੀ ਅਤੇ ਕਿਹਾ ਸੀ ਕਿ ਅਮਰੀਕਾ ਨੂੰ ਧਮਕੀਆਂ ਨਹੀਂ ਦੇਣੀਆਂ ਚਾਹੀਦੀਆਂ।

ਵਿਸ਼ਵ ਮਾਹਿਰਾਂ ਅਨੁਸਾਰ ਟਰੰਪ ਦੇ ਇਸ ਐਲਾਨ ਅਤੇ ਰੂਸ-ਚੀਨ ਦੀਆਂ ਪ੍ਰਤੀਕਿਰਿਆਵਾਂ ਨਾਲ ਵਿਸ਼ਵ ਨੂੰ ਇੱਕ ਨਵੇਂ ਪਰਮਾਣੂ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਾਹਿਰਾਂ ਅਨੁਸਾਰ, ਅਮਰੀਕਾ ਵੱਲੋਂ ਟੈਸਟਿੰਗ ਮੁੜ ਸ਼ੁਰੂ ਕਰਨ ਨਾਲ ਹੋਰ ਦੇਸ਼ ਵੀ ਇਸ ਵਿੱਚ ਸ਼ਾਮਲ ਹੋ ਜਾਣਗੇ, ਜੋ ਕਿ ਇੱਕ ਗਲੋਬਲ ਆਰਮਜ਼ ਰੇਸ ਨੂੰ ਜਨਮ ਦੇਵੇਗਾ।

ਫੈਡਰੇਸ਼ਨ ਆਫ ਅਮਰੀਕਨ ਸਾਇੰਟਿਸਟਸ ਅਨੁਸਾਰ, ਰੂਸ ਕੋਲ 5459, ਅਮਰੀਕਾ ਕੋਲ 5177 ਅਤੇ ਚੀਨ ਕੋਲ 600 ਹਥਿਆਰ ਹਨ। ਇਹ ਅੰਕੜੇ ਵਧਣ ਨਾਲ ਵਿਸ਼ਵ ਵਿੱਚ ਨਿਊਕਲੀਅਰ ਵਾਰ ਦਾ ਖ਼ਤਰਾ ਵਧੇਗਾ। ਜੇਕਰ ਇਹ ਰੁਝਾਨ ਚਲਦਾ ਰਿਹਾ ਤਾਂ ਵਿਸ਼ਵ ਨੂੰ ਇੱਕ ਨਵੇਂ ਪ੍ਰਮਾਣੂ ਯੁੱਗ ਵਿੱਚ ਐਂਟਰ ਕਰਨਾ ਪਵੇਗਾ, ਜਿੱਥੇ ਪਰਮਾਣੂ ਹਥਿਆਰਾਂ ਦੀ ਦੌੜ ਨਾਲ ਸ਼ਾਂਤੀ ਨੂੰ ਖ਼ਤਰਾ ਹੋਵੇਗਾ। ਅੰਤ ਵਿੱਚ, ਇਹ ਸੰਕਟ ਗੱਲਬਾਤ ਨਾਲ ਹੀ ਹੱਲ ਹੋ ਸਕਦਾ ਹੈ, ਨਾ ਕਿ ਧਮਕੀਆਂ ਨਾਲ।

# ਵਾਰਤਕ, ਕਹਾਣੀ, ਕਵਿਤਾ ਦਾ ਸੁਹਜਮਈ ਸੁਮੇਲ: ਕੁਲਵਿੰਦਰ ਸਿੰਘ ਬਾਠ ਦੀ 'ਤਾਣੇ-ਬਾਣੇ'

**ਰਵਿੰਦਰ ਸਿੰਘ ਸੋਢੀ**
001-604-369-2371
ਰਿਚਮੰਡ, ਕੈਨੇਡਾ



ਪੰਜਾਬੀ ਪਾਠਕਾਂ ਲਈ ਡਾ. ਕੁਲਵਿੰਦਰ ਸਿੰਘ ਬਾਠ ਸ਼ਾਇਦ ਨਵਾਂ ਨਾਂ ਹੋਵੇ ਕਿਉਂਕਿ ਪ੍ਰਸਤੁਤ ਪੁਸਤਕ ਤੋਂ ਪਹਿਲਾਂ ਉਸਦਾ ਇਕ ਕਾਵਿ ਸੰਗ੍ਰਹਿ 'ਜ਼ਿੰਦਾਦਿਲੀ' ਹੀ ਪ੍ਰਕਾਸ਼ਿਤ ਹੋਇਆ ਹੈ, ਪਰ ਪੰਜਾਬੀ ਲੇਖਕਾਂ ਲਈ ਇਹ ਨਾਂ ਓਪਰਾ ਨਹੀਂ, ਕਿਉਂਕਿ ਸਾਹਿਤਕ ਪੁਸਤਕਾਂ ਦੇ ਰਿਵਿਊ ਕਰਨ ਵਿਚ ਉਹ ਇਕ ਵਿਸ਼ੇਸ਼ ਮੁਕਾਮ ਹਾਸਲ ਕਰ ਚੁੱਕਿਆ ਹੈ। ਭਾਵੇਂ ਕੁਲਵਿੰਦਰ ਵਿਗਿਆਨ ਦਾ ਵਿਦਿਆਰਥੀ ਰਿਹਾ ਹੈ ਅਤੇ ਅੱਜ ਕੱਲ ਅਮਰਿਕਾ ਰਹਿੰਦਾ ਹੋਇਆ ਵੀ ਉਹ ਵਿਗਿਆਨ (ਮਾਈਕਰੋ ਬਾਇਲੌਜੀ) ਦੇ ਖੇਤਰ ਵਿਚ ਕਾਰਜਸ਼ੀਲ ਹੈ ਅਤੇ ਪੰਜਾਬੀ ਤਾਂ ਉਸਨੇ ਸਕੂਲ ਦੇ ਸਮੇਂ ਹੀ ਪੜ੍ਹੀ ਸੀ, ਪਰ ਪਤਾ ਨਹੀਂ ਉਹ ਪੰਜਾਬੀ ਦੀ ਉੱਚ ਪੜ੍ਹਾਈ ਕੀਤੇ ਕਈ ਅਖੌਤੀ ਵਿਦਵਾਨਾਂ ਨਾਲੋਂ ਵਧੀਆ ਪੰਜਾਬੀ ਕਿਵੇਂ ਲਿਖ ਲੈਂਦਾ ਹੈ?

ਪੁਸਤਕ ਦੇ ਨਾਂ 'ਤਾਣੇ-ਬਾਣੇ' ਦੇ ਨਾਲ ਉਸਨੇ ਵਾਰਤਕ ਸ਼ਬਦ ਲਿਖਿਆ ਹੈ, ਪਰ ਪੁਸਤਕ ਦੇ ਅਧਿਐਨ ਸਮੇਂ ਮੈਨੂੰ ਇਹ ਹੈਰਾਨੀ ਹੋ ਰਹੀ ਸੀ ਕਿ ਕੋਈ ਨਵਾਂ ਲੇਖਕ ਆਪਣੀ ਪਹਿਲੀ ਹੀ ਵਾਰਤਕ ਪੁਸਤਕ ਵਿਚ ਅਜਿਹੀ ਪ੍ਰਪੱਕ ਵਾਰਤਕ ਸ਼ੈਲੀ ਕਿਵੇਂ ਵਰਤ ਸਕਦਾ ਹੈ? ਵਾਰਤਕ ਸ਼ੈਲੀ ਦੇ ਨਾਲ-ਨਾਲ ਜਿਵੇਂ ਉਸਨੇ ਵਾਰਤਕ ਵਿਚ ਕਹਾਣੀ ਰਸ ਪੈਦਾ ਕੀਤਾ ਹੈ, ਕਾਵਿਕ ਰੰਗਣ ਦੀ ਪੁੱਠ ਚਾੜ੍ਹੀ ਹੈ, ਹਾਸ-ਰਸ ਪੈਦਾ ਕੀਤਾ ਹੈ ਅਤੇ ਵਿਅੰਗ-ਬਾਣ ਚਲਾਏ ਹਨ, ਗੁਰਬਾਣੀ ਵਿਚੋਂ ਢੁਕਵੀਆਂ ਉਦਾਹਰਨਾਂ ਦੇ ਕੇ ਕਈ ਥਾਂ ਗੁਰਬਾਣੀ ਦੇ ਸ਼ਾਬਦਿਕ ਅਰਥਾਂ ਨਾਲੋਂ ਨਵੇਂ ਸਿਰੇ ਤੋਂ ਵਿਆਖਿਆ ਕੀਤੀ ਹੈ ਅਤੇ ਮੁਹਾਵਰਿਆਂ, ਅਖਾਣਾ ਦੀ ਵਰਤੋਂ ਕਰਕੇ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ, ਉਹ ਕਾਬਲੇ ਤਾਰੀਫ਼ ਵੀ ਹੈ ਅਤੇ ਮੇਰੇ ਵਰਗੇ ਕਲਮ ਝਰੀਟ ਲਈ ਕਾਬਲੇ ਰਸ਼ਕ ਵੀ।

ਪ੍ਰਸਤੁਤ ਪੁਸਤਕ ਵਿਚ ਡਾ. ਬਾਠ ਨੇ 42 ਵੱਖ-ਵੱਖ ਵਿਸ਼ਿਆਂ ਤੇ ਲੇਖ ਲਿਖੇ ਹਨ, ਇਹਨਾਂ ਵਿਚੋਂ ਕੁਝ ਤਾਂ ਨਿੱਕੀਆਂ ਕਹਾਣੀਆਂ ਦਾ ਰੂਪ ਹੀ ਹਨ। ਇਹ ਕਹਾਣੀਆਂ ਅਸਲ ਵਿਚ ਉਸਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਤੇ ਅਧਾਰਿਤ ਹਨ, ਜਿਨ੍ਹਾਂ ਨੂੰ ਉਸਨੇ ਆਪਣੇ ਨਵੇਕਲੇ ਅੰਦਾਜ਼ ਵਿਚ ਕਲਮ ਬਦ ਕਰਕੇ ਯਾਦਗਾਰੀ ਬਣਾ ਦਿੱਤਾ ਹੈ। ਇਹ ਕਹਾਣੀਆਂ ਮਿੰਨੀ ਕਹਾਣੀਆਂ ਨਾਲੋਂ ਵੱਡੀਆਂ ਹਨ ਅਤੇ ਆਮ ਕਹਾਣੀਆਂ ਨਾਲੋਂ ਛੋਟੀਆਂ, ਪਰ ਪੜ੍ਹਨ ਵਾਲੇ ਤੇ ਇਹਨਾਂ ਦਾ ਪ੍ਰਭਾਵ ਚਿਰ ਜੀਵੀ ਹੈ। ਲੇਖ ਵੀ ਸੰਖੇਪ ਹਨ। ਅਜਿਹੇ ਲੇਖਾਂ ਨੂੰ ਪ੍ਰਸਿੱਧ ਪੰਜਾਬੀ ਲੇਖਕ ਡਾ. ਕੁਲਬੀਰ ਸਿੰਘ ਕਾਂਗ ਨੇ ਕਦੇ 'ਲਲਿਤ ਨਿਬੰਧ' ਦਾ ਨਾਂ ਦਿੱਤਾ ਸੀ। ਕੁਝ ਲੇਖਕ ਅਜਿਹੇ ਲੇਖਾਂ ਨੂੰ 'ਲਘੂ ਨਿਬੰਧ' ਵੀ ਕਹਿੰਦੇ ਹਨ।

ਇਸ ਪੁਸਤਕ ਵਿਚ ਸ਼ਾਮਲ ਕੀਤੀਆਂ ਕਹਾਣੀਆਂ ਦੀ ਗੱਲ ਕਰੀਏ ਤਾਂ ਜੋਬਨ ਰੁੱਤੇ ਵਿੱਛੜ ਗਿਆਂ ਦਾ ਦਰਦ, ਰਾਜੋ, ਇਹਨਾਂ ਪੰਡਾਂ ਦਾ ਕੀ ਕਰੀਏ, ਹੁਕਮਾ, 'ਦ ਬਿੱਗ ਸਟੋਰੀ ਟੈਲਰ, ਤੁਸੀਂ ਤਾਂ ਭਾਗਾਂ ਵਾਲੇ ਹੋ ਬਾਦਸ਼ਾਹੋ!, ਅੰਦਾਜ਼ ਆਪਣਾ ਆਪਣਾ..., ਡਰ-ਡਰ ਕੇ ਜੀਵਨ ਜਿਉਂਦਿਆਂ, ਪਿੰਡ ਨੂੰ ਜਾਂਦੀ ਆਖਰੀ ਬੱਸ, ਮੇਰੇ ਪੇਂਡੂ ਦੇ ਸਹੁਰਾ ਸਾਹਿਬ, ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ, ਕੁੱਤੇ ਝੱਗੀ ਅਤੇ ਬਾਬੇ ਦੀ ਮਾਇਆ-ਝੱਗੀ ਆਦਿ ਅਸਲ ਵਿਚ ਲੇਖਕ ਦੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ 'ਤੇ ਅਧਾਰਿਤ ਕਹਾਣੀਆਂ ਹਨ ਅਤੇ ਜਾਂ ਇਹ ਵੀ ਹੋ ਸਕਦਾ ਹੈ ਕਿ ਡਾ. ਬਾਠ ਨੇ ਇਹਨਾਂ ਨੂੰ ਆਪਣੀ ਜ਼ਿੰਦਗੀ ਵਿਚ ਵਾਪਰੀਆਂ ਘਟਨਾਵਾਂ ਦੇ ਤੌਰ ਤੇ ਪੇਸ਼ ਕਰ ਦਿੱਤਾ ਹੋਵੇ। ਇਹਨਾਂ ਦੋਹਾਂ ਵਿਚੋਂ ਕੋਈ ਗੱਲ ਵੀ ਸਹੀ ਹੋਵੇ ਲੇਖਕ ਦੀ ਇਸ ਗੱਲੋਂ ਤਾਰੀਫ਼ ਕਰਨੀ ਬਣਦੀ ਹੈ ਕਿ ਉਸ ਵਿਚ ਇਕ ਵਧੀਆ ਕਹਾਣੀਕਾਰ ਵਰਗੀ ਕੁਦਰਤੀ ਕਲਾ ਹੈ ਅਤੇ ਮੇਰਾ ਖਿਆਲ ਹੈ ਕਿ ਜੇ ਉਹ ਕਹਾਣੀ ਰਚਨਾ ਵੱਲ ਵੀ ਕਦਮ ਪੁੱਟੇ ਤਾਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਵੀ ਵੱਡਾ ਮੁਕਾਮ ਹਾਸਲ ਕਰ ਸਕਦਾ ਹੈ।

'ਜੋਬਨ ਰੁੱਤੇ ਵਿੱਛੜ ਗਿਆਂ ਦਾ ਦਰਦ' ਇਕ ਦੁਖਾਂਤਕ ਕਹਾਣੀ ਹੈ, ਜੋ ਪਾਠਕਾਂ ਨੂੰ ਸੋਗਮਈ ਵਾਤਾਵਰਣ ਵਿਚ ਲੈ ਜਾਂਦੀ ਹੈ। ਹੁਕਮਾ 'ਦ ਬਿੱਗ ਸਟੋਰੀ ਟੈਲਰ, ਮੇਰੇ ਪੇਂਡੂ ਦੇ ਸਹੁਰਾ ਸਾਹਿਬ, ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ ਆਦਿ ਪਾਤਰ ਪ੍ਰਧਾਨ ਕਹਾਣੀਆਂ ਹਨ, ਜਿਨਾਂ ਦੇ ਮੁੱਖ ਪਾਤਰ ਲੰਮੇ ਸਮੇਂ ਤੱਕ ਵੀ ਪਾਠਕਾਂ ਨੂੰ ਯਾਦ ਰਹਿਣ ਵਾਲੇ ਹਨ। 'ਪਿੰਡ ਨੂੰ ਜਾਂਦੀ ਆਖਰੀ ਬੱਸ' ਵੈਸੇ ਤਾਂ ਸੱਚੀ ਘਟਨਾ 'ਤੇ ਅਧਾਰਿਤ ਹੀ ਲੱਗਦੀ ਹੈ, ਪਰ ਜੇ ਕਾਲਪਨਿਕ ਵੀ ਹੋਵੇ ਤਾਂ ਵੀ ਡਾ. ਬਾਠ ਨੇ ਇਸ ਕਹਾਣੀ ਵਿਚ ਤਾਂਬੇ (ਕਲਪਨਾ) 'ਤੇ ਸੋਨੇ (ਯਥਾਰਥ) ਦੀ ਅਜਿਹੀ ਪਰਤ ਚੜ੍ਹਾਈ ਹੈ ਕਿ ਇਹ ਪਰਤ ਸੋਨੇ ਨੂੰ ਵੀ ਮਾਤ ਪਾਉਂਦੀ ਹੈ। ਪੰਜਾਬ ਦੀਆਂ ਪਿੰਡਾਂ ਦੀਆਂ ਮਾੜੀਆਂ ਸੜਕਾਂ, ਬੱਸ ਚਾਲਕਾਂ ਦੀ ਅੰਨੇ ਵਾਹ ਡਰਾਇਵਰੀ ਅਤੇ ਪੇਂਡੂ ਪਾਤਰਾਂ ਨੂੰ ਹੂ-ਬ-ਹੂ ਚਿੱਤਰ ਦਿੱਤਾ ਹੈ। ਬੁੱਢੀ ਦਾ ਐਨਕ ਨੂੰ 'ਸ਼ੀਸ਼ਾ' ਕਹਿਣਾ ਅਤੇ ਲੇਖਕ ਵੱਲੋਂ ਬੁੱਢੀ ਦੇ ਸ਼ੀਸ਼ੇ ਸੰਬੰਧੀ ਮਨ ਵਿਚ ਫੁਰਦੇ ਖਿਆਲ ਪਾਠਕਾਂ ਦਾ ਮਨੋਰੰਜਨ ਕਰਦੇ ਹਨ।

'ਤਾਣੇ-ਬਾਣੇ' ਵਿਚਲੇ ਬਹੁਤੇ ਲੇਖ, ਲੇਖਕ ਦੇ ਪਿੰਡ ਵਿਚ ਬਿਤਾਏ ਸਮੇਂ, ਕਾਲਜ, ਯੂਨੀਵਰਸਿਟੀ ਦੇ ਵਿਦਿਆਰਥੀ ਜੀਵਨ ਅਤੇ ਉਸਦੇ ਪਰਵਾਸ ਸਮੇਂ ਦੀਆਂ ਦਿਲਚਸਪ ਯਾਦਾਂ ਨਾਲ ਸੰਬੰਧਿਤ ਹਨ। ਕਈ ਲੇਖ ਵੀ ਕਹਾਣੀ ਰਸ ਨਾਲ ਭਰਪੂਰ ਹਨ। ਆਮ ਤੌਰ ਤੇ ਪਾਠਕ ਲੇਖਾਂ ਦੀ ਪੁਸਤਕ ਤੋਂ ਦੂਰ ਇਸ ਲਈ ਰਹਿੰਦੇ ਹਨ ਕਿ ਲੇਖਾਂ ਦੇ ਨੀਰਸ ਜਿਹੇ ਵਿਸ਼ਿਆਂ ਤੋਂ ਉਹ ਜਲਦੀ ਹੀ ਉਕਤਾ ਜਾਂਦੇ ਹਨ, ਪਰ ਡਾ. ਕੁਲਵਿੰਦਰ ਸਿੰਘ ਬਾਠ ਦੇ ਲੇਖਾਂ ਦੇ ਵਿਸ਼ੇ ਦਿਲਚਸਪ ਹਨ, ਆਮ ਲੋਕਾਂ ਦੇ ਮਸਲਿਆ ਨਾਲ ਸੰਬੰਧਿਤ ਹਨ, ਜਿਸ ਕਾਰਨ ਪਾਠਕ ਉਹਨਾਂ ਨਾਲ ਜਲਦੀ ਹੀ ਇਕ-ਮਿਕ ਹੋ ਜਾਂਦੇ ਹਨ। ਅਸਲ ਵਿਚ ਜੇ ਲੇਖਕ ਆਪਣੇ ਲੇਖ ਦੇ ਵਿਸ਼ਿਆਂ ਨੂੰ ਲੋਕ ਮਸਲਿਆ ਨਾਲ ਜਾਂ ਆਪਣੇ ਆਲੇ-ਦੁਆਲੇ ਦੇ ਮਾਹੌਲ ਨਾਲ ਜੋੜਦਾ ਹੈ, ਉਹ ਆਮ ਪਾਠਕਾਂ ਵਿਚ ਜਿਆਦਾ ਪ੍ਰਵਾਣ ਵੀ ਚੜ੍ਹਦੇ ਹਨ ਅਤੇ ਪਸੰਦ ਵੀ ਕੀਤੇ ਜਾਂਦੇ ਹਨ।

'ਤਾਣੇ-ਬਾਣੇ' ਦੇ ਕੁਝ ਲੇਖ ਹਨ: - ਜ਼ਿੰਦਗੀ ਦੇ ਸੁੰਦਰ ਅਤੇ ਯਾਦਗਾਰੀ ਪਲ (ਵਿਦਿਆਰਥੀ ਜੀਵਨ ਨਾਲ ਸੰਬੰਧਿਤ), ਗੱਲ ਐਥੇ ਈ... ਨਹੀਂ ਮੁੱਕ ਜਾਂਦੀ!, ਸ਼ਗਨਾਂ ਵਾਲਾ ਲਿਫ਼ਾਫ਼ਾ (ਵਿਦੇਸ਼ਾਂ ਵਿਚ ਇਮਾਨਦਾਰੀ ਅਤੇ ਪਰਵਾਸੀਆਂ ਵੱਲੋਂ ਆਪਣੀਆਂ ਆਦਤਾਂ ਤੋਂ ਵਿਦੇਸ਼ਾਂ ਵਿਚ ਵੀ ਬਾਜ ਨਾ ਆਉਣਾ), ਰਿਸ਼ਤਿਆਂ ਦੇ ਤਾਣੇ-ਬਾਣੇ ਦੀਆਂ ਤੰਦਾਂ (ਪੰਜਾਬੀਆਂ ਵਿਚ ਕੁਝ ਰਿਸ਼ਤੇਦਾਰੀਆਂ ਦਾ ਦਾਬਾ), ਜ਼ਰਾ ਸੰਭਲ ਕੇ ਬਈ (ਮਨੁੱਖ ਵਿਚ ਇਨਸਾਨੀਅਤ ਹੋਣੀ ਬਹੁਤ ਜ਼ਰੂਰੀ ਹੈ), ਮੇਰੇ ਪਰਵਾਸੀ ਜੀਵਨ ਦੇ ਸੰਘਰਸ਼ ਭਰੇ ਦਿਨ...(ਪਰਦੇਸ ਦਾ ਸੰਘਰਸ਼ਮਈ ਜੀਵਨ), ਚਿੱਤ ਚੇਤਿਆਂ 'ਚ ਵੱਸਿਆ ਮੇਰਾ ਪਿੰਡ (ਪਿੰਡਾਂ ਦੀ ਬਦਲਦੀ ਨੁਹਾਰ ਅਤੇ ਪੰਜਾਬੀਆਂ ਵਿਚ ਦਿਖਾਵੇ ਦੀ ਰੁਚੀ), ਸਾਡੇ ਪਿੰਡ ਦਾ ਬੋਹੜ ਅਤੇ ਘੱਚਾ ਬੁੜਾ (ਪਿੰਡ ਵਿਚ ਬਜ਼ੁਰਗਾਂ ਦੀ ਸੱਥ ਸੰਬੰਧੀ), ਅੰਨੀ ਕੁਕੜੀ ਖਸ-ਖਸ ਦਾ ਚੋਗਾ (ਵਿਦਿਆਰਥੀ ਜੀਵਨ ਦੀਆਂ ਯਾਦਾਂ) ਆਦਿ। ਕਈ ਲੇਖਾਂ ਦੇ ਸਿਰਲੇਖ ਹੀ ਅਜਿਹੇ ਦਿਲ ਟੁੰਬਵੇਂ ਹਨ ਕਿ ਪਾਠਕ ਇਕੋ ਦਮ ਪੜ੍ਹਨ ਲਈ ਉਤਸੁਕ ਹੋ ਜਾਂਦਾ ਹੈ, ਜਿਵੇਂ: - ਕੁੱਤੇ-ਝੱਗੀ ਅਤੇ ਬਾਬੇ ਦੀ ਮਾਇਆ-ਝੱਗੀ, ਝੱਲ-ਵਲੱਲੀਆਂ ਗੱਲਾਂ, ਅੜਬ ਜਵਾਈ ਜਿਹੇ ਜੰਗਾਲ਼ ਖਾਧੇ ਜਿੰਦਰੇ, ਬੱਸ ਉਂਗਲੀ ਈ ਲੱਗ ਗਈ ਐਵੇਂ ਆਦਿ।

ਲੇਖਾਂ ਵਿਚ ਲੇਖ ਦੇ ਵਿਸ਼ੇ ਦੇ ਨਾਲ-ਨਾਲ ਲੇਖਕ ਦੀ ਗੱਲ ਕਰਨ ਦੀ ਕਲਾ ਭਾਵ ਉਸਦੀ ਸ਼ੈਲੀ ਦਾ ਵੀ ਬਹੁਤ ਮਹੱਤਵ ਹੁੰਦਾ ਹੈ। ਚੰਗੀ ਸ਼ੈਲੀ ਘੱਟ ਮਹੱਤਵਪੂਰਨ ਵਿਸ਼ੇ ਨੂੰ ਵੀ ਰੌਚਕ ਬਣਾ ਦਿੰਦੀ ਹੈ, ਪਰ ਇਸਦੇ ਉਲਟ ਵਧੀਆ ਵਿਸ਼ੇ ਵਾਲਾ ਲੇਖ ਵੀ ਮਾੜੀ ਸ਼ੈਲੀ ਕਰ ਕੇ ਪੜ੍ਹਨਯੋਗ ਨਹੀਂ ਰਹਿੰਦਾ। ਮੈਂ ਪਾਠਕਾਂ ਨਾਲ ਡਾ. ਕੁਲਵਿੰਦਰ ਸਿੰਘ ਬਾਠ ਦੀਆਂ ਵਧੀਆ ਵਾਰਤਕ ਸ਼ੈਲੀ ਦੀਆਂ ਕੁਝ ਉਦਾਹਰਨਾਂ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ: ਸੱਚ ਤਾਂ ਇਹ ਹੈ ਕਿ 'ਜੀਭ ਅਤੇ ਉਂਗਲੀ' ਸਰੀਰ ਦੇ ਦੋ ਐਸੇ ਅੰਗ ਹਨ ਜੋ ਅਕਸਰ ਫਿਸਲਦੇ ਅਤੇ ਲੱਗਦੇ-ਲੁੱਗਦੇ ਈ ਰਹਿੰਦੇ ਆ ਜਾਂ ਫਿਰ ਫਿਸਲਣ/ਲੱਗਣ ਨੂੰ ਕਾਹਲੇ ਹੀ ਰਹਿੰਦੇ ਹਨ (ਬੱਸ ਉਂਗਲੀ ਈ ਲੱਗ ਗਈ ਐਵੇਂ); ਸਵਾਸ, ਆਸ, ਵਿਸ਼ਵਾਸ ਅਤੇ ਅਰਦਾਸ ਦਿਖਦੇ ਤਾਂ ਨਹੀਂ, ਪਰ ਜ਼ਿੰਦਗੀ ਨੂੰ ਨਰੋਏ ਅਤੇ ਚਲਦੇ ਰੱਖਣ ਵਿਚ ਬੜੇ ਸਹਾਈ ਹੁੰਦੇ ਹਨ (ਦੁਰਗਾ ਦਾਸ ਨਾ ਕਿਸੇ ਨੇ ਬਣ ਜਾਣਾ); ਉਹਨੂੰ ਭੌਂਕਦੇ ਸੁਣ ਕੇ ਗੁਆਂਢੀਆਂ ਦੇ ਕੁੱਤਿਆਂ ਨੇ ਵੀ ਖੌਰੂ ਪਾ ਦਿੱਤਾ। ਰਲ਼-ਮਿਲ ਕੇ ਮਾਹੌਲ ਇੰਜ ਬਣ ਗਿਆ ਜਿਵੇਂ 'ਸਿਆਲੂ ਰੁੱਤ ਦੀਆਂ ਧੁੱਪਾਂ ਵਿਚ ਪਿੰਡ ਦੀਆਂ ਹਰੀਆਂ ਕਣਕਾਂ ਅਤੇ ਕਮਾਦਾਂ ਵਿਚੋਂ ਸਹੇ, ਤਿੱਤਰ ਜਾਂ ਬਟੇਰੇ ਫੜਨ ਲਈ ਸ਼ਿਕਾਰੀ ਆਪਣੇ ਕੁੱਤਿਆਂ ਦਾ ਝੁੰਡ ਲੈ ਕੇ ਜਾਇਆ ਕਰਦੇ ਸਨ (ਆਪਣਿਆਂ ਦਾ ਤਾਣਾ-ਬਾਣਾ); ਪਕੌੜੇ ਨੂੰ ਢਿੱਡ ਵਿਚ ਸੁੱਟਦਿਆਂ ਹੀ ਫਿਰ ਦੋਹਾਂ ਹੱਥਾਂ ਨਾਲ ਆਪਣੀਆਂ ਮੁੱਛਾਂ ਨੂੰ ਖੱਬਿਉਂ ਅਤੇ ਸੱਜਿਉਂ ਖਿੱਚ ਕੇ ਇੱਕੋ ਜਿਹਾ ਕਰ ਕੇ ਉਹਨਾਂ ਨੇ ਆਪਣੀ ਲੰਬੀ ਅਤੇ ਸਫੇਦ ਮਖ਼ਮਲੀ ਦਾਹੜੀ ਨੂੰ ਹੇਠਾਂ ਢਿੱਡ ਵੱਲ ਨੂੰ ਖਿੱਚ ਕੇ ਉਹਦੇ ਵਲ਼ ਕੱਢੇ। ਚਾਹ ਦਾ ਕੱਪ ਚੁੱਕ ਕੇ ਇਕ ਲੰਮਾ ਅਤੇ ਫੁਰਰ-ਫੁਰਰ ਕਰਦਾ ਘੁੱਟ ਭਰਿਆ (ਮੇਰੇ ਪੇਂਡੂ ਦੇ ਸਹੁਰਾ ਸਾਹਿਬ) ਆਦਿ।

ਕੁਲਵਿੰਦਰ ਦੀ ਵਾਰਤਕ ਕਲਾ ਦੀ ਇਕ ਹੋਰ ਖੂਬੀ ਹੈ ਕਿ ਉਹ ਆਪਣੇ ਸ਼ਬਦਾਂ ਨਾਲ ਗੁੱਝਾ ਹਾਸ-ਰਸ ਪੈਦਾ ਕਰ ਦਿੰਦਾ ਹੈ। ਇਸ ਪੱਖੋਂ ਉਸਦਾ ਇਹ ਵਰਣਨ ਦੇਖਣ ਵਾਲਾ ਹੈ, "ਦੇਖਦੇ ਹੀ ਦੇਖਦੇ ਫੁੱਫੜ ਨੇ ਪਰੌਂਠੇ ਅਤੇ ਭੁਰਜੀ ਬੰਨੇ ਲਾ ਦਿੱਤੀ ਅਤੇ ਫੁਰਰ-ਫੁਰਰ ਕਰ ਕੇ ਲੱਤ ਜਿੱਡਾ ਲੱਸੀ ਦਾ ਗਲਾਸ ਵੀ ਇੱਕੋ ਸਾਹੇ ਚਾੜ੍ਹ ਲਿਆ। ਫੇਰ ਲੰਬਾ ਸਾਰਾ ਅਤੇ 'ਗਿੱਲਾ ਡਕਾਰ' ਮਾਰ ਕੇ ਕੜਾਹ ਵਾਲੇ ਛੰਨੇ ਤੇ ਟੁੱਟ ਕੇ ਪੈ ਗਿਆ... ਅਤੇ 'ਕੜਾਹ ਸਵੀਟ ਡਿਸ਼' ਵੀ ਬੰਨੇ ਲਾ ਦਿੱਤੀ। ਉਸਨੇ ਚਮਚਾ ਥਾਲ ਵਿਚ ਰੱਖ ਕੇ ਉਂਗਲੀ ਨਾਲ ਕੜਾਹ ਵਾਲੇ ਛੰਨੇ ਨੂੰ ਮਾਂਜਣ ਵਾਂਗ ਚਮਕਾ ਦਿੱਤਾ। ਰਸੋਈ ਵਿਚ ਕੱਲ੍ਹ ਦੀ ਬੇਹੀ 'ਮਸਰਾਂ ਦੀ ਦਾਲ' ਨਾਲ ਰੋਟੀ 'ਅੰਦਰ ਸੁੱਟ' ਜਦ ਹਰਦੇਵ, ਫੁੱਫੜ ਨੂੰ ਚਾਹ ਫੜਾਉਣ ਗਿਆ ਤਾਂ... ਫੁੱਫੜ ਬਰਸਾਤੀ ਡੱਡੂ ਅਤੇ ਸੂਰਾਂ ਦੇ ਘੋਰੂ ਪਾਉਣ ਵਾਂਗ ਬਦਲ-ਬਦਲ ਕੇ ਘੁਰਾੜੇ ਮਾਰ ਰਿਹਾ ਸੀ, ਦੇਸੀ ਆਂਡਿਆਂ ਦੀ ਭੁਰਜੀ ਅਤੇ ਦੇਸੀ ਘਿਓ ਦੇ ਕੜਾਹ ਦੀ ਦੇਗ ਦੀ ਘੁਕੀ ਨੇ ... ਅੱਜ ਅੜਬ ਫੁੱਫੜ ਢਾਹ ਲਿਆ ਸੀ।" (ਰਿਸ਼ਤਿਆਂ ਦੇ ਤਾਣੇ ਬਾਣੇ ਦੀਆਂ ਤੰਦਾਂ)। ਲੇਖਕ ਦੀ ਵਿਅੰਗਕਲਾ ਵੀ ਦੇਖਣ ਵਾਲੀ ਹੈ--"ਹਰ ਰੋਜ਼ ਅਰਦਾਸ ਕਰਦੇ ਹਾਂ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਾਉਣਾ। ਇਹ ਬਚਾਉਣ ਦੀ ਜ਼ੁਮੇਵਾਰੀ ਵੀ ਅਕਾਲ ਪੁਰਖ ਦੀ ਹੈ, ਸਾਡੀ ਥੋੜ੍ਹੀ ਆ। ਜ਼ੁਮੇਵਾਰੀ ਗੁਰੂ ਨੂੰ ਦੇ ਕੇ ਆਪ ਸੁਰਖ਼ਰੂ ਹੋ ਜਾਣ ਨਾਵੋਂ ਵੱਧੀਆ ਕੀ ਹੱਲ ਹੋ ਸਕਦਾ? (ਚਿੱਤ ਚੇਤਿਆਂ 'ਚ ਵੱਸਿਆ ਮੇਰਾ ਪਿੰਡ)। 'ਇਹ ਦੋ ਨੈਣ' ਲੇਖ ਵਿਚ ਫ਼ਰੀਦ ਜੀ ਦੇ ਸਲੋਕ, "ਕਾਗਾ ਕਰੰਗ ਢੰਢੋਲਿਆ... ਦੀ ਵਿਆਖਿਆ ਬਹੁਤ ਵਧੀਆ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸਦੀ ਗੁਰਬਾਣੀ 'ਤੇ ਵੀ ਪਕੜ ਹੈ। ਪ੍ਰਸਤੁਤ ਪੁਸਤਕ ਭਾਵੇਂ ਵਾਰਤਕ ਦੀ ਹੈ, ਪਰ ਵਾਰਤਕ ਵਿਚੋਂ ਝਲਕਦੀ ਕਾਵਿਕਤਾ ਵੀ ਸਲਾਹੁਣਯੋਗ ਅਤੇ ਮਾਣਨਯੋਗ ਹੈ। ਜਿਵੇਂ: - ਸਿਰਫ ਕੰਧ-ਟੰਗੀ, ਹਾਰ ਪਾਈ ਮੂਰਤ ਨਹੀਂ ਹਾਂ ਮੈਂ/ ਨਾ ਹੀ ਕਦੇ ਕੈਦ ਕਰਨਾ ਮੈਨੂੰ ਇਹਨਾਂ ਧੂੜਾਂ-ਲੱਦੇ ਹਾਰਾਂ 'ਚ/ ਬਸ ਚੇਤਿਆਂ ਬਰਕਰਾਰ ਰੱਖਣਾ, ਉਦੋਂ ਤੱਕ/ ਜਦ ਤੱਕ ...ਨਹੀਂ ਮਿਲਦੇ ... ਆਪਾਂ ਦੋਬਾਰਾ...। (ਪੰਨਾ 49)

'ਸ਼ਗਨਾਂ ਵਾਲਾ ਲਿਫ਼ਾਫ਼ਾ' ਲੇਖ ਦੇ ਅੰਤ ਵਿਚ ਦਿੱਤੀਆਂ ਸਤਰਾਂ ਵਿਚ ਛੁਪੀ ਕਾਵਿਕਤਾ ਵੀ ਬਾ-ਕਮਾਲ ਹੈ: - ਕੱਲ੍ਹ/ ਝੱਖੜ ਐਸੇ ਝੁੱਲ ਗਏ/ ਕੋਈ ਦਿਸਦਾ ਨਹੀਂ ਸੀ ਰਾਹ/ ਅੱਜ / ਉੱਠ ਸਵੇਰੇ ਦੇਖਿਆ/ ਪਈ ਵਗੇ ਪਿਆਰ ਦੀ ਵਾਅ। ਆਪਣੇ ਇਹਨਾਂ ਦਰਵਾਜ਼ਿਆਂ ਨੂੰ/ ਹੱਥੀਂ ਲਾਏ ਜਿੰਦਰੇ ਖੋਲਣ ਲਈ/ ਬੂਹਿਆਂ ਦੀ 'ਸਰਦਲ' ਛੋਹਣ ਲਈ/ ਉਮਰ ਭਰ ਤਰਸਦੇ ਹੀ ਰਹਿ ਗਏ। ਪੰਨਾ (176)

ਐਵਿਸ ਪਬਲੀਕੇਸ਼ਨ ਵੱਲੋਂ ਪ੍ਰਕਾਸ਼ਿਤ 232 ਪੰਨਿਆ ਦੀ ਇਸ ਪੁਸਤਕ ਦੀ ਛਪਾਈ ਅਤੇ ਦਿੱਖ ਪ੍ਰਭਾਵਸ਼ਾਲੀ ਹੈ। ਪਾਠਕਾਂ ਦੀ ਸਾਹਿਤਕ ਭੁੱਖ ਨੂੰ ਤ੍ਰਿਪਤ ਕਰਦੀਆਂ ਅਜਿਹੀਆਂ ਸਾਹਿਤਕ ਪੁਸਤਕਾਂ ਨੂੰ ਭਰਵਾਂ ਹੁਲਾਰਾ ਮਿਲਣਾ ਚਾਹੀਦਾ ਹੈ।

# ਦਾਤੀ ਦੇ ਦੰਦੇ ਇੱਕ ਪਾਸੇ ਜਹਾਨ ਦੇ ਦੋਹੇ ਪਾਸੇ...!

**ਸੰਦੀਪ ਕੁਮਾਰ**
7009807121



ਪੰਜਾਬੀ ਬੋਲੀ ਵਿੱਚ ਇੱਕ ਪੁਰਾਣਾ ਕਹਾਵਤ ਹੈ, "ਦਾਤੀ ਦੇ ਦੰਦੇ ਇੱਕ ਪਾਸੇ ਜਹਾਨ ਦੇ ਦੋਹੇ ਪਾਸੇ..."। ਕੰਗਣਾ ਰਣੌਤ ਤੇ ਮਾਤਾ ਮਹਿੰਦਰ ਕੌਰ ਦੇ ਵਿਵਾਦ ਵਿੱਚ ਇਹ ਕਹਾਵਤ ਪੂਰੀ ਤਰ੍ਹਾਂ ਢੁਕਦੀ ਹੈ। ਅੱਜਕੱਲ੍ਹ ਦੇ ਡਿਜੀਟਲ ਯੁੱਗ ਵਿੱਚ, ਜਿੱਥੇ ਸ਼ਬਦਾਂ ਦੀ ਤਲਵਾਰ ਇੱਕ ਕਲਿੱਕ ਨਾਲ ਦੁਨੀਆਂ ਭਰ ਵਿੱਚ ਫੈਲ ਜਾਂਦੀ ਹੈ, ਇਹ ਕਹਾਵਤ ਹੋਰ ਵੀ ਵੱਧ ਮਹੱਤਵਪੂਰਨ ਹੋ ਜਾਂਦੀ ਹੈ। ਹਾਲ ਹੀ ਵਿੱਚ ਹੋਈ ਇੱਕ ਅਜਿਹੀ ਘਟਨਾ ਨੇ ਇਸ ਕਹਾਵਤ ਨੂੰ ਜੀਵੰਤ ਕਰ ਦਿੱਤਾ ਹੈ , ਜਿੱਥੇ ਇੱਕ ਮਸ਼ਹੂਰ ਅਭਿਨੇਤਰੀ ਅਤੇ ਸੰਸਦ ਮੈਂਬਰ ਕੰਗਣਾ ਰਣੌਤ ਨੂੰ ਬਠਿੰਡਾ ਅਦਾਲਤ ਵਿੱਚ ਪੇਸ਼ ਹੋ ਕੇ ਇੱਕ ਬਜ਼ੁਰਗ ਪੰਜਾਬੀ ਮਾਤਾ ਤੋਂ ਮਾਫ਼ੀ ਮੰਗਣੀ ਪਈ। ਇਹ ਘਟਨਾ ਨਾ ਸਿਰਫ਼ ਵਿਵਾਦਾਂ ਦਾ ਵਿਸ਼ਾ ਬਣੀ, ਸਗੋਂ ਸਾਡੇ ਪੰਜਾਬੀ ਸਮਾਜ ਦੇ ਸਮਾਜਿਕ ਵਰਤਾਰੇ ਨੂੰ ਵੀ ਐਕਸ-ਰੇਅ ਵਾਂਗ ਉਜਾਗਰ ਕਰ ਗਈ। ਕੀ ਅਸੀ ਸੱਚ-ਮੁੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵਾਰਿਸ ਹਾਂ ? ਜਿਨ੍ਹਾਂ ਨੇ ਆਪਣੀਆਂ ਉਦਾਸੀਆਂ ਦੌਰਾਨ ਮੰਦਾ ਵਿਵਹਾਰ ਕਰਨ ਵਾਲੇ ਲੋਕਾਂ ਨੂੰ ਵੀ "ਵਸੇ ਰਹੋ" ਦਾ ਆਸ਼ੀਰਵਾਦ ਦੇਕੇ ਇਨਸਾਨੀਅਤ ਦੀ ਲਾਜ਼ ਰੱਖੀ ਸੀ। ਪਰ ਕੀ ਅਸੀਂ ਆਪਣੇ ਸੱਭਿਆਚਾਰਕ ਮੂਲਾਂ ਨੂੰ ਭੁੱਲ ਕੇ ਨਫ਼ਰਤ ਦੀਆਂ ਲਹਿਰਾਂ ਵਿੱਚ ਡੁੱਬ ਰਹੇ ਹਾਂ ?

ਇਹ ਕਹਾਣੀ ਸ਼ੁਰੂ ਹੁੰਦੀ ਹੈ 2020-21 ਦੇ ਕਿਸਾਨ ਅੰਦੋਲਨ ਤੋਂ, ਜਦੋਂ ਪੰਜਾਬ ਦੇ ਕਿਸਾਨ ਖੇਤੀਬਾੜੀ ਕਾਨੂੰਨਾਂ ਵਿਰੁੱਧ ਆਵਾਜ਼ ਉਠਾ ਰਹੇ ਸਨ। ਉਸ ਵੇਲੇ ਕੰਗਣਾ ਰਣੌਤ, ਜੋ ਹੁਣ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਹਨ, ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਬਠਿੰਡਾ ਜ਼ਿਲ੍ਹੇ ਦੇ ਬਹਾਦਰਗੜ੍ਹ ਜੰਡੀਆਂ ਪਿੰਡ ਵਾਸੀ 73 ਸਾਲਾਂ ਦੀ ਬੀਬੀ ਮਹਿੰਦਰ ਕੌਰ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਬੀਬੀ ਮਹਿੰਦਰ ਕੌਰ ਦੀ ਤਸਵੀਰ ਨੂੰ ਰੀਟਵੀਟ ਕਰਦਿਆਂ ਉਨ੍ਹਾਂ ਨੂੰ "100 ਰੁਪਏ ਵਾਲੀ ਪ੍ਰੋਟੈਸਟਰ" ਕਹਿ ਕੇ ਅਪਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਸ਼ਾਹੀਨ ਬਾਗ਼ ਅੰਦੋਲਨ ਨਾਲ ਜੋੜ ਕੇ ਬਿਲਕਿਸ ਬਾਨੋ ਨਾਲ ਤੁਲਨਾ ਕੀਤੀ। ਇਹ ਟਿੱਪਣੀ ਨਾ ਸਿਰਫ਼ ਇੱਕ ਬਜ਼ੁਰਗ ਔਰਤ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀ ਸੀ, ਸਗੋਂ ਪੂਰੇ ਕਿਸਾਨ ਅੰਦੋਲਨ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਛੇੜਨ ਵਾਲੀ ਸੀ। ਬੀਬੀ ਮਹਿੰਦਰ ਕੌਰ ਨੇ ਇਸ ਅਪਮਾਨ ਨੂੰ ਸਹਿਣ ਨਾ ਕੀਤਾ ਅਤੇ ਜਨਵਰੀ 2021 ਵਿੱਚ ਬਠਿੰਡਾ ਅਦਾਲਤ ਵਿੱਚ ਬਦਨਾਮੀ ਦਾ ਕੇਸ ਦਰਜ ਕਰਵਾਇਆ। ਇਹ ਕੇਸ ਚੱਲਦਾ ਰਿਹਾ, ਕੰਗਣਾ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇਸ ਨੂੰ ਖਾਰਜ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਦਾਲਤ ਨੇ ਇਨਕਾਰ ਕਰ ਦਿੱਤਾ। ਅੰਤ ਵਿੱਚ, ਸੁਪਰੀਮ ਕੋਰਟ ਨੇ ਵੀ ਉਨ੍ਹਾਂ ਨੂੰ ਵੀਡੀਓ ਕਾਂਫਰੰਸਿੰਗ ਰਾਹੀਂ ਪੇਸ਼ ਹੋਣ ਦੀ ਆਗਿਆ ਨਹੀਂ ਦਿੱਤੀ।



ਨਤੀਜਾ ਇਹ ਹੋਇਆ ਕਿ 27 ਅਕਤੂਬਰ 2025 ਨੂੰ ਕੰਗਣਾ ਨੂੰ ਬਠਿੰਡਾ ਅਦਾਲਤ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਣਾ ਪਇਆ। ਉੱਥੇ ਉਨ੍ਹਾਂ ਨੇ ਅਦਾਲਤ ਵਿੱਚ ਆਪਣੀ ਗਲਤੀ ਨੂੰ ਮੰਨਦੇ ਹੋਏ ਅਫ਼ਸੋਸ ਜ਼ਾਹਰ ਕੀਤਾ ਅਤੇ ਮਾਫ਼ੀ ਮੰਗੀ। ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ, ਪਰ ਅਗਲੀ ਸੁਣਵਾਈ 24 ਨਵੰਬਰ ਨੂੰ ਨਿਰਧਾਰਤ ਕੀਤੀ ਗਈ।

ਇਹ ਘਟਨਾ ਤਾਂ ਹੱਲ ਹੋ ਗਈ, ਪਰ ਅਸਲ ਵਿਵਾਦ ਤਾਂ ਇਸ ਤੋਂ ਬਾਅਦ ਸ਼ੁਰੂ ਹੋ ਗਿਆ। ਮਾਫ਼ੀ ਮੰਗਣ ਤੋਂ ਬਾਅਦ ਵੀ, ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿੱਚ ਇੱਕ ਅਜੀਬ ਜਿਹੀ ਲਹਿਰ ਚੱਲ ਪਈ। ਲੋਕਾਂ ਨੇ ਕੰਗਣਾ ਨੂੰ ਨਿਸ਼ਾਨਾ ਬਣਾ ਕੇ ਵੱਖ-ਵੱਖ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ। ਕੋਈ ਕਹਿ ਰਿਹਾ ਸੀ ਕਿ "ਹੁਣ ਕੰਗਣਾ ਦੀ ਆਕੜ ਟੁੱਟ ਗਈ"। ਕੋਈ ਕਹਿ ਰਿਹਾ ਸੀ ਕਿ ਹੁਣ ਇਸ ਘਮੰਡੀ ਔਰਤ ਦੀ ਧੌਣ ਵਿੱਚੋਂ ਅੜਿਆ ਕੀਲਾ ਕੱਢ ਦਿੱਤਾ। ਕੋਈ ਤਾਂ ਇਹ ਵੀ ਬੋਲ ਰਿਹਾ ਸੀ ਕਿ "ਕੰਗਣਾ ਰਣੌਤ" ਵੱਲੋਂ ਮਾਫ਼ੀ ਮੰਗਣਾ ਉਸ ਦੇ ਸਵਾਵੀਮਾਨ ਤੇ ਚਪੇੜ ਵੱਜਣ ਵਾਂਗ ਹੈ। ਪੰਜਾਬੀ ਭਾਈਚਾਰੇ ਵਿੱਚ ਤਾਂ ਇੱਕ ਤਰ੍ਹਾਂ ਦੀ ਜਸ਼ਨ ਛਾ ਗਿਆ, ਲੋਕ ਬੋਲ ਰਹੇ ਸਨ ਕਿ "ਪੰਜਾਬੀਆਂ ਨੇ ਇੱਕ ਹੋਰ ਔਰਤ ਨੂੰ ਝੁਕਾਇਆ" ਅਤੇ "ਬੀਬੀ ਮਹਿੰਦਰ ਕੌਰ ਨੇ ਪੰਜਾਬ ਦੀਆਂ ਮਾਵਾਂ ਦਾ ਸਨਮਾਨ ਬਚਾਇਆ"।

ਐੱਕਸ (ਪਹਿਲਾਂ ਟਵਿੱਟਰ) ਵਿੱਚ ਹਜ਼ਾਰਾਂ ਪੋਸਟਾਂ ਆਈਆਂ, ਜਿਨ੍ਹਾਂ ਵਿੱਚ ਬੀਬੀ ਮਹਿੰਦਰ ਕੌਰ ਨੂੰ ਸਲਾਮ ਕੀਤਾ ਗਿਆ ਅਤੇ ਕੰਗਣਾ ਦੀ ਮਿੱਟੀ ਪਲੀਤ ਕੀਤੀ ਗਈ। ਇੱਕ ਯੂਜ਼ਰ ਨੇ ਲਿਖਿਆ, "82 ਸਾਲਾਂ ਦੀ ਬੁਜ਼ੁਰਗ ਨੇ ਕੰਗਣਾ ਨੂੰ ਅਦਾਲਤ ਵਿੱਚ ਲਿਆਂਦਾ ਅਤੇ ਮਾਫ਼ੀ ਮੰਗਵਾ ਲਈ "ਵਾਹ ਪੰਜਾਬੀਓ!" ਅਖ਼ਬਾਰਾਂ ਵਿੱਚ ਵੀ ਇਹੀ ਭਾਵਨਾ ਨਜ਼ਰ ਆਈ, ਬਠਿੰਡਾ ਤੋਂ ਐੱਮਪੀ ਹਰਸਿਮਰਤ ਕੌਰ ਬਾਦਲ ਨੇ ਤਾਂ ਖੁੱਲ੍ਹ ਕੇ ਕਿਹਾ ਕਿ ਬੀਬੀ ਮਹਿੰਦਰ ਕੌਰ ਨੇ "ਅਭਿਮਾਨੀ ਔਰਤ" ਨੂੰ ਸਬਕ ਸਿਖਾਇਆ ਅਤੇ ਪੰਜਾਬ ਦੀਆਂ ਔਰਤਾਂ ਦਾ ਸਨਮਾਨ ਬਚਾਇਆ।

ਇਹ ਸਭ ਵੇਖ ਕੇ ਅਤੇ ਸੁਣ ਕੇ ਇੱਕ ਲੇਖਕ ਅਤੇ ਪੰਜਾਬੀ ਹੋਣ ਦੇ ਨਾਤੇ ਮੈਂ ਇਸ ਵਰਤਾਰੇ ਲਈ ਕਾਫੀ ਅਸਹਿਜ਼ ਮਹਿਸੂਸ ਕੀਤਾ। ਕੰਗਣਾ ਨੇ ਗਲਤੀ ਕੀਤੀ, ਇਸ ਵਿੱਚ ਕੋਈ ਸ਼ੱਕ ਨਹੀਂ। ਉਨ੍ਹਾਂ ਦੇ ਉਹ ਸ਼ਬਦ ਬਹੁਤ ਹੀ ਨੀਵੇਂ ਅਤੇ ਅਪਮਾਨਜਨਕ ਸਨ। ਇੱਕ ਬਜ਼ੁਰਗ ਮਾਤਾ ਨੂੰ "100 ਰੁਪਏ ਵਾਲੀ ਪ੍ਰੋਟੈਸਟਰ" ਕਹਿਣਾ ਨਾ ਸਿਰਫ਼ ਨਿੰਦਣਯੋਗ ਹੈ, ਸਗੋਂ ਇੱਕ ਸਮਾਜ ਨੂੰ ਵੰਡਣ ਵਾਲਾ ਵੀ ਹੈ। ਰਾਜਨੀਤੀ ਵਿੱਚ ਆਪਣੀ ਉੱਚ ਲੀਡਰਸ਼ਿਪ ਨੂੰ ਖੁਸ਼ ਕਰਨ ਲਈ ਅਕਸਰ ਨਵੇਂ ਲੀਡਰ ਬਿਨ੍ਹਾਂ ਸਿਰ-ਪੈਰ ਦੇ ਬਿਆਨ ਦੇ ਦਿੰਦੇ ਹਨ,ਭਾਵੇਂ ਬਾਅਦ ਵਿੱਚ ਉਹਨਾਂ ਨੂੰ ਇਕੱਲਿਆਂ ਹੀ ਇਸ ਦਾ ਨਤੀਜਾ ਭੁਗਤਣਾ ਪੈਂਦਾ ਹੈ। ਕੰਗਣਾ ਰਣੌਤ ਨੂੰ ਵੀ "ਉਡਦਾ ਤੀਰ ਨਹੀਂ ਫੜਣਾ ਚਾਹੀਦਾ ਸੀ"। ਪਰ ਜਦੋਂ ਉਨ੍ਹਾਂ ਨੇ ਅਦਾਲਤ ਵਿੱਚ ਆ ਕੇ ਆਪਣੀ ਗਲਤੀ ਨੂੰ ਮੰਨ ਲਿਆ ਅਤੇ ਮਾਫ਼ੀ ਮੰਗ ਲਈ, ਤਾਂ ਕੀ ਅਸੀਂ ਪੰਜਾਬੀ ਵਜੋਂ ਉਸ ਨੂੰ ਮਾਫ਼ ਨਹੀਂ ਕਰ ਸਕਦੇ ਸੀ ? ਅਸੀਂ ਪੰਜਾਬੀ ਤਾਂ ਉਸ ਗੁਰੂ ਦੇ ਵਾਰਿਸ ਹਾਂ ਜਿਨ੍ਹਾਂ ਨੇ ਮੰਦਾ ਵਿਵਹਾਰ ਕਰਨ ਵਾਲੇ ਲੋਕਾਂ ਨੂੰ ਵੀ "ਵਸੇ ਰਹੋ" ਦਾ ਆਸ਼ੀਰਵਾਦ ਦੇਕੇ ਇਨਸਾਨੀਅਤ ਦੀ ਲਾਜ਼ ਰੱਖੀ ਸੀ। ਗੁਰਬਾਣੀ ਵਿੱਚ ਤਾਂ ਇਹ ਸ਼ਬਦ ਹੀ ਅਮਲ ਵਿੱਚ ਲਿਆਂਦੇ ਗਏ ਹਨ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"। ਇਹ ਬਾਣੀ ਸਾਨੂੰ ਯਾਦ ਕਰਾਉਂਦੀ ਹੈ ਕਿ ਹਰ ਵਿਅਕਤੀ ਵਿੱਚ ਰੱਬ ਦਾ ਹਿੱਸਾ ਹੈ, ਭਾਵੇਂ ਉਹ ਕਿੰਨਾ ਵੀ ਗਲਤ ਹੋਵੇ। ਗੁਰੂ ਸਹਿਬਾਨਾਂ ਨੇ ਵੀ ਸਾਨੂੰ ਇਹੀ ਸਿੱਖਿਆ ਦਿੱਤੀ ਸੀ ਕਿ ਨਿੰਦਾ ਅਤੇ ਬੁਰੇ ਬੋਲਾਂ ਤੋਂ ਬਚੋ, ਕਿਉਂਕਿ ਉਹ ਤੁਹਾਡੇ ਆਪਣੇ ਚਿੱਤ ਨੂੰ ਕਲੰਕਿਤ ਕਰਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਨਾਰੀ ਨੂੰ ਹਮੇਸ਼ਾ ਮਾਤਾ, ਭੈਣ ਅਤੇ ਧਰਤੀ ਵਾਂਗ ਪਵਿੱਤਰ ਮੰਨਿਆ ਗਿਆ ਹੈ। ਅਸੀਂ ਤਾਂ ਉਹੀ ਲੋਕ ਹਾਂ, ਜਿੱਥੇ ਔਰਤ ਦੇ ਸਨਮਾਨ ਲਈ ਪੂਰੀ ਕੌਮ ਲੜੀ। ਪਰ ਅੱਜ ਅਸੀਂ ਇੱਕ ਔਰਤ ਨੂੰ, ਭਾਵੇਂ ਉਹ ਗਲਤ ਹੋਵੇ, ਉਸ ਦੀ ਮਾਫ਼ੀ ਨੂੰ ਇੱਕ ਜਿੱਤ ਵਾਂਗ ਮਨਾ ਰਹੇ ਹਾਂ। ਇਹ ਕਿਸ ਤਰ੍ਹਾਂ ਦਾ ਵਰਤਾਰਾ ਹੈ ?

ਸਮਾਜ ਵਿਗਿਆਨੀ ਵਜੋਂ ਵੀ ਇਹ ਵਿਚਾਰ ਕਰੀਏ ਤਾਂ ਇਹ ਲਹਿਰ ਬਹੁਤ ਹੀ ਚਿੰਤਾਜਨਕ ਹੈ। ਅੱਜ ਦੇ ਸਮੇਂ ਵਿੱਚ, ਸੋਸ਼ਲ ਮੀਡੀਆ ਨੇ ਸਾਨੂੰ ਇੱਕ ਅਜਿਹੀ ਅਡਿਕਸ਼ਨ ਦੇ ਦਿੱਤੀ ਹੈ ਜਿੱਥੇ ਨਫ਼ਰਤ ਅਤੇ ਤਿੱਖੇ ਬੋਲ ਵਾਇਰਲ ਹੋਣ ਵਾਲੇ ਹੁੰਦੇ ਹਨ। ਜਦੋਂ ਕੰਗਣਾ ਨੇ ਮਾਫ਼ੀ ਮੰਗੀ, ਤਾਂ ਇਹ ਇੱਕ ਮੌਕਾ ਸੀ ਕਿ ਅਸੀਂ ਇੱਕ ਸਕਾਰਾਤਮਕ ਮਾਹੌਲ ਬਣਾਈਏ। ਅਸੀਂ ਕਹਿ ਸਕਦੇ ਸੀ ਕਿ "ਚੰਗਾ ਹੋਇਆ, ਗਲਤੀ ਨੂੰ ਮੰਨ ਲਿਆ। ਹੁਣ ਅੱਗੇ ਵਧੀਏ ਅਤੇ ਅਜਿਹੀਆਂ ਗਲਤੀਆਂ ਨਾ ਦੁਹਰਾਈਏ।" ਇਹ ਨਾ ਸਿਰਫ਼ ਬੀਬੀ ਮਹਿੰਦਰ ਕੌਰ ਦੇ ਸਨਮਾਨ ਨੂੰ ਵਧਾਉਂਦਾ, ਸਗੋਂ ਪੂਰੇ ਸਮਾਜ ਨੂੰ ਏਕਤਾ ਦਾ ਪਾਠ ਪੜ੍ਹਾਉਂਦਾ। ਪਰ ਅਸੀਂ ਇਸ ਨੂੰ ਇੱਕ ਜੰਗ ਵਾਂਗ ਲਿਆ, ਜਿਵੇਂ ਕੋਈ ਵੱਡੀ ਜਿੱਤ ਹੋ ਗਈ ਹੋਵੇ। ਇਹ ਵਿਸ਼ੇਸ਼ ਤੌਰ 'ਤੇ ਔਰਤਾਂ ਨਾਲ ਸਬੰਧਤ ਹੋਣ ਕਰਕੇ ਹੋਰ ਵੀ ਦੁਖਦਾਈ ਹੈ। ਇਸ ਘਟਨਾ ਨੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਵੀ ਚੁਣੌਤੀ ਦਿੱਤੀ ਹੈ। ਅਸੀਂ ਉਸ ਕੌਮ ਦੇ ਵਾਰਿਸ ਹਾਂ ਜੋ ਵੱਡੇ ਦਿਲ ਅਤੇ ਭਾਈਚਾਰਕ ਸਾਂਝਾ ਬਣਾਉਣ ਵਿੱਚ ਯਕੀਨ ਰੱਖਦੇ ਹਾਂ। ਜਿੱਥੇ ਲੋਕਾਂ ਨੂੰ ਮਿਲਣ-ਜੁਲਣ ਅਤੇ ਵੱਡਾ ਦਿਲ ਰੱਖਣ ਦੀ ਸਿੱਖਿਆ ਮਿਲੀ ਹੈ। ਪਰ ਅੱਜ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ, ਅਸੀਂ ਟ੍ਰੋਲਿੰਗ ਅਤੇ ਵਾਇਰਲ ਹੋਣ ਦੀ ਦੌੜ ਵਿੱਚ ਫਸ ਗਏ ਹਾਂ। ਇੱਕ ਛੋਟੀ ਜਿਹੀ ਮਾਫ਼ੀ ਨੂੰ ਵੀ ਅਸੀਂ ਇੱਕ ਵੱਡੇ ਵਿਵਾਦ ਵਿੱਚ ਬਦਲ ਦਿੰਦੇ ਹਾਂ। ਇਸ ਨਾਲ ਨਾ ਸਿਰਫ਼ ਵਿਅਕਤੀਗਤ ਨੁਕਸਾਨ ਹੁੰਦਾ ਹੈ, ਸਗੋਂ ਸਮਾਜਿਕ ਮਾਹੋਲ ਵੀ ਖਰਾਬ ਹੁੰਦਾ ਹੈ। ਬੀਬੀ ਮਹਿੰਦਰ ਕੌਰ ਵਰਗੀਆਂ ਬਜ਼ੁਰਗਾਂ ਨੂੰ ਸਨਮਾਨ ਮਿਲਣਾ ਚਾਹੀਦਾ ਹੈ, ਪਰ ਇਸ ਨੂੰ ਨਫ਼ਰਤ ਵਿੱਚ ਨਾ ਬਦਲਿਆ ਜਾਵੇ। ਜੇ ਅਸੀਂ ਅਜਿਹਾ ਕਰਦੇ ਰਹੇ, ਤਾਂ ਭਵਿੱਖ ਵਿੱਚ ਕੋਈ ਵੀ ਆਪਣੀ ਗਲਤੀ ਨੂੰ ਮੰਨਣ ਤੋਂ ਡਰੇਗਾ ਅਤੇ ਸਮਾਜ ਵਿੱਚ ਨਫ਼ਰਤ ਹੀ ਵਧੇਗੀ।

ਅੰਤ ਵਿੱਚ, ਇਹੀ ਕਹਿਣਾ ਚਾਹੁੰਦਾ ਹਾਂ ਕਿ ਇਹ ਮੁੱਦਾ ਸਕਾਰਾਤਮਕ ਰੂਪ ਵਿੱਚ ਹੱਲ ਹੋ ਸਕਦਾ ਸੀ। ਅਸੀਂ ਪੰਜਾਬੀ ਵਜੋਂ ਆਪਣੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਨੂੰ ਅਪਣਾ ਕੇ ਇੱਕ ਚੰਗਾ ਉਦਾਹਰਣ ਪੇਸ਼ ਕਰ ਸਕਦੇ ਸੀ। ਪਰ, ਅਸੀਂ ਫੁੱਕਰਪੁਣੇ ਵਿੱਚ ਇਸ ਨੂੰ ਨਕਾਰਾਤਮਕ ਬਣਾ ਦਿੱਤਾ। ਅੱਜ ਕੰਗਣਾ ਰਣੌਤ ਵੱਲੋਂ ਮਾਫ਼ੀ ਮੰਗਣ ਤੋਂ ਬਾਅਦ ਵੀ ਅਸੀਂ ਆਪਣੇ ਵਰਤਾਰੇ ਕਾਰਨ ਕਟਹਿਰੇ ਵਿੱਚ ਖੜ੍ਹੇ ਹੋ ਗਏ ਹਾਂ। ਦੁਨੀਆਂ ਨੂੰ ਲੱਗ ਰਿਹਾ ਹੈ ਕਿ ਪੰਜਾਬ ਤੋਂ ਬਾਹਰੀ ਔਰਤਾਂ ਨੂੰ ਲੈ ਕੇ ਸਾਡੀ ਮਾਨਸਿਕਤਾ ਕਿੰਨੀ ਤੰਗ ਹੋ ਗਈ ਹੈ। ਉਮੀਦ ਹੈ ਕਿ ਅਸੀਂ ਆਪਣੇ ਮੌਜੂਦਾ ਵਰਤਾਰੇ ਨੂੰ ਛੱਡ ਕੇ ਸਕਾਰਾਤਮਕਤਾ ਵੱਲ ਵਧੀਏ। ਜੇ ਅਸੀਂ "ਵਸੇ ਰਹੋ" ਨੂੰ ਅਪਣਾਈਏ ਅਤੇ ਹਰ ਗਲਤੀ ਨੂੰ ਸਿੱਖਣ ਦਾ ਮੌਕਾ ਬਣਾਈਏ, ਤਾਂ ਹੀ ਇੱਕ ਸੁੰਦਰ ਸਮਾਜ ਦੀ ਸਿਰਜਣਾ ਹੋ ਸਕੇਗੀ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਦੁਨੀਆਂ ਦੇ ਸਭ ਤੋਂ ਲੰਮੇ ਪੁਲ ਮੈਸੀਨਾ ਪ੍ਰੋਜੈਕਟ ਨੂੰ ਇਟਲੀ ਦੀ ਮਾਨਯੋਗ ਅਦਾਲਤ

## ✪ ਆਡਿਟ ਨੇ ਕੀਤਾ ਰੱਦ, ਮੇਲੋਨੀ ਸਰਕਾਰ ਨੇ ਅਦਾਲਤ ਦੇ ਇਸ ਫੈਸਲੇ ਦੀ ਨਿੰਦਿਆ ਕਰਦਿਆਂ ਦੱਸਿਆ ਰਾਜਨੀਤੀ ਤੋਂ ਪ੍ਰੇਰਿਤ, ਸਿਆਸੀ ਹਲਕਿਆਂ ਵਿੱਚ ਹਲ-ਚਲ



ਰੋਮ (ਗੁਰਸ਼ਰਨ ਸਿੰਘ ਸੋਨੀ)-ਇਟਲੀ ਵਿੱਚ ਉਸ ਵੇਲੇ ਸਿਆਸੀ ਹਲਕਿਆਂ ਵਿੱਚ ਹਲਚਲ ਮੱਚ ਗਈ ਜਦੋਂ ਇਟਲੀ ਸਰਕਾਰ ਦੇ ਅਹਿਮ ਪ੍ਰੋਜੈਕਟ ਨੂੰ ਇਟਲੀ ਦੀ ਇੱਕ ਮਾਨਯੋਗ ਅਦਾਲਤ ਨੇ ਰੱਦ ਕਰ ਦਿੱਤਾ। ਹੋਇਆ ਇੰਝ ਕਿ ਮੇਲੋਨੀ ਸਰਕਾਰ ਇਟਲੀ ਦੇਸ਼ ਨੂੰ ਯੂਰਪ ਸਭ ਤੋਂ ਵੱਧ ਉਨੱਤ ਦੇਸ਼ ਬਣਾਉਣ ਲਈ ਕਈ ਅਹਿਮ ਕਾਰਵਾਈਆਂ ਨੂੰ ਅੰਜਾਮ ਦੇ ਰਹੀ ਹੈ ਤੇ ਉਸ ਵਿੱਚ ਹੀ ਇਹ ਪ੍ਰੋਜੈਕਟ ਸੀ ਜਿਹੜਾ ਸਰਕਾਰ ਨੇ ਬੀਤੇ ਸਮੇਂ ਵਿੱਚ ਸੈਸ਼ਨ ਵਿੱਚ ਪਾਸ ਕਰਦਿਆਂ ਹਰੀ ਝੰਡੀ ਦਿੱਤੀ ਕਿ ਇਟਲੀ ਦੇ ਸਿਸਲੀ ਸੂਬੇ ਨੂੰ ਇਟਲੀ ਨਾਲ ਸੜਕੀ ਮਾਰਗ ਰਾਹੀ ਜੋੜਨ ਲਈ ਸਰਕਾਰ ਦੁਨੀਆਂ ਦਾ ਸਭ ਤੋਂ ਲੰਬਾ ਪੁਲ 3,7 ਕਿਲੋਮੀਟਰ ਬਣਾਏਗੀ ਜਿਸ ਦੀ ਲਾਗਤ 13,5ਬਿਲੀਅਨ ਯੂਰੋ (15,6 ਬਿਲੀਅਨ ਅਮਰੀਕੀ ਡਾਲਰ) ਹੋਵੇਗੀ ਪਰ ਮੇਲੋਨੀ ਸਰਕਾਰ ਜਿਹੜੀ ਕਿ ਇਸ ਪੁਲ ਦੇ ਕੰਮ ਨੂੰ ਸੰਨ 2026 ਵਿੱਚ ਸ਼ੁਰੂ ਕਰਨ ਦੀਆਂ ਯੋਜਨਾਵਾਂ ਬਣਾਉਣ ਵਿੱਚ ਮਸ਼ਰੂਫ਼ ਸੀ ਉਸ ਦੀਆਂ ਸਕੀਮਾਂ ਸਭ ਧਰੀਆਂ ਧਰਾਈਆਂ ਰਹਿ ਗਈਆਂ ਜਦੋਂ ਇਟਲੀ ਦੀ ਜਨਤਕ ਵਿੱਤ ਦੀ ਨਿਗਰਾਨੀ ਕਰਨ ਵਾਲੀ ਮਾਨਯੋਗ ਅਦਾਲਤ ਆਡਿਟ ਨੇ ਸਰਕਾਰ ਵੱਲੋਂ ਪੁਲ ਦੀ ਉਸਾਰੀ ਦੀਆਂ ਸਰਕਾਰੀ ਯੋਜਨਾਵਾਂ ਨੂੰ ਰੱਦ ਕਰ ਦਿੱਤਾ ਜਿਸ ਨਾਲ ਮੇਲੋਨੀ ਸਰਕਾਰ ਦੀਆਂ ਮੁੱਖ ਪਹਿਲਕਦਮੀਆਂ ਵਿੱਚੋਂ ਇੱਕ ਨੂੰ ਵੱਡਾ ਝਟਕਾ ਲੱਗਾ।

ਮਾਨਯੋਗ ਆਡਿਟ ਅਦਾਲਤ ਇੱਕ ਸੁਤੰਤਰ ਸੰਸਥਾ ਹੈ ਜੋ ਜਨਤਕ ਖਰਚਿਆਂ ਦੀ ਨਿਗਰਾਨੀ ਕਰਦੀ ਹੈ ਨੇ ਅਗਸਤ ਵਿੱਚ ਸਰਕਾਰ ਦੁਆਰਾ ਫੰਡ ਕੀਤੇ ਗਏ ਪੁਲ ਪ੍ਰੋਜੈਕਟ ਦੀ ਸਮੀਖਿਆ ਸ਼ੁਰੂ ਕੀਤੀ ਸੀ ਤੇ ਬੀਤੀ ਰਾਤ ਆਪਣੇ ਫੈਸਲੇ ਦਾ ਐਲਾਨ ਕਰ ਦਿੱਤਾ।

ਪ੍ਰਧਾਨ ਮੰਤਰੀ ਮੇਲੋਨੀ ਨੇ ਮਾਨਯੋਗ ਅਦਾਲਤ ਦੇ ਇਸ ਫੈਸਲੇ ਉਪੱਰ ਆਪਣੀ ਪ੍ਰਤੀਕਿਆ ਜ਼ਾਹਿਰ ਕਰਦਿਆਂ ਕਿਹਾ ਕਿ ਨਿਆਂਪਾਲਿਕਾ ਵੱਲੋਂ ਉਹਨਾਂ ਦੀਆਂ ਇਟਲੀ ਦੇ ਹਿੱਤ ਵਿੱਚ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਉਪੱਰ ਹਮਲਾ ਹੈ ਜਦੋਂ ਕਿ ਉਹਨਾਂ ਦੀ ਕੈਬਨਿਟ ਨੇ ਮਾਨਯੋਗ ਅਦਾਲਤ ਵੱਲੋਂ ਪੁੱਛੇ ਗਏ ਸਾਰੇ ਤਕਨੀਕੀ ਸਾਵਲਾਂ ਦੇ ਜਵਾਬ ਦੇ ਦਿੱਤੇ ਸਨ। ਜ਼ਿਕਰਯੋਗ ਹੈ ਕਿ ਦੁਨੀਆਂ ਦੇ ਸਭ ਤੋਂ ਲੰਬੇ ਸਸਪੈਂਸ਼ਨ ਪੁਲ ਜਿਸ ਨੂੰ ਮੈਸੀਨਾ ਪ੍ਰੋਜੈਕਟ ਵੀ ਕੀਤਾ ਜਾਂਦਾ ਹੈ ਇਹ ਪ੍ਰੋਜੈਕਟ ਪਿਛਲੇ 5 ਦਹਾਕਿਆਂ ਤੋਂ ਕਈ ਵਾਰ ਸੁਰਖੀਆਂ ਵਿੱਚ ਆ ਚੁੱਕਾ ਹੈ। ਇਸ ਨੂੰ ਰੱਦ ਕਰਨ ਦੇ ਕਾਰਨਾਂ ਵਿੱਚ ਭੂਚਾਲ ਦੀਆਂ ਗਤੀਵਿਧੀਆਂ ਦੇ ਜੋਖ਼ਮਾਂ ਅਤੇ ਇਸ ਦੀ ਆਰਥਿਕ ਵਿਵਹਾਰਕਤਾ, ਵਾਤਾਵਰਣ ਪ੍ਰਭਾਵ ਅਤੇ ਸੰਬਧਿਤ ਕਾਨੂੰਨੀ ਚਿੰਤਾਵਾਂ ਦੇ ਸ਼ੱਕ ਕਾਰਨ ਚਰਚਾਂ ਵਿੱਚ ਹਨ। ਮਾਨਯੋਗ ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਜਿੱਥੇ ਸਿਆਸੀ ਹਲਕਿਆਂ ਵਿੱਚ ਮਾਹੌਲ ਜਿੱਥੇ ਗਰਮਾਇਆ ਹੋਇਆ ਹੈ ਉੱਥੇ ਮੇਲੋਨੀ ਸਰਕਾਰ ਲਈ ਵੱਡੀ ਚਨੌਤੀ ਬਣ ਗਿਆ ਹੈ। ਸਰਕਾਰ ਕੋਲ ਹੁਣ ਇੱਕ ਮਹੱਤਵਪੂਰਨ ਵਿਕਲਪ ਹੈ ਕਿ ਉਹ ਮਾਨਯੋਗ ਅਦਾਲਤ ਦੇ ਫੈਸਲੇ ਨੂੰ ਸਵੀਕਾਰ ਕਰੇ ਜਾਂ ਪ੍ਰਸਤਾਵ ਵਿੱਚ ਸੋਧ ਕਰ ਅਪੀਲ ਕਰੇ ਪਰ ਜੇਕਰ ਇਹ ਪ੍ਰੋਜੈਕਟ ਕਾਮਯਾਬ ਹੋ ਜਾਂਦਾ ਹੈ ਤਾਂ ਇਟਲੀ ਦੁਨੀਆਂ ਦਾ ਸਭ ਤੋਂ ਲੰਮਾ ਪੁਲ ਬਣਾਉਣ ਵਾਲਾ ਦੇਸ਼ ਬਣ ਜਾਵੇਗਾ ਤੇ ਨਾਲ ਹੀ ਇਹ ਪੁੱਲ ਸਿਸਲੀ ਦੇ ਉੱਤਰ-ਪੂਰਬੀ ਸਿਰੇ ਜੋੜ ਦੇਵੇਗਾ। ਜਿਸ ਨਾਲ ਦੇਸ਼ ਦੇ ਦੱਖਣੀ ਆਵਾਜਾਈ ਲਿੰਕਾਂ ਨੂੰ ਬਦਲ ਦਵੇਗਾ।

ਇਟਲੀ ਦੇ ਉਪ-ਪ੍ਰਧਾਨ ਮੰਤਰੀ ਅਤੇ ਆਵਾਜਾਈ ਮੰਤਰੀ ਮੈਤਿਓ ਸਾਲਵਿਨੀ ਜਿਹੜੇ ਕਿਸੇ ਸਮੇਂ ਆਪ ਇਸ ਪੁੱਲ ਦਾ ਵਿਰੋਧ ਕਰਦੇ ਸਨ ਪਰ ਹੁਣ ਇਸ ਪ੍ਰੋਜੈਕਟ ਦੇ ਮੁੱਖ ਹਮਾਇਤੀ ਹਨ ਉਹਨਾਂ ਨੇ ਮਾਨਯੋਗ ਅਦਾਲਤ ਦੇ ਫੈਸਲੇ ਦੀ ਨਿੰਦਿਆਂ ਕਰਦਿਆਂ ਇਸ ਫੈਸਲੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ। ਮਾਨਯੋਗ ਅਦਾਲਤ ਇਸ ਪੁਲ ਦੇ ਪ੍ਰੋਜੈਕਟ ਨੂੰ ਰੱਦ ਕਰਨ ਦੇ ਕਾਰਨਾਂ ਨੂੰ ਆਉਣ ਵਾਲੇ 30 ਦਿਨਾਂ ਵਿੱਚ ਜਨਤਕ ਕਰ ਸਕਦੀ ਹੈ।

## ਮਿੰਨੀ ਕਹਾਣੀ / ਸਵੇਰ ਦਾ ਭੁੱਲਿਆ

ਰਮੇਸ਼ ਦਾ ਸੁਖਜਿੰਦਰ ਨਾਲ ਵਿਆਹ ਹੋਏ ਨੂੰ ਪੰਜ ਸਾਲ ਹੋ ਗਏ ਸਨ। ਇਹ ਪੰਜ ਸਾਲ ਰਮੇਸ਼ ਨੇ ਸੁਖਜਿੰਦਰ ਨਾਲ ਨਰਕ ਵਰਗੇ ਬਿਤਾਏ ਸਨ। ਇਸ ਦਾ ਕਾਰਨ ਇਹ ਸੀ ਕਿ ਸੁਖਜਿੰਦਰ ਸਹੁਰੇ ਘਰ ਦੀਆਂ ਸਾਰੀਆਂ ਗੱਲਾਂ ਆਪਣੀ ਮੰਮੀ ਨਾਲ ਸਾਂਝੀਆਂ ਕਰਦੀ ਰਹਿੰਦੀ ਸੀ। ਉਸ ਦੀ ਮੰਮੀ ਉਸ ਨੂੰ ਗਲਤ ਸਲਾਹਾਂ ਦਿੰਦੀ ਰਹਿੰਦੀ ਸੀ, ਜਿਨ੍ਹਾਂ ਨੂੰ ਉਹ ਮੰਨ ਕੇ ਘਰ ਵਿੱਚ ਕਲੇਸ਼ ਪਾਈ ਰੱਖਦੀ ਸੀ। ਪਰ ਪਿਛਲੇ ਇੱਕ ਮਹੀਨੇ ਤੋਂ ਰਮੇਸ਼ ਉਸ ਦੀ ਬੋਲ-ਚਾਲ ਤੇ ਵਰਤਾਉ ਵਿੱਚ ਹੈਰਾਨ ਕਰਨ ਵਾਲਾ ਪਰਿਵਰਤਨ ਦੇਖ ਰਿਹਾ ਸੀ। ਰਮੇਸ਼ ਨੂੰ ਇਹ ਪਤਾ ਨਹੀ ਸੀ ਲੱਗ ਰਿਹਾ ਕਿ ਉਸ ਵਿੱਚ ਇਹ ਪਰਿਵਰਤਨ ਕਿਵੇਂ ਆ ਗਿਆ?


ਅੱਜ ਜਦੋਂ ਸੁਖਜਿੰਦਰ ਦੀ ਮੰਮੀ ਦਾ ਫੋਨ ਆਇਆ, ਤਾਂ ਉਹ ਫੋਨ ਸੁਣਨ ਲਈ ਰਮੇਸ਼ ਕੋਲੋਂ ਉੱਠ ਕੇ ਨਹੀਂ ਗਈ, ਸਗੋਂ ਉਹ ਰਮੇਸ਼ ਕੋਲ ਬੈਠੀ ਹੀ ਉਸ ਦਾ ਫੋਨ ਸੁਣਨ ਲੱਗ ਪਈ, "ਹਾਂ ਮੰਮੀ, ਦੱਸ ਕੀ ਗੱਲ ਆ?"

"ਪੁੱਤ ਗੱਲ ਤਾਂ ਕੁਛ ਨ੍ਹੀ। ਮੈਂ ਤੇਰਾ ਹਾਲ ਪੁੱਛਣ ਲਈ ਫੋਨ ਕੀਤਾ ਆ।"

"ਮੰਮੀ ਮੈਂ ਆਪਣੇ ਘਰ ਠੀਕ -ਠਾਕ ਹਾਂ। ਜੇ ਮੈਨੂੰ ਕੁਛ ਹੋਇਆ, ਤਾਂ ਮੈਂ ਤੈਨੂੰ ਆਪ ਫੋਨ ਕਰਕੇ ਦੱਸ ਦਿਆਂਗੀ। ਤੂੰ ਮੈਨੂੰ ਬਹੁਤੇ ਫੋਨ ਨਾ ਕਰਿਆ ਕਰ। ਮਸੀਂ ਸਾਡੇ ਘਰ 'ਚ ਕਲੇਸ਼ ਨੂੰ ਠੱਲ੍ਹ ਪਈ ਆ। ਮੈਂ ਨ੍ਹੀ ਚਾਹੁੰਦੀ ਕਿ ਸਾਡੇ ਘਰ 'ਚ ਦੁਬਾਰਾ ਕਲੇਸ਼ ਪਏ।" ਏਨਾ ਕਹਿ ਕੇ ਸੁਖਜਿੰਦਰ ਨੇ ਫੋਨ ਕੱਟ ਦਿੱਤਾ। ਫੇਰ ਉਹ ਰਮੇਸ਼ ਨੂੰ ਮੁਖ਼ਾਤਿਬ ਹੋ ਕੇ ਬੋਲੀ, "ਰਮੇਸ਼ ਮੈਨੂੰ ਮਾਫ਼ ਕਰ ਦਈਂ। ਮੈਂ ਪੰਜ ਸਾਲ ਤੈਨੂੰ ਮੰਮੀ ਦੇ ਕਹੇ ਤੇ ਬਹੁਤ ਚੰਗਾ-ਮੰਦਾ ਬੋਲਿਆ ਆ। ਹੁਣ ਮੈਂ ਫੈਸਲਾ ਕੀਤਾ ਆ ਕਿ ਤੇਰੇ ਨਾਲ ਚੱਜ ਨਾਲ ਗੱਲ ਕਰਿਆ ਕਰਾਂਗੀ ਤੇ ਤੇਰਾ ਹਰ ਕਹਿਣਾ ਮੰਨਿਆ ਕਰਾਂਗੀ। ਕਿਸੇ ਤੀਜੇ ਬੰਦੇ ਨੂੰ ਆਪਣੇ ਘਰ 'ਚ ਦਖਲ ਨਹੀਂ ਦੇਣ ਦਿਆਂਗੀ।"

"ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ, ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਸੁਖਜਿੰਦਰ ਤੂੰ ਸਹੀ ਸਮੇਂ ਤੇ ਸਹੀ ਫੈਸਲਾ ਕੀਤਾ ਆ। ਮੈਂ ਤੇਰੇ ਇਸ ਫੈਸਲੇ ਤੋਂ ਬਹੁਤ ਖ਼ੁਸ਼ ਹਾਂ," ਰਮੇਸ਼ ਨੇ ਆਖਿਆ।

ਮਹਿੰਦਰ ਸਿੰਘ ਮਾਨ
(ਮੁੱਖ ਅਧਿਆਪਕ)
ਪਿੰਡ ਤੇ ਡਾਕ ਰੱਕੜਾਂ ਢਾਹਾ
(ਸ਼ਹੀਦ ਭਗਤ ਸਿੰਘ ਨਗਰ)
ਪਿੰਨ 144526 ਫੋਨ 9915803554



## ਡਾਇਟ ਵੇਰਕਾ ਵਿਖੇ ਲੱਗਾ ਪੜ੍ਹਣ-ਪੜ੍ਹਾਉਣ ਸਮੱਗਰੀ ਦਾ ਦੋ ਰੋਜ਼ਾ ਮੇਲਾ





ਵੇਰਕਾ (ਰਮੇਸ਼ ਬੱਗਾ ਚੋਹਲਾ)-ਪਿਛਲੇ ਦਿਨੀਂ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ (ਡਾਇਟ) ਵੇਰਕਾ ਵਿਖੇ ਵਿਦਿਆਰਥੀਆਂ ਨੂੰ ਪੜ੍ਹਾਉਣ ਵਿਚ ਸਹਾਇਕ ਸਮੱਗਰੀ ਦਾ ਦੋ ਰੋਜ਼ਾ ਮੇਲਾ ਲਗਾਇਆ ਗਿਆ। ਇਸ ਮੇਲੇ ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਵੱਲੋਂ ਬੜੇ ਉਤਸ਼ਾਹ ਤੇ ਲਗਨ ਨਾਲ ਭਾਗ ਲਿਆ ਗਿਆ ਅਤੇ ਵੱਖ-ਵੱਖ ਮਜ਼ਮੂਨਾਂ ਨਾਲ ਸੰਬੰਧਤ ਅਧਿਆਪਨ-ਸਿੱਖਣ ਸਹਾਇਕ ਸਮੱਗਰੀ (ਹੈਂਡ-ਮੇਡ) ਦੀ ਨੁਮਾਇਸ਼ ਕੀਤੀ ਗਈ। ਇਹ ਨੁਮਾਇਸ਼ ਮੁਕਾਬਲੇ ਦੀ ਭਾਵਨਾ ਨਾਲ ਕੀਤੀ ਗਈ ਜਿਸ ਵਿਚੋਂ ਵਿਸ਼ੇਸ਼ ਸਮੱਗਰੀ ਦੀ ਦਰਜ਼ਾਬੰਦੀ ਕਰਕੇ ਉਸ ਨੂੰ ਇਨਾਮਤ ਕੀਤਾ ਗਿਆ। ਇਸ ਮੇਲੇ ਨੂੰ ਸਫ਼ਲ ਬਣਾਉਣ ਹਿੱਤ ਡਾਇਟ ਵੇਰਕਾ ਦੀ ਫ਼ੈਕਲਟੀ ਦਾ ਭਰਪੂਰ ਯੋਗਦਾਨ ਰਿਹਾ। ਇਸ ਮੇਲੇ ਵਿਚ ਜ਼ਿਲ੍ਹਾ ਤਲੀਮ ਅਫ਼ਸਰ (ਸ) ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਡਾਇਟ ਪ੍ਰਿੰਸੀਪਲ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਗੁਰੂ ਨਾਨਕ ਚਿੰਤਨ ਦੇ ਇਨਕਲਾਬੀ ਪਹਿਲੂ

ਜਸਵਿੰਦਰ ਸਿੰਘ 'ਰੁਪਾਲ'



ਇਨਕਲਾਬ ਜਾਂ ਕਰਾਂਤੀ ਦੇ ਅਰਥ ਵਿਦਰੋਹ ਜਾਂ ਬਗਾਵਤ ਹਨ। ਆਪਣੇ ਸਮੇਂ ਦੀਆਂ ਪ੍ਰਚਲਿਤ ਕਦਰਾਂ ਕੀਮਤਾਂ, ਰਸਮਾਂ, ਵਿਸ਼ਵਾਸ਼ਾਂ, ਮਨੌਤਾਂ, ਮਿੱਥਾਂ, ਹੁਕਮਾਂ, ਨੂੰ ਵੰਗਾਰਨਾ। ਸਿਰਫ ਉਨ੍ਹਾਂ ਨੂੰ ਗਲਤ ਹੀ ਨਹੀਂ ਕਹਿਣਾ ਸਗੋਂ ਉਨ੍ਹਾਂ ਦੇ ਉਲਟ ਚੱਲਣਾ। ਪਰਿਵਾਰ, ਸਮਾਜ, ਕਾਨੂੰਨ, ਰਾਜ ਦੀ ਪਰਵਾਹ ਨਾ ਕਰਨੀ ਅਤੇ ਦ੍ਰਿੜਤਾ ਨਾਲ ਸਥਾਪਿਤ ਹੋ ਚੁੱਕੀਆਂ ਕੀਮਤਾਂ ਦੇ ਉਲਟ ਅਪਣੀ ਸੱਚ ਦੀ ਆਵਾਜ ਬੁਲੰਦ ਰੱਖਣੀ ਅਤੇ ਲੋਕਾਈ ਨੂੰ ਉਸ ਆਵਾਜ ਦੇ ਮਗਰ ਮਗਰ ਤੁਰਨ ਲਈ ਮਜਬੂਰ ਕਰ ਦੇਣਾ ਇੱਕ ਇਨਕਲਾਬੀ ਜਾਂ ਕਰਾਂਤੀਕਾਰੀ ਦਾ ਮੁਢਲਾ ਕਰਤੱਵ ਹੁੰਦਾ ਹੈ। ਅਸੀਂ ਇਨ੍ਹਾਂ ਮਾਪਦੰਡਾਂ ਦੇ ਆਧਾਰ ਤੇ ਗੁਰੂ ਨਾਨਕ ਚਿੰਤਨ ਨੂੰ ਸਮਝਣ ਦਾ ਯਤਨ ਕਰਦੇ ਹਾਂ।

ਗੁਰੂ ਸਾਹਿਬ ਦੇ ਬਚਪਨ ਵਿੱਚ ਦੀ ਸਭ ਤੋਂ ਪਹਿਲੀ ਘਟਨਾ ਉਨਾਂ ਦੀ ਸਿੱਖਿਆ ਗ੍ਰਹਿਣ ਕਰਨ ਦੀ ਹੈ, ਜਿਸ ਵਿੱਚ ਉਹ 'ਇੱਕ' (ਅਕਾਲਪੁਰਖ) ਤੋਂ ਬਿਨਾਂ ਹੋਰ ਕੁੱਝ ਵੀ ਸਿੱਖਣ ਤੋਂ ਇਨਕਾਰ ਕਰਦੇ ਹੋਏ ਆਪਣਾ ਸਿਧਾਂਤ ਸਾਹਿਬ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ (ਪੰਨਾ 350, ਆਸਾ ਮਹਲਾ ੧ ) ਦ੍ਰਿੜ ਕਰਵਾਉਦੇ ਨਜਰ ਆਉਦੇ ਹਨ।

ਪਿਤਾ ਨੇ ਧਾਰਮਿਕ ਰਸਮ ਜਨੇਊ ਧਾਰਨ ਲਈ ਸਮਾਜਿਕ ਇਕੱਠ ਕੀਤਾ ਹੋਇਆ ਹੈ, ਪਾਂਧਾ ਜਨੇਊ ਪਵਾਉਣ ਲਈ ਆਖਦਾ ਹੈ, ਤਾਂ ਵਿਦਰੋਹੀ ਬਿਰਤੀ ਇਨਕਾਰ ਕਰਦੀ ਹੈ ਅਤੇ ਜਨੇਊ ਦੀ ਅਲੰਕਾਰਿਕ ਵਿਆਖਿਆ ਕਰਕੇ ਸਭ ਵੱਡੇ ਛੋਟੇ ਨੂੰ, ਧਾਰਮਿਕ ਪਤਵੰਤਿਆਂ ਨੂੰ ਹੈਰਾਨੀ ਵਿੱਚ ਪਾ ਦਿੰਦੀ ਹੈ। ਜਨੇਊ ਦੀ ਪਰਿਭਾਸ਼ਾ ਦਿੰਦੇ ਆਖਦੇ ਹਨ

ਦਇਆ ਕਪਾਹ ਸੰਤੋਖੁ ਸੂਤੁ  
ਜਤੁ ਗੰਢੀ ਸਤੁ ਵਟੁ ॥  
ਏਹੁ ਜਨੇਊ ਜੀਅ ਕਾ  
ਹਈ ਤਾਂ ਪਾਂਡੇ ਘਤੁ ॥  
ਨਾ ਏਹੁ ਤੁਟੈ ਨਾ ਮਲੁ ਲਗੈ  
ਨਾ ਏਹੁ ਜਲੈ ਨ ਜਾਇ ॥  
ਧੰਨ ਸੁ ਮਾਣਸ ਨਾਨਕਾ  
ਜੋ ਗਲਿ ਚਲੇ ਪਾਇ ॥  
(ਪੰਨਾ ੪੭੧, ਆਸਾ ਮਹਲਾ ੧)

ਉਸ ਸਮੇ ਪਰਿਵਾਰ ਦੇ ਸਾਹਮਣੇ ਰਿਸ਼ਤੇਦਾਰਾਂ ਦੇ ਸਾਹਮਣੇ, ਪਿੰਡ ਦੇ ਸਮਾਜਿਕ ਅਤੇ ਧਾਰਮਿਕ ਮਾਣ ਪ੍ਰਤਿਸ਼ਠਾ ਰੱਖਣ ਵਾਲੇ ਵਿਅਕਤੀਆਂ ਦੇ ਸਾਹਮਣੇ ਸਦੀਆਂ ਤੋਂ ਚੱਲਦੀ ਆ ਰਹੀ ਰਸਮ ਦੀ ਆਲੋਚਨਾ ਕਰਨੀ ਅਤੇ ਸਾਫ ਸ਼ਬਦਾਂ ਵਿੱਚ ਇਨਕਾਰ ਕਰਨਾ ਕੋਈ ਛੋਟੀ ਗੱਲ ਨਹੀ, ਇਹ ਬਹੁਤ ਵੱਡੀ ਸੂਰਮਤਾਈ ਦੀ ਗੱਲ ਹੈ। ਵਿਵੇਕ -ਬੁੱਧੀ ਆਪਣੀਆਂ ਦਲੀਲਾਂ ਨਾਲ ਪਰੰਪਰਾਵਾਦੀ ਸੋਚ ਨੂੰ ਕਾਇਲ ਕਰਦੀ ਹੈ। ਬਾਪੂ ਦੀ ਵਪਾਰੀ ਬਿਰਤੀ ਦਾ ਵਿਰੋਧ ਕਰਕੇ ਦਿਖਾਉਣ ਲਈ ਚਪੇੜਾਂ ਖਾਂਦੇ ਹਨ, ਪਰ ਆਪਣੇ ਚਿੰਤਨ ਤੇ ਦ੍ਰਿੜ੍ਹ ਹਨ।

ਵੇਈਂ ਦੇ ਪ੍ਰਤੀਕਾਤਮਕ-ਇਸਨਾਨ ਕਰਦੇ ਹੋਏ ਉਹ ਇਸ ਸੰਜੋਗ ਤੋਂ "ਬਖਸ਼-ਦਰ" ਪ੍ਰਾਪਤ ਕਰਦੇ ਹਨ ਅਤੇ ਉਸ ਇੱਕ ਵਿੱਚ ਇੱਕ-ਮਿੱਕ ਹੋ ਕੇ ਇੱਕ ਨੂੰ ਸਭ ਵਿੱਚੋਂ ਦੇਖਦੇ ਹਨ। ਇਥੇ ਹੀ ਇਨਕਲਾਬੀ ਬੋਲ "ਨਾ ਕੋ ਹਿੰਦੂ ਨਾ ਮੁਸਲਮਾਨ" ਦੀ ਆਵਾਜ ਬੁਲੰਦ ਕਰਦੇ ਹਨ। ਜਗਤ ਜਲੰਦਾ ਮਹਿਸੂਸ ਕਰਦੇ ਹਨ ਅਤੇ ਲੋਕਾਈ ਨੂੰ ਸੋਧਣ ਲਈ ਉਦਾਸੀਆਂ ਆਰੰਭ ਕਰਦੇ ਹਨ।


ਗੁਰੂ ਨਾਨਕ ਦੇ ਧੁਰ ਅੰਦਰ ਉਸ ਸੱਚ ਦਾ ਵਾਸ ਇੰਨਾ ਡੂੰਘਾ ਸੀ ਕਿ ਉਹ ਹਰ ਛੋਟੀ ਤੋਂ ਛੋਟੀ ਘਟਨਾ ਵਿੱਚ ਵੀ ਉਸ ਇੱਕ ਦੀ ਗੱਲ ਕਰਦੇ ਹਨ। ਹਰਿਦੁਆਰ ਵਿੱਚ ਸੂਰਜ ਨੂੰ ਪਾਣੀ ਦੇਣ ਦੀ ਰਸਮ ਦੇਖ ਕੇ ਉਨ੍ਹਾਂ ਨੂੰ ਨਾਟਕੀ ਢੰਗ ਨਾਲ ਸਮਝਾਉਂਦੇ ਹਨ। ਕਰਤਾਰਪੁਰ ਦੇ ਖੇਤਾਂ ਨੂੰ ਪਾਣੀ ਦੇਣਾ, ਜਿੱਥੇ ਕਿਰਤ ਦੀ ਵਡਿਆਈ ਹੈ, ਉਥੇ ਅਵਿਗਿਆਨਕ ਵਿਸ਼ਵਾਸ਼ ਨੂੰ ਤਾਰਕਿਕ ਸੱਚਾਈ ਨਾਲ ਕੱਟਣ ਦੀ ਨਿਰਭੈਤਾ ਵੀ ਹੈ। ਗਿਆਨ ਦਾ ਹਥਿਆਰ ਕੋਲ ਹੋਣ ਕਰਕੇ ਹੀ ਸਥਾਪਤ ਹੋਏ ਧਾਰਿਮਕ ਪੁਜਾਰੀਆਂ ਦਾ ਖੰਡਨ ਕਰਨ ਦੀ ਜੁਅਰਤ ਆਉਂਦੀ ਹੈ। ਜਗਨਨਾਥ ਪੁਰੀ ਵਿੱਚ ਹੋ ਰਹੀ ਆਰਤੀ ਵਿੱਚ ਸ਼ਾਮਲ ਨਾ ਹੋਣਾ ਅਤੇ ਪ੍ਰਭੂ ਦੀ ਵਿਆਪਕ ਆਰਤੀ ਦੀ ਵਿਆਖਿਆ ਕਰਨੀ ਕਿਸੇ ਸੂਰਮੇ ਦਾ ਹੀ ਕੰਮ ਹੋ ਸਕਦਾ ਏ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,  
ਤਾਰਿਕਾ ਮੰਡਲ ਜਨਕ ਮੋਤੀ ॥  
ਧੂਪੁ ਮਲਆਨਲੋ ਪਵਣੁ ਚਵਰੋ ਕਰੇ,  
ਸਗਲ ਬਨਰਾਇ ਫੂਲੰਤ ਜੋਤੀ ॥  
(ਪੰਨਾ ੧੩,ਰਾਗੁ ਧਨਾਸਰੀ ਮਹਲਾ ੧)

ਦੁਨੀਆਂ ਵਿੱਚ ਸਦਾ ਤੋਂ ਹੀ ਅਮੀਰ, ਸਰਕਾਰੇ ਦਰਬਾਰੇ ਪਹੁੰਚ ਵਾਲੇ, ਸਰਮਾਏਦਾਰ, ਨਵਾਬ, ਉਚੇ ਅਹੁਦਿਆਂ ਵਾਲਿਆ ਦਾ ਸਤਿਕਾਰ ਕੀਤਾ ਜਾਂਦਾ ਰਿਹਾ ਹੈ ਅਤੇ ਗਰੀਬ, ਕਿਰਤੀ, ਕਥਿਤ ਛੋਟੀ ਜਾਤ ਦੇ ਮਨੁੱਖ ਤੋ ਦੂਰ ਰਹਿਣ ਦੀ ਬਿਰਤੀ ਪਾਈ ਗਈ ਹੈ। ਅਕਸਰ ਹੀ ਧਨਾਢ ਅਤੇ ਉਚ ਅਹੁਦਿਆਂ ਤੇ ਬੈਠੇ ਵਿਅਕਤੀਆਂ ਦੇ ਤਲੇ ਚੱਟੇ ਜਾਂਦੇ ਹਨ ਅਤੇ ਛੋਟੇ, ਕਿਰਤੀ ਅਤੇ ਦਲਿਤ ਲੋਕਾਂ ਨੂੰ ਲਿਤਾੜਿਆ ਅਤੇ ਤ੍ਰਿਸਕਾਰਿਆ ਜਾਂਦਾ ਰਿਹਾ ਏ। ਗੁਰੂ ਨਾਨਕ ਜੀ ਵੱਲ ਝਾਤੀ ਮਾਰੀਏ, ਤਾਂ ਸਭ ਤੋਂ ਪਹਿਲਾਂ ਤਾਂ ਉਨ੍ਹਾਂ ਆਪਣੀਆਂ ਲੰਮੀਆਂ ਯਾਤਰਾਵਾਂ ਦਾ ਸਾਥੀ ਇੱਕ ਸ਼ੂਦਰ ਕਹੀ ਜਾਂਦੀ ਜਾਤੀ, ਡੂਮ, ਵਿੱਚੋਂ ਭਾਈ ਮਰਦਾਨਾ ਜੀ ਨੂੰ ਬਣਾਇਆ। ਸਿਰਫ ਸਾਰਾ ਸਮਾਂ ਆਪਣੇ ਨਾਲ ਹੀ ਨਹੀਂ ਰੱਖਿਆ, ਸਗੋਂ ਉਸਦੀ ਰਬਾਬ ਦੀ ਧੁਨ ਤੇ ਆਪਣੀ ਬਾਣੀ ਨੂੰ ਗਾਵਿਆ ਅਤੇ ਉਸ ਨੂੰ ਮਾਣ ਦੇਣ ਲਈ ਉਸ ਦੇ ਨਾਮ ਤੇ ਸਲੋਕ ਆਪਣੀ ਬਾਣੀ ਵਿੱਚ ਦਰਜ ਕੀਤੇ। ਉਦਾਸੀਆਂ ਦੌਰਾਨ ਵੱਖ-ਵੱਖ ਥਾਵਾਂ, ਵੱਖ ਵੱਖ ਜਾਤੀਆਂ ਦੇ ਭਗਤਾਂ ਦੀ ਬਾਣੀ ਨੂੰ ਇਕੱਠਾ ਕੀਤਾ ਅਤੇ ਆਪਣੀ ਬਾਣੀ ਦੇ ਨਾਲ ਹੀ ਪੋਥੀ ਦੇ ਰੂਪ ਵਿੱਚ ਗੁਰੂ ਅੰਗਦ ਜੀ ਨੂੰ ਸੌਂਪਣਾ ਕੀਤੀ। ਜਾਤ-ਪਾਤ ਦੇ ਵਿਤਕਰੇ ਵਿਰੁੱਧ ਸਿਰਫ ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (ਪੰਨਾ ੩੪੯, ਆਸਾ ਮਹਲਾ ੧) ਕਹਿ ਕੇ ਉਪਦੇਸ਼ ਹੀ ਨਹੀਂ ਦਿੱਤਾ ਸਗੋ ਕਥਿਤ ਨੀਵੀਆ ਜਾਤਾਂ ਵਾਲਿਆਂ ਨਾਲ ਖੜੇ ਹੋਣ ਦਾ ਆਪਣਾ ਸੰਕਲਪ ਪੂਰੇ ਜੋਰ ਨਾਲ ਦੁਹਰਾਇਆ-

ਨੀਚਾ ਅੰਦਰਿ ਨੀਚ ਜਾਤਿ  
ਨੀਚੀ ਹੂੰ ਅਤਿ ਨੀਚੁ ॥  
ਨਾਨਕੁ ਤਿਨ ਕੈ ਸੰਗਿ ਸਾਥਿ  
ਵਡਿਆ ਸਿਉ ਕਿਆ ਰੀਸ ॥  
ਜਿਥੈ ਨੀਚ ਸਮਾਲੀਅਨਿ  
ਤਿਥੈ ਨਦਰਿ ਤੇਰੀ ਬਖਸ਼ੀਸ਼ ॥  
(ਪੰਨਾ ੧੫, ਸਿਰੀਰਾਗ ਮਹਲਾ ੧)

ਇਹੀ ਗੱਲ ਮਲਕ ਭਾਗੋ ਅਤੇ ਭਾਈ ਲਾਲੋ ਦੇ ਪ੍ਰਸੰਗ ਵਿੱਚੋਂ ਸਪਸ਼ਟ ਹੁੰਦੀ ਹੈ। ਧਨਾਢ, ਅਸਰ-ਰਸੂਖ ਵਾਲੇ ਮਲਕ ਭਾਗੋ ਦੇ ਭੋਜ ਨੂੰ ਠੁਕਰਾਉਣਾ ਅਤੇ ਕਿਰਤੀ ਭਾਈ ਲਾਲੋ ਦੀ



ਕਿਰਤ ਨੂੰ ਵਡਿਆਉਣ ਦਾ ਜੇਰਾ ਸਿਰਫ ਨਿਰਭਉ ਵਿਅਕਤੀ ਹੀ ਕਰ ਸਕਦਾ ਹੈ ਅਤੇ ਭਾਗੋ ਨੂੰ ਉਸ ਦੇ ਮੂੰਹ ਤੇ ਆਖਣਾ ਕਿ ਤੂੰ ਗਰੀਬਾਂ ਦਾ ਖੂਨ ਪੀਂਦਾ ਹੈਂ ,ਇਸ ਵਰਤਾਰੇ ਵਿੱਚ ਇਨਕਲਾਬ ਦੇ ਉਹ ਬੀਜ ਹਨ ਜੋ ਗੁਰੂ ਸਾਹਿਬ ਤੋਂ ਬਾਅਦ ਦੇ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦੇ ਜੀਵਨ ਵਿੱਚ ਉੱਗਦੇ, ਫੁੱਲਦੇ ਅਤੇ ਫਲਦੇ ਵੀ ਦੇਖੇ ਜਾ ਸਕਦੇ ਹਨ।

ਹਕੁ ਪਰਾਇਆ ਨਾਨਕਾ  
ਉਸੁ ਸੂਅਰ ਉਸੁ ਗਾਇ ॥  
ਗੁਰੁ ਪੀਰੁ ਹਾਮਾ ਤਾ ਭਰੇ  
ਜਾ ਮੁਰਦਾਰੁ ਨ ਖਾਇ ॥  
ਗਲੀ ਭਿਸਤਿ ਨ ਜਾਈਐ  
ਛੁਟੈ ਸਚੁ ਕਮਾਇ ॥  
ਮਾਰਣ ਪਾਹਿ ਹਰਾਮ ਮਹਿ  
ਹੋਇ ਹਲਾਲੁ ਨ ਜਾਇ ॥  
ਨਾਨਕ ਗਲੀ ਕੂੜੀਈ  
ਕੂੜੋ ਪਲੈ ਪਾਇ ॥  
(ਪੰਨਾ ੧੪੧, ਮ: ੧)

ਸੱਜਣ ਠੱਗ, ਜੋ ਕਿ ਸੱਜਣਤਾਈ ਛੱਡ ਕੇ ਲੋਕਾਂ ਦੀ ਲੁੱਟ-ਮਾਰ ਵਿੱਚ ਰੁੱਝਿਆ ਹੋਇਆ ਸਿ, ਨੂੰ ਬਾਣੀ ਦੇ ਅਣੀਆਲੇ ਤੀਰਾਂ ਨਾਲ ਅਜਿਹਾ ਵਾਰ ਕੀਤਾ ਕਿ ਉਹ ਲੁੱਟ ਮਾਰ ਛੱਡ ਕੇ ਪਰਉਪਕਾਰੀ ਜੀਵਨ ਜੀਊਣ ਲੱਗਿਆ। ਗੁਰੂ ਬਾਬੇ ਨੇ ਅਕਾਲ-ਪੁਰਖ ਬਾਰੇ, ਕੁਦਰਤ ਬਾਰੇ, ਪ੍ਰਭੂ ਪ੍ਰਾਪਤੀ ਲਈ ਸਭ ਤੋ ਸਹਿਜ ਮਾਰਗ ਪ੍ਰੇਮ ਬਾਰੇ, ਖਲਕਤ ਦੀ ਸੇਵਾ ਬਾਰੇ, ਨਾਮ ਬਾਰੇ, ਸ਼ਬਦ ਗੁਰੂ ਬਾਰੇ ਆਪਣੀ ਬਾਣੀ ਵਿੱਚ ਪੂਰੇ ਵਿਸਥਾਰ ਨਾਲ ਅਤੇ ਫੈਸਲਾਕੁਨ ਲਹਿਜੇ ਵਿੱਚ ਲਿਖਿਆ ਹੈ। ਧਾਰਮਿਕ ਪਾਖੰਡਾਂ, ਰਾਜਿਆਂ ਦੇ ਜੁਲਮ, ਜਨਤਾ ਦੀ ਲੁੱਟ, ਜਨਤਾ ਦਾ ਆਪਣੇ ਹੱਕਾਂ ਲਈ ਵੀ ਖਾਮੋਸ਼ ਹੋਣਾ, ਦੂਹਰੇ ਮਾਪਦੰਡਾਂ ਵਾਲੇ ਜੀਵਨ ਤੇ ਇੰਨੇ ਤਿੱਖੇ ਵਾਰ ਬਾਣੀ ਦੇ ਅਣੀਆਲੇ ਤੀਰਾਂ ਨਾਲ ਕੀਤੇ ਹਨ ਕਿ ਵੱਡੇ ਵੱਡੇ ਰਾਜੇ ਮਾਹਾਰਾਜਿਆਂ ਦੀ ਬੋਲਤੀ ਬੰਦ ਹੋ ਗਈ।

ਗੁਰੂ ਸਾਹਿਬ ਦੇ ਰਾਜਨੀਤਿਕ ਵਿਚਾਰ:- ਜਦੋਂ ਗੁਰੂ ਨਾਨਕ ਸਾਹਿਬ ਸੈਦਪੁਰ ਵਿੱਚ ਟਿਕੇ ਹੋਏ ਸਨ, ਓਦੋਂ ਮੁਗਲ ਸ਼ਾਸ਼ਕ ਬਾਬਰ ਨੇ ਹਿੰਦੁਸਤਾਨ ਉਤੇ ਹਮਲਾ ਕੀਤਾ। ਉਸ ਵੇਲੇ ਦੀ ਜਨਤਾ ਪੰਡਿਤਾਂ ਦੇ ਪ੍ਰਭਾਵ ਹੇਠ ਅੰਧਵਿਸ਼ਵਾਸ਼ੀ ਬਣੀ ਹੋਈ ਸੀ। ਹਾਕਮਾਂ ਨੇ ਪੰਡਿਤਾਂ ਦੇ ਇਸ ਕਥਨ ਤੇ ਵਿਸ਼ਵਾਸ਼ ਕੀਤਾ ਕਿ ਉਹ ਮੰਤਰ ਪੜ੍ਹ ਕੇ ਬਾਬਰ ਦੀਆਂ ਫੌਜਾਂ ਨੂੰ ਅੰਨ੍ਹਿਆਂ ਕਰ ਦੇਣਗੇ। ਪੰਡਿਤ ਮੰਤਰ ਪੜ੍ਹਦੇ ਰਹੇ ਅਤੇ ਮੁਗਲ ਸੈਨਾ ਸੋਮਨਾਥ ਦੇ ਮੰਦਰ ਚੋ ਸੋਨਾ, ਹੀਰੇ ਜਵਾਹਰਾਤ ਲੁੱਟਦੀ ਰਹੀ।ਬਾਬਰ ਦੀ ਸੈਨਾ ਨੇ ਜਨਤਾ ਤੇ ਖੂਬ ਜੁਲਮ ਕੀਤੇ, ਦਇਆ ਦੇ ਸਾਗਰ ਬਾਬੇ ਨਾਨਕ ਦੀ ਕਲਮ ਬੋਲ ਪਈ। ਬਾਬਰਬਾਣੀ ਦੇ ਸ਼ਬਦ ਬਾਬਰ ਦੇ ਇਸ ਹਮਲੇ ਦਾ ਬਾਖੂਬੀ ਬਿਆਨ ਕਰਦੇ ਹਨ ਜਿੱਥੇ ਬਾਬਾ ਜੀ ਇਤਰਾਜ ਕਰਦੇ ਨੇ ਕਿ ਬਜਾਇ ਸ਼ਸ਼ਤਰ-ਵਿਦਿਆ ਸਿੱਖਣ ਦੇ ਅਤੇ ਜਾਲਮਾਂ ਦਾ ਮੁਕਾਬਲਾ ਕਰਨ ਦੇ, ਤੁਸੀਂ ਮੰਤਰ ਪੜ੍ਹਦੇ ਰਹੇ।

ਕੋਟੀ ਹੂ ਪੀਰ ਵਰਜਿ ਰਹਾਏ  
ਜਾ ਮੀਰੁ ਸੁਣਿਆ ਧਾਇਆ ॥  
ਥਾਨ ਮੁਕਾਮ ਜਲੇ ਬਿਜ ਮੰਦਰ  
ਮੁਛਿ ਮੁਛਿ ਕੁਇਰ ਰੁਲਾਇਆ ॥  
ਕੋਈ ਮੁਗਲ ਨਾ ਹੋਆ ਅੰਧਾ  
ਕਿਨੈ ਨ ਪਰਚਾ ਲਾਇਆ ॥  
(ਪੰਨਾ ੪੧੭,ਆਸਾ ਮਹਲਾ ੧)

(ਇਹ ਗੱਲ ਅੱਜ ਦੇ ਸੰਤ ਬਾਬਿਆਂ ਅਤੇ ਸ਼ਰਧਾਲੂ ਸਿੱਖਾਂ ਨੂੰ ਵੀ ਸਮਝ ਲੈਣੀ ਚਾਹੀਦੀ ਹੈ ਜਿਹੜੇ ਬਾਣੀ ਨੂੰ ਸਿਰਫ ਮੰਤਰ-ਜਾਪ ਵਾਂਗ ਜਪਣ ਤੇ ਜੋਰ ਦਿੰਦੇ ਹਨ ਕਿ ਸਿਰਫ ਪੜ੍ਹਨ ਨਾਲ ਹੀ ਸੰਕਟ ਦੂਰ ਨਹੀਂ ਹੋਇਆ ਕਰਦੇ।) ਬਾਬਰ ਦੀ ਸੈਨਾ ਨੂੰ ਮਜਦੂਰਾਂ ਦੀ ਲੋੜ ਸੀ ਜਿਸ ਕਾਰਨ ਉਸ ਨੇ ਸ਼ਹਿਰ ਵਿਚੋਂ ਬਹੁਤ ਸਾਰੇ ਲੋਕਾਂ ਤੋ ਮਜਦੂਰੀ ਕਰਵਾਈ। ਬਾਬਾ ਨਾਨਕ ਨੂੰ ਵੀ ਸੈਨਾ ਨੇ ਫੜ ਲਿਆ। ਬਾਬੇ ਨੇ ਨਿਰਭੈਤਾ ਦਾ ਸਬੂਤ ਦਿੰਦੇ ਰਾਜੇ ਨਾਲ ਗੱਲ ਕਰਦਿਆਂ "ਬਾਬਰ ਨੂੰ ਜਾਬਰ" ਅਖਿਆ। ਜੇਲ੍ਹ ਵਿੱਚ ਵੀ ਸੁੱਟਿਆ ਗਿਆ, ਜਿੱਥੇ ਬਾਬੇ ਦੀ ਬਾਣੀ ਨੇ ਸਭ ਕੈਦੀਆਂ ਅਤੇ ਜੇਲ੍ਹ ਅਧਿਕਾਰੀਆਂ ਦੇ ਦਿਲ ਜਿੱਤ ਲਏ। ਜਦੋਂ ਮਜਬੂਰਨ ਬਾਬਰ ਨੇ ਬਾਬੇ ਨਾਨਕ ਨੂੰ ਰਿਹਾ ਕੀਤਾ, ਤਾਂ ਬਾਬਾ ਜੀ ਨੇ ਜੇਲ੍ਹ ਵਿੱਚ ਬੰਦ ਸਭ ਕੈਦੀ ਛੁਡਵਾ ਦਿੱਤੇ। ਜੁਲਮੀ, ਅਨਿਆਂਕਾਰੀ ਅਤੇ ਗਲਤ ਰਾਜ-ਪ੍ਰਬੰਧ ਨੂੰ ਬਾਬੇ ਦੀ ਬਾਣੀ ਵੰਗਾਰਦੀ ਐ-

ਰਾਜੇ ਸੀਹ ਮੁਕਦਮ ਕੁਤੇ ॥  
ਜਾਇ ਜਗਾਇਨਿ ਬੈਠੇ ਸੁਤੇ ॥  
(ਪੰਨਾ ੧੨੮੮, ਮ ੧)  
ਕਲਿ ਕਾਤੀ ਰਾਜੇ ਕਾਸਾਈ  
ਧਰਮੁ ਪੰਖ ਕਰਿ ਉਡਰਿਆ ॥  
ਕੂੜੁ ਅਮਾਵਸ ਸਚੁ ਚੰਦ੍ਰਮਾ  
ਦੀਸੈ ਨਾਹੀ ਕਹ ਚੜਿਆ ॥  
(ਪੰਨਾ ੧੪੫,ਸਲੋਕ ਮਹਲਾ ੧)

ਬਾਬਰ ਨੇ ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਜਨਤਾ ਦਾ ਟੈਕਸ ਵੀ ਮੁਆਫ ਕੀਤਾ ਅਤੇ ਸੈਦਪੁਰ ਨੂੰ ਅਮਨ ਵਾਲੀ ਧਰਤ ਰਹਿਣ ਦੇਣ ਦਾ ਵਾਅਦਾ ਕੀਤਾ। ਸੈਦਪੁਰ ਦਾ ਨਾਂ ਬਦਲ ਕੇ ਐਮਨਾਬਾਦ (ਅਮਨ+ਆਬਾਦ) ਰੱਖਿਆ ਗਿਆ। ਅਕਸਰ ਹੀ ਹਾਕਮ ਧਿਰ ਆਪਣੀ ਭਾਸ਼ਾ ਲਾਗੂ ਕਰਦੀ ਹੈ। ਉਸ ਸਮੇ ਦੇ ਲੋਕ ਡਰ ਕੇ ਆਪਣੀ ਭਾਸ਼ਾ ਛੱਡ ਕੇ ਮੁਗਲਾਂ ਦੀ ਬੋਲੀ ਬੋਲਣ ਲੱਗ ਪਏ ਸਨ। ਗੁਰੂ ਸਾਹਿਬ ਜੀ ਲਿਖਦੇ ਹਨ-

ਕੂਜਾ ਬਾਂਗ ਨਿਵਾਜ ਮੁਸਲਾ  
ਨੀਲ ਰੂਪ ਬਨਵਾਰੀ ॥  
ਘਰਿ ਘਰਿ ਮੀਆ ਸਭਨਾਂ ਜੀਆਂ  
ਬੋਲੀ ਅਵਰ ਤੁਮਾਰੀ ॥  
(ਪੰਨਾ ੧੧੯੦ ਬਸੰਤ ਹਿੰਡੋਲੁ  
ਮਹਲਾ ੧ ਘਰੁ ੨)

ਬਾਕੀ ਹਿਸਾ ਸਫਾ 61 ਤੇ ਪੜ੍ਹੋ

60 ਸਫ਼ੇ ਦੀ ਬਾਕੀ

ਖਤ੍ਰੀਆ ਤ ਧਰਮੁ ਛੋਡਿਆ
ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇੱਕ ਵਰਨ ਹੋਈ
ਧਰਮ ਕੀ ਗਤਿ ਰਹੀ॥
(ਪੰਨਾ ੬੬੨,
ਧਨਾਸਰੀ ਮਹਲਾ ੧ ਘਰ ੩)

ਉਨ੍ਹਾਂ ਨੇ ਖੁਦ ਦੇਵ-ਬਾਣੀ ਕਰਕੇ ਮੰਨੀ ਜਾਂਦੀ ਸੰਸਕ੍ਰਿਤ ਛੱਡ ਕੇ ਅਪਣੀ ਬਾਣੀ ਆਮ ਲੋਕਾਂ ਦੀ ਭਾਸ਼ਾ ਵਿੱਚ ਲਿਖੀ। ਨਾਥਾਂ, ਜੋਗੀਆਂ, ਸਿੱਧਾਂ, ਪੰਡਿਤਾਂ, ਮੌਲਾਣਿਆਂ, ਕਾਜੀਆਂ ਆਦਿ ਨਾਲ ਗੁਰੂ ਸਾਹਿਬ ਜੀ ਦੀਆਂ ਗੋਸ਼ਟਾਂ, ਸੰਵਾਦ ਅਤੇ ਚਰਚਾ ਗੁਰੂ ਜੀ ਦੀ ਨਿਰਭਉ ਸ਼ਖਸ਼ੀਅਤ ਦੇ ਝਲਕਾਰੇ ਦੇ ਨਾਲ ਨਾਲ ਹੀ, ਉਨ੍ਹਾਂ ਦੀ ਆਪਣੇ ਸਿਧਾਂਤ ਤੇ ਮਜਬੂਤ ਪਕੜ ਵੀ ਪ੍ਰਗਟਾਉਂਦੀਆਂ ਹਨ।

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥
( ਪੰਨਾ ੬੬੨, ਧਨਾਸਰੀ ਮਹਲਾ ੧ )

ਸਿੱਧਾ ਨਾਲ ਹੋਈ ਗੋਸ਼ਟਿ ਜੋ ਗੁਰੂ ਗਰੰਥ ਸਾਹਿਬ ਜੀ ਵਿੱਚ ਸਿਧ ਗੋਸ਼ਟਿ ਸਿਰਲੇਖ ਹੇਠ ਦਰਜ ਹੈ, ਉਸ ਵਿੱਚ ਸਿਧਾਂ ਦੇ ਸਵਾਲ ਅਤੇ ਗੁਰੂ ਜੀ ਦੇ ਜਵਾਬ ਦਲੇਰਾਨਾ ਅਤੇ ਦਲੀਲ ਭਰਪੂਰ ਸੰਵਾਦ ਦਾ ਮੁੱਢ ਬੰਨਦੇ ਹਨ। ਛਅਜੋਕਾ ਸਿੱਖ ਅੱਜ ਇਸ ਸੰਵਾਦ ਨੂੰ ਭੁੱਲ ਕੇ ਲੜਨ-ਮਾਰਨ ਲਈ ਤਿਆਰ ਕਿਉਂ ਰਹਿੰਦਾ ਹੈ, ਕਿਉਕਿ ਉਸ ਕੋਲ ਬਾਦਲੀਲ ਗਿਆਨ ਦੀ ਘਾਟ ਹੈਚ। ਉਹ ਧਰਮ, ਭਗਤੀ, ਤਪਸਿਆ ਗੁਰੂ ਨਾਨਕ ਨੂੰ ਮਨਜੂਰ ਨਹੀਂ ਜੋ ਜਨਤਾ ਜਾਂ ਸਮਾਜ ਦੇ ਕੰਮ ਨਹੀਂ ਆਉਂਦੀ। ਗੁਰੂ ਸਾਹਿਬ ਸਿੱਧਾਂ ਦੇ ਪਰਬਤਾਂ ਵਿੱਚ ਬੈਠ ਕੇ ਤਪਸਿਆ ਕਰਨ ਤੇ ਸਖਤ ਇਤਰਾਜ ਕਰਦੇ ਹਨ। ਭਾਈ ਗੁਰਦਾਸ ਜੀ ਅਪਣੀ ਵਾਰ ਵਿੱਚ ਲਿਖਦੇ ਹਨ ਕਿ ਸਿਧਾਂ ਨੇ ਬਾਬੇ ਨੂੰ ਜਦੋ ਮਾਤ ਲੋਕ ਦਾ ਹਾਲ ਪੁਛਿਆ ਤਾਂ ਬਾਬੇ ਨੇ ਜਵਾਬ ਵਿੱਚ ਕਿਹਾ-

ਬਾਬੇ ਅਖਿਆ ਨਾਥ ਜੀ
ਸਚ ਚੰਦ੍ਰਮਾ ਕੂੜ ਅੰਧਾਰਾ ।
ਪਾਪ ਗਿਰਾਸੀ ਪਿਰਥਮੀ
ਧਉਲ ਖੜਾ ਧਰਿ ਹੇਠ ਪੁਕਾਰਾ ।
ਸਿਧ ਛਪਿ ਬੈਠੇ ਪਰਬਤੀ,
ਕਉਣੁ ਜਗਤ੍ਰਿ ਕਉ ਪਾਰਿ ਉਤਾਰਾ ।
ਜੋਗੀ ਗਿਆਨ ਵਿਹੂਣਿਆ
ਨਿਸਦਿਨ ਅੰਗਿ ਲਗਾਇਨਿ ਛਾਰਾ ॥
(ਭਾਈ ਗੁਰਦਾਸ ਵਾਰ ੧ ਪਉੜੀ ੨੯,)

ਤੇ ਜਦੋਂ ਸਿੱਧਾਂ ਨੇ ਕਰਾਮਾਤ ਬਾਰੇ ਸਵਾਲ ਕੀਤਾ ਅਤੇ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਬਾਬਾ ਜੀ ਦਾ ਜਵਾਬ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ -

ਬਾਬਾ ਬੋਲੇ ਨਾਥ ਜੀ ਅਸਾਂ ਤੇ
ਵੇਖਣਿ ਜੋਗੀ ਵਸਤੁ ਨ ਕਾਈ।
ਗੁਰ ਸੰਗਤਿ ਬਾਣੀ ਬਿਨਾ,
ਦੂਜੀ ਓਟ ਨਹੀਂ ਹਹਿ ਰਾਈ ।
(ਭਾਈ ਗੁਰਦਾਸ, ਵਾਰ ੧, ਪਉੜੀ ੪੨)

ਇਨ੍ਹਾਂ ਦੋਵੇਂ ਤਾਕਤਾਂ ਤੇ ਵਿਚਾਰ ਕਰਨਾ ਬਣਦਾ ਹੈ। "ਸੰਗਤ" ਲੋਕ-ਸ਼ਕਤੀ ਦਾ ਪ੍ਰਤੀਕ ਹੈ, ਜਿਹੜੀ "ਗੁਰਬਾਣੀ" ਦੇ ਗਿਆਨ ਰਾਹੀਂ ਇਨਕਲਾਬ ਲਿਆ ਸਕਣ ਦੀ ਸਮਰੱਥਾ ਰੱਖਦੀ ਹੈ। ੩. .

ਗੁਰੂ ਜੀ ਦੀ ਮਾਨਵ-ਪੱਖੀ ਅਤੇ ਸਭ ਨੂੰ ਸਮਾਨ ਸਮਝਣ ਵਾਲੀ ਸੋਚ ਨੂੰ ਸਮਾਜ ਵਿੱਚ ਲਾਗੂ ਹੁੰਦੀ ਦੇਖਣ ਦੀ ਤੀਬਰ ਇੱਛਾ ਹੀ ਉਨ੍ਹਾਂ ਨੂੰ ਕੌਡੇ ਰਾਖਸ਼ ਨੂੰ ਲਲਕਾਰਨ ਦੀ ਤਾਕਤ ਬਖਸ਼ਦੀ ਹੈ। ਕੌਡਾ ਰਾਖਸ਼ ਅੱਜ ਦੇ ਸਰਮਾਏਦਾਰਾਂ ਦਾ ਪ੍ਰਤੀਨਿਧ ਹੈ, ਜਿਸ ਨੇ ਕੁਦਰਤੀ ਸਾਧਨ (ਪਾਣੀ) ਤੇ ਆਪਣਾ ਕਬਜਾ ਜਮਾਇਆ ਹੋਇਆ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਕੁਦਰਤੀ ਦਾਤ ਦਾ ਉਹ ਇਕੱਲਾ ਮਾਲਿਕ ਨਹੀਂ ਹੋ ਸਕਦਾ ਅਤੇ ਜਲ ਵਰਗਾ ਕੁਦਰਤੀ ਸੋਮਾ ਕਿਸੇ ਵੀ ਵਿਤਕਰੇ ਨਾਲ ਨਹੀਂ ਵਰਤਿਆ ਜਾ ਸਕਦਾ।

ਮੁਸਲਮਾਨਾਂ ਦੇ ਪ੍ਰਮੁੱਖ ਸਥਾਨ ਮੱਕਾ ਵਿਖੇ ਜਾ ਕੇ ਉਨ੍ਹਾਂ ਦਾ ਸਦੀਆ ਦੇ ਬਣੇ ਵਿਸ਼ਵਾਸ਼ ਨੂੰ ਨਾਟਕੀ ਢੰਗ ਨਾਲ ਅਤੇ ਦਲੀਲਪੂਰਨ ਲਹਿਜੇ ਵਿੱਚ ਸਮਝਾਉਣਾ ਸਾਡਾ ਧਿਆਨ ਖਿੱਚਦਾ ਹੈ॥ ਸਿਰਫ ਅਤੇ ਸਿਰਫ ਇੱਕ ਅਕਾਲਪੁਰਖ ਦੀ ਵਿਆਪਕਤਾ ਨੂੰ ਧੁਰ ਅੰਦਰ ਤੱਕ ਵਸਾਏ ਹੋਣ ਕਾਰਨ ਹੀ ਇਹ ਸੰਭਵ ਹੋ ਸਕਿਆ।

ਨਿਰਭਉ ਅਤੇ ਨਿਰਵੈਰ ਬਣ ਕੇ ਇੱਕ ਐਸਾ ਜੀਵਨ ਜਿਊਣਾ ਹੈ ਜੋ ਕਿਰਤ ਕਰਦਿਆਂ ਹੋਇਆ, ਪ੍ਰਭੂ ਨੂੰ ਯਾਦ ਰੱਖਦਿਆਂ ਹੋਇਆਂ, ਮਨੁੱਖਤਾ ਨੂੰ ਇੱਕ ਸਮਝਦਿਆਂ ਹੋਇਆਂ, ਖਲਕਤ ਵਿੱਚ ਖਾਲਕ ਨੂੰ ਦੇਖ ਸਕੇ ਅਤੇ ਧਰਮਾਂ, ਜਾਤਾਂ, ਨਸਲਾਂ, ਆਦਿ ਦੇ ਵਿਤਕਰਿਆਂ ਤੋਂ ਉਪਰ ਉਠ ਕੇ ਪਰਮ-ਜੋਤ ਨੂੰ ਪਹਿਚਾਣ ਕੇ ਸਾਰੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿੱਚ ਲੈ ਸਕੇ। ਧਾਰਮਿਕ ਕਰਮ-ਕਾਂਡਾਂ ਜਿਵੇਂ ਤੀਰਥ-ਇਸ਼ਨਾਨ, ਵਰਤ, ਸਰਾਧ, ਸੁੱਚ-ਜੂਠ, ਛੂਤ-ਛਾਤ, ਭਿੱਟ, ਸੂਤਕ-ਪਾਤਕ, ਦਿਖਾਵੇ ਦੇ ਜਪ, ਤਪ, ਆਸਣ, ਭੇਖ-ਪਹਿਰਾਵੇ ਆਦਿ ਸਭ ਨੂੰ ਪਾਖੰਡ ਆਖ ਕੇ ਪ੍ਰਭੂ ਦੇ ਨਿਰਮਲ ਭਉ ਵਿੱਚ ਸਹਿਜ ਜੀਵਨ ਦੀ ਵਕਾਲਤ ਕੀਤੀ।

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੂੰ ਸਿਰਫ ਨਾਮ ਜਾਂ ਭਗਤੀ ਤੱਕ ਹੀ ਸੀਮਿਤ ਕਰ ਕੇ ਦੇਖਣਾ ਜਾਇਜ ਨਹੀਂ। ਉਨ੍ਹਾਂ ਨੇ ਆਪਣੇ ਸਮੇਂ ਦੇ ਵਿਅਕਤੀਗਤ ਸਮਾਜਿਕ, ਰਾਜਨੀਤਿਕ, ਧਾਰਮਿਕ ਗਿਰਾਵਟ ਨੂੰ ਸਿਰਫ ਦੇਖਿਆ ਹੀ ਨਹੀਂ ਸਗੋਂ ਇਸ ਗਿਰਾਵਟ ਦੇ ਵਿਰੁੱਧ ਆਵਾਜ ਵੀ ਉਠਾਈ ਅਤੇ ਇਸ ਤੋਂ ਉਚਾ ਉਠਣ ਦੇ ਤਰੀਕੇ ਵੀ ਦੱਸੇ। ਗੁਰੂ ਸਾਹਿਬ ਦੀ ਬਾਣੀ ਦਾ ਇੱਕ ਇੱਕ ਸ਼ਬਦ ਇੱਕ ਨਵੇਂ ਇਨਕਲਾਬ ਵੱਲ ਸੰਕੇਤ ਕਰਦਾ ਹੈ। ਇਹ ਇਨਕਲਾਬ ਨਿੱਜ ਤੋ ਸ਼ੁਰੂ ਹੋ ਕੇ ਪੂਰੀ ਦੁਨੀਆਂ ਨੂੰ ਬਦਲਣ ਦਾ ਦਮ ਭਰਦਾ ਹੈ। ਵੈਸੇ ਤਾਂ ਸਾਰੀ ਬਾਣੀ ਹੀ ਇੱਕ ਪਰੀਵਰਤਨ ਦੀ ਲਖਾਇਕ ਹੈ, ਪਰ ਖਾਸ ਤੌਰ ਤੇ ਆਸਾ ਦੀ ਵਾਰ, ਸਿੱਧ ਗੋਸ਼ਟਿ, ਮਾਝ ਕੀ ਵਾਰ ਅਤੇ ਬਾਬਰਬਾਣੀ ਦੇ ਸ਼ਬਦਾਂ ਨੂੰ ਵਿਚਾਰਨਾ ਸਾਡੇ ਸਾਰਿਆਂ ਲਈ ਬਹੁਤ ਜਰੂਰੀ ਹੈ। ਜੇ ਅੱਜ ਅਸੀਂ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲੇ ਸਿਰਫ ਗੁਰਦੁਆਰੇ ਮੱਥਾ ਟੇਕਣ, ਰੁਮਾਲੇ ਚੜ੍ਹਾਉਣ, ਲੰਗਰ ਚਲਾਉਣ, ਨਗਰ ਕੀਰਤਨ ਕੱਢਣ, ਪਾਠ ਕਰਵਾਉਣ, ਇਮਾਰਤਾਂ ਬਣਵਾਉਣ, ਉਤੇ ਸੋਨੇ ਜਾਂ ਮਾਰਬਲ ਲਗਵਾਉਣ ਵਿੱਚ ਹੀ ਸੰਤੁਸ਼ਟ ਹਾਂ, ਤਾਂ ਮੁਆਫ ਕਰਨਾ ਅਸੀਂ ਗੁਰੂ ਨਾਨਕ ਦੇ ਸਿੱਖ ਬਿਲਕੁਲ ਨਹੀਂ। ਸਿਰਫ ਕਰਮ-ਕਾਂਡੀ ਪੂਜਾ ਤੋਂ ਗੁਰੂ ਸਾਹਿਬ ਨੇ ਪੂਰੇ ਜੋਰ ਨਾਲ ਵਰਜਿਆ ਸੀ, ਅਸੀਂ ਉਸੇ ਪਾਸੇ ਫਿਰ ਚਲ ਪਏ ਹਾਂ। ਗੁਰੂ ਨਾਨਕ ਸਾਡੇ ਕਿਰਦਾਰ ਨੂੰ ਸਾਡੇ ਚਰਿ ਤਰ ਨੂੰ ਬਦਲ ਕੇ ਆਪ ਦੂਜਿਆਂ ਲਈ ਨਮੂਨਾ ਬਣਨ ਲਈ ਆਖ ਰਿਹਾ ਏ। ਆਓ ਗੁਰੂ ਨਾਨਕ ਦਾ ਸੰਦੇਸ਼ ਸੁਣੀਏ ਅਤੇ ਸਵੈ-ਸੁਧਾਰ ਰਾਹੀਂ ਇੱਕ ਨਵੇਂ ਇਨਕਲਾਬ ਵੱਲ ਕਦਮ ਵਧਾਈਏ।

# ਬਿਹਾਰ ਚੋਣਾਂ ਦੀ ਭਾਜਪਾ ਲਈ ਅਹਿਮੀਅਤ : ਜੇਡੀਯੂ ਨਾਲ ਮਿਲਕੇ ਚੋਣਾਂ ਲੜਨਾ ਭਾਜਪਾ ਦੀ ਵੱਡੀ ਮਜਬੂਰੀ

ਜਗਤਾਰ ਸਮਾਲਸਰ
ਸੰਪਰਕ 94670 95953



ਬਿਹਾਰ ਵਿਧਾਨ ਸਭਾ ਚੋਣਾਂ ਭਾਜਪਾ ਵੱਲੋਂ ਆਪਣੀ ਰਣਨੀਤੀ ਨੂੰ ਬਦਲ ਕੇ ਲੜੀਆ ਜਾ ਰਹੀਆ ਹਨ। ਸਾਲ 2014 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਭਾਜਪਾ ਵੱਲੋਂ ਇੱਕ ਵਾਅਦਾ ਕੀਤਾ ਗਿਆ ਸੀ ਕਿ ਹਰ ਵਿਅਕਤੀ ਦੇ ਖਾਤੇ ਵਿੱਚ 15 ਲੱਖ ਰੁਪਏ ਜਮ੍ਹਾ ਕੀਤੇ ਜਾਣਗੇ। ਹਾਲਾਂਕਿ ਫਰਵਰੀ 2015 ਵਿੱਚ ਇੱਕ ਇੰਟਰਵਿਊ ਦੌਰਾਨ ਅਮਿਤ ਸ਼ਾਹ ਨੇ ਕਿਹਾ ਕਿ ਇਹ ਸਿਰਫ ਚੁਨਾਵੀ ਜੁਮਲਾ ਸੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਵੱਲੋਂ ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਤੇ "ਚੌਕੀਦਾਰ" ਦਾ ਨਾਅਰਾ ਦਿੱਤਾ ਗਿਆ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ "ਇਸ ਵਾਰ ਭਾਜਪਾ ਸਰਕਾਰ 400 ਪਾਰ ਦਾ ਨਾਅਰਾ ਸ਼ੁਰੂ ਕੀਤਾ। ਇਸ ਨਾਅਰੇ ਨਾਲ ਭਾਜਪਾ ਵੱਲੋਂ ਆਪਣੇ ਦਮ ਤੇ ਕੇਂਦਰ ਵਿੱਚ ਸਰਕਾਰ ਬਣਾਉਣ ਦਾ ਦਮ ਭਰਿਆ ਗਿਆ ਪਰ ਜਦੋਂ ਚੋਣਾਂ ਦੇ ਨਤੀਜੇ ਆਏ ਤਾਂ ਭਾਜਪਾ ਨੇ 240 ਸੀਟਾਂ ਹੀ ਆਪਣੇ ਦਮ ਤੇ ਜਿੱਤੀਆਂ। ਜਿਸ ਕਾਰਨ ਭਾਜਪਾ ਆਪਣੇ ਦਮ ਤੇ ਬਹੁਮਤ ਪ੍ਰਾਪਤ ਕਰਨ ਵਿੱਚ ਅਸਫਲ ਰਹੀ। ਐਨਡੀਏ ਗਠਜੋੜ ਨੇ 293 ਸੀਟਾਂ ਪ੍ਰਾਪਤ ਕੀਤੀਆਂ, ਜਿਸ ਨਾਲ ਐਨਡੀਏ ਸਰਕਾਰ ਬਣੀ। ਟੀਡੀਪੀ ਇਸ ਗੱਠਜੋੜ ਵਿੱਚ ਦੂਜੀ ਸਭ ਤੋਂ ਵੱਡੀ ਪਾਰਟੀ ਬਣ ਗਈ, ਜਦੋਂਕਿ ਨਿਤੀਸ਼ ਕੁਮਾਰ ਦੀ ਜੇਡੀਯੂ ਤੀਜੀ ਸਭ ਤੋਂ ਵੱਡੀ ਪਾਰਟੀ ਬਣ ਗਈ। ਇੱਥੇ ਭਾਜਪਾ ਲਈ ਵੱਡੀ ਸਮੱਸਿਆ ਇਹ ਹੈ ਕਿ ਭਾਜਪਾ ਹੁਣ ਜ਼ਿਆਦਾਤਰ ਫੈਸਲੇ ਆਪਣੇ ਆਪ ਨਹੀਂ ਲੈ ਸਕਦੀ ਅਤੇ ਉਸਨੂੰ ਆਪਣੇ ਸਹਿਯੋਗੀਆਂ ਦੀ ਬਰਾਬਰ ਲੋੜ ਹੈ।

ਭਾਜਪਾ ਨੂੰ ਆਪਣੀਆਂ ਸਹਿਯੋਗੀ ਪਾਰਟੀਆਂ ਦੀ ਲੋੜ ਕਿਉਂ ਹੈ। ਅਸੀ ਜਾਣਦੇ ਹਾਂ ਕਿ ਸੰਵਿਧਾਨ ਦੀ ਧਾਰਾ 368 ਵਿੱਚ ਸੋਧ ਕਰਨ ਦੇ ਦੋ ਤਰੀਕੇ ਹਨ, ਇੱਕ ਸੰਸਦ ਦੇ ਵਿਸ਼ੇਸ਼ ਬਹੁਮਤ ਦੁਆਰਾ ਸੋਧ, ਇਸ ਵਿੱਚ ਸਦਨ ਵਿੱਚ ਮੌਜੂਦ ਅਤੇ ਵੋਟ ਪਾਉਣ ਵਾਲੇ ਮੈਂਬਰਾਂ ਦਾ ਦੋ ਤਿਹਾਈ ਬਹੁਮਤ ਅਤੇ ਵੋਟ ਪਾਉਣ ਵਾਲੇ ਮੈਂਬਰਾਂ ਦੀ ਕੁੱਲ ਗਿਣਤੀ ਦਾ ਬਹੁਮਤ ਹੋਣਾ ਚਾਹੀਦਾ ਹੈ ਅਤੇ ਦੂਜੀ ਕਿਸਮ ਦੇ ਸੋਧ ਵਿੱਚ ਵਿਸ਼ੇਸ਼ ਬਹੁਮਤ ਦੇ ਨਾਲ ਅੱਧੇ ਰਾਜਾਂ ਦੀ ਪ੍ਰਵਾਨਗੀ ਦੀ ਵੀ ਲੋੜ ਹੁੰਦੀ ਹੈ।


ਇਹੀ ਕਾਰਨ ਹੈ ਕਿ ਬਿਹਾਰ ਚੋਣਾਂ ਭਾਜਪਾ ਲਈ ਬਹੁਤ ਮਹੱਤਵਪੂਰਨ ਹਨ। ਜੇਕਰ ਭਾਜਪਾ ਬਿਹਾਰ ਵਿੱਚ ਨਿਤੀਸ਼ ਕੁਮਾਰ ਨਾਲ ਗੱਠਜੋੜ ਨਾ ਕਰਦੀ ਤਾਂ ਇਨ੍ਹਾਂ ਚੋਣਾਂ ਦੇ ਨਤੀਜੇ ਕੇਂਦਰੀ ਰਾਜਨੀਤੀ ਨੂੰ ਪ੍ਰਭਾਵਤ ਕਰ ਸਕਦੇ ਹਨ। ਭਾਵੇਂ ਐਨਡੀਏ ਗੱਠਜੋੜ ਜੇਡੀਯੂ ਤੋਂ ਬਿਨਾਂ ਵੀ ਕੇਂਦਰ ਵਿੱਚ ਬਹੁਮਤ ਬਰਕਰਾਰ ਰੱਖਦਾ ਹੈ ਪਰ ਜੇਕਰ ਭਾਜਪਾ ਬਿਹਾਰ ਵਿੱਚ ਨਤੀਸ਼ ਕੁਮਾਰ ਨਾਲ ਰਲਕੇ ਚੋਣਾਂ ਨਾ ਲੜਦੀ ਅਤੇ ਨਤੀਸ਼ ਕੁਮਾਰ ਦੀ ਪਾਰਟੀ ਹਾਰਦੀ ਤਾਂ ਸੰਵਿਧਾਨਕ ਸੋਧ ਬਿੱਲ ਜਿਸ ਲਈ ਅੱਧੇ ਰਾਜਾਂ ਦੇ ਸਮਰਥਨ ਦੀ ਲੋੜ ਹੁੰਦੀ ਹੈ, ਨਤੀਸ਼ ਕੁਮਾਰ ਦੀ ਪਾਰਟੀ ਭਾਜਪਾ ਨੂੰ ਬਿਹਾਰ ਵਿੱਚੋਂ ਉਸ ਸੂਚੀ ਵਿੱਚੋਂ ਹਟਾ ਸਕਦੀ ਹੈ। ਇਸ ਲਈ ਭਾਜਪਾ ਬਿਹਾਰ ਚੋਣਾਂ ਨੂੰ ਇੱਕ ਵਿਚਕਾਰਲੀ ਸਥਿਤੀ ਵਿੱਚ ਲੜਦੀ ਜਾਪਦੀ ਹੈ। ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਜੇਕਰ ਭਾਜਪਾ ਕਿਸੇ ਵੀ ਰਾਜ ਵਿੱਚ ਚੋਣਾਂ ਲੜਦੀ ਹੈ ਤਾਂ ਨਰਿੰਦਰ ਮੋਦੀ ਉੱਥੇ ਇੱਕ ਵੱਡਾ ਚੋਣ ਚਿਹਰਾ ਹੁੰਦੇ ਹਨ ਪਰ ਬਿਹਾਰ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਖੁਦ ਮੰਨਿਆ ਹੈ ਕਿ ਬਿਹਾਰ ਚੋਣਾਂ ਨਿਤੀਸ਼ ਕੁਮਾਰ ਦੀ ਅਗਵਾਈ ਵਿੱਚ ਲੜੀਆਂ ਜਾ ਰਹੀਆਂ ਹਨ ਕਿਉਂਕਿ ਸੱਤਾ ਹਾਸਲ ਕਰਨ ਦੀ ਇੱਛਾ ਲਈ ਪਾਬੰਦੀਆਂ ਨੂੰ ਅਪਣਾਉਣ ਜਾਂ ਕਿਸੇ ਨਾਲ ਜੁੜਨ ਦੀ ਲੋੜ ਹੁੰਦੀ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਪਿਛਲੇ 20 ਸਾਲਾਂ ਤੋਂ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਭਾਜਪਾ ਬਿਹਾਰ ਵਿੱਚ ਜੇਡੀਯੂ ਦੀ ਮੁਥਾਜ ਨਾ ਬਣਦੀ।

2005 ਵਿੱਚ ਲਾਲੂ-ਰਾਬੜੀ ਸ਼ਾਸਨ ਤੋਂ ਬਾਅਦ ਭਾਜਪਾ ਬਿਹਾਰ ਵਿੱਚ ਸੱਤਾ ਲਈ ਸਮਝੌਤਾ ਕਰ ਰਹੀ ਹੈ। ਅੱਜ ਬਿਹਾਰ ਵਿੱਚ ਭਾਜਪਾ ਕੋਲ ਆਪਣਾ ਕੋਈ ਮੁੱਖ ਮੰਤਰੀ ਚਿਹਰਾ ਵੀ ਨਹੀਂ ਹੈ, ਕਿਉਂਕਿ ਸੁਸ਼ੀਲ ਕੁਮਾਰ ਮੋਦੀ ਤੋਂ ਲੈ ਕੇ ਸਮਰਾਟ ਚੌਧਰੀ ਤੱਕ ਸਾਰੇ ਨਿਤੀਸ਼ ਕੁਮਾਰ ਦੀ ਸਰਪ੍ਰਸਤੀ ਹੇਠ ਕੰਮ ਕਰਦੇ ਰਹੇ ਹਨ। ਇਹੀ ਕਾਰਨ ਹੈ ਕਿ ਸਭ ਤੋਂ ਵੱਡੀ ਪਾਰਟੀ ਹੋਣ ਦੇ ਬਾਵਜੂਦ ਬਿਹਾਰ ਵਿੱਚ ਭਾਜਪਾ ਦੀ ਸਥਿਤੀ ਇੱਕ ਖੇਤਰੀ ਪਾਰਟੀ ਵਾਲੀ ਬਣੀ ਹੋਈ ਹੈ। ਅਸੀਂ ਪਿਛਲੇ ਬਜਟ ਦੌਰਾਨ ਵੀ ਵੇਖਿਆ ਹੈ ਕਿ ਬਿਹਾਰ ਅਤੇ ਆਂਧਰਾ ਪ੍ਰਦੇਸ਼ ਭਾਜਪਾ ਦੇ ਖਾਸ ਸਹਿਯੋਗੀ ਹੋਣ ਕਾਰਨ ਬਜਟ ਵਿੱਚ ਉਨ੍ਹਾਂ ਨੂੰ ਕੁਝ ਖਾਸ ਦੇਣਾ ਸ਼ਾਇਦ ਨਰਿੰਦਰ ਮੋਦੀ ਸਰਕਾਰ ਲਈ ਮਜਬੂਰੀ ਬਣ ਗਿਆ ਸੀ, ਕਿਉਂਕਿ ਬਜਟ ਦੌਰਾਨ ਆਂਧਰਾ ਪ੍ਰਦੇਸ਼ ਲਈ 15,000 ਕਰੋੜ ਅਤੇ ਬਿਹਾਰ ਲਈ 60,000 ਕਰੋੜ ਦਿੱਤੇ ਗਏ। ਝਾਰਖੰਡ ਨੂੰ ਛੱਡ ਕੇ ਭਾਜਪਾ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਹੋਈਆਂ ਸਾਰੀਆਂ ਵਿਧਾਨ ਸਭਾ ਚੋਣਾਂ ਜਿੱਤੀਆਂ ਹਨ। ਖਾਸ ਕਰਕੇ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਭਾਜਪਾ ਦੀ ਜਿੱਤ ਤੋਂ ਬਾਅਦ ਨਰਿੰਦਰ ਮੋਦੀ ਦਾ ਰਵੱਈਆ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਰਗਾ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਜੇਕਰ ਭਾਜਪਾ ਬਿਹਾਰ ਹਾਰ ਜਾਂਦੀ ਹੈ ਤਾਂ ਨਰਿੰਦਰ ਮੋਦੀ ਦੀ ਪ੍ਰਸਿੱਧੀ ਤੇ ਸਵਾਲ ਉਠਾਏ ਜਾ ਸਕਦੇ ਹਨ। ਇਸੇ ਲਈ ਬਿਹਾਰ ਵਿੱਚ ਭਾਜਪਾ ਲਈ ਜੇਡੀਯੂ ਨਾਲ ਰਹਿਣਾ ਇੱਕ ਮਜਬੂਰੀ ਹੈ ਕਿਉਂਕਿ ਉਨ੍ਹਾਂ ਕੋਲ ਇੱਥੇ ਕੋਈ ਚਿਹਰਾ ਵੀ ਨਹੀਂ ਹੈ। ਭਾਜਪਾ ਨੇ ਸਮਰਾਟ ਚੌਧਰੀ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਪ੍ਰਸ਼ਾਂਤ ਕਿਸ਼ੋਰ ਨੇ ਉਨ੍ਹਾਂ ਦੀਆਂ ਉਮੀਦਾਂ ਤੇ ਪਾਣੀ ਫੇਰ ਦਿੱਤਾ। ਇਸ ਵਾਰ ਬਿਹਾਰ ਵਿੱਚ ਫਲੋਟਿੰਗ ਵੋਟਾਂ ਦੀ ਗਿਣਤੀ ਯਾਨੀ ਵੋਟਾਂ ਬਦਲਣਾ ਮਹੱਤਵਪੂਰਨ ਹੈ ਅਤੇ ਕਾਂਗਰਸ ਇਨ੍ਹਾਂ ਵੋਟਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਬਿਹਾਰ ਦੀ ਰਾਜਨੀਤੀ ਵਿੱਚ ਨਿਤੀਸ਼ ਕੁਮਾਰ ਦਾ ਕਮਜ਼ੋਰ ਹੋਣਾ ਭਾਜਪਾ ਲਈ ਫਾਇਦਾ ਅਤੇ ਨੁਕਸਾਨ ਦੋਵੇਂ ਹੈ ਪਰ ਬਿਹਾਰ ਦੀਆਂ ਚੋਣਾਂ ਨਰਿੰਦਰ ਮੋਦੀ ਉਨ੍ਹਾਂ ਦੀ ਲੀਡਰਸ਼ਿਪ ਅਤੇ ਉਨ੍ਹਾਂ ਦੀ ਪ੍ਰਸਿੱਧੀ ਲਈ ਬਹੁਤ ਮਹੱਤਵਪੂਰਨ ਹਨ। ਇਹੀ ਕਾਰਨ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਆਪਣਾ ਦਮਖਮ ਭਰਨ ਵਾਲੀ ਪਾਰਟੀ ਬਿਹਾਰ ਵਿੱਚ ਇੱਕ ਖੇਤਰੀ ਪਾਰਟੀ ਦੀ ਮੁਥਾਜ ਬਣੀ ਨਜ਼ਰ ਆ ਰਹੀ ਹੈ।

## ਪ੍ਰਕਾਸ਼ ਦਿਵਸ ’ਤੇ ਵਿਸ਼ੇਸ਼

# ਸਤਿਗੁਰੁ ਨਾਨਕੁ ਪ੍ਰਗਟਿਆ

**ਰਮੇਸ਼ ਬੱਗਾ ਚੋਹਲਾ**



ਸਿੱਖ ਧਰਮ ਬਾਕੀ ਧਰਮਾਂ ਨਾਲੋਂ ਛੋਟੀ ਉਮਰ ਦਾ ਹੋਣ ਕਰਕੇ ਆਧੁਨਿਕਤਾ ਦੇ ਵਧੀਕ ਨੇੜੇ ਹੈ। ਇਸ ਧਰਮ ਨੂੰ ਵਿਗਿਆਨਕ ਧਰਮ ਵੀ ਕਿਹਾ ਜਾਂਦਾ ਹੈ। ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਸ਼ੇਸ਼ ਤੌਰ ’ਤੇ ਵਿਗਿਆਨਕ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਮਨੁੱਖਤਾ ਦੀ ਕਦਰਦਾਨ ਅਤੇ ਸਰਬੱਤ ਦੇ ਭਲੇ ਦੀ ਹਾਮੀ ਹੋਣ ਕਰਕੇ ਇਸ ਵਿਚਾਰਧਾਰਾ ਦਾ ਬੋਲਬਾਲਾ ਸਿਰਫ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਹੀ ਹੈ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 15 ਅਪ੍ਰੈਲ 1469 ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲਾ ਸ਼ੇਖੂਪੁਰੇ ਦੇ ਪਿੰਡ ਤਲਵੰਡੀ ਵਿਖੇ ਬਾਬਾ ਕਲਿਆਣ ਦਾਸ ਉਰਫ ਮਹਿਤਾ ਕਾਲੂ (ਪਟਵਾਰੀ) ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ। ਇਹ ਮਾਣਮੱਤਾ ਪਿੰਡ ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ। ਲਾਹੌਰ ਦੀ ਦੱਖਣ ਪੱਛਮੀ ਬਾਹੀ ਵਿੱਚ ਲਗਪਗ 42 ਮੀਲ ਦੀ ਦੂਰੀ ’ਤੇ ਸਥਿਤ ਹੈ। ਜਿਸ ਕਾਲ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਅਵਤਾਰ ਧਾਰਿਆ ਉਹ ਕਾਲ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਬਹੁਤ ਅਹਿਮਤਰੀਨ ਕਾਲ ਹੈ। ਇਹ ਸਮਾਂ ਜਿਥੇ ਕਲਾ, ਸਾਹਿਤ ਅਤੇ ਗਿਆਨ ਦੀ ਮੁੜ ਉਸਾਰੀ ਦਾ ਸਮਾਂ ਸੀ, ਉਥੇ ਖੋਜ ਅਤੇ ਲੱਭਤ ਦਾ ਸਮਾਂ ਵੀ ਸੀ।

ਦੁਨਿਆਵੀਂ ਸਿੱਖਿਆ ਹਾਸਲ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਨੂੰ 7 ਸਾਲ ਦੀ ਉਮਰ ਵਿੱਚ ਗੋਪਾਲ ਪੰਡਿਤ ਪਾਸੋਂ ਹਿੰਦੀ ਅਤੇ ਬਿਰਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿੱਤ ਭੇਜਿਆ ਗਿਆ। ਇਥੇ ਹੀ ਬੱਸ ਨਹੀਂ 13 ਸਾਲ ਦੀ ਉਮਰ ਵਿੱਚ ਗੁਰੂ ਜੀ ਨੂੰ ਫ਼ਾਰਸੀ ਤਾਲੀਮ ਸਿੱਖਣ ਦੇ ਮਨੋਰਥ ਹਿੱਤ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਆਪ ਜੀ ਨੇ ਜਿਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਗ੍ਰਹਿਣ ਕੀਤੀ, ਉਥੇ ਉਹਨਾਂ (ਉਸਤਾਦਾਂ) ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜਾਇਆ। ਆਪਣੇ ਹਾਣੀਆਂ ਨੂੰ ਵੀ ਗੁਰੂ ਜੀ ਨੇ ਸੱਚ/ਪ੍ਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਰਾਇ ਬੁਲਾਰ ਭੱਟੀ ਗੁਰੂ ਸਾਹਿਬ ਦੇ ਜੀਵਨ ਤੋਂ ਏਨਾ ਪ੍ਰਭਾਵਿਤ ਹੋਇਆ ਹੈ ਕਿ ਉਸਨੂੰ ਸਭ ਤੋਂ ਪਹਿਲਾਂ ਸਿੱਖ ਹੋਣ ਦਾ ਸ਼ਰਫ ਹਾਸਿਲ ਹੈ।

ਜਦੋਂ ਗੁਰੂ ਨਾਨਕ ਸਾਹਿਬ ਜੀ 10-11 ਸਾਲ ਦੇ ਹੋਏ ਤਾਂ ਉਹਨਾਂ ਦਾ ਨਿਖੇੜਾ ਜਾਤਹੀਣ ਸ਼ੂਦਰਾਂ ਤੋਂ ਕਰਨ ਲਈ ਪੁਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਇਹ ਰਸਮੀ ਯਤਨ ਬ੍ਰਾਹਮਣ ਨੂੰ ਗੁਰੂ ਧਾਰਨ ਵੱਲ ਸੇਧਤ ਸਨ। ਪਰ ਆਪ ਤਾਂ ਜਗਤ ਜਲੰਦੇ ਨੂੰ ਤਾਰਨ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਇਸ ਲਈ ਉਹਨਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ’ਤੇ ਗੁਰੂ ਜੀ ਵਲੋਂ ਇਹ ਸ਼ਬਦ ਉਚਾਰਿਆ ਗਿਆ: ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (ਪੰਨਾ-471)

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੀ ਜੋ ਮੁਸਲਮਾਨ ਮਿਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ ਹਨ।

18 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਆਨੰਦ ਕਾਰਜ ਬਟਾਲੇ ਸ਼ਹਿਰ ਦੇ ਬਸ਼ਿੰਦੇ ਸ੍ਰੀ ਮੂਲ ਚੰਦ ਦੀ ਧੀ ਸੁਲੱਖਣੀ ਨਾਲ ਹੋਇਆ। ਇਸ ਪਵਿੱਤਰ ਬੰਧਨ ਦੇ ਮੌਕੇ ਕੁਝ ਸ਼ਰਾਰਤੀ ਪੁਰੋਹਿਤਾਂ ਨੇ ਗੁਰੂ ਜੀ ਉਪਰ ਕੱਚੀ ਕੰਧ ਡੇਗਣ ਦੀ ਵਿਉਂਤਬੰਦੀ ਕੀਤੀ ਪਰ ਦਿਲਾਂ ਦੀਆਂ ਬੁੱਝਣ ਵਾਲੇ ਨਾਨਕ ਨੇ ਉਹਨਾਂ ਦੀ ਵਿਉਂਤ ਹਮੇਸ਼ਾਂ ਲਈ ਫੇਲ੍ਹ ਕਰ ਦਿੱਤੀ। ਇਹ ਕੰਧ ਅਜੇ ਵੀ ਬਟਾਲੇ ਵਿੱਚ ਯਾਦਗਾਰ ਦੇ ਤੌਰ’ਤੇ ਕਾਇਮ ਹੈ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਜੀ ਦਾਸ ਪੈਦਾ ਹੋਏ।

35 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪੁਹੰਚ ਗਏ। ਇਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਜਿਥੇ ਆਪ ਨੇ ਰਿਸ਼ਵਤ ਖੋਰੀ ਬੰਦ ਕਰਵਾਈ ਅਤੇ ਗਰੀਬਾਂ ਅਮੀਰਾਂ ਨੂੰ ਇਕੋ ਜਿਹਾ ਇਨਸਾਫ ਦਿੱਤਾ। ਕਾਰੋਬਾਰ ਤੋਂ ਵਿਹਲੇ ਹੋ ਕੇ ਗੁਰੂ ਜੀ ਇਸ ਨਗਰ ਵਿੱਚ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਸਤਿਸੰਗ ਦੀ ਬਦੌਲਤ ਸਿੱਖੀ ਧਾਰਕਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ। ਇਥੇ ਹੀ ਮਲਸੀਹਾਂ ਦੇ ਵਸਨੀਕ ਭਗੀਰਥ ਅਤੇ ਮਨਸੁੱਖ ਆਪ ਜੀ ਦੇ ਸਿੱਖ ਬਣੇ। 1507 ਈ: ਵਿੱਚ ਗੁਰੂ ਨਾਨਕ ਸਾਹਿਬ ਜੀ ਵਲੋਂ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ ਗਿਆ। ਇਸ ਇਕਾਂਤਵਾਸ ਤੋਂ ਬਾਦ ਉਹਨਾਂ ਨੇ ਭਟਕੀ ਹੋਈ ਲੋਕਾਈ ਨੂੰ ਇੱਕ ਨਵੀਨ ‘ਨਾਅਰਾ ਨਾ ਕੋ ਹਿੰਦੂ ਨਾ ਮੁਸਲਮਾਨ’ ਦਿੱਤਾ। ਮਨੁੱਖਤਾ ਨੂੰ ਪਰਨਾਏ ਇਸ ਨਾਅਰੇ ਦੀ ਖੂਬ ਚਰਚਾ ਹੋਈ ਪਰ ਇਹ ਚਰਚਾ ਉਸ ਵਕਤ ਦੇ ਨਵਾਬ ਅਤੇ ਕਾਜ਼ੀ ਨੂੰ ਹਜ਼ਮ ਨਾ ਹੋ ਸਕੀ। ਉਹਨਾਂ ਨੇ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਦਾ ਵਿਰੋਧ ਕੀਤਾ ਪਰ ਜਿੱਤ ਆਖਰ ਸੱਚ ਦੀ ਹੀ ਹੋਈ। ਆਪਣੀ ਇਸ ਸੋਚ ਨੂੰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਤੱਕ ਪਹੁੰਚਾਉਣ ਹਿੱਤ ਗੁਰੂ ਜੀ ਵਲੋਂ ਕਈ ਪ੍ਰਚਾਰ ਦੌਰੇ ਵੀ ਕੀਤੇ ਗਏ, ਜਿਹਨਾਂ ਨੂੰ ਸਿੱਖ ਇਤਿਹਾਸ ਵਿੱਚ ਉਦਾਸੀਆਂ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀਆਂ ਇਿਹਨਾਂ ਉਦਾਸੀਆਂ ਦਾ ਵਰਨਣ ਇਸ ਪ੍ਰਕਾਰ ਹੈ:

ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿੱਚ ਵੈਦਿਕ ਧਰਮ ਦੀ ਚੜ੍ਹਤ ਸੀ, ਜਿਸ ਦੀ ਬੁਨਿਆਦ ਵਰਣ ਆਸ਼ਰਮ ਧਰਮ’ਤੇ ਆਧਾਰਿਤ ਸੀ। ਜਦੋਂ ਗੁਰੂ ਜੀ ਨੇ ਅਵਤਾਰ ਧਾਰਿਆ ਤਾਂ ਉਸ ਸਮੇਂ ਭਾਰਤੀ ਸਮਾਜ ਬਹੁਤ ਹੀ ਗੁੰਝਲਦਾਰ ਜਾਤੀਆਂ ਅਤੇ ਧਾਰਮਿਕ ਫਿਰਕਿਆਂ ਵਿੱਚ ਵੰਡਿਆ ਹੋਇਆ ਸੀ। ਮਨੁੱਖ ਦੀ ਪਛਾਣ ਕਰਮ ਆਧਾਰਿਤ ਨਾ ਹੋ ਕੇ ਸਗੋਂ ਜਨਮ ਆਧਾਰਿਤ ਸੀ। ਲੋਕਾਂ ਵਿਚੋਂ ਆਪਸੀ ਭਾਈਚਾਰੇ ਅਤੇ ਇਕਸੁਰਤਾ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਸੀ।

ਅਜਿਹੀ ਤਰਸਯੋਗ ਸੂਰਤ-ਏ-ਹਾਲ ਵਿੱਚ ਸਿਫ਼ਤੀ ਅਤੇ ਇਨਕਲਾਬੀ ਤਬਦੀਲੀ ਲਿਆਉਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਸਤੰਬਰ 1507 ਈ: ਨੂੰ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੁਨੀਆਂ ਦੀਆਂ ਵੱਖ-ਵੱਖ ਦਿਸ਼ਾਵਾਂ ਵਿੱਚ ਪ੍ਰਚਾਰ ਦੌਰੇ ਅਰੰਭ ਕੀਤੇ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਭਾਰਤ ਦੀਆਂ ਸਾਰੀਆਂ ਕੂੰਟਾਂ ਵਿੱਚ ਜਾਣ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਗਏ। ਇਸ ਦੇਸ਼ਾਂ ਰਟਨ ਵਿੱਚ ਗੁਰੂ ਸਾਹਿਬ ਦਾ ਲਗਪਗ 25 ਕੁ ਸਾਲ ਦਾ ਸਮਾਂ ਲੇਖੇ ਲੱਗਾ। ਇਨ੍ਹਾਂ ਉਦਾਸੀਆਂ ਸਮੇਂ ਉਹ ਬਹੁਤ ਸਾਰੇ ਵਿਅਕਤੀਆਂ ਨੂੰ ਮਿਲੇ। ਉਹਨਾਂ ਦਾ ਪੜਾਅ ਕਦੇ ਗਰੀਬ ਘਰਾਂ ਅਤੇ ਕਦੇ ਨੀਲੀ ਛੱਤ ਹੇਠ ਹੀ ਹੁੰਦਾ ਰਿਹਾ। ਇਹਨਾਂ ਉਦਾਸੀਆਂ ਵਿੱਚ ਉਹਨਾਂ ਦਾ ਮਿਲਾਪ ਛੋਟੇ ਅਤੇ ਅਣਗੌਲੇ ਲੋਕਾਂ ਦੇ ਨਾਲ-ਨਾਲ ਕਈ ਬਾਦਸ਼ਾਹਾਂ ਨਾਲ ਵੀ ਹੋਇਆ।

ਝਗਤ ਜਲੰਦੇ ਨੂੰ ਤਾਰਨ ਲਈ ਗੁਰੂ ਨਾਨਕ ਸਾਹਿਬ ਨੇ ਦੇਸ਼-ਵਿਦੇਸ਼ ਵਿਚ ਪ੍ਰਚਾਰ ਫੇਰੀਆਂ ਦਾ ਸਿਲਸਲਾ ਆਰੰਭ ਕੀਤਾ।ਸਭ ਤੋਂ ਪਹਿਲਾਂ ਉਹ ਐਮਨਾਬਾਦ ਗਏ ਜੋ ਤਲਵੰਡੀ ਤੋਂ ਲਗਪਗ 60 ਕਿ: ਮੀ:’ਤੇ ਸਥਿਤ ਹੈ। ਇਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ। ਭਾਈ ਸਾਹਿਬ ਲੱਕੜੀ ਦਾ ਕੰਮ ਕਰਦੇ ਸਨ। ਬ੍ਰਾਹਮਣਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਗੁਰੂ ਜੀ ਨੀਵੀਂ ਜਾਤੀ ਦੇ ਵਿਅਕਤੀ ਦੇ ਘਰ ਕਿਉਂ ਠਹਿਰੇ ਹਨ। ਪਰ ਆਪ ਨੇ ਇਸ ਵਿਰੋਧ ਦਾ ਕੋਈ ਅਸਰ ਨਾ ਕਬੂਲਿਆ। ਕਿਉਂਕਿ ਉਹਨਾਂ ਦਾ ਮਿਸ਼ਨ ਵੀ ਵਰਣਵਾਦੀ ਸਿਸਟਮ ਨੂੰ ਤੋੜਨਾ ਸੀ। ਇਸ ਮਿਸ਼ਨ ਦੀ ਹੀ ਪੁਸ਼ਟੀ ਕਰਦਾ ਹੈ ਉਹਨਾਂ ਦਾ ਇਹ ਫੁਰਮਾਨ: ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਪੰਨਾ-15)

ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਮੇਲਾ ਵੇਖਣ ਵਾਲੇ ਮੇਲੀ ਅਤੇ ਸ਼ਰਧਾਲੂ ਗੰਗਾ ਨਦੀ ਵਿੱਚ ਇਸ਼ਨਾਨ ਕਰਦੇ ਸਨ। ਸਿਰਫ਼ ਇਸ਼ਨਾਨ ਹੀ ਨਹੀਂ ਸਗੋਂ ਆਪਣੇ ਪਿੱਤਰਾਂ ਨੂੰ ਸੂਰਜ ਸਾਹਿਬਤਾ ਰਾਹੀਂ ਪਾਣੀ ਵੀ ਪਹੁੰਚਾਉਂਦੇ ਸਨ। ਗੁਰੂ ਜੀ ਨੇ ਜਿਥੇ ਬੜੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ, ਉਥੇ ਵੈਸ਼ਨਵ ਸਾਧੂਆਂ ਨੂੰ ਮਨੁੱਖੀ ਬਰਾਬਰਤਾ ਦਾ ਸਬਕ ਵੀ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਬੜਾ ਸਮਝਾਇਆ ਕਿ ਰੱਬ ਦਾ ਕੋਈ ਵੀ ਬੰਦਾ ਮਾੜਾ ਜਾਂ ਨੀਚ ਨਹੀਂ ਹੈ। ਗੋਰਖ ਮਤੇ ਗੋਰਖ ਨਾਥ ਅਤੇ ਉਸਦੇ ਚੇਲਿਆਂ ਦਾ ਗੜ੍ਹ ਸੀ। ਇਹ ਸਥਾਨ ਪੀਲੀਭੀਤ ਤੋਂ ਲਗਪਗ 20 ਕੁ ਕਿਲੋਮੀਟਰ ਦੀ ਵਿੱਥ’ਤੇ ਸਥਿਤ ਹੈ। ਇਥੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਪ੍ਰਮਾਤਮਾ ਬਾਹਰੀ ਭੇਖ’ਤੇ ਨਹੀਂ ਰੀਝਦਾ ਸਗੋਂ ਉਸ ਦੀ ਪ੍ਰਾਪਤੀ ਦੀ ਜੁਗਤ ਵਿਕਾਰ ਰਹਿਤ ਜੀਵਨ ਬਸਰ ਕਰਦਿਆਂ ਉਸ ਦੀ ਸਿਫਤ ਸਲਾਹ ਕਰਨਾ ਹੈ। ਗੁਰੂ ਜੀ ਦੀ ਆਮਦ ਸਦਕਾ ਇਸ ਸਥਾਨ ਦਾ ਨਾਂ ਗੋਰਖ ਮਤੇ ਤੋਂ ਤਬਦੀਲ ਹੋ ਕੇ ਨਾਨਕ ਮਤਾ ਪੈ ਗਿਆ।

ਜਗਨ ਨਾਥ ਪੁਰੀ ਦੇ ਮੰਦਰ ਜੋ ਕਿ ਉੜੀਸਾ ਵਿਖੇ ਸਥਿਤ ਹੈ, ਵਿੱਚ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਨੂੰ ਦਸਿਆ ਕਿ ਕੋਈ ਵੀ ਸਾਹਿਬੀ ਸਾਹਿਬਤਾ ਜਗਨਨਾਥ ਨਹੀਂ ਹੋ ਸਕਦਾ ਸਗੋਂ ਜਗਤ ਦਾ ਨਾਥ ਤਾਂ ਵਾਹਿਗੁਰੂ ਆਪ ਹੈ। ਪੁਰੀ ਤੋਂ ਬਾਅਦ ਗੁਰੂ ਜੀ ਭੀਲਾਂ ਦੇ ਇਲਾਕੇ ਵਿੱਚ ਆ ਗਏ ਜਿਸਨੂੰ ਦ੍ਰਾਵਿੜ ਵੀ ਕਿਹਾ ਜਾਂਦਾ ਹੈ। ਇਥੇ ਆਉਣ ਦਾ ਸਬੱਬ ਭਾਈ ਮਰਦਾਨਾ ਸੀ/ਕੌਡਾ ਰਾਖਸ਼ ਭਾਈ ਜੀ ਨੂੰ ਮਾਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਗੁਰੂ ਜੀ ਵੀ ਉਥੇ ਪਹੁੰਚ ਗਏ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਦਰਸ਼ਨ-ਦੀਦਾਰ ਕਰਕੇ ਕੌਡਾ ਨਿਹਾਲ ਹੋ ਗਿਆ ਤਾਂ ਉਸ ਨੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਦੇ ਨਾਲ ਹੀ ਉਸ ਨੇ ਗੁਰੂ ਜੀ ਨੂੰ ਅੱਗੇ ਤੋਂ ਹਮੇਸ਼ਾਂ ਲਈ ਸੱਚੇ ਮਾਰਗ ਉੱਤੇ ਚੱਲਣ ਦਾ ਵਿਸ਼ਵਾਸ਼ ਵੀ ਦਿਵਾਇਆ। ਗੁਰੂ ਜੀ ਦੀ ਇਸ ਫੇਰੀ ਦਾ ਅੰਤਿਮ ਪੜਾਅ ਕੁਰੂਕਸ਼ੇਤਰ ਸੀ। ਇਥੇ ਆਪ ਨੇ ਸੂਰਜ ਗ੍ਰਹਿਣ ਸਮੇਂ ਭੋਜਨ ਦੇ ਛਕਣ ਦੇ ਵਿਚਾਰਾਂ ਦਾ ਖੰਡਣ ਕੀਤਾ ਜੋ ਬ੍ਰਾਹਮਣਾਂ ਦੁਆਰਾ ਨਿੱਜੀ ਸੁਆਰਥ ਹਿੱਤ ਫੈਲਾਏ ਗਏ ਸਨ।

ਸੁਮੇਰ ਪਰਬਤ ਦੀਆਂ ਗੁਫਾਵਾਂ ਵਿੱਚ ਸਿੱਧ, ਜੋਗੀ ਤੇ ਨਾਥ ਨਿਵਾਸ ਕਰਦੇ ਸਨ। ਇਥੇ ਗੁਰੂ ਸਾਹਿਬ ਦੀਆਂ ਸਿੱਧਾਂ ਨਾਲ ਧਾਰਮਿਕ ਗੋਸ਼ਟੀਆਂ ਹੋਈਆਂ। ਜੋ ਸਿੱਧ ਜੋਗੀ ਗੁਰੂ ਜੀ ਦੇ ਤਰਕ ਦਾ ਸਾਹਮਣਾ ਨਾ ਕਰ ਸਕੇ ਤਾਂ ਉਹਨਾਂ ਨੇ ਕਰਾਮਾਤੀ ਚੱਕਰ ਚਲਾਉਣੇ ਸ਼ੁਰੂ ਕਰ ਦਿੱਤੇ ਪਰ ਇਹ ਚੱਕਰ ਵੀ ਗੁਰੂ ਸਾਹਿਬ’ਤੇ ਕੋਈ ਪ੍ਰਭਾਵ ਨਾ ਪਾ ਸਕੇ। ਅਖੀਰ ਸਿੱਧਾਂ ਨੇ ਗੁਰੂ ਜੀ ਦੇ ਦਲੀਲਮਈ ਵਿਚਾਰਾਂ ਅੱਗੇ ਹਥਿਆਰ ਸੁੱਟ ਦਿੱਤੇ। ਸੁਮੇਰ ਪਰਬਤ ਤੋਂ ਬਾਅਦ ਗੁਰੂ ਜੀ ਨੇਪਾਲ ਪਹੁੰਚੇ ਅਤੇ ਉਥੋਂ ਦੇ ਰਾਜੇ ਰਘਬੀਰ ਨੂੰ ਆਪਣਾ ਸੇਵਕ ਬਣਾਇਆ।

ਸਿਆਲਕੋਟ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਪੀਰ ਹਮਜ਼ਾ ਗੌਸ ਨੂੰ ਸਿੱਧੇ ਰਾਹੇ ਪਾਇਆ ਅਤੇ ਮੌਤ ਦੀ ਸੱਚਾਈ ਨੂੰ ਬਿਆਨ ਕੀਤਾ। ਇਸ ਫੇਰੀ ਦਾ ਛੇਕੜਲਾ ਪੜਾਅ ਪਸਰੂਰ ਸੀ। ਇਥੇ ਗੁਰੂ ਜੀ ਦੀ ਮੀਆਂ ਮਿੱਠਾ ਰਾਮ ਦੇ ਫਕੀਰ ਨਾਲ ਚਰਚਾ ਹੋਈ ਅਤੇ ਆਪ ਨੇ ਉਸ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ। ਇਨ੍ਹਾਂ ਪ੍ਰਚਾਰ ਫੇਰੀਆਂ ਦੌਰਾਨ ਗੁਰੂ ਨਾਨਕ ਸਾਹਿਬ ਜੀ ਮੁਸਲਮਾਨੀ ਮੱਤ ਦੇ ਧਾਰਮਿਕ ਸਥਾਨਾਂ ਵੱਲ ਗਏ। ਤਿੰਨ ਵਰ੍ਹਿਆਂ ਦੇ ਇਸ ਸਫ਼ਰ ਦੌਰਾਨ ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮ ਧਰਮ ਦੇ ਪੀਰਾਂ, ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅੱਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਵਹਾਰ ਤੋਂ ਪ੍ਰਹੇਜ ਕਰਨ ਦਾ ਉਪਦੇਸ਼ ਦਿੱਤਾ।

ਸਿੱਖ ਇਤਿਹਾਸ ਵਿੱਚ ਸੈਦਪੁਰ ਦੀ ਘਟਨਾ ਵੀ ਸੁਨਹਿਰੀ ਅੱਖਰਾਂ ਵਿੱਚ ਲਿਖੀ ਹੋਈ ਮਿਲਦੀ ਹੈ। ਇਥੇ ਆਪ ਸਿੱਖ ਸ਼ਰਧਾਲੂ ਭਾਈ ਲਾਲੋ ਦੇ ਘਰ ਠਹਿਰੇ। ਇਸੇ ਠਹਿਰ ਸਮੇਂ ਬਾਬਰ ਦਾ ਹਮਲਾ ਹੋ ਗਿਆ। ਇਸ ਹਮਲੇ ਤਹਿਤ ਮਾਰਧਾੜ ਅਤੇ ਲੁੱਟ ਕਾਰਨ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਏ, ਜੋ ਪ੍ਰਾਣੀ ਬਚ ਗਏ ਸਨ, ਉਹਨਾਂ ਨੂੰ ਕੈਦ ਕਰ ਲਿਆ ਗਿਆ। ਗੁਰੂ ਜੀ ਵੀ ਭਾਈ ਮਰਦਾਨੇ ਸਮੇਤ ਕੈਦ ਹੋ ਗਏ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਸਾਹਿਬ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।

ਉਪਰੋਕਤ ਦੀ ਰੋਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਕਿ ਰੱਬੀ ਰੂਪ ਗੁਰੂ ਨਾਨਕ ਸਾਹਿਬ ਜੀ ਨੂੰ ਉਸ ਵਕਤ ਦੁਨੀਆਂ ਭਰ ਦੀ ਲੋਕਾਈ ਦੇ ਨਾਲ ਹੁੰਦੇ ਧੱਕੇ ਅਤੇ ਬੇਇਨਸਾਫ਼ੀ ਦਾ ਇਲਮ ਸੀ। ਸਿਰਫ਼ ਇਲਮ ਹੀ ਨਹੀਂ ਸਗੋਂ ਗੁਰੂ ਜੀ ਦੇ ਮਨ ਮੰਦਰ ਵਿੱਚ ਲੋਕਾਂ ਦਾ ਦਰਦ ਵੀ ਸੀ। ਇਸ ਦਰਦ ਨੂੰ ਵੰਡਾਉਣ ਲਈ ਉਹਨਾਂ ਦੇਸ਼-ਵਿਦੇਸ਼ ਦਾ ਕੋਹਾਂ ਮੀਲ ਪੈਂਡਾ ਤਹਿ ਕੀਤਾ। ਇਹ ਇੱਕ ਅਜਿਹਾ ਬਿਖੜਿਆ ਪੈਂਡਾ ਸੀ ਜਿਸ ਉਪਰ ਚਲਣਾ ਗੁਰੂ ਨਾਨਕ ਮਹਾਰਾਜ ਜੀ ਵਰਗੇ ਦਲੇਰ, ਫਿਲਾਸਫਰ ਅਤੇ ਸੱਚ ਦੇ ਵਪਾਰੀ ਮਹਾਂਪੁਰਖ ਦੇ ਹੀ ਹਿੱਸੇ ਆ ਸਕਦਾ ਹੈ।

#1348/17/1 ਗਲੀ ਨੰ:8 ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ)
ਮੋ:9463132719

# ਗੁਰੂ ਨਾਨਕ ਦੇਵ ਜੀ - ਪ੍ਰਕਾਸ਼ ਦਾ ਸਰੋਤ ਅਤੇ ਮਨੁੱਖਤਾ ਦੇ ਅਸਲੀ ਗੁਰੂ

ਗੁਰਭਿੰਦਰ ਗੁਰੀ
+447951 590424



"ਇਕ ਓਅੰਕਾਰ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" - ਗੁਰੂ ਨਾਨਕ ਦੇਵ ਜੀ (ਜਪੁਜੀ ਸਾਹਿਬ)

ਗੁਰੂ ਨਾਨਕ ਦੇਵ ਜੀ ਸਿਰਫ਼ ਸਿੱਖ ਧਰਮ ਦੇ ਸਥਾਪਕ ਨਹੀਂ ਸਨ, ਸਗੋਂ ਉਹ ਸਾਰੀ ਮਨੁੱਖਤਾ ਲਈ ਇੱਕ ਜੀਵੰਤ ਰੋਸ਼ਨੀ ਸਨ। ਉਨ੍ਹਾਂ ਦਾ ਸੰਦੇਸ਼ ਕਿਸੇ ਖਾਸ ਕੌਮ ਜਾਂ ਧਰਮ ਲਈ ਨਹੀਂ ਸੀ - ਉਹ ਸਾਰੇ ਜਗਤ ਲਈ ਸੀ। ਉਨ੍ਹਾਂ ਨੇ ਉਹ ਸਮਾਂ ਬਦਲ ਦਿੱਤਾ ਜਦੋਂ ਮਨੁੱਖਤਾ ਅੰਧਕਾਰ ਵਿੱਚ ਡੁੱਬੀ ਹੋਈ ਸੀ। ਜਾਤ-ਪਾਤ, ਧਰਮਕ ਵਿਵਾਦ, ਰਸਮਾਂ ਤੇ ਵਿਸ਼ਵਾਸਾਂ ਦੇ ਜਾਲ ਵਿੱਚ ਫਸੇ ਲੋਕਾਂ ਨੂੰ ਉਨ੍ਹਾਂ ਨੇ ਸੱਚ ਦਾ ਰਾਹ ਦਿਖਾਇਆ। ਗੁਰੂ ਨਾਨਕ ਜੀ ਨੇ ਮਨੁੱਖਤਾ ਨੂੰ ਸਮਾਨਤਾ, ਪ੍ਰੇਮ, ਦਇਆ ਅਤੇ ਸੇਵਾ ਦਾ ਸੱਚਾ ਅਰਥ ਸਮਝਾਇਆ। ਉਨ੍ਹਾਂ ਦਾ ਜੀਵਨ ਇੱਕ ਸੰਦੇਸ਼ ਹੈ - ਕਿ ਰੱਬ ਹਰ ਮਨੁੱਖ ਦੇ ਅੰਦਰ ਵੱਸਦਾ ਹੈ।

ਜਨਮ ਅਤੇ ਬਚਪਨ-ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਨੂੰ ਤਲਵੰਡੀ ਰਾਏ ਭੋਈ ਦੀ ਧਰਤੀ 'ਤੇ ਹੋਇਆ (ਜੋ ਅੱਜ ਨਨਕਾਣਾ ਸਾਹਿਬ, ਪਾਕਿਸਤਾਨ ਵਿੱਚ ਹੈ)। ਉਨ੍ਹਾਂ ਦੇ ਪਿਤਾ ਦਾ ਨਾਮ ਕਲਿਆਣ ਚੰਦ ਮੀਤਾ ਕਾਲੂ ਜੀ ਸੀ ਜੋ ਇੱਕ ਪਟਵਾਰੀ ਸਨ, ਅਤੇ ਮਾਤਾ ਦਾ ਨਾਮ ਮਾਤਾ ਤ੍ਰਿਪਤਾ ਜੀ ਸੀ। ਉਨ੍ਹਾਂ ਦੀ ਇੱਕ ਭੈਣ ਬੇਬੇ ਨਾਨਕੀ ਜੀ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਭਰਾ ਵਿੱਚ ਦਿਵਪ ਪ੍ਰਕਾਸ਼ ਦੇ ਦਰਸ਼ਨ ਕੀਤੇ। ਬਚਪਨ ਤੋਂ ਹੀ ਨਾਨਕ ਜੀ ਵਿੱਚ ਅਲੌਕਿਕ ਗੁਣ ਦਿਖਾਈ ਦੇਣ ਲੱਗੇ। ਜਦੋਂ ਹੋਰ ਬੱਚੇ ਖੇਡਾਂ ਵਿੱਚ ਲੀਨ ਰਹਿੰਦੇ, ਨਾਨਕ ਜੀ ਧਿਆਨ ਵਿੱਚ ਬੈਠਦੇ। ਇੱਕ ਵਾਰ ਜਦੋਂ ਉਨ੍ਹਾਂ ਨੂੰ ਪਾਠਸ਼ਾਲਾ ਭੇਜਿਆ ਗਿਆ, ਉਨ੍ਹਾਂ ਨੇ ਅੱਖਰਾਂ ਦੇ ਅਧਿਆਤਮਿਕ ਅਰਥ ਸਮਝਾ ਦਿੱਤੇ। ਅਧਿਆਪਕ ਹੈਰਾਨ ਰਹਿ ਗਿਆ। ਉਨ੍ਹਾਂ ਨੇ ਕਿਹਾ-"ਅੱਖਰ ਆਏ ਬਾਹਰਿ ਲੋਇ, ਵਿਦਿਆ ਵੀਚਾਰੀ ਤਾਂ ਪਰਉਪਕਾਰੀ।"

ਜਵਾਨੀ ਤੇ ਵਿਆਹ-ਨਾਨਕ ਜੀ ਦੀ ਵਿਆਹੀ ਜ਼ਿੰਦਗੀ ਵੀ ਇੱਕ ਉਦਾਹਰਨ ਸੀ ਕਿ ਧਾਰਮਿਕ ਜੀਵਨ ਜੀਵਣ ਦੇ ਨਾਲ-ਨਾਲ ਪਰਿਵਾਰਕ ਜੀਵਨ ਕਿਵੇਂ ਸੰਤੁਲਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਵਿਆਹ ਸੁਲਖਨੀ ਜੀ ਨਾਲ ਹੋਇਆ ਜੋ ਬਟਾਲਾ ਦੇ ਮੂਲਚੰਦ ਚੌਧਰੀ ਦੀ ਧੀ ਸਨ। ਉਨ੍ਹਾਂ ਦੇ ਦੋ ਪੁੱਤਰ ਸਨ - ਸ਼੍ਰੀਚੰਦ ਜੀ ਅਤੇ ਲਖਮੀਚੰਦ ਜੀ। ਉਨ੍ਹਾਂ ਨੇ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਈ, ਪਰ ਮਨ ਰੱਬ ਦੇ ਨਾਮ ਵਿੱਚ ਜੋੜਿਆ ਰੱਖਿਆ।

ਪਹਿਲਾ ਉਪਦੇਸ਼-ਨਾਨਕ ਜੀ ਸਲਤਾਨਪੁਰ ਲੋਧੀ ਵਿੱਚ ਨੌਕਰੀ ਕਰਦੇ ਸਨ, ਜਿੱਥੇ ਉਨ੍ਹਾਂ ਨੂੰ ਦਿਵਪ ਪ੍ਰਕਾਸ਼ ਪ੍ਰਾਪਤ ਹੋਇਆ। ਇਕ ਦਿਨ ਉਹ ਵੇਹੜੇ ਵਿੱਚ ਗਾਇਬ ਹੋ ਗਏ, ਤੇ ਤਿੰਨ ਦਿਨ ਬਾਅਦ ਨਿਕਲੇ। ਲੋਕਾਂ ਨੇ ਪੁੱਛਿਆ - "ਤੂੰ ਕਿੱਥੇ



ਸੀ?" ਉਨ੍ਹਾਂ ਨੇ ਉੱਤਰ ਦਿੱਤਾ-"ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ।"

ਇਹ ਉਨ੍ਹਾਂ ਦੀ ਪਹਿਲੀ ਵਾਣੀ ਸੀ - ਜਿਸ ਨਾਲ ਸਾਰੀ ਮਨੁੱਖਤਾ ਨੂੰ ਸਮਾਨਤਾ ਦਾ ਸੰਦਿਸ਼ ਮਿਲਿਆ।

ਚਾਰ ਉਦਾਸੀਆਂ - ਪ੍ਰਕਾਸ਼ ਦਾ ਪ੍ਰਸਾਰ-ਗੁਰੂ ਨਾਨਕ ਦੇਵ ਜੀ ਨੇ ਦੁਨੀਆ ਦੇ ਕੋਨੇ-ਕੋਨੇ ਤੱਕ ਪ੍ਰੇਮ, ਸੱਚਾਈ ਅਤੇ ਨਾਮ ਦਾ ਪ੍ਰਚਾਰ ਕਰਨ ਲਈ ਚਾਰ ਵੱਡੀਆਂ ਉਦਾਸੀਆਂ (ਯਾਤਰਾਵਾਂ) ਕੀਤੀਆਂ। ਪੂਰਬੀ ਉਦਾਸੀ ਬੰਗਾਲ, ਅਸਾਮ, ਬਿਹਾਰ, ਜਗੰਨਾਥ ਪੁਰ ਤੱਕ ਗਏ। ਉੱਥੇ ਉਨ੍ਹਾਂ ਨੇ ਲੋਕਾਂ ਨੂੰ ਦੱਸਿਆ ਕਿ ਰਸਮਾਂ ਨਾਲ ਨਹੀਂ, ਸੱਚੇ ਮਨ ਨਾਲ ਭਗਤੀ ਹੁੰਦੀ ਹੈ।

ਦੱਖਣੀ ਉਦਾਸੀ-ਸ੍ਰੀਲੰਕਾ ਤੱਕ ਪਹੁੰਚੇ। ਰਾਜੇ ਮਾਲ ਰਾਜਾ ਨਾਲ ਗੱਲਬਾਤ ਕੀਤੀ ਅਤੇ ਸੱਚੇ ਧਰਮ ਦਾ ਸਨੇਹਾ ਦਿੱਤਾ।

ਪੱਛਮੀ ਉਦਾਸੀ-ਮੱਕਾ, ਮਦੀਨਾ ਅਤੇ ਬਗਦਾਦ ਤੱਕ ਗਏ। ਉਨ੍ਹਾਂ ਨੇ ਸਾਬਤ ਕੀਤਾ ਕਿ ਰੱਬ ਕਿਸੇ ਇੱਕ ਦਿਸ਼ਾ ਵਿੱਚ ਨਹੀਂ ਵੱਸਦਾ - ਉਹ ਹਰ ਥਾਂ ਹੈ।

"ਅਲਹੁ ਅਲਹੁ ਕਰੇ ਬੰਦਾ, ਅਲਹੁ ਨ ਬੀਤੁ ਕਬਾਹਿ॥ ਜੇ ਅਲਹੁ ਹੁੰਦਾ ਦਰਿ ਮੁਸਾ, ਤਾ ਘਰਿ ਕਬੀਲ ਨ ਜਾਹਿ॥"

ਉੱਤਰੀ ਉਦਾਸੀ-ਕਸ਼ਮੀਰ ਅਤੇ ਤਿੱਬਤ ਤੱਕ ਗਏ, ਜਿੱਥੇ ਉਨ੍ਹਾਂ ਨੇ ਪਹਾੜੀ ਲੋਕਾਂ ਨੂੰ ਸੱਚਾਈ ਦਾ ਰਾਹ ਦੱਸਿਆ। ਇਨ੍ਹਾਂ ਉਦਾਸੀਆਂ ਰਾਹੀਂ ਗੁਰੂ ਨਾਨਕ ਜੀ ਨੇ ਸਾਬਤ ਕੀਤਾ ਕਿ ਧਰਮ ਸਿਰਫ਼ ਗ੍ਰੰਥਾਂ ਦਾ ਵਿਸ਼ਾ ਨਹੀਂ, ਜੀਵਨ ਦਾ ਅਨੁਭਵ ਹੈ।

ਤਿੰਨ ਮੁੱਖ ਸਿਧਾਂਤ-ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ ਲਈ ਤਿੰਨ ਆਧਾਰ-ਸਤੰਭ ਦਿੱਤੇ -

1. ਨਾਮ ਜਪੋ - ਹਰ ਸਮੇਂ ਪਰਮਾਤਮਾ ਦਾ ਸਿਮਰਨ ਕਰੋ

2. ਕਿਰਤ ਕਰੋ - ਇਮਾਨਦਾਰੀ ਨਾਲ ਮਿਹਨਤ ਕਰੋ, ਕਿਸੇ ਦੀ ਹੱਕ ਖੋਹ ਕੇ ਨਾ ਖਾਓ।

3. ਵੰਡ ਛਕੋ - ਆਪਣੀ ਕਮਾਈ ਹੋਰਾਂ ਨਾਲ ਸਾਂਝੀ ਕਰੋ, ਗਰੀਬਾਂ ਦੀ ਸਹਾਇਤਾ ਕਰੋ। ਇਨ੍ਹਾਂ ਤਿੰਨ ਮੂਲ ਸਿਧਾਂਤਾਂ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ।

ਸਮਾਜਿਕ ਸੁਧਾਰ-ਗੁਰੂ ਨਾਨਕ ਜੀ ਨੇ ਜਾਤ-ਪਾਤ, ਔਰਤਾਂ ਉੱਤੇ ਹੋ ਰਹੇ ਜ਼ੁਲਮ, ਧਾਰਮਿਕ ਰਸਮਾਂ ਅਤੇ ਧਾਰਮਿਕ ਪਖੰਡਾਂ ਦਾ ਵਿਰੋਧ ਕੀਤਾ। ਉਨ੍ਹਾਂ ਨੇ ਕਿਹਾ-"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।"

(ਇਸਤਰੀ ਨੂੰ ਮੰਦਾ ਕਿਉਂ ਕਹੀਏ, ਜਿਸ ਦੇ ਗਰਭ ਤੋਂ ਰਾਜੇ ਜੰਮਦੇ ਹਨ)

ਉਨ੍ਹਾਂ ਨੇ ਇਹ ਵੀ ਕਿਹਾ ਕਿ-"ਮਾਣਸ ਕੀ ਜਾਤ ਸਭੈ ਏਕੈ ਪਹਿਚਾਨਬੋ।"

(ਸਾਰੇ ਮਨੁੱਖ ਇੱਕੋ ਜਿਹੇ ਹਨ, ਕਿਸੇ ਦੀ ਜਾਤ ਉੱਚੀ ਜਾਂ ਨੀਵੀ ਨਹੀਂ)

ਕਾਰਤਾਰਪੁਰ ਦੀ ਸਥਾਪਨਾ-ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਪਲਾਂ ਵਿੱਚ ਕਾਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ। ਉੱਥੇ ਉਨ੍ਹਾਂ ਨੇ ਕਿਸਾਨੀ ਕੀਤੀ, ਸੰਗਤ ਨਾਲ ਮਿਲ ਕੇ ਸੇਵਾ ਕੀਤੀ ਅਤੇ ਗੁਰਬਾਣੀ ਦਾ ਪ੍ਰਚਾਰ ਕੀਤਾ।

ਇੱਥੇ ਹੀ ਲੰਗਰ ਪ੍ਰਥਾ ਦੀ ਸ਼ੁਰੂਆਤ ਹੋਈ - ਜਿੱਥੇ ਅਮੀਰ-ਗਰੀਬ, ਉੱਚ-ਨੀਵਾਂ, ਹਿੰਦੂ-ਮੁਸਲਮਾਨ - ਸਭ ਇਕੋ ਥਾਂ ਬੈਠ ਕੇ ਭੋਜਨ ਕਰਦੇ ਸਨ। ਇਹ ਮਨੁੱਖਤਾ ਦੀ ਬਰਾਬਰੀ ਦਾ ਸਭ ਤੋਂ ਵੱਡਾ ਉਦਾਹਰਨ ਹੈ।

ਗੁਰਬਾਣੀ ਅਤੇ ਜਪੁਜੀ ਸਾਹਿਬ-ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਉਨ੍ਹਾਂ ਦੀ ਸਭ ਤੋਂ ਪ੍ਰਸਿੱਧ ਬਾਣੀ ਜਪੁਜੀ ਸਾਹਿਬ ਹੈ - ਜੋ ਸਿੱਖ ਧਰਮ ਦੀ ਆਧਾਰਸ਼ਿਲਾ ਹੈ।

ਉਨ੍ਹਾਂ ਨੇ ਕਿਹਾ-"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।" (ਸੱਚ ਤੋਂ ਵੱਡੀ ਕੋਈ ਚੀਜ਼ ਨਹੀਂ, ਪਰ ਸੱਚਾ ਜੀਵਨ ਜੀਣਾ ਉਸ ਤੋਂ ਵੀ ਉੱਚਾ ਹੈ) ਉਨ੍ਹਾਂ ਦੀਆਂ ਬਾਣੀਆਂ ਵਿੱਚ ਕਵੀਤਾ ਵੀ ਹੈ, ਤੱਤ ਗਿਆਨ ਵੀ, ਤੇ ਰੱਬ ਨਾਲ ਮਿਲਾਪ ਦੀ ਤਲਪ ਵੀ।

ਗੁਰੂ ਅਰਜਨ ਦੇਵ ਜੀ ਲਈ ਪ੍ਰੇਰਨਾ-ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੇ ਆਉਣ ਵਾਲੇ ਸਾਰੇ ਗੁਰੂਆਂ ਨੂੰ ਮਾਰਗਦਰਸ਼ਨ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਇਕੱਠਾ ਕੀਤਾ।

ਇਸ ਤਰ੍ਹਾਂ ਗੁਰੂ ਨਾਨਕ ਜੀ ਦੇ ਬਚਨ ਅਮਰ ਹੋ ਗਏ।

ਜੋਤਿ ਜੋਤ ਸਮਾਉਣਾ-22 ਸਤੰਬਰ 1539 ਨੂੰ ਗੁਰੂ ਨਾਨਕ ਦੇਵ ਜੀ ਨੇ ਕਾਰਤਾਰਪੁਰ ਸਾਹਿਬ ਵਿੱਚ ਆਪਣੀ ਜੋਤਿ ਜੋਤ ਸਮਾ ਲਈ। ਉਨ੍ਹਾਂ ਦੇ ਚਲੇ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਭਾਈ ਲਹਣਾ ਜੀ ਨੂੰ ਆਪਣਾ ਉਤਰਾਧਿਕਾਰੀ ਘੋਸ਼ਿਤ ਕੀਤਾ - ਜੋ ਅੱਗੇ ਚਲ ਕੇ ਗੁਰੂ ਅੰਗਦ ਦੇਵ ਜੀ ਬਣੇ। ਜਦੋਂ ਹਿੰਦੂਆਂ ਨੇ ਕਿਹਾ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਅੱਗ ਨਾਲ ਹੋਵੇ, ਤੇ ਮੁਸਲਮਾਨਾਂ ਨੇ ਕਿਹਾ ਕਿ ਦਫ਼ਨ ਕੀਤਾ ਜਾਵੇ - ਗੁਰੂ ਜੀ ਨੇ ਕਿਹਾ, "ਫੁੱਲ ਰੱਖੋ, ਸਵੇਰ ਹੋਣ ਤੇ ਜੋ ਸੁੱਕਣ, ਉਹ ਆਪਣੀ ਮਰਜ਼ੀ ਨਾਲ ਕਰ ਲੈਣ।" ਸਵੇਰ ਹੋਈ ਤਾਂ ਫੁੱਲ ਹੀ ਰਹਿ ਗਏ, ਗੁਰੂ ਜੀ ਦੀ ਦੇਹ ਨਹੀਂ ਸੀ। ਇਸ ਤਰ੍ਹਾਂ ਗੁਰੂ ਨਾਨਕ ਜੀ ਨੇ ਸਾਬਤ ਕੀਤਾ ਕਿ ਉਹ ਜੋਤਿ ਸਦੀਵੀ ਹੈ।

ਗੁਰੂ ਨਾਨਕ ਦੇਵ ਜੀ ਦਾ ਅਮਰ ਸੰਦੇਸ਼-ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸਮੇਂ ਤੋਂ ਪਰੇ ਹੈ। ਅੱਜ ਵੀ ਜਦੋਂ ਦੁਨੀਆ ਨਫਰਤ, ਧਰਮਕ ਵੰਡਾਂ ਅਤੇ ਹਿੰਸਾ ਨਾਲ ਭਰੀ ਹੋਈ ਹੈ, ਗੁਰੂ ਨਾਨਕ ਜੀ ਦੀ ਬਾਣੀ ਸਾਡੇ ਲਈ

ਰੋਸ਼ਨੀ ਦਾ ਦੀਵਾ ਹੈ-"ਕਿਰਤ ਕਰੇ, ਨਾਮ ਜਪੇ, ਵੰਡ ਛਕੇ - ਸੋ ਸਿੱਖ, ਸੋ ਭਗਤ।" ਉਨ੍ਹਾਂ ਨੇ ਸਾਨੂੰ ਸਿਖਾਇਆ ਕਿ ਧਰਮ ਮਨੁੱਖ ਦੀ ਸੇਵਾ ਵਿੱਚ ਹੈ, ਮੰਦਰਾਂ ਦੀਆਂ ਚੌਂਕੀਆਂ 'ਤੇ ਨਹੀਂ। ਉਨ੍ਹਾਂ ਨੇ ਸਾਨੂੰ ਸਿਖਾਇਆ ਕਿ ਰੱਬ ਨੂੰ ਪਾਉਣਾ ਮਨੁੱਖ ਨੂੰ ਪਿਆਰ ਕਰਨ ਨਾਲ ਹੀ ਸੰਭਵ ਹੈ।

ਗੁਰੂ ਨਾਨਕ ਦੇਵ ਜੀ ਦਾ ਦਰਸ਼ਨ - ਉਨ੍ਹਾਂ ਦਾ ਦਰਸ਼ਨ ਤਿੰਨ ਮੂਲ ਵਿਚਾਰਾਂ 'ਤੇ ਆਧਾਰਿਤ ਹੈ -

1. ਸਰਬੱਤ ਦਾ ਭਲਾ - ਸਿਰਫ਼ ਆਪਣੇ ਲਈ ਨਹੀਂ, ਸਾਰੀ ਸ੍ਰਿਸ਼ਟੀ ਲਈ ਭਲਾਈ ਦੀ ਕਾਮਨਾ।

2. ਇਕ ਓਅੰਕਾਰ - ਰੱਬ ਇਕ ਹੈ, ਜੋ ਹਰ ਥਾਂ ਹੈ।

3. ਸੇਵਾ ਤੇ ਸਿਮਰਨ - ਸੇਵਾ ਰਾਹੀਂ ਅਹੰਕਾਰ ਮਰਦਾ ਹੈ, ਸਿਮਰਨ ਰਾਹੀਂ ਰੱਬ ਮਿਲਦਾ ਹੈ।

ਗੁਰੂ ਨਾਨਕ ਦੇਵ ਜੀ ਅਤੇ ਆਧੁਨਿਕ ਯੁੱਗ-ਅੱਜ ਦੇ ਸਮੇਂ ਵਿੱਚ ਜਦੋਂ ਮਨੁੱਖ ਆਪਣੇ ਆਪ ਨਾਲ ਵੀ ਜੁੜਿਆ ਨਹੀਂ, ਗੁਰੂ ਨਾਨਕ ਜੀ ਦੀ ਬਾਣੀ ਸਾਨੂੰ ਸਿਖਾਉਂਦੀ ਹੈ ਕਿ ਜੀਵਨ ਦਾ ਅਸਲ ਮਕਸਦ ਬਾਹਰ ਨਹੀਂ, ਆਪਣੇ ਅੰਦਰ ਹੈ।

"ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ। ਉਨ੍ਹਾਂ ਦਾ ਸੰਦੇਸ਼ ਵਿਗਿਆਨਕ ਯੁੱਗ ਵਿੱਚ ਵੀ ਉਤਨਾ ਹੀ ਸੱਚਾ ਹੈ ਜਿੰਨਾ ਪੰਜ ਸੌ ਸਾਲ ਪਹਿਲਾਂ ਸੀ।

ਗੁਰੂ ਨਾਨਕ ਦੇਵ ਜੀ ਮਨੁੱਖਤਾ ਦੀ ਸਭ ਤੋਂ ਵੱਡੀ ਕਿਰਣ ਸਨ। ਉਨ੍ਹਾਂ ਦੀ ਸਿੱਖਿਆ ਸਿਰਫ਼ ਧਾਰਮਿਕ ਗ੍ਰੰਥ ਨਹੀਂ, ਸਗੋਂ ਜੀਵਨ ਜੀਣ ਦਾ ਮਾਰਗ ਹੈ।

ਉਨ੍ਹਾਂ ਨੇ ਸਾਨੂੰ ਸਿਖਾਇਆ -
ਸੱਚ ਬੋਲੋ
ਮਿਹਨਤ ਕਰੋ
ਸਾਂਝਾ ਕਰੋ
ਸੇਵਾ ਕਰੋ
ਪਿਆਰ ਕਰੋ

ਗੁਰੂ ਨਾਨਕ ਦੇਵ ਜੀ ਨੇ ਜੋ ਬੀਜ ਬੋਏ ਸਨ, ਉਹ ਅੱਜ ਵੀ ਸਾਰੀ ਦੁਨੀਆ ਵਿੱਚ ਮਨੁੱਖਤਾ ਦੇ ਰੂਪ ਵਿੱਚ ਖਿੜ ਰਹੇ ਹਨ।

"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

# • ਪੰਜਾਬੀ ਫ਼ਿਲਮ ਦਰਪਣ •

## ਲਾਡੀ ਢਿੱਲੋਂ ਨੇ ਗਾਇਕ ਬਣ ਕਿਹਾ ਦੇਖ ਮੇਰਾ ਦਿਲ



ਲਾਡੀ ਢਿੱਲੋਂ ਪੰਜਾਬੀ ਫ਼ਿਲਮਾਂ ਦੇ ਡਾਇਰੈਕਟਰ ਹਨ ਤੇ ਸੁਨੀਤਾ ਧੀਰ ਜਿਹੇ ਕਲਾਕਾਰਾਂ ਨੂੰ ਲੈ ਕਿ ਓਹ ਫ਼ਿਲਮ "ਸ਼ਿੰਦਾ ਤੇ ਰਾਣੋ" "ਜੱਟ ਤੇ ਜ਼ੇਂਕਣ" ਬਣਾ ਚੁੱਕੇ ਹਨ। ਹੁਣ ਓਹ ਗਾਇਕ ਬਣ ਆਪਣਾ ਟਰੈਕ "ਮੇਰਾ ਦਿਲ" ਲਿਆਏ ਤੇ ਇਹ ਰੋਮਾਂਸ ਭਰਿਆ ਗਾਣਾ ਚਲ ਰਿਹਾ ਹੈ। ਘੁੰਮਣ ਰਿਕਾਰਡਜ ਨੇ ਲਾਡੀ ਢਿੱਲੋਂ ਦਾ ਇਹ "ਮੇਰਾ ਦਿਲ" ਜ਼ਾਰੀ ਸ਼ਾਨ ਨਾਲ ਕੀਤਾ ਹੈ। ਲਾਡੀ ਦੱਸਦੇ ਨੇ ਕਿ ਕਾਹਲੋ ਅਵਤਾਰ ਨੇ ਮੇਰੇ ਗਾਇਕੀ ਅੰਦਾਜ਼ ਅਨੁਸਾਰ ਇਹ ਰੋਮਾਂਟਿਕ ਗੀਤ ਬਣਾਇਆ ਤੇ ਸਾਬਿ ਕੈਥ ਨੇ ਸੰਗੀਤ ਵੀ ਪਿਆਰ ਦੀਆਂ ਵਾਦੀਆਂ ਦੀ ਸੈਰ ਜਿਹਾ ਮਨਮੋਹਕ ਬਣਾ ਕਿ ਗੀਤ ਨੂੰ ਪ੍ਰੇਮ ਗੀਤ ਬਣਾ ਦਿੱਤਾ ਤੇ ਯੁਵਾ ਲੋਕ ਇਸ ਨੂੰ ਪਸੰਦ ਕਰ ਰਹੇ ਹਨ। ਲਾਡੀ ਢਿੱਲੋਂ ਇਸ ਤੋਂ ਪਹਿਲਾਂ "ਜ਼ੁਲਮ ਦੀ ਦਾਸਤਾਨ ਇਸ਼ਕ ਕਮੀਣਾ" ਲਘੂ ਫਿਲਮਾਂ ਕਰ ਚੁੱਕੇ ਹਨ। ਓਹਨਾਂ ਕਿਹਾ ਕਿ ਮੁੱਢਲੇ ਰੂਪ ਵਿੱਚ ਉਹ ਪਹਿਲੇ ਗਾਇਕ ਹੀ ਸਨ ਪਰ ਡਾਇਰੈਕਸ਼ਨ ਵਿੱਚ ਰੁਝੇਵੇਂ ਕਾਰਨ ਓਹਨਾਂ ਨੇ ਕੁੱਝ ਦੇਰ ਗਾਇਕੀ ਤੋਂ ਬ੍ਰੇਕ ਲਈ ਸੀ ਪਰ ਹੁਣ ਓਹ ਨਿਰੰਤਰ ਗਾਇਕੀ ਵਿੱਚ ਸਰਗਰਮ ਹਨ ਤੇ ਸ਼ੋ ਵੀ ਕਰਨਗੇ। ਲਾਡੀ ਢਿੱਲੋਂ ਨੇ ਕਿਹਾ ਕਿ ਕੁਲਜੀਤ ਘੁੰਮਣ, ਪ੍ਰਿਯੰਕਾ ਚੱਢਾ ਤੇ ਡੀ ਓ ਪੀ ਹਰੀਸ਼ ਚੱਢਾ ਨੇ ਓਹਨਾਂ ਨੂੰ ਗਾਇਕੀ ਵਿੱਚ ਗੰਭੀਰ ਹੋ ਕਿ ਕੰਮ ਕਰਨ ਲਿਆ ਕਿਹਾ ਤੇ ਹੁਣ ਓਹ ਗਾਇਕੀ ਵਿੱਚ ਆਪਣਾ ਨਾਮ ਬਣਾਉਣ ਵੱਲ ਹਨ ਤੇ "ਮੇਰਾ ਦਿਲ" ਇਸ ਦੀ ਅੱਛੀ ਸ਼ੁਰੂਆਤ ਹੈ।

## ਸਲੀਮ ਨੇ ਸੋਸ਼ਲ ਮੀਡੀਆ ਤੇ ਬੰਨੀ ਸ਼ਰਮਾ ਦੀ ਸਰਗਰਮੀ ਨੂੰ ਸਰਾਹਿਆ



ਮਾਸਟਰ ਸਲੀਮ , ਸਲੀਮ ਸ਼ਹਿਜ਼ਾਦਾ ਤੇ ਸਲੀਮ ਭਾਰਤ ਦੇ ਲੋਕ ਪ੍ਰਿਅ ਫ਼ਿਲਮ ਗਾਇਕ, ਭਜਨ ਗਾਇਕ ਤੇ ਹਰਫਨ ਮੌਲਾ ਗਾਇਕ ਨੇ ਇੱਕ ਕਲਿਪ ਸੋਸ਼ਲ ਮੀਡੀਆ ਤੇ ਪਾਈ ਤਾਂ ਸਭ ਨੇ ਕਿਹਾ ਕਿ ਦੇਖ ਲਓ ਬੰਨੀ ਸ਼ਰਮਾ ਨਾਲ ਪੰਜਾਬ ਮਿਊਜ਼ਿਕ ਨਗਰੀ ਕਿੰਨਾ ਪਿਆਰ ਕਰਦੀ ਹੈ ਕਿ ਖੁਦ ਸਲੀਮ ਨੇ ਆ ਦੱਸਿਆ ਕੀ ਪੰਜਾਬੀ ਮਿਊਜ਼ਿਕ ਪ੍ਰਮੋਟਰ ਬੰਨੀ ਸ਼ਰਮਾ ਜਿਹਨਾਂ ਦਾ ਸਟਾਰ ਰੁਤਬਾ ਉਚਾਈ ਤੇ ਰਿਹਾ ਇੱਕ ਬ੍ਰੇਕ ਬਾਅਦ ਫਿਰ ਐਕਟਿਵ ਹੋਏ ਹਨ। ਸਲੀਮ ਵੱਲੋਂ ਬੰਨੀ ਸ਼ਰਮਾ ਦੇ ਨਵੇਂ ਸੀਜ਼ਨ ਵਿੱਚ ਨਵੀਂ ਸਰਗਰਮੀ ਵਾਲੀ ਕਲਿਪ ਦਾ ਭਾਵ ਇਹੋ ਕਿ ਬੰਨੀ ਸ਼ਰਮਾ ਪੰਜਾਬੀ ਟੀਵੀ ਚੈਨਲਾਂ ਦੇ ਕਿੰਗ ਨਿਰਮਾਤਾ, ਪੰਜਾਬੀ ਸੰਗੀਤ ਜਗਤ ਦੇ ਸਟਾਰ ਹਨ ਤੇ ਕਨੇਡਾ ਵਿੱਚ ਵੀ ਪੰਜਾਬੀ ਮਿਊਜ਼ਿਕ ਇੰਡਸਟਰੀ ਦੀ ਨੁੰਮਾਇੰਦਗੀ ਇੱਕ ਤਰਾਂ ਨਾਲ ਓਹ ਕਰ ਰਹੇ ਹਨ। "ਪੰਜਾਬੀ ਜ਼ਿੰਦਾਬਾਦ" ਸ਼ੋ, ਰਣਜੀਤ ਬਾਵਾ, ਮਲਕੀਤ ਸਿੰਘ, ਮੰਗੀ ਮਾਹਲ, ਲਖਵਿੰਦਰ ਵਡਾਲੀ ਕੰਠ ਕਲੇਰ ਨਾਲ ਓਹਨਾਂ ਦੀਆਂ ਮਿਲਣੀਆਂ ਦਾ ਅਰਥ 440 ਵੋਲਟ ਕਰੰਟ ਦੀ ਤਰਾਂ ਤੇਜ਼ ਸਰਗਰਮ ਬੰਨੀ ਸ਼ਰਮਾ।ਬੰਨੀ ਸ਼ਰਮਾ ਦੀ ਮਿੱਤਰਤਾ ਤਾਂ ਟੀ ਸੀਰੀਜ਼ ਤੋਂ ਟਿਪਸ ਰਜਿੰਦਰ ਸਿੰਘ ਤੋਂ ਜਰਨੈਲ ਘੁਮਾਣ, ਦੀਪਕ ਬਾਲੀ ਤੋਂ ਹੰਸ ਰਾਜ ਹੰਸ ਤੇ ਸਲੀਮ ਤੋਂ ਕੰਠ ਕਲੇਰ ਅਨੇਕਾਂ ਸੰਗੀਤ ਹਸਤੀਆਂ ਨਾਲ ਹੈ ਤੇ ਖੁਦ ਇੱਕ ਚਮਕਦੀ ਹਸਤੀ ਨੇ ਆਪਣੇ ਬੰਨੀ ਸ਼ਰਮਾ।

## ਦੋ ਤਕਦੀਰਾਂ ਮਿਲੀਆਂ ਤੇਰੀ ਮੇਰੀ ਜੋੜੀ ਫ਼ਿਲਮੀ ਕਾਮਯਾਬ ਜੋੜੀ ਦੇਵੀ ਸ਼ਰਮਾ/ਖੁਸ਼ਬੋ



ਪਤੀ ਦੇਵੀ ਸ਼ਰਮਾ ਭਾਰਤ ਦੇ ਟੋਪ ਡੀ ਓ ਪੀ ਤੇ ਪਾਲੀਵੁੱਡ ਦੇ ਲੋਕ ਪ੍ਰਿਅ ਡਾਇਰੈਕਟਰ ਹਨ । ਫੇਰਿਆਂ ਨਾਲ ਵਿਆਹ ਕਿ ਲਿਆਂਦੀ ਪਤਨੀ ਖੁਸ਼ਬੋ ਸ਼ਰਮਾ ਫ਼ਿਲਮ ਲੇਖਕ ਤੇ ਫਿਰ ਹੁਣ ਓਹ ਡਾਇਰੈਕਟਰ ਵੀ ਬਣ ਗਈ ਹੈ। ਦੋਵੇਂ ਪਤਨੀ ਪਤੀ ਆਪਣੇ ਆਪਣੇ ਕਿੱਤੇ ਵਿੱਚ ਐਕਸਪਰਟ ਹਨ ਤੇ ਦੇਵੀ ਸ਼ਰਮਾ ਨੇ "ਅਜ਼ਾਦੀ" ਤੋਂ "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਸਮੇਤ ਅਨੇਕਾਂ ਫਿਲਮਾਂ ਡਾਇਰੈਕਟ ਕੀਤੀਆਂ ਹਨ। ਦੇਵੀ ਨੇ ਬਹੁਤ ਸਾਰੇ ਐਵਾਰਡ ਵੀ ਹਾਸਿਲ ਕੀਤੇ ਨੇ ਤੇ ਇਸ ਵੇਲੇ ਓਹ "ਕਾਲ ਕੋਠੜੀ" ਨਾਲ ਚਰਚਿਤ ਹਨ। ਪਤਨੀ ਖੁਸਬੂ ਬਹੁਤ ਪਿਆਰੀ ਲੇਖਿਕਾ ਹੈ ਤੇ ਦੇਵੀ ਸ਼ਰਮਾ ਨੂੰ ਸਹਿ ਨਿਰਦੇਸ਼ਨ ਦਿੰਦੀ ਖੁਦ ਡਾਇਰੈਕਟਰ ਬਣ ਗਈ ਹੈ। ਖੁਸਬੂ ਸ਼ਰਮਾ ਬਹੁਤ ਦੂਰ ਤੱਕ ਦੀ ਸੋਚ ਰੱਖਦੀ ਹੈ ਤੇ ਓਹ ਬਾਲੀਵੁੱਡ ਤੱਕ ਜਾ ਕਿ ਏਕਤਾ ਕਪੂਰ ਦੀ ਤਰਾਂ ਲੋਕ ਪ੍ਰਿਅ ਹੋਣਾ ਚਾਹੁੰਦੀ ਹੈ। ਦੇਵੀ ਸ਼ਰਮਾ ਨੇ ਕਿਹਾ ਕਿ ਓਹਨਾਂ ਹਮੇਸ਼ਾ ਸਾਰਥਿਕ ਮਨੋਰੰਜਨ ਦੇਣ ਦੀ ਕੋਸ਼ਿਸ਼ ਕੀਤੀ ਹੈ ਤੇ ਖੁਸਬੂ ਆਖਦੀ ਹੈ ਕਿ ਸਾਡਾ ਪਤੀ ਪਤਨੀ ਦਾ ਅੱਜ ਕਲ ਨਿਰਦੇਸ਼ਨ ਦਾ ਸਿਹਤਮੰਦ ਮੁਕਾਬਲਾ ਹੈ। ਖੁਸ਼ਬੋ ਆਖਦੀ ਹੈ ਕਿ ਸੰਵਾਦ ਅਜਿਹੇ ਹੋਣ ਜਿਹਨਾਂ ਨਾਲ ਦਰਸ਼ਕ ਭਰਪੂਰ ਮਨੋਰੰਜਨ ਲੈਣ। ਖੁਸ਼ਬੋ ਤੇ ਦੇਵੀ ਸ਼ਰਮਾ ਇੱਕ ਦੂਜੇ ਦੀ ਇੱਜ਼ਤ ਤੇ ਪਿਆਰ ਸਤਿਕਾਰ ਕਾਫ਼ੀ ਕਰਦੇ ਹਨ। ਪਰਮਾਤਮਾ ਕਰੇ ਇਹ ਜੋੜੀ ਸ਼ਾਨਦਾਰ ਪੰਜਾਬੀ ਫ਼ਿਲਮਾਂ ਦੇਵੇ ਤੇ ਓਹ ਦੋਵੇਂ ਵੱਡੇ ਵੱਡੇ ਵੱਕਾਰੀ ਐਵਾਰਡ ਜਿੱਤਣ। "ਹਵੇਲੀ" ਵੀ ਇਹਨਾਂ ਦੀ ਸ਼ਾਨਦਾਰ ਫ਼ਿਲਮ ਰਹੀ ਹੈ।

## ਰਮਨ ਗਿੱਲ ਆਖੇ ਤਰੀਫ਼ ਦਿਨ ਬਣਾਉਣ ਤਾਹਨੇ ਜ਼ਿੰਦਗੀ



ਰਮਨ ਗਿੱਲ ਦਾ ਨਾਮ ਆਓਂਦੇ ਸਾਰ ਚਿਹਰੇ ਮੋਹਰੇ ਇੱਕ ਡ੍ਰੀਮ ਗਰਲ ਦੀ ਤਸਵੀਰ ਘੁੰਮਦੀ ਹੈ ਤੇ ਰਮਨ ਗਿੱਲ ਹੈ ਹੀ ਖੂਬਸੂਰਤ ਪਰੀ ਜਿਹੀ ਤੇ ਦਿਮਾਗ ਵਿੱਚ ਰਮਨ ਗਿੱਲ ਦੇ ਗਾਏ ਗੀਤ ਗੂੰਜਦੇ ਹਨ। ਰਮਨ ਨੇ ਦਰਜ਼ਨ ਤੋ ਵੱਧ ਟਰੈਕ ਦਿੱਤੇ ਹਨ ਤੇ ਓਸ ਦੇ ਗੀਤ ਬੀਟ ਹੁੰਦੇ ਹਨ ਜਿਹਨਾਂ ਨਾਲ ਨੱਚਣ ਨੂੰ ਜੀਅ ਕਰਦਾ ਹੈ। ਰਮਨ ਗਿੱਲ ਵਿੱਚ ਓਸ ਦੀ ਗਾਇਕੀ ਵਿੱਚ ਕਸ਼ਿਸ਼ ਹੈ ਕਿ ਓਹ ਛੇ ਮਹੀਨਿਆਂ ਤੋਂ ਵਿਦੇਸ਼ ਕਨੇਡਾ ਸ਼ੋ ਲਾ ਰਹੀ ਹੈ। ਪੰਜਾਬੀ ਪਹਿਰਾਵੇ ਵਿੱਚ ਆ ਨਾਰ ਪੰਜਾਬਣ ਦਾ ਅਕਸ ਓਹ ਪੇਸ਼ ਕਰਦੀ ਹੈ। ਰਮਨ ਦੀਆਂ ਗੱਲਾਂ ਵੀ ਦਮਦਾਰ ਹੁੰਦੀਆਂ ਨੇ ਜਿਵੇਂ ਓਸ ਦੀ ਆਵਾਜ਼ ਦਮਦਾਰ ਹੈ। ਰਮਨ ਨੇ ਕਿਹਾ ਕਿ ਤਰੀਫ ਕਰਨੀ ਜਾਂ ਹੋਣੀ ਸਮਝੋ ਤੁਹਾਡਾ ਸਮਾਂ ਬਣਾ ਰਹੀ ਹੈ ਤੇ ਤੁਸੀਂ ਹੋਰ ਤਰੀਫ ਪ੍ਰਾਪਤ ਕਰਨ ਲਈ ਮਿਹਨਤ ਕਰਦੇ ਹੋ ਜਿਹੜੀ ਫਲ ਦਿੰਦੀ ਹੈ। ਗੱਲ ਓਹ ਮਿਹਣੇ ਤਾਹਨੇ ਦੀ ਕਰਦੀ ਹੈ ਕਿ ਇਹ ਅਸਲ ਵਿੱਚ ਤੁਹਾਡੇ ਲਾਭਦਾਇਕ ਹੁੰਦੇ ਨੇ ਤੇ ਚੈਲੇਂਜ ਵਜੋਂ ਮਿਹਣੇ ਤਾਹਨੇ ਲਓ ਤਾਂ ਤੁਹਾਡੀ ਜ਼ਿੰਦਗੀ ਬਣ ਜਾਂਦੀ ਹੈ। ਵਾਹ ਰਮਨ ਵਾਹ ਜਿੰਨੀ ਪਿਆਰੀ ਸੂਰਤ ਇਨੀ ਹੀ ਪਿਆਰੀ ਆਵਾਜ਼ ਤੇ ਐਨੇ ਹੀ ਪਿਆਰੇ ਰਮਨ ਗਿੱਲ ਦੇ ਵਿਚਾਰ।ਰਮਨ ਗਿੱਲ ਇੱਕ ਸਿਆਣੀ , ਪਿਆਰੀ ਤੇ ਮਿੱਠੀ ਆਵਾਜ਼ ਦੀ ਮਲਿਕਾ ਗਾਇਕਾ ਹੈ ਤੇ ਇਸ ਦਾ ਭਵਿੱਖ ਸੁਨਹਿਰੀ ਹੈ।

## ਅਮਨਦੀਪ ਕੌਰ ਕਰੇ ਸ਼ੂਟਿੰਗ ਰਿਹਸਲਾਂ ਦੀ ਲੋੜ ਨਹੀਂ

ਕਯਾ ਬਾਤਾਂ ਨੇ ਨਾਭਾ ਗਰਲ ਦੀਆਂ



ਨਾਭੇ ਦੀ ਜੱਟੀ ਖੇਡਾਂ ਦੀ ਹੱਟੀ ਤੇ ਰੂਪ ਦੀ ਮੱਟੀ ਹੈ ਅਮਨਦੀਪ ਕੌਰ ਜਿਸ ਦੇ ਸਿਖਾਏ ਖਿਡਾਰੀ ਅੱਜ ਕੇਂਦਰ ਸਰਕਾਰ ਵਿੱਚ ਆਬਕਾਰੀ ਇੰਸਪੈਕਟਰ ਨੇ ਤੇ ਕਾਮਨ ਵੈਲਥ ਖੇਡਾਂ ਵਿੱਚ ਚਾਂਦੀ ਦੇ ਤਮਗੇ ਹਾਸਿਲ ਕਰ ਚੁੱਕੇ ਹਨ। ਖੁਦ ਅਮਨ ਵਾਲੀਵਾਲ ਦੀ ਰਾਸ਼ਟਰੀ ਪੱਧਰ ਦੀ ਖਿਡਾਰਨ ਹੈ ਤੇ ਮਾਣ ਸਨਮਾਨ ਇਲਾਕੇ ਨੇ ਕੀਤੇ ਹਨ ਪਰ ਅਫਸੋਸ ਸੁੱਤਾ ਪਿਆ ਪਟਿਆਲਾ ਦਾ ਸਿੱਖਿਆ ਵਿਭਾਗ ਜਿਸ ਦੀ ਲਾਪਰਵਾਹੀ ਵਰਨਾ ਭਗਵੰਤ ਮਾਨ ਸਰਕਾਰ ਤਾਂ ਖੇਡਾਂ ਲਈ ਖਜ਼ਾਨੇ ਤੇ ਸਨਮਾਨ ਦਾ ਖੁੱਲਾ ਦਰ ਰੱਖਦੀ ਹੈ। ਅਮਨਦੀਪ ਕੌਰ ਨੂੰ "ਸਟੇਟ ਐਵਾਰਡ" ਚਾਹੀਦਾ ਹੈ, ਹੱਕਦਾਰ ਹੈ। ਅਮਨਦੀਪ ਕੌਰ ਅਭਿਨੇਤਰੀ ਵੀ ਹੈ ਤੇ ਦਰਜ਼ਨ ਦੇ ਕਰੀਬ ਓਹ ਹਰਬੀਰ ਢੀਂਡਸਾ ਦੀਆਂ ਫ਼ਿਲਮਜ਼ ਵਿੱਚ ਐਕਟਿੰਗ ਕਰ ਕਿ ਦਰਸਾ ਗਈ ਹੈ ਕਿ ਓਹ ਸ਼ਾਨਦਾਰ ਐਕਟ੍ਰੈਸ ਵੀ ਹੈ। ਖਾਸ ਗੱਲ ਇਹ ਕਿ ਅਮਨਦੀਪ ਕੌਰ ਨੇ ਸ਼ੂਟਿੰਗ ਲਈ ਕਦੇ ਰਿਹਸਲ ਨਹੀਂ ਕੀਤੀ ਓਹ ਆਪਣੇ ਦ੍ਰਿੜ੍ਹ ਇਰਾਦੇ ਨਾਲ ਦ੍ਰਿਸ਼ ਦਿੰਦੀ ਹੈ। ਅਮਨਦੀਪ ਕੌਰ ਇੱਕ ਦਿਨ ਸਟਾਰ ਐਕਟ੍ਰੈਸ ਵੀ ਬਣੇਗੀ ਅਜਿਹਾ ਓਸ ਦੀ ਐਕਟਿੰਗ ਦੇਖ ਕਿ ਕਿਹਾ ਜਾ ਸਕਦਾ ਹੈ।ਅਮਨਦੀਪ ਕੌਰ ਦਾ ਦਿਲ ਦਰਿਆ ਹੈ ਤੇ ਓਸ ਲਈ ਕੋਈ ਇੱਕ ਕਦਮ ਕੰਮ ਕਰਦਾ ਹੈ ਤਾਂ ਓਹ ਦੋ ਕਦਮ ਚਲ ਕਿ ਓਸ ਨੂੰ ਓਸ ਦਾ ਹੱਕ ਦਿੰਦੀ ਹੈ।ਅਮਨਦੀਪ ਕੌਰ ਨੇਕ ਸੁਭਾਅ ਵਾਲੀ ਕੁੜੀ ਹੈ ਤੇ ਨੇਕ ਨੀਯਤ ਨਾਲ ਚਲਦੀ ਅਮਨਦੀਪ ਕੌਰ ਇੱਕ ਦਿਨ ਪੰਜਾਬ ਦਾ ਸਟਾਰ ਨਾਮ ਹੋਏਗੀ।

## ਗੋਗੀ ਘੁਮਾਣ ਨੇ ਗਾਇਆ ਗੁਰਲੇਜ਼ ਅਖ਼ਤਰ ਨਾਲ ਚੁਲਬਲਾ ਦੋਗਾਣਾ ਰਾਤ ਨੂੰ

ਕਕਰਾਲਾ ਪਿੰਡ ਤੋਂ ਚਲ ਕੁਲਦੀਪ ਪਾਰਸ ਸਵਰਗੀ ਸਟਾਰ ਰਹੇ ਗਾਇਕ ਘਰ ਤੇ




ਲਾ ਸਟੇਜਾਂ ਬਣ ਗਾਇਕ ਤੇ ਬਿਲਕੁਲ ਫ਼ਿਲਮਾਂ ਕਰਨ ਦੇ ਨਜ਼ਦੀਕ ਕਿ ਯੂ ਐਸ ਏ ਜਾ ਵੱਸਿਆ ਗੋਗੀ ਘੁਮਾਣ ਤੇ ਗਾਇਕੀ ਜ਼ੋਰ ਸ਼ੋਰ ਨਾਲ ਜ਼ਾਰੀ ਹੈ। ਕਦੇ ਬੰਦੀ ਸਿੰਘਾਂ ਤੇ ਕਦੇ ਕਿਸਾਨ ਅੰਦੋਲਨ ਤੇ ਫਿਰ "ਕਾਲਜ" ਵੀਕ ਐਂਡ 'ਤੇ ਗੁਰਲੇਜ਼ ਅਖ਼ਤਰ ਨਾਲ "ਅੱਧਾ ਪਿੰਡ" ਆਇਆ ਦੋਗਾਣਾ ਤੇ ਗੋਗੀ ਗੋਗੀ ਘੁਮਾਣ ਹੋ ਗਈ। ਇਸ ਗੋਗੀ ਘੁਮਾਣ ਦਾ ਆਵਾਜ਼ ਤਕਨੀਕ ਤੇ ਤਾਲਮੇਲ ਗੁਰਲੇਜ਼ ਅਖ਼ਤਰ ਨਾਲ ਮੇਲ ਖਾਂਦਾ ਹੈ ਤੇ ਮਿਊਜ਼ਿਕ ਐਂਪਾਇਰ ਨਾਲ ਪੂਰੀ ਗੱਲ ਬਾਤ ਹੈ। ਲਿਹਾਜ਼ਾ ਫ਼ਿਰ ਗੁਰਲੇਜ਼ ਅਖ਼ਤਰ ਨਾਲ ਨਵਾਂ ਗਾਣਾ "ਰਾਤ ਨੂੰ" ਦਿੱਤਾ ਹੈ ਜਿਹੜਾ ਫੁੱਲ ਚਰਚਿਤ ਹੈ। ਚਰਚਾ ਦੇ ਕਾਰਨ ਗੀਤ ਰੋਮਾਂਟਿਕ ਤੇ ਘਰੇਲੂ ਸਥਿਤੀ ਵਾਲਾ ਹੈ ਤੇ ਮੱਟ ਸ਼ੇਰੋਂ ਵਾਲਾ ਦਾ ਰਚਿਆ ਹੈ ਤੇ ਸੰਗੀਤ ਮਿਊਜ਼ਿਕ ਐਂਪਾਇਰ ਦਾ ਹੈ। ਗੋਗੀ ਘੁਮਾਣ ਨੇ ਕਿਹਾ ਅੰਮ੍ਰਿਤ ਸਿੰਘ ਸਿੱਧੂ ਦਾ ਧੰਨਵਾਦ ਓਸ ਨੇ ਓਸ ਦਾ ਇਹ ਦੋਗਾਣਾ ਪੰਜਾਬ ਕਿੰਗ ਮਿਊਜ਼ਿਕ ਤੋਂ ਵਧੀਆ ਤਰੀਕੇ ਨਾਲ ਜ਼ਾਰੀ ਕੀਤਾ ਹੈ। ਧਰਮਿੰਦਰ ਸਿੰਘ ਤੇ ਮਨਜਿੰਦਰ ਕੌਰ ਹਰਦਮ ਈਵਨ "ਰਾਤ ਨੂੰ" ਵੀ ਗੋਗੀ ਘੁਮਾਣ ਦਾ ਸਾਥ ਦਿੰਦੇ ਆਏ ਹਨ। ਗੋਗੀ ਘੁਮਾਣ ਦਾ ਕਹਿਣਾ ਹੈ ਕਿ ਦਿਨ ਨੂੰ ਰਾਤ ਨੂੰ ਇਹ ਸੋਹਣਾ ਗਾਣਾ ਸੁਣ ਲੱਗੇਗਾ। ਗੋਗੀ ਘੁਮਾਣ ਤੇ ਗੁਰਲੇਜ਼ ਅਖ਼ਤਰ ਦਾ ਗਾਇਆ "ਰਾਤ ਨੂੰ" ਦੋਗਾਣਾ ਪੱਕਾ ਹਿੱਟ ਹੋਏਗਾ ਗੋਗੀ ਘੁਮਾਣ ਦੇ ਨਾਲ ਓਸ ਦੇ ਦੀਵਾਨਿਆਂ ਨੂੰ ਵੀ ਇਹੀ ਆਸ ਹੈ।

-ਅੰਮ੍ਰਿਤ ਪਵਾਰ